ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 105
ਨੰਬਰ 1,2,3

੫ ਫੱਗਣ ਤੋਂ ੧੯ ਚੇਤਰ ੨੦੮੨ ਬਿ.
16 February to 31 March 2025


# ਸਤਿਜੁਗ

## ਬਸੰਤ ਅੰਕ

**ਇਲਾਹਾਬਾਦ** ਕਿਲ੍ਹੇ ਦਾ ਉਹ ਇਤਿਹਾਸਕ ਸਲੀਮ ਮਹੱਲ ਜਿਥੇ **ਸ੍ਰੀ ਸਤਿਗੁਰੂ ਰਾਮ ਸਿੰਘ ਜੀ** ਅਤੇ **ਸੂਬੇ ਸਾਹਿਬਾਨਾਂ** ਨੂੰ ਰੱਖਿਆ ਗਿਆ ਸੀ।



1950



2025



ਇਲਾਹਾਬਾਦ ਕਿਲ੍ਹਾ



# ੧੦੧ ਅਖੰਡ ਪਾਠਾਂ ਦੀਆਂ ਯਾਦਗਾਰੀ ਤਸਵੀਰਾਂ

1 ਤੋਂ 9 ਮਾਰਚ 2025












# ਸਤਿਜੁਗ

ਪ ਫੱਗਣ ਤੋਂ ੧੯ ਚੇਤਰ ੨੦੮੨ ਬਿ.
16 ਫਰਵਰੀ ਤੋਂ 31 ਮਾਰਚ 2025 ਈ.
ਜਿਲਦ 105, ਨੰਬਰ 1,2,3



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ....................................................4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ....................7
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ...................7
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ........................8
* ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ ਬਿਆਨਣ ਵਾਲੀ ਰਚਨਾ- ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼
  ਸ. ਸੁਵਰਨ ਸਿੰਘ ਵਿਰਕ........................9
* ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ
  ਡਾ. ਗੁਰਦੇਵ ਸਿੰਘ ਸਿੱਧੂ.......................20
* ਨਾਮਧਾਰੀ ਸਿੱਖ-ਸਦਾਚਾਰ
  ਪ੍ਰੋ. ਜਸਵੰਤ ਸਿੰਘ ਜੱਸ.........................23
* ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੈਨਿਕ ਜੀਵਨ: ਇਕ ਅਧਿਐਨ
  ਗੁਰਲਾਲ ਸਿੰਘ.................................30
* ਸਿੱਖੀ ਸਿਰਜਣਾ
  ਗੁਰੂਬਚਨ ਸਿੰਘ ਨਾਮਧਾਰੀ.....................36
* ਮਰਗੋਈ (ਬਰਮਾ) ਨਵੰਬਰ 1885 ਈ. ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦਰਸ਼ਨ
  ਹਰਪਾਲ ਸਿੰਘ ਸੇਵਕ...........................41


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

* ਬਸੰਤ ਪੰਚਮੀ
ਕਮੋਡੋਰ ਗੁਰਨਾਮ ਸਿੰਘ...................55

* ਲੋਕ ਕਾਵਿ ਅਤੇ ਲੋਕ ਜੀਵਨ ਵਿੱਚ ਕੂਕਾ ਲਹਿਰ
ਡਾ. ਲਖਵੀਰ ਸਿੰਘ ਰਾਮਪੁਰਾਫੂਲ............60

* ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪਾਠਾਂ ਦੇ ਵੇਰਵੇ
ਦੇਵਿੰਦਰ ਸਿੰਘ ਗਿੱਲ........................66

* ਆਜ਼ਾਦੀ ਲਈ ਪਹਿਲੀ ਬਗ਼ਾਵਤ – ਕੂਕਾ ਲਹਿਰ
ਜਰਨੈਲ ਸਿੰਘ ਅੱਚਰਵਾਲ...................73

* ਇਕ ਪ੍ਰੇਮ ਭਰੀ ਮੁਲਾਕਾਤ
ਗੁਰਲਾਲ ਸਿੰਘ.............................90

* ਸਿੱਖ ਜਗਤ ਦੇ ਵੇਦ ਵਿਆਸ– ਭਾਈ ਸਾਹਿਬ ਭਾਈ ਗੁਰਦਾਸ ਜੀ
ਡਾ. ਚਰਨਜੀਤ ਸਿੰਘ.......................94

* 'ਗੁਰਬਾਣੀ' ਅਤੇ 'ਨਮਾਜ਼'
ਡਾ. ਖਲੀਲ ਖਾਨ...........................97

* ਬਾਬਾ ਬੰਦਾ ਸਿੰਘ ਬਹਾਦੁਰ
ਸੰਤ ਸਿੰਘ ਸੋਹਲ..........................103

* ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ
ਮੁਹਿੰਦਰ ਸਿੰਘ ਕੂਕਾ......................107

* ਬੀਤੇ ਵਰ੍ਹੇ ਦੀਆਂ ਘਟਨਾਵਾਂ ਵੱਲ ਪੰਛੀ ਝਾਤ
ਗੁਰਦੇਵ ਸਿੰਘ ਚੀਮਾ......................115

* ਸੰਗੀਤ ਅਤੇ ਨਾਮਧਾਰੀ ਸਤਿਗੁਰਾਂ ਦੀ ਦੇਣ
ਗਗਨ ਕੌਰ...............................118

* ਅਵਤਾਰ ਸਤਿਗੁਰੂ ਰਾਮ ਸਿੰਘ ਜੀ
ਲਖਵਿੰਦਰ ਸਿੰਘ ਬਾਜਵਾ..................120

* ਗੁਰੁ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ
ਰਾਗੀ ਮਨਜੀਤ ਸਿੰਘ......................123

* "ਦੀਨ ਦਇਆਲ ਅਨਾਥ ਕੋ ਨਾਥ"
ਸਵਿੰਦਰ ਸਿੰਘ ਨਾਮਧਾਰੀ..................126

* Namdhari Sikhs of 1871: Martyrs of the Indic civilization
Dr. Alla Singh Paneser.......................131

ਕਾਵਿ–ਕਿਆਰੀ

* ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਲਖਵਿੰਦਰ ਸਿੰਘ ਬਾਜਵਾ.....................147

* ਭੈਣੀ ਸਾਹਿਬ ਦੀ ਸੁੰਦਰਤਾ
ਲਖਵਿੰਦਰ ਸਿੰਘ ਬਾਜਵਾ.....................147

* ਰਿਤੂ ਰਾਣੀ ਬਸੰਤ
ਹਜ਼ਾਰਾ ਸਿੰਘ ਮੰਡ..........................148

* ਉਪਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਰਾਗੀ ਮਨਜੀਤ ਸਿੰਘ........................149

* ਜੀਵਨ ਦੇ ਚੰਨਾਂ ਤੂੰ..
ਹਰਭਜਨ ਸਿੰਘ ਰਾਜਾ........................150

# ਸਤਿਜੁਗ

## ਸੰਪਾਦਕੀ

ਸਹਿਜਤਾ ਦਾ ਅੱਖਰੀ ਅਰਥ ਹੈ ਨਿਮਰਤਾ, ਸਹਿਣਸ਼ੀਲਤਾ ਅਤੇ ਆਤਮਿਕ ਸੰਤੁਲਨ। ਇਹ ਉਹ ਗੁਣ ਹੈ ਜੋ ਮਨੁੱਖ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ ਅਤੇ ਉਸ ਨੂੰ ਜੀਵਨ ਦੇ ਉਤਾਰ-ਚੜਾਅ ਨੂੰ ਸਮਝਣ ਅਤੇ ਨਜਿਠਣ ਦੀ ਸਮਰੱਥਾ ਦਿੰਦਾ ਹੈ। ਅਸੀਂ ਅੱਜ ਜਿਸ ਜਮਾਨੇ ਵਿੱਚ ਗੁਜਰ-ਬਸ਼ਰ ਕਰ ਰਹੇ ਹਾਂ ਇਹ ਨਿਰੰਤਰ ਬਦਲ ਰਿਹਾ ਹੈ। ਇਸ ਦੀ ਰਫ਼ਤਾਰ ਨੂੰ ਅਸੀਂ ਰੋਜ ਮਰਾ ਦੇ ਵਰਤਣ ਸਾਧਨਾਂ 'ਚੋ ਸਹਿਜੇ ਹੀ ਮਹਿਸੂਸ ਕਰ ਸਕਦੇ ਹਾਂ। ਜਿਸ ਸਹਿਜਤਾ ਦੇ ਬਲਬੂਤੇ ਮਨੁੱਖ ਨੇ ਮੁੱਢਲੇ ਸਵਾਲਾਂ ਦੇ ਰੂ-ਬ-ਰੂ ਹੋ ਜਵਾਬ ਤਲਾਸ਼ਨੇ ਸੀ ਉਹ ਸਵਾਲ ਹੀ ਇਸ ਗਤੀਸ਼ੀਲਤਾ 'ਚ ਗੁਆਚਦੇ ਜਾ ਰਹੇ ਹਨ। ਡਾ. ਹਰਿਭਜਨ ਸਿੰਘ ਲਗਾਤਾਰ ਤੇਜੀ ਨਾਲ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਨੂੰ ਆਪਣੀ ਰਚਨਾ 'ਚ ਇਸ ਤਰ੍ਹਾਂ ਲਿਖਦਾ ਹੈ-

ਹੁਣ ਦੀ ਗੱਲ ਵੀ ਅੱਜ ਦੀ ਗਲ ਤੋਂ।
ਉਮਰਾਂ ਜੇਡ ਅੰਵਾਣੀ।

ਇਸ ਗਤੀਸ਼ੀਲਤਾ ਨੂੰ ਵੇਖ ਹੀ ਅਫਲਾਤੂਨ ਨੇ ਇਹ ਕਿਹਾ ਸੀ "ਸਾਨੂੰ ਕਿਸੇ ਵੀ ਵਸਤੂ ਦਾ ਸੱਚਾ ਗਿਆਨ ਪ੍ਰਾਪਤ ਨਹੀਂ ਹੋਵੇਗਾ ਕਿਉਂਕਿ ਹਰ ਵਸਤੂ ਨਿਰੰਤਰ ਪਰਿਵਰਤਨਸ਼ੀਲ ਹੈ। ਸਕਾਰ ਅਤੇ ਦਿਸਦੀ-ਵਸਦੀ ਦੁਨੀਆਂ ਵਿੱਚ ਰਹਿਣ ਵਾਲੀਆਂ ਵਸਤਾਂ ਦੇ ਬਾਰੇ ਅਸੀਂ ਕੇਵਲ ਰਾਇ ਕਾਇਮ ਕਰ ਸਕਦੇ ਹਾਂ। ਸੱਚਾ ਗਿਆਨ ਸਾਨੂੰ ਕੇਵਲ ਉਨ੍ਹਾਂ ਅਮੂਰਤ ਧਾਰਨਾਵਾਂ ਦਾ ਹੀ ਹੋ ਸਕਦਾ ਹੈ ਜਿਨ੍ਹਾਂ ਨੂੰ ਅਸੀਂ ਆਪਣੇ ਤਰਕ ਦੁਆਰਾ ਸਮਝਦੇ ਹਾਂ।"

ਅਫਲਾਤੂਨ ਵਸਤੂਆਂ ਦੀ ਪਰਿਵਰਤਨਸ਼ੀਲ ਅਤੇ

ਸਮੇਂ ਦੇ ਅਭਾਵ ਨੂੰ ਮਹਿਸੂਸ ਕਰਦਾ ਹੈ। ਜਿਸਦਾ ਕਾਰਨ ਮਨੁੱਖ ਸੱਚੇ ਗਿਆਨ ਤੋਂ ਖੁੰਝ ਰਿਹਾ ਹੈ। ਮਨੁੱਖ ਆਪਣੇ ਮੂਲ ਸਵਾਲਾਂ ਤੋਂ ਨਾ ਖੁੰਝੇ ਇਸ ਲਈ ਗੁਰਬਾਣੀ ਵਿੱਚ ਸਹਿਜਤਾ ਨੂੰ ਇਕ ਮਹੱਤਵਪੂਰਨ ਜੀਵਨ ਮੂਲ ਨਿਰਧਾਰਤ ਕੀਤਾ ਗਿਆ ਹੈ ਅਤੇ ਇਸ ਦੀ ਪ੍ਰਾਪਤੀ ਦਾ ਸੋਮਾ ਗੁਰੂ ਦੱਸਿਆ ਹੈ-

- ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ॥

- ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥

- ਬਿਨ ਗੁਰ ਸੇਵੇ ਸਹਜੁ ਨਾ ਹੋਵੈ॥

ਗੁਰਮਤਿ ਅਨੁਸਾਰ ਸਹਿਜਤਾ ਇਕ ਉਚਤਮ ਅਵਸਥਾ ਹੈ ਜਿਥੇ ਮਨੁੱਖ ਦੂਜਿਆਂ ਤੋਂ ਪ੍ਰਭਾਵਤ ਹੋਣ ਦੀ ਬਜਾਏ, ਆਪਣੇ ਅੰਦਰ ਦੀ ਅਸਲੀਅਤ ਅਤੇ ਪ੍ਰਭੂ ਰਜ਼ਾ ਵਿੱਚ ਰਹਿੰਦਾ ਹੈ। ਸਹਿਜ ਅਵਸਥਾ ਮਨੁੱਖ ਅੰਦਰੋਂ ਭਰਮ ਨੂੰ ਦੂਰ ਕਰਦੀ ਹੈ। ਉਸ ਨੂੰ ਪਦਾਰਥਕ ਜਗਤ ਦੀ ਹਕੀਕਤ ਪਤਾ ਹੁੰਦੀ ਹੈ ਇਸ ਲਈ ਉਸਦੇ ਜੀਵਨ ਦੇ ਹਰ ਪਹਿਲੂ ਵਿੱਚ ਸੰਤੁਲਤਾਂ ਅਤੇ ਸਧਾਰਨਤਾ ਝਲਕਦੀ ਹੈ। ਪੰਚਮ ਪਾਤਸ਼ਾਹ ਆਖਦੇ ਹਨ- ਆਪ ਪਰ ਕਾ ਕਛੁ ਨਾ ਜਾਣੈ ਸਦਾ ਸਹਜਿ ਸੁਭਾਇ॥

ਜਰਮਨ ਵਿਦਵਾਨ ਗੇਟੇ ਕਹਿੰਦਾ ਸੀ "ਜਿਹੜਾ ਤਿੰਨ ਹਜ਼ਾਰ ਸਾਲਾਂ ਦੇ ਅਨੁਭਵ ਨਾਲ ਕੋਈ ਪ੍ਰੇਰਣਾ ਪ੍ਰਾਪਤ ਨਹੀਂ ਕਰਦਾ ਉਹ ਪਾਣੀ ਪੀਣ ਦੇ ਲਈ ਹਰ ਰੋਜ਼ ਖੂਹ ਪੁੱਟ ਰਿਹਾ ਹੈ।"

ਇਹ ਗੱਲ ਬਿਲਕੁਲ ਸੱਚ ਹੈ ਕਿ ਸਹਿਜ ਵਿਹੂਣਾ ਮਨੁੱਖ ਭਰਮ ਕਾਰਨ ਆਪਣੇ ਹਰ ਕਾਰਜ ਨੂੰ ਨਿਵੇਕਲਾ ਤੇ ਵੱਡਾ ਸਮਝਦਾ ਹੈ। ਇਤਿਹਾਸਿਕ ਪਹਿਲੂਆਂ ਤੋਂ ਅੰਞਾਣ ਮਨੁੱਖੀ ਸਮਝ ਉਸ ਨੂੰ ਭਰਮ ਦੇ ਤਾਣੇ-ਬਾਣੇ ਵਿੱਚ ਉਲਜਾਈ ਫਿਰਦੀ ਹੈ। ਮਨੁੱਖੀ ਜੀਵਨ ਦੀ ਅਸਲ ਸਮਝ ਲਈ ਸਾਨੂੰ ਅਤੀਤ ਦੀਆਂ ਘਟਨਾਵਾਂ ਨੂੰ ਵੀ ਬਰੀਕੀ ਨਾਲ ਘੋਖਣਾ ਪੈਂਦਾ ਹੈ। ਸਾਡੇ ਵੱਡਿਆਂ ਦੇ ਉਹ ਲਾਸਾਨੀ ਕਾਰਜ ਅਤੇ ਅਦਬੀ ਬਜੁਰਗਾਂ ਦੇ ਜੀਵਨ ਪ੍ਰਤੀ ਸਾਰ ਤੱਤ ਸਾਡੇ ਮੌਜੂਦਾ ਜੀਵਨ ਨੂੰ ਸਹਿਜ ਅਤੇ ਸੁਖਾਲਾ ਕਰਦੇ ਹਨ। ਇਸ ਕਰਕੇ ਹੱਥਲੇ ਬਸੰਤ ਅੰਕ ਵਿੱਚ ਉਹਨਾਂ ਆਰਟੀਕਲਾਂ ਨੂੰ ਪਾਠਕਾਂ ਦੇ ਰੂ-ਬ-ਰੂ ਕਰਨ ਦਾ ਯਤਨ ਕੀਤਾ ਹੈ ਜੋ ਉਹਨਾਂ ਦੀ ਇਤਿਹਾਸਕ ਸਮਝ ਅਤੇ ਵਿਚਾਰਕ ਅਨੁਭਵ ਨੂੰ ਹੋਰ ਮੋਕਲਾ ਕਰ ਸਕਣ। ਇਸ ਬਸੰਤ ਅੰਕ ਵਿੱਚ ਗੁਰੂ ਉਪਦੇਸ਼ ਤੋਂ ਬਾਅਦ ਪਹਿਲਾ ਲੇਖ ਸ. ਸੁਵਰਨ ਸਿੰਘ ਵਿਰਕ ਜੀ ਦਾ ਪਹਿਲੇ ਪੂਰ ਦੇ ਨਾਮਧਾਰੀ ਇਤਿਹਾਸਕਾਰ "ਸੰਤ ਕਾਲਾ ਸਿੰਘ ਜੀ ਨੰਗਲ ਵਾਲਿਆਂ ਦੇ ਗ੍ਰੰਥ ਸਿੰਘਾ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਬਾਰੇ ਹੈ। ਇਸ ਆਰਟੀਕਲ 'ਚ ਵਿਰਕ ਜੀ ਨੇ ਸੰਤ ਕਾਲਾ ਸਿੰਘ ਦੀ ਲਿਖਣ ਸ਼ੈਲੀ, ਭਰੋਸੇਯੋਗਤਾ ਅਤੇ ਇਤਿਹਾਸ ਦੇ ਵਿਦਿਆਰਥੀਆਂ ਲਈ ਇਸ ਗ੍ਰੰਥ ਦੀ ਮਹੱਤਤਾ ਬਾਰੇ ਚਰਚਾ ਕੀਤੀ ਹੈ। ਦੂਜੇ ਆਰਟੀਕਲ ਵਿੱਚ ਡਾ. ਗੁਰਦੇਵ ਸਿੰਘ ਸਿੱਧੂ ਨੇ ਨਾਮਧਾਰੀ ਮਿਸ਼ਨ ਨੂੰ ਗੁਰੂ ਪਰੰਪਰਾ ਦੀ ਮੀਰੀ-ਪੀਰੀ ਮਿਸ਼ਨ ਦਾ ਅਗਲਾ ਪੜਾਅ ਆਖਦਾ ਹੈ, ਜਿਥੇ ਸੰਤ ਅਤੇ ਸਿਪਾਹੀ ਦੋ ਰੂਪ ਬਿਰਾਜਮਾਨ ਹਨ। ਇਸਦੇ ਨਾਲ ਹੀ ਉਹਨਾਂ ਨੇ ਸਤਿਗੁਰੂ ਰਾਮ ਸਿੰਘ ਦੀ ਸਮਾਜਿਕ ਵਿਉਂਤਬੰਦੀ ਨਿਰਮਲ ਅਤੇ ਆਦਰਸ਼ ਜੀਵਨ ਨੂੰ ਉਲੇਖਿਆ ਹੈ। ਇਸ ਤਰ੍ਹਾਂ ਹੀ ਲੜੀਵਾਰ ਤੀਸਰਾ ਆਰਟੀਕਲ ਪ੍ਰੋ. ਜਸਵੰਤ ਜੱਸ ਦਾ ਹੈ ਜੋ ਨਾਮਧਾਰੀ ਲਹਿਰ ਦੇ ਮੁੱਖ ਪੱਖ 'ਸਿਖ ਕਿਰਦਾਰ' ਨੂੰ ਪੇਸ਼ ਕਰਦਾ ਹੈ। ਗੁਰੁਬਚਨ ਸਿੰਘ ਨਾਮਧਾਰੀ ਨੇ ਸਿੱਖੀ ਸਿਰਜਣਾ ਦੇ ਸਿਧਾਂਤਕ ਪੱਖ ਨੂੰ ਸੰਗਤ ਸਾਹਮਣੇ ਰੱਖਿਆ ਹੈ। ਸੇਵਕ ਹਰਪਾਲ ਸਿੰਘ ਜੀ ਨੇ ਆਪਣੇ ਲੇਖ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਤਾਂਘੀਆਂ ਨੂੰ ਮੁੜ ਆਸ ਕਿਰਨ ਦਿੱਤੀ ਹੈ। ਗੁਰਲਾਲ ਸਿੰਘ ਨੇ ਸਤਿਗੁਰੂ ਰਾਮ ਸਿੰਘ ਦੇ ਸੈਨਿਕ ਜੀਵਨ ਦਾ ਅਧਿਐਨ ਕੀਤਾ ਹੈ। ਦੇਵਿੰਦਰ ਸਿੰਘ ਗਿੱਲ ਨੇ ਸ੍ਰੀ ਭੈਣੀ ਸਾਹਿਬ ਹੋਏ ਅਖੰਡ ਪਾਠਾਂ ਦੇ ਵੇਰਵੇ ਦੀ ਇਤਿਹਾਸਕ ਪੜਚੋਲ ਕੀਤੀ ਹੈ। ਸ੍ਰੀ ਜਰਨੈਲ ਸਿੰਘ ਅੱਚਰਵਾਲ, ਡਾ. ਚਰਨਜੀਤ ਸਿੰਘ, ਸੰਤ ਸਿੰਘ ਸੋਹਲ, ਮਹਿੰਦਰ ਸਿੰਘ ਕੂਕਾ, ਜਰਲੈਲ ਸਿੰਘ ਅਚਰਵਾਲ, ਡਾ. ਲਖਵੀਰ ਸਿੰਘ, ਡਾ. ਗੁਰਨਾਮ ਸਿੰਘ ਕਮੋਡੋਰ, ਡਾ. ਖਲੀਲ ਖਾਨ, ਡਾ. ਆਲਾ ਸਿੰਘ, ਗਗਨ ਕੌਰ, ਰਾਗੀ ਮਨਜੀਤ ਸਿੰਘ ਆਦਿ ਵਿਦਵਾਨਾਂ ਦੀਆਂ ਰਚਨਾਵਾਂ ਵੱਖ-ਵੱਖ ਵਿਸ਼ਿਆਂ 'ਤੇ ਲਿਖੀਆਂ ਪੜ੍ਹੋਗੇ। ਇਸ ਦੇ ਨਾਲ ਹੀ ਲਖਵਿੰਦਰ ਸਿੰਘ ਬਾਜਵਾ, ਹਜ਼ਾਰਾ ਸਿੰਘ ਮੰਡ ਅਤੇ ਹਰਭਜਨ ਸਿੰਘ ਰਾਜਾ ਦੀਆਂ ਕਵਿਤਾਵਾਂ ਦਾ ਰਸ ਮਾਣ ਸਕੋਗੇ।

ਇਹ ਅੰਕ ਦੀ ਸਮੱਗਰੀ ਨੂੰ ਟਾਇਪ, ਸੈਟਿੰਗ ਤਰਨ ਬੱਲ ਨੇ ਕੀਤੀ ਅਤੇ ਜਸਵੰਤ ਸਿੰਘ, ਮਲਕੀਤ ਸਿੰਘ ਨੇ ਸਹਿਯੋਗੀ ਭੂਮਿਕਾ ਨਿਭਾਈ। ਪਰਚੇ ਦੇ ਡਿਜ਼ਾਇਨ ਨੂੰ ਸੁੰਦਰ ਦਿੱਖ ਦੇਣ ਦਾ ਕਾਰਜ ਯੁਵਰਾਜ ਸਿੰਘ ਨੇ ਕੀਤਾ।

ਆਸ ਹੈ ਪਾਠਕਾਂ ਦੀ ਇਤਿਹਾਸਿਕ ਅਤੇ ਸਿਧਾਂਤਕ ਜਾਣਕਾਰੀ ਨੂੰ ਇਹ 'ਬਸੰਤ ਅੰਕ' ਮੋਕਲਾ ਕਰੇਗਾ।

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸੋ ਭਾਈ ਬਾਨੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਨੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਕੇ ਵਾਸਤੇ ਸਭ ਸੁਖ ਹੋਨਗੇ ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ ਹਰਿ ਤਰਾ ਸੇ। ਉਸ ਸਰੀਰ ਦੀ ਗੁਰੂ ਰਖਿਆ ਕਰੇਗਾ, ਸਤਿ ਕਰਕੇ ਮੰਨਣਾ। ਗੁਰਮੰਤ੍ਰ ਹੀਣ ਪ੍ਰਾਣੀ ਕੂਕਰ ਸੂਕਰ ਗਰਧਪ ਸਰਪਰ ਕੀ ਨਿਆਈ ਹੈ ਮਨੁਖ। ਸੋ ਜੀ ਮੈ ਏਸੇ ਬਾਸਤੇ ਬਾਰ ਬਾਰ ਬਾਣੀ ਕੰਠ ਕਰਨ ਨੂ ਲਿਖਦਾ ਹਾ ਅਰ ਆਪ ਬੀ ਮੈ ਕੁਛ ਨਹੀ ਲਿਖ ਸਕਦਾ ਹਾ। ਜਦ ਹਰਦਾਸ ਲਿਖਣ ਲਗਦਾ ਹਾ ਤਦ ਹੀ ਗੁਰੂ ਸਾਹਿਬ ਅਗੇ ਪਹਿਲੇ ਹਥ ਜੋੜ ਕੇ ਬੇਨਤੀ ਕਰਦਾ ਹਾ, ਹੇ ਗੁਰੂ ਸਾਹਿਬ ਜੀ ਜੋ ਤੈਨੂ ਅਛੀ ਲਗੇ ਸੋ ਮੇਰੇ ਤੇ ਲਿਖਾਈ' ਜੋ ਮੇਰੇ ਤੇ ਗੁਰੂ ਸਾਹਿਬ ਲਿਖਾਵਦਾ ਹੈ ਸੋ ਮੈ ਸੰਗਤ ਕੀ ਓਰ ਲਿਖ ਭੇਜਦਾ ਹਾ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਮਨ ਨੂੰ ਵੱਸ ਕਰਨ ਵਾਸਤੇ ਜੇਹੜਾ ਸਾਧਨ ਸਾਨੂੰ ਸਤਿਗੁਰਾਂ ਨੇ ਦੱਸਿਆ ਹੈ, ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਕੇ ਬੈਠ ਕੇ ਸ਼ਬਦ ਤੇ ਸੁਰਤ ਦਾ ਮੇਲ ਕਰਿਆ ਕਰੋ। ਝੂਠ ਨਾ ਬੋਲੋ, ਸੱਚ ਬੋਲੋ, ਚੋਰੀ ਨਾ ਕਰੋ, ਠੱਗੀ ਨਾ ਕਰੋ, ਪਊਏ ਪਾ ਕੇ ਜੋੜੇ ਵਾਲੇ ਚਰਨ ਧੋ ਕੇ ਮੰਜੇ ’ਤੇ ਬੈਠਿਆ ਜਾਵੇ।

ਕਿਸੇ ਉਸ ਆਦਮੀ ਤੋਂ ਜੋ ਮਾਸ-ਸ਼ਰਾਬ-ਆਂਡਾ ਵਗੈਰਾ ਵਰਤਦਾ ਹੈ ਜਾਂ ਜਿਸ ਨੇ ਗੁਰਮੰਤ੍ਰ ਨਹੀਂ ਲਿਆ, ਉਸ ਤੋਂ ਸੁੱਕੀ ਰਸਦ ਲੈ ਕੇ ਵੀ ਨਾ ਖਾਉ, ਜਿਸਦਾ ਸਿੱਧਾ ਤੁਹਾਡੇ ਮਨ ’ਤੇ ਅਸਰ ਹੋਣਾ ਹੈ। ਇਸ ਤਰ੍ਹਾਂ ਦੇ ਸਾਰੇ ਕੰਮਾਂ ਦਾ ਤਿਆਗ ਕਰਕੇ ਫੇਰ ਵੇਖੋ ਸਤਿਗੁਰ ਕਿਸ ਤਰ੍ਹਾਂ ਕਿਰਪਾ ਕਰਦੇ ਹਨ।

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਮੈਂ ਕਈ ਵਾਰ ਕਿਹਾ ਸਿੱਖੀ ਇੱਕ ਜੀਵਨ ਜਾਚ ਹੈ। ਸਾਰੇ ਕਾਰ-ਵਿਹਾਰ ਕਰਦਿਆਂ ਹੋਇਆ ਕਿਤੇ ਤੁਹਾਡਾ ਅੰਮ੍ਰਿਤ ਵੇਲੇ ਦਾ ਉੱਠਣਾ ਨਾ ਮੁੱਕ ਜਾਵੇ, ਤੁਹਾਡਾ ਨਾਮ ਸਿਮਰਨ ਨਾ ਮੁੱਕ ਜਾਵੇ, ਗੁਰਬਾਣੀ ਪੜ੍ਹਨ ਦਾ ਸਮਾਂ ਨਾ ਮੁੱਕ ਜਾਵੇ।

'ਹਰਿ ਕੋ ਨਾਮਿ ਸਦਾ ਸੁਖ ਦਾਈ॥'

ਉਹ ਸਦਾ ਹੀ ਸੁੱਖ ਦਿੰਦਾ ਹੈ। ਅਸੀਂ ਨਾਮ ਨੂੰ ਰਸਨਾ ਤੱਕ ਹੀ ਸੀਮਿਤ ਨਾ ਕਰ ਲਈਏ, ਉਹ ਨਾਮ ਸਾਡੇ ਅੰਦਰ ਵੀ ਜਾਵੇ, ਨਾਮ ਨਾਲ ਸਾਡਾ ਮਨ ਵੀ ਜੁੜੇ ਤੇ ਸਾਨੂੰ ਹਰ ਵੇਲੇ ਹੀ ਯਾਦ ਰਹੇ। ਸਿਮਰਨ ਦਾ ਭਾਵ ਹੈ 'ਯਾਦ' ਜਦੋਂ ਸਾਨੂੰ ਪਰਮਾਤਮਾ ਯਾਦ ਰਹਿੰਦਾ ਹੈ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਯਾਦ ਰਹਿੰਦਾ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਯਾਦ ਰਹਿੰਦਾ, ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿੱਚ ਯਾਦ ਰਹਿੰਦਾ ਹੈ। ਤੁਸੀਂ ਕਿਸੇ ਵੀ ਰੂਪ ਵਿੱਚ ਯਾਦ ਰੱਖਦੇ ਹੋ ਉਹ ਸਾਰੇ ਇਕੋ ਹੀ ਹਨ। ਪ੍ਰਮਾਤਮਾ ਇਕ ਹੀ ਹੈ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਤੋਂ ਸਿੱਖਿਆ ਹੈ ਜਦੋਂ ਕਿਤੇ ਵੀ ਜਾਂਦੇ ਹੋ ਤਾਂ ਅਰਦਾਸ ਕਰ ਕੇ ਜਾਇਆ ਕਰੋ, ਅਰਦਾਸ ਮਨੋਂ ਜੁੜ ਕੇ ਕਰ ਕੇ ਜਾਇਆ ਕਰੋ, ਅਰਦਾਸ ਤੋਂ ਭਾਵ ਇਹ ਹੈ ਕਿ ਸਤਿਗੁਰ ਸਾਡੇ ਹਾਜ਼ਰ ਨਾਜ਼ਰ ਹੈ। ਜਦੋਂ ਤੁਸੀ ਅਰਦਾਸ ਕਰੋਗੇ ਤਾਂ ਤੁਹਾਡੇ ਮਨ ਵਿੱਚ ਯਾਦ ਆਵੇਗੀ ਕਿਉਂਕਿ ਉਹ ਕਿਤੇ ਦੂਰ ਨਹੀਂ ਹੈ। ਉਹ ਹਰ ਵੇਲੇ ਸਾਡੇ ਨਾਲ ਹੈ। ਪਰ ਸਾਡਾ ਵਿਸ਼ਵਾਸ ਹੋਣਾ ਚਾਹੀਦਾ ਹੈ।

ਸਿੱਖੀ ਵਿੱਚ ਜੇ ਸਾਡਾ ਵਿਸ਼ਵਾਸ਼ ਨਹੀਂ ਹੈ ਤਾਂ ਫਿਰ ਸਿੱਖੀ ਬਣਦੀ ਨਹੀਂ, ਗੱਲ ਅੱਗੇ ਤੁਰਦੀ ਨਹੀਂ, ਸਾਨੂੰ ਇਹ ਵਿਸ਼ਵਾਸ ਹੋਵੇ ਮੇਰਾ ਸਤਿਗੁਰੂ ਅਕਾਲਪੁਰਖ ਹੈ, ਮੇਰਾ ਸਤਿਗੁਰੂ ਪ੍ਰਮਾਤਮਾ ਹੈ, ਉਹੀ ਮੈਨੂੰ ਦੇਣ ਵਾਲਾ ਹੈ, ਉਹ ਹੀ ਸਭ ਕੁਝ ਕਰਨ ਕਰਵਾਉਣ ਵਾਲਾ ਹੈ, ਮੈਂ ਕੁਝ ਨਹੀਂ ਕਰਨ ਵਾਲਾ। ਜਦੋਂ ਸਾਡਾ ਇਹ ਵਿਸ਼ਵਾਸ ਬਣ ਜਾਂਦਾ ਫਿਰ ਸਾਨੂੰ ਦੁੱਖ ਹੁੰਦਾ ਹੀ ਨਹੀਂ।

ਜੇ ਅਸੀਂ ਨਾਮ ਨਾਲ ਜੁੜੇ ਰਹੀਏ ਤਾਂ ਦੁੱਖ ਹੁੰਦਾ ਹੀ ਨਹੀਂ। ਇਕ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਦੋ-ਤਿੰਨ ਘੰਟੇ ਨਾਮ ਸਿਮਰਨ ਜ਼ਰੂਰ ਕਰਿਆ ਕਰੋ ਤੇ ਮੈਂ ਗਰੰਟੀ ਦਿੰਦਾ ਹਾਂ ਕਿ ਉਹਨੂੰ ਕਦੀ ਦੁੱਖ ਨਹੀਂ ਲੱਗੇਗਾ। ਇਸ ਲਈ ਆਪਾ ਨਾਮ ਨਾਲ ਜੁੜੀਏ, ਬਾਣੀ ਨਾਲ ਜੁੜੀਏ।

ਬੜਾ ਸੋਹਣਾ ਬਚਨ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮਨਾਮੇ ਵਿੱਚ ਆਉਂਦਾ ਹੈ ਕਿ ਖੀਮਾ, ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਰਹਿੰਦਾ ਹੈ। ਸੋ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਹਨ ਕਿ ਇਕ ਪਾਸੇ ਸਾਡਾ ਆਪਣਾ ਬਲ ਹੈ, ਇਕ ਪਾਸੇ ਗੁਰੂ ਦਾ ਬਲ ਹੈ। ਸੋ ਕਿਸਦਾ ਬਲ ਵੱਡਾ ਹੈ? ਸਦਾ ਹੀ ਗੁਰੂ ਦਾ ਬਲ ਵੱਡਾ ਹੈ। ਪ੍ਰਮਾਤਮਾ ਦਾ ਬਲ ਵੱਡਾ ਹੈ। ਜੇ ਅਸੀਂ ਖਿਮਾ ਕਰਦੇ ਹਾਂ, ਜੇ ਅਸੀਂ ਧੀਰਜ ਰੱਖਦੇ ਹਾਂ ਤਾਂ ਗੁਰੂ ਸਦਾ ਹੀ ਸਾਡੇ ਅੰਗ ਸੰਗ ਹੈ। ਜਦੋਂ ਹੰਕਾਰ ਮੁਕ ਜਾਂਦਾ ਹੈ ਫਿਰ ਧੀਰਜ ਰਹਿ ਜਾਂਦੀ ਹੈ। ਜੇ ਜ਼ਿੰਦਗੀ ਵਿੱਚ ਦੁੱਖ ਆ ਵੀ ਗਿਆ ਹੈ ਤਾਂ ਧੀਰਜ ਰੱਖੀਏ। ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਅਸੀਂ ਤੇਰੇ ਹਾਂ ਇਹ ਦੁੱਖ ਵੀ ਤੇਰਾ ਹੀ ਦਿੱਤਾ ਹੈ ਤੇ ਇਸ ਵਿੱਚ ਸੁੱਖੀ ਰਹਿਣ ਦਾ ਬਲ ਵੀ ਤੂੰ ਹੀ ਬਖਸ਼।

ਸਤਿਗੁਰ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜਿਕਰ ਕਰਦੇ ਹਨ ਕਿ ਜੇ ਕਿਸੇ ਤੋਂ ਲੈਣਾ ਤਾਂ ਭਾਈ ਗੁਣ ਲੈ ਲਉ, ਔਗੁਣ ਤਾਂ ਸਾਡੇ ਖੁਦ ਕੋਲ ਬਹੁਤ ਹਨ। ਜਿਨ੍ਹਾਂ ਚਿਰ ਅਸੀ ਨਿਉਂਦੇ ਨਹੀਂ (ਨੀਵੇਂ ਨਹੀਂ) ਹੁੰਦੇ, ਆਪਣੇ ਅੰਦਰ ਨਹੀਂ ਵੇਖਦੇ ਉਨਾਂ ਚਿਰ ਸਾਨੂੰ ਆਪਣੇ ਔਗੁਣ ਦਿਖਦੇ ਹੀ ਨਹੀਂ ਹਨ। ਜੇ ਅਸੀਂ ਖੁਦ ਦੇ ਔਗੁਣ ਦੇਖਣ ਲੱਗ ਜਾਈਏ ਤਾਂ ਅਸੀਂ ਸੁਖੀ ਹੋਣ ਲੱਗ ਜਾਂਦੇ ਹਾਂ ਤੇ ਸਾਡੇ ਔਗੁਣ ਘੱਟਣ ਲੱਗ ਜਾਂਦੇ ਹਨ ਤੇ ਗੁਣ ਆਉਣ ਲੱਗ ਜਾਂਦੇ ਹਨ।

# ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ ਬਿਆਨਣ ਵਾਲੀ ਰਚਨਾ– ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼



ਸੁਵਰਨ ਸਿੰਘ ਵਿਰਕ

ਪ੍ਰਸਿੱਧ ਨਾਮਧਾਰੀ ਇਤਿਹਾਸਕਾਰ

ਪਿੰਡ ਤੇ ਡਾਕਘਰ: ਕਰੀਵਾਲਾ

99963-71716

ਸੰਤ ਕਾਲਾ ਸਿੰਘ ਨੰਗਲ ਕਲਾਂ ਨਜ਼ਦੀਕ ਪੱਖੋਵਾਲ (ਲੁਧਿਆਣਾ) ਨੇ 1914 ਈ. ਵਿੱਚ ਆਪਣੀ ਅਮਰ ਰਚਨਾਂ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਸ. ਬੁੱਧ ਸਿੰਘ ਮੈਨੇਜਰ ਦੇ ਪ੍ਰਬੰਧ ਹੇਠ ਸ੍ਰੀ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚੋਂ ਛਪਾਈ ਸੀ। ਪੁਸਤਕ ਦਾ ਸਾਰ ਤੱਤ ਮੁੱਖ ਪੰਨਾ ਜਾਂ ਟਾਈਟਲ ਪੇਜ ਤੇ ਇਉਂ ਦਿੱਤਾ ਗਿਆ ਹੈ- "ਸਾਕਾ ਮਲੇਰ ਕੋਟਲੇ ਦਾ, ਜਿਸ ਵਿੱਚ ਅੱਸੀਆਂ ਸਿੰਘਾਂ ਦਾ ਤੋਪਾਂ ਮੂਹਰੇ ਸ਼ਹੀਦ ਹੋਣਾ ਹੈ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਗੁਰੂ ਹਰੀ ਸਿੰਘ ਜੀ ਤੇ ਸ੍ਰੀ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਦਾ ਆਦਿ ਤੋਂ ਅੰਤ ਤਾਈਂ ਅਰ ਸਾਰੇ ਸੰਤ ਖਾਲਸੇ ਦਾ ਠੇਠ ਪੰਜਾਬੀ ਬੈਤਾਂ ਵਿੱਚ ਸੰਪੂਰਨ ਬ੍ਰਿਤਾਂਤ ਅਤੇ ਬੜੀ ਰਸੀਲੀ ਕਵਿਤਾ ਵਿੱਚ ਬਰਨਨ ਹੈ।"

ਆਪਣੇ ਛਪਣ ਕਾਲ ਤੋਂ ਬਾਅਦ ਛੇਤੀ ਹੀ ਇਹ ਕਿਤਾਬ ਪਾਠਕਾਂ ਲਈ ਦੁਰਲਭ ਹੋ ਗਈ। ਬਹੁਤ ਨੱਸ ਭੱਜ ਅਤੇ ਕਈ ਲਾਇਬਰੇਰੀਆਂ ਦੀ ਛਾਣ ਬੀਣ ਤੋਂ ਬਾਅਦ ਵੀ ਜਦੋਂ ਇਸ ਬਾਰੇ ਕੋਈ ਉੱਘ ਸੂਹ ਨਾਂ ਮਿਲੀ ਤਾਂ ਕਵੈਂਟਰੀ (ਯੂ.ਕੇ.) ਨਿਵਾਸੀ ਹਰਜਿੰਦਰ ਸਿੰਘ ਕੰਵਲ ਜੀ ਨੇ ਬ੍ਰਿਟਿਸ਼ ਲਾਇਬਰੇਰੀ ਲੰਡਨ ਤੋਂ ਇਸ ਕਿਤਾਬ ਦੀ ਸੀ. ਡੀ. ਪ੍ਰਸਿੱਧ ਖੋਜੀ ਵਿਦਵਾਨ ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ ਹੋਰਾਂ ਨੂੰ ਭੇਜ ਦਿੱਤੀ। ਉਹਨਾਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ 2014 ਈ. ਵਿੱਚ ਇਸ ਨੂੰ ਸੰਪਾਦਿਤ ਕਰਕੇ ਦੂਸਰੀ ਵੇਰ, ਸ੍ਰੀ ਭੈਣੀ ਸਾਹਿਬ ਤੋਂ ਪ੍ਰਕਾਸ਼ਿਤ ਕਰਵਾ ਦਿੱਤਾ। ਇਸ ਤਰ੍ਹਾਂ ਨਾਮਧਾਰੀ ਇਤਿਹਾਸ ਦਾ ਇਕ ਸਰੋਤ ਜਾਂ ਹਵਾਲਾ ਪੁਸਤਕ, ਪਾਠਕਾਂ ਅਤੇ ਸਾਹਿਤ, ਇਤਿਹਾਸ-

ਖੋਜੀਆਂ ਦੇ ਹੱਥਾਂ ਵਿੱਚ ਪਹੁੰਚ ਗਿਆ ਹੈ। ਇਸ ਪੁਸਤਕ ਵਿੱਚ ਲੇਖਕ ਜਾਂ ਕਵੀ ਦਾ ਨਾਮ ਗਿਆਨੀ ਭਾਈ ਕਾਲਾ ਸਿੰਘ ਨਾਮਧਾਰੀਆ ਕਰਕੇ ਲਿਖਿਆ ਹੈ। ਜਦੋਂ ਕਿ ਗਿਆਨੀ ਜੀ ਦੇ ਲਿਖਤ ਹੋਰ ਕੁਝ ਪੁਸਤਕ ਜੋ ਉਹਨਾਂ ਦੇ ਸਪੁੱਤਰ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੇ ਪਿਛਲੀ ਸਦੀ ਦੇ ਸਤਵੇਂ ਦਹਾਕੇ ਵਿੱਚ ਛਪਵਾਏ ਸਨ, ਜਿਹਾ ਕਿ "ਕੂਕੇ ਸਿੰਘ ਤੇ ਅੰਗਰੇਜ਼ ਰਾਜ", "ਸ਼ਹੀਦ ਬਿਲਾਸ" (ਸ੍ਰੀ ਅੰਮ੍ਰਿਤਸਰ) ਵਿੱਚ ਨਾਮਧਾਰੀ ਸਿੰਘ ਸ਼ਹੀਦ, ਇਹਨਾਂ ਵਿੱਚ ਉਹਨਾਂ ਨੇ ਕਵੀ ਦਾ ਅੱਖਰੀ ਨਾਮ ਗਿਆਨੀ ਕਾਹਲਾ ਸਿੰਘ ਲਿਖਿਆ ਹੈ ਜਦੋਂ ਕਿ ਇਸੇ ਕਵੀ ਦੀ ਪ੍ਰਥਮ ਰਚਨਾ ਪੈਂਤੀਸ ਅੱਖਰੀ ਜੋ ਸ਼ਾਇਦ ਉਨੀਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਪਹਿਲਾਂ ਛਪੀ ਸੀ ਤੇ ਦੁਬਾਰਾ 1928 ਈ. ਵਿੱਚ ਸ੍ਰੀ ਭੈਣੀ ਸਾਹਿਬ ਤੋਂ ਸਤਿਜੁਗ ਦੇ ਸੰਪਾਦਕ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਭੂਮਿਕਾ ਸਮੇਤ ਛਪਵਾਈ ਸੀ, ਉਸ ਵਿੱਚ ਕਵੀ ਦਾ ਨਾਮ ਬਜ਼ੁਰਗੀ ਕਾਰਨ ਬਾਬਾ ਕਾਲਾ ਸਿੰਘ ਜੀ ਹੀ ਲਿਖਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਵੀ ਉਹਨਾਂ ਦਾ ਨਾਮ ਭਾਈ ਕਾਲਾ ਸਿੰਘ ਕਰਕੇ ਹੀ ਆਇਆ ਹੈ। ਇਸ ਲਈ ਅੱਜ ਕੱਲ੍ਹ ਦੇ ਸਾਹਿਤਕਾਰਾਂ ਨੇ ਉਹਨਾਂ ਦੇ ਕਾਲਾ ਸਿੰਘ ਜਾਂ ਕਾਹਲਾ ਸਿੰਘ ਦੋਵੇਂ ਨਾਮ ਹੀ ਵਰਤੇ ਹਨ। ਉਪਰ ਵਰਣਿਤ ਚਾਰ ਕਾਵਿ ਪੁਸਤਕਾਂ ਤੋਂ ਇਲਾਵਾ "ਸ੍ਰੀ ਨਾਮਦੇਵ ਪ੍ਰਕਾਸ਼ ਜਨਮ ਸਾਖੀ ਬਾਬੇ ਨਾਮਦੇਵ ਜੀ" ਅਤੇ "ਜਨਮ ਸਾਖੀ ਭਗਤ ਰਵਿਦਾਸ" ਜੀ ਉਹਨਾਂ ਦੀਆਂ ਦੋ ਹੋਰ ਮਹੱਤਵ ਪੂਰਨ ਕਾਵਿ ਪੁਸਤਕਾਂ ਹਨ।

ਉਹਨਾਂ ਦੀ ਸਤਵੀਂ ਕਾਵਿ ਪੁਸਤਕ "ਉਸਤਤ ਨਾਮਾ (ਸ੍ਰੀ ਸਤਿਗੁਰੂ ਰਾਮ ਸਿੰਘ) ਕਵੀ ਨੇ 1889 ਈ. ਦੀਆਂ ਗਰਮੀਆਂ ਵਿੱਚ ਲਿਖੀ ਸੀ ਜਿਸ ਦਾ ਜ਼ਿਕਰ ਪੰਜਾਬੀ ਵਿਦਵਾਨ ਡਾ. ਹਰਿਭਜਨ ਸਿੰਘ ਆਪਣੀ ਪੁਸਤਕ "ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ" ਵਿੱਚ ਕਰਦੇ ਹਨ। ਉਸਤਤ ਨਾਮੇ ਵਿੱਚ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦਾ ਮਹਿਮਾ ਗਾਨ, ਬੈਂਤਾਂ ਅਤੇ ਕਬਿੱਤਾਂ ਵਿੱਚ ਕਰਦੇ ਹਨ। ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਬਾਰੇ ਲਿਖਦਿਆਂ ਕਵੀ ਜੀ ਆਪਣਾ ਅਤਾ ਪਤਾ ਅਤੇ ਮਾਤਾ ਪਿਤਾ ਦਾ ਵਰਨਣ ਕਰਦੇ ਹਨ-

"ਜ਼ਿਲਾ ਲੁਧਿਆਣਾ ਨੰਗਲ ਪਿੰਡ ਮੇਰਾ,
ਪੱਖੋਵਾਲ ਹੈ ਪਾਸ ਮੁਕਾਮ ਮੇਰਾ।
ਰਾਮ ਸਿੰਘ ਪਿਤਾ ਕਰਮ ਕੌਰ ਮਾਤਾ,
ਨਿੱਝਰ ਗੋਤ ਨਾਮਾ ਵੰਸੀ ਜਾਮ ਮੇਰਾ।
ਰਾਏਕੋਟ ਮੈਂ ਹੁੰਦੇ ਸ਼ਹੀਦ ਡਿੱਠੇ,
ਸੱਤ ਸਾਲ ਉਮਰੋਂ ਸੀ ਸਨਾਮ ਮੇਰਾ।
ਉਨੀ ਸੌ ਬਤਾਲੀ ਮੇਂ ਸਿੰਘ ਸਜਿਆ,
ਗੁਰੂ ਹਰੀ ਸਿੰਘ ਰੱਖਿਆ ਨਾਮ ਮੇਰਾ।
ਕਿਰਪਾ ਓਸ ਕੀਤੀ ਦਿੱਤਾ ਵਰ ਮੈਨੂੰ,
ਕਿਰਤ ਕਰਨਾ ਠਠਿਆਰਾ ਹੈ ਕਾਮ ਮੇਰਾ।"[1]

ਕਵੀ ਦਾ ਜਨਮ ਉਸਦੀ ਆਪਣੀ ਲਿਖਤ ਮੁਤਾਬਿਕ 1864 ਈ. ਵਿੱਚ ਬਣਦਾ ਹੈ ਕਿਉਂਕਿ ਰਾਇਕੋਟ ਦਾ ਸ਼ਹੀਦੀ ਸਾਕਾ 5 ਅਗਸਤ 1871 ਈ. ਦਾ ਹੈ। ਕਵੀ ਦੇ ਆਪਣੇ ਸ਼ਬਦਾਂ ਵਿੱਚ ਜਦੋਂ 1868 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਆਪਣੇ ਪ੍ਰਚਾਰ ਦੌਰੇ ਤੇ ਕਵੀ ਦੇ ਲਾਗਲੇ ਪਿੰਡ ਗੁੱਜਰਵਾਲ (ਲੁਧਿਆਣਾ) ਆਏ ਤਾਂ ਉਸਦੇ ਪਿਤਾ ਨੇ ਸਤਿਗੁਰੂ ਜੀ ਪਾਸੋਂ ਨਾਮ ਦਾਨ ਦੀ ਮੰਗ ਕੀਤੀ ਸੀ ਪਰ ਆਪ ਜੀ ਨੇ ਇਹ ਕਹਿਕੇ ਟਾਲ ਦਿੱਤਾ ਸੀ ਕਿ ਅਜੇ ਬੜਾ ਕਰੜਾ ਸਮਾਂ ਆਉਣ ਵਾਲਾ ਹੈ ਜਦੋਂ ਬਹੁਤ ਸਾਰੇ ਸਾਡੇ ਸਿੰਘ ਵੀ ਡੋਲ ਜਾਣਗੇ, ਸੋ ਤੁਸੀਂ ਵੀ ਕੁਝ ਸਮਾਂ ਅਜੇ ਉਡੀਕ ਕਰ ਲਵੋ। ਪਰ ਕਵੀ ਜੀ ਦੀ ਦਾਦੀ ਸਤਿਗੁਰੂ ਜੀ ਦੀ ਸੇਵਕ ਸੀ। ਫਿਰ ਇਹ ਦੋਵੇਂ ਪਿਤਾ ਪੁੱਤਰ ਰਾਮ ਸਿੰਘ ਤੇ ਕਾਹਲਾ ਸਿੰਘ 1885 ਈ. ਵਿੱਚ ਗੁਰੂ ਹਰੀ ਸਿੰਘ ਜੀ ਦੇ ਸਮੇਂ ਭੈਣੀ ਸਾਹਿਬ ਜਾ ਕੇ ਨਾਮ ਦਾਨ ਲੈਂਦੇ ਹਨ।

"ਪਿਤਾ ਦਾਸ ਦਾ ਸੀ ਰਾਮ ਸਿੰਘ ਨਾਮੇ,
ਓਸ ਦੱਸਿਆ ਸੀ ਮੈਨੂੰ ਹਾਲ ਸੰਤੋ।
ਦਾਦੀ ਦਾਸ ਦੀ ਸੀ ਸੇਵਕ ਸਤਿਗੁਰੂ ਦੀ,
ਰੱਖੇ ਪਿਆਰ ਚੰਗਾ ਪੰਥ ਨਾਲ ਸੰਤੋ।
ਸੰਮਤ ਉੱਨੀ ਸੌ ਪੱਚੀਏ ਸਾਲ ਅੰਦਰ,
ਪੂਰੇ ਗੁਰੂ ਆਏ ਗੁਜਰ ਵਾਲ ਸੰਤੋ।
ਪਿਤਾ ਦਾਸ ਦਾ ਚਾਰ ਸੇ ਹੋਰ ਸਾਥੀ,
ਕਰੀ ਅਰਜ ਜਾ ਪਾਸ ਅਕਾਲ ਸੰਤੋ।
ਦੱਸੋ ਭਜਨ ਤੇ ਕਰ ਲਵੋ ਸਿਖ ਸਾਨੂੰ,

ਵਿੱਚ ਹੜੇ ਜਾਈਏ ਕਲੂ ਕਾਲ ਸੰਤੋ।
ਸਤਿਗੁਰੂ ਆਖਦੇ ਅਜੇ ਨਾ ਬਖਤ ਭਾਈ,
ਡਾਰਨ ਸਿੰਘ ਕੱਛਾਂ ਝਾੜਾਂ ਨਾਲ ਸੰਤੋ।
ਸਮਾਂ ਸਖਤ ਆਵੇ ਵਿੱਚ ਕੋਟਲੇ ਦੇ,
ਸਿੰਘ ਪਰਖ ਹੋਵੇ ਡਾਲੋ ਡਾਲ ਸੰਤੋ।
ਦਸਮ ਗੁਰੂ ਪਰਖੀ ਖੰਡੇ ਨਾਲ ਸਿੱਖੀ,
ਪੰਜ ਨਿੱਤਰੇ ਗੁਰੂ ਕੇ ਲਾਲ ਸੰਤੋ।
ਕਈ ਭੱਜਕੇ ਸਿੰਘ ਅਲੱਗ ਹੋਏ,
ਜੇਹੜੇ ਖਾਣ ਕੜਾਹਿ ਕੰਗਾਲ ਸੰਤੋ।
ਤਿਵੇਂ ਪਰਖ ਕਰਸਾਂ ਵਿੱਚ ਕੋਟਲੇ ਦੇ,
ਤੋਪ ਦਗੇ ਗੋਲਾ ਲਾਲੋ ਲਾਲ ਸੰਤੋ।
ਕਈ ਭੱਜ ਜਾਵਣ ਮੁੱਕਰ ਜਾਣ ਬਹੁਤੇ,
ਹੋਵੇ ਖਾਲਸੇ ਦਾ ਬੁਰਾ ਹਾਲ ਸੰਤੋ।
ਜਿਵੇਂ ਦਿੱਤਾ ਬਿਦਾਵਾ ਸੀ ਦਸਮ ਗੁਰੂ ਨੂੰ,
ਸਿੰਘ ਕਰਨ ਸਾਰਾ ਉਹੋ ਚਾਲ ਸੰਤੋ।
ਮੇਰਾ ਜਾਣਾ ਪਰਦੇਸ ਦੇ ਵਿੱਚ ਹੋਵੇ,
ਸਤਿਗੁਰ ਆਪ ਆਖਨ ਗੁੱਜਰਵਾਲ ਸੰਤੋ।
ਮੇਰਾ ਬਾਪ ਸੁਣਕੇ ਬਚਨ ਘਰੀਂ ਆਇਆ,
ਭਜਨ ਪੁੱਛਿਆ ਨ ਕਰੀ ਭਾਲ ਸੰਤੋ।
ਭਾਣਾ ਬਰਤਿਆ ਫੇਰ ਤਮਾਮ ਸਾਰਾ,
ਮੇਰੇ ਬਾਪ ਨੂੰ ਰਿਹਾ ਖਿਆਲ ਸੰਤੋ।
ਸੰਮਤ ਉੱਨੀ ਸੈ ਵਿੱਚ ਬਤਾਲੀਏ ਦੇ,
ਸਿੰਘ ਫੇਰ ਬਣਿਆ ਮੇਰੇ ਨਾਲ ਸੰਤੋ।
ਗਿਆ ਵਿੱਚ ਬੈਕੁੰਠ ਚੁਤਾਲੀਏ ਦੇ,
ਓਸ ਦੱਸਿਆ ਸੀ ਮੈਨੂੰ ਹਾਲ ਸੰਤੋ।
ਕਾਲਾ ਸਿੰਘ ਪ੍ਰਸੰਗ ਮੈਂ ਲਿਖੇ ਸੋਈ,
ਕੁਝ ਸੁਣੇ ਦੇਖੇ ਅੱਖਾਂ ਨਾਲ ਸੰਤੋ।"[2]

ਜਦੋਂ ਇਹ ਪਿਤਾ ਪੁੱਤਰ ਗੁਰੂ ਹਰੀ ਸਿੰਘ ਜੀ ਪਾਸ ਸ੍ਰੀ ਭੈਣੀ ਸਾਹਿਬ ਪੁੱਜੇ ਤਾਂ ਆਪ ਨੇ ਕਾਰ ਵਿਹਾਰ ਬਾਰੇ ਪੁੱਛਿਆ ਸੀ। ਇਹਨਾਂ ਨੇ ਦੱਸਿਆ ਕਿ ਛੀਂਬੇ ਸਿੰਘ ਹਾਂ ਅਤੇ ਲੋਕਾਂ ਦੇ ਕੱਪੜੇ ਧੋਕੇ ਅਤੇ ਰੰਗ ਕੇ ਗੁਜ਼ਾਰਾ ਕਰਦੇ ਹਾਂ।

ਗੁਰੂ ਜੀ ਨੇ ਆਪਣੇ ਸਿੰਘਾਂ ਵਿਚੋਂ ਹੀਣ ਭਾਵਨਾ ਕੱਢਣ ਲਈ ਹੁਕਮ ਦਿੱਤਾ, ਇਹ ਕੰਮ ਛੱਡ ਦਿਉ ਅਤੇ ਉਹਨਾਂ ਦੇ ਇਹ ਪੁੱਛਣ ਤੇ ਕਿ ਫਿਰ ਕਰੀਏ ਕਿਹੜਾ, ਆਪ ਨੇ ਕਿਹਾ ਸੀ ਜੋ ਵੀ ਕਰੋਗੇ ਵਧੀਆ ਚੱਲੇਗਾ। ਇਸ ਤੇ ਉਹਨਾਂ ਨੇ ਠਠਿਆਰਾਂ ਦਾ ਕੰਮ, ਬਰਤਨਾਂ ਦੀ ਮੁਰੰਮਤ ਨਵੇਂ ਬਨਾਉਣੇ ਅਤੇ ਕਲੀ ਆਦਿ ਕਰਨ ਦਾ ਅਰੰਭ ਲਿਆ ਸੀ। ਇਸ ਕਾਰਜ ਲਈ ਉਹ ਆਪਣੇ ਇਲਾਕੇ ਦੇ ਪਿੰਡ-ਪਿੰਡ ਵਿੱਚ ਫਿਰ ਕੇ ਅੱਡਾ ਗੱਡਦੇ ਅਤੇ ਕਾਂਸੀ, ਤਾਂਬੇ ਆਦਿਕ ਦੇ ਬਰਤਨਾਂ ਦਾ ਕੰਮ ਕਰਦੇ। ਉਹ ਅੱਛੇ ਵਕਤਾ ਵੀ ਸਨ। ਗੁਰਬਾਣੀ ਦੇ ਗਿਆਤਾ ਵੀ ਸਨ। ਮਹੰਤ ਆਤਮਾ ਸਿੰਘ ਸਨਖਤਰਾ ਅਨੁਸਾਰ ਕਵਿਤਾ ਰਚਨ ਦੀ ਪਰੇਰਨਾ ਅਤੇ ਗਿਆਨ ਉਹਨਾਂ ਨੂੰ ਬਾਬਾ ਸ਼ਿਵ ਰਾਮ ਜੀ ਉਦਾਸੀ ਤੇ ਭਾਈ ਜੀਵਾ ਸਿੰਘ ਕਵੀਸ਼ਰ ਨੰਗਲਾਂ ਵਾਲਿਆਂ ਤੋਂ ਹਾਸਲ ਕੀਤਾ ਸੀ।[3] ਆਪ ਦੀ ਕਾਵਿ-ਮਈ ਬੋਲ ਚਾਲ ਦੀ ਭਾਸ਼ਾ, ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦੀ ਸੀ। ਇਸ ਲਈ ਆਪ ਦੇ ਅੱਡੇ ਤੇ ਰੌਣਕ ਲੱਗੀ ਰਹਿੰਦੀ। ਆਪ ਉਹਨਾਂ ਲੋਕਾਂ ਪਾਸੋਂ ਨਾਮਧਾਰੀ ਇਤਿਹਾਸ ਦੇ ਹਿਰਦੇ ਵੇਧਕ ਸਾਕਿਆਂ ਬਾਰੇ ਲੋਕ ਮਨਾਂ ਵਿੱਚ ਸੁਰੱਖਿਅਤ ਸਮੱਗਰੀ ਨੂੰ ਕੁਰੇਦ ਕੇ ਆਪਣਾ ਇਤਿਹਾਸਿਕ ਮਸਾਲਾ ਲੱਭਿਆ ਕਰਦੇ ਸਨ। ਇਹੋ ਵਜ੍ਹਾ ਹੈ ਕਿ ਆਪ ਦੇ ਪੰਥ ਪ੍ਰਕਾਸ਼ ਅਤੇ ਹੋਰ ਪੁਸਤਕਾਂ ਵਿੱਚ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਸਾਖੀਆਂ ਤੇ ਜਾਣਕਾਰੀ, ਹੋਰਨਾਂ ਸੋਮਿਆਂ ਤੋਂ ਪ੍ਰਾਪਤ ਜਾਣਕਾਰੀ ਨਾਲੋਂ ਕੁਝ ਨਵੀਨ ਅਤੇ ਵਾਧਿਆਂ ਵਾਲੀ ਵੀ ਹੈ।

ਕਵੀ ਕਾਲਾ ਸਿੰਘ ਪੰਜਾਬੀ ਭਾਸ਼ਾ ਤੋਂ ਇਲਾਵਾ ਸੰਸਕ੍ਰਿਤ, ਬ੍ਰਿਜ ਭਾਸ਼ਾ, ਉਰਦੂ ਅਤੇ ਫਾਰਸੀ ਭਾਸ਼ਾਵਾਂ ਦੀ ਜਾਣਕਾਰੀ ਰੱਖਦੇ ਸਨ। ਨਾਮਧਾਰੀ ਸ਼ਹੀਦੀ ਸਾਕੇ, ਪੈਂਤੀ ਅੱਖਰੀ ਵਿੱਚ ਮਲੇਰਕੋਟਲੇ ਦਾ ਪ੍ਰਸੰਗ ਲਿਖਣ ਸਦਕਾ, ਕਵੀ ਨੂੰ ਨਜ਼ਰਬੰਦੀ, ਤਲਾਸ਼ੀਆਂ ਆਦਿ ਸਰਕਾਰੀ ਸਖ਼ਤੀਆਂ ਵੀ ਝੱਲਣੀਆਂ ਪਈਆਂ ਸਨ। "ਜਨਮ ਸਾਖੀ ਭਗਤ ਰਵਿਦਾਸ ਜੀ" ਵਿੱਚ ਨਿਮਨ ਜਾਣਕਾਰੀ ਕਵੀ ਜੀ ਕਾਨੀ ਬੱਧ ਕਰ ਗਏ ਹਨ-

"ਨੰਗਲ ਵੱਡਾ ਏਸ ਦੇਹ ਨੇ ਜਨਮ ਪਾਇਆ,
ਪੱਖੋਵਾਲ ਦਾ ਪਿੱਛਾ ਦਸਾਂਵਦਾ ਮੈਂ।
ਜ਼ਿਲ੍ਹਾ ਲੁਧਿਹਾਨਾ ਬਾਰਾਂ ਕੋਸ ਹੈ ਜੀ,
ਥਾਣਾ ਡੇਹਲੋਂ ਤੇ ਹੈ ਸੁਣਵਦਾ ਮੈਂ।

ਨਾਮਦੇਵ ਦੀ ਬੰਸ ਤੇ ਜਾਤ ਨਿੱਝਰ,
ਨਾਮਧਾਰੀਆ ਸਿੰਘ ਸਦਾਵਦਾਂ ਮੈਂ।
ਕੰਮ ਕਿਰਤ ਮੇਰੀ ਪਿੱਤਲ ਕੈਂਹ ਘੜਨੀ,
ਦਸਾਂ ਨੌਹਾਂ ਦੀ ਕਿਰਤ ਕਰਾਂਵਦਾ ਮੈਂ।
ਪਾਈ ਵਿੱਦਿਆ ਕਾਵਿ ਦੀ ਸੰਸਕ੍ਰਿਤੀ,
ਅਰਬੀ, ਫਾਰਸੀ ਇਲਮ ਨੂੰ ਪਾਂਵਦਾ ਮੈਂ।
ਕਿਰਪਾ ਹੋਈ ਸਤਿਗੁਰੂ ਰਾਮ ਸਿੰਘ ਦੀ,
ਅਰਥ ਕਾਵਿ ਨੂੰ ਲਿਖ ਰਖਾਂਵਦਾ ਮੈਂ।
ਲਿਖੇ ਪੁਸਤਕ ਠੇਠ ਪੰਜਾਬੀ ਅਮਦਰ,
ਸ਼ਬਦ ਸਿੱਧੇ-ਸਾਧੇ ਲਿਖੀ ਜਾਂਵਦਾ ਮੈਂ।
ਪੈਂਤੀ ਅੱਖਰੀ ਲਿਖੀ ਕਿਤਾਬ ਪਹਿਲਾਂ,
ਜ਼ੁਲਮ ਗੋਰਿਆਂ ਦਾ ਕੀਤਾ ਛਪਾਂਵਦਾ ਮੈਂ।
ਕਥਾ ਕੋਟਲੇ ਦੀ ਤੋਪ ਜ਼ਾਲਮਾਂ ਦੀ,
ਸਿੰਘ ਸ਼ਹੀਦ ਬਤਾਂਵਦਾ ਮੈਂ।
ਏਸ ਲਿਖਣ ਪਿਛੋਂ ਨਜ਼ਰ ਬੰਦ ਰਿਹਾ,
ਰਿਹਾ ਆਪਣਾ ਜੀਵਨ ਬਿਤਾਂਵਦਾ ਮੈਂ।
ਸ਼ਹੀਦ ਬਿਲਾਸ ਤੇ ਪੰਥ ਪ੍ਰਕਾਸ਼ ਰਚਿਆ,
ਨਾਮਧਾਰੀ ਪ੍ਰਸੰਗ ਬਣਾਵਦਾ ਮੈਂ।
ਨਾਮਦੇਵ ਸਾਖੀ ਕਾਹਠ ਸ਼ਬਦ ਟੀਕਾ,
ਰਚ ਸੰਗਤਾਂ ਭੇਟ ਚੜ੍ਹਾਂਵਦਾ ਮੈਂ।
ਏਨਾਂ ਛਪਣ ਵੇਲੇ ਦਿੱਕਤਾਂ ਪੇਸ਼ ਹੋਈਆਂ,
ਤਲਾਸ਼ੀ ਕਰਾਂ ਕਿਤਾਬਾਂ ਗੁਆਂਵਦਾ ਮੈਂ।
ਪਿੰਡਾਂ ਵਿੱਚ ਸਤਿਸੰਗ ਸੀ ਕੈਮ ਕੀਤਾ,
ਅੰਮ੍ਰਿਤ ਕਰ ਪ੍ਰਚਾਰ ਛਕਾਂਵਦਾ ਮੈਂ।
ਕਿਸੇ ਮਜਬ ਦੇ ਨਾਲ ਨ ਵੈਰ ਕਰਦਾ,
ਨਾਨਕ ਨਾਮ ਦਾ ਝੰਡਾ ਝੁਲਾਂਵਦਾ ਮੈਂ।

ਗਿਆਨੀ ਕਾਲਾ ਸਿੰਘ ਦੀ ਪੈਂਤੀਸ ਅੱਖਰੀ ਅਤੇ ਉਸਤਤਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਦਿ ਰਚਨਾਵਾਂ ਨਾਮਧਾਰੀ ਸ਼ਹੀਦੀ ਸਾਕਿਆਂ ਤੋਂ ਸਿਰਫ ਢਾਈ ਤਿੰਨ ਦਹਾਕੇ ਬਾਅਦ ਹੀ ਲਿਖੀਆਂ ਗਈਆਂ ਸਨ, ਇਸ ਲਈ ਇਹਨਾਂ ਦੀ ਮੌਲਿਕਤਾ ਤੇ ਉਂਗਲੀ ਨਹੀਂ ਉਠਾਈ ਜਾ ਸਕਦੀ ਇਹ ਪੰਥ ਪ੍ਰਕਾਸ਼ (ਸਿੰਘਾਂ ਨਾਮਧਾਰੀਆਂ ਦਾ) ਬੇਸ਼ੱਕ 1912-13 ਈ. ਵਿੱਚ ਲਿਖਿਆ ਗਿਆ ਸੀ, ਪਰ ਇਸ ਤੋਂ ਪਹਿਲਾਂ ਨਾਮਧਾਰੀਆਂ ਬਾਰੇ ਤਾਂ 1890 ਈ. ਦੇ ਪੰਥ ਪ੍ਰਕਾਸ਼ ਦੀ ਦੂਜੀ ਛਾਪ ਵਿਚਲੇਂ ਗਿਆਨੀ ਗਿਆਨ ਸਿੰਘ ਜੀ ਰਚਿਤ 28 ਕਬਿੱਤ ਹੀ ਮਿਲਦੇ ਹਨ। ਸੰਤ ਸੰਤੋਖ ਸਿੰਘ ਬਾਹੋਵਾਲ ਹੋਰਾਂ ਦਾ ਗ੍ਰੰਥ ਤਾਂ 1906-07 ਈ. ਵਿੱਚ ਸੰਪੂਰਨ ਹੋਇਆ ਅਤੇ ਫਿਰ ਕਿੰਨਾ ਚਿਰ ਉਸ ਨੂੰ ਸੰਗਤ ਦਰਸ਼ਨ ਨਸੀਬ ਨਹੀਂ ਹੋਏ ਕਿਉਂ ਜੁ ਅੰਗਰੇਜ਼ ਸਰਕਾਰ ਆਪਣੇ ਵਿਰੁੱਧ ਲਿਖੀ ਕਿਸੇ ਵੀ ਰਚਨਾ ਨੂੰ ਬਰਦਾਸ਼ਤ ਨਹੀਂ ਸੀ ਕਰਦੀ। ਇਸ ਲਈ ਗਿਆਨੀ ਕਾਲਾ ਸਿੰਘ ਹੋਰਾਂ ਦੀ "ਸਤਿਗੁਰੂ ਬਿਲਾਸ" ਕ੍ਰਿਤ ਬਾਹੋਵਾਲ ਤੱਕ ਰਸਾਈ ਹੋ ਸਕਣੀ ਸੰਦਿਗਧ ਮਾਲੂਮ ਹੁੰਦੀ ਹੈ। ਇਤਿਹਾਸਿਕ ਤਾਰੀਖਾਂ ਅਤੇ ਕੁਝ ਹੋਰ ਵੇਰਵੇ ਜੋ ਉਹਨਾਂ ਦਰਜ ਕੀਤੇ ਹਨ ਬੇਸ਼ੱਕ ਕਿਤੇ-ਕਿਤੇ ਠੀਕ ਨਹੀਂ ਹਨ, ਪਰ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਅਤੇ ਉਹਨਾਂ ਦੇ ਜੀਵਨ ਦਰਸ਼ਨ ਦਾ ਜੋ ਸਾਰ ਇਸ ਰਚਨਾ ਵਿੱਚ ਮਿਲਦਾ ਹੈ, ਉਹ ਉਹਨਾਂ ਨੇ ਸਮਕਾਲੀ ਸਰੋਤਾਂ ਤੋਂ ਪ੍ਰਾਪਤ ਕਰਕੇ ਹਕੀਕਤ ਹੀ ਬਿਆਨ ਕੀਤੀ ਹੈ, ਜਿਸ ਨਾਲ ਪੰਥ ਪ੍ਰਕਾਸ਼ ਦੀ ਇਤਿਹਾਸਕਿਤਾ ਵਿੱਚ ਮਹੱਤਵਪੂਰਨ ਵਾਧਾ ਹੁੰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ 1837 ਈ. ਵਿੱਚ 21 ਸਾਲ ਦੀ ਆਰਜਾ ਵਿੱਚ ਕੰਵਰ ਨੌਨਿਹਾਲ ਸਿੰਘ ਰੈਜੀਮੈਂਟ ਵਿੱਚ ਜਾਕੇ ਸੈਨਿਕ ਸੇਵਾ ਗ੍ਰਹਿਣ ਕੀਤੀ ਅਤੇ 1846 ਈ. ਵਿੱਚ ਸਭਰਾਉਂ ਦੀ ਜੰਗ ਵਾਲੇ ਸਮੇਂ ਆਪ ਵਾਪਸ ਭੈਣੀ ਸਾਹਿਬ ਆ ਗਏ ਸਨ। ਇਸ ਸਮੇਂ ਖੇਤੀਬਾੜੀ, ਫੀਰੋਜ਼ਪੁਰ ਵਿੱਚ ਰਾਜਗਿਰੀ ਤੇ ਫਿਰ ਪਿੰਡ ਆ ਕੇ ਲੋਹੇ ਕੱਪੜੇ ਦੀ ਦੁਕਾਨ ਵੀ ਪਾਈ। 12 ਅਪ੍ਰੈਲ 1857 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਨਾਮ ਦੀ ਦਾਤ ਦੇ ਕੇ ਸੰਬਤ 1914 ਬਿਕਰਮੀ ਵਿੱਚ ਨਮਾਧਾਰੀ ਸੰਤ ਖਾਲਸੇ ਦੀ ਸਥਾਪਨਾ ਕੀਤੀ। ਸਤਿਗੁਰੂ ਜੀ ਉਸ ਸਿੱਖੀ ਦਾ ਹੀ ਪ੍ਰਚਾਰ ਕਰ ਰਹੇ ਸਨ, ਜਿਹੜੀ ਦਸ਼ਮੇਸ਼ ਜੀ ਦੀ ਸਿੱਖੀ ਤੋਂ ਕੋਈ ਪੌਣੀ ਸਦੀ ਰਾਜ ਭਾਗ ਭੋਗਣ ਕਾਰਨ, ਖਾਲਸਾ ਦੂਰ ਚਲਾ ਗਿਆ ਸੀ। ਆਪ ਜੀ ਨੇ ਪਹਿਲਾਂ ਨਾਮ ਜਪਣ ਲਈ ਉਗਰ ਤਪ ਵੀ ਕੀਤਾ। ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਸਿੱਖੀ ਦਾ ਮੁੱਢਲਾ ਅਸੂਲ ਹੈ।

ਆ ਕੇ ਸਤਿਗੁਰਾਂ ਨੇ ਭੈਣੀ ਸਾਹਿਬ ਅੰਦਰ,

ਕੀਤਾ ਨਾਮ ਦੇ ਨਾਲ ਪਿਆਰ ਸੰਤੋ।
ਜਾ ਕੇ ਬਾਹਰ ਪ੍ਰਜੰਤ ਇਕੰਤ ਬਹਿੰਦੇ,
ਲਾ ਕੇ ਖੂਬ ਸਮਾਧ ਦੀ ਤਾਰ ਸੰਤੋ।
ਇਹੋ ਨਿਜਮ ਹੈ ਸੀ ਪੂਰੇ ਸਤਿਗੁਰਾਂ ਦਾ,
ਸੁਬਾ ਸ਼ਾਮ ਦਾ ਰੋਜ਼ ਬਿਹਾਰ ਸੰਤੋ।
ਕਾਰਵਾਰ ਦਿੱਤੇ ਡਾਰ ਜਗਤ ਵਾਲੇ,
ਸੁਭਾਚਾਰ ਦਾ ਕਰਨ ਬਿਹਾਰ ਸੰਤੋ।
ਕਰਨ ਕ੍ਰਿਤ ਅਕੰਤ ਮੈਂ ਬ੍ਰਿਤ ਰਖਦੇ,
ਸੋਈ ਛਕਣ ਜੋ ਵਿੱਚ ਪਰਵਾਰ ਸੰਤੋ।
ਏਸੇ ਤੌਰ ਅੰਦਰ ਸੋਲਾਂ ਸਾਲ ਗੁਜ਼ਾਰੇ,
ਕਰਨ ਬੰਦਗੀ ਜੋ ਨਿਰਾਧਾਰ ਸੰਤੋ।
ਸੰਮਤ ਉਨੀ ਸੌ ਚੌਦਵੇਂ ਸਾਲ ਅੰਦਰ,
ਫੁਰੇ ਨੇਤ ਕੜੀ ਕਰਨਹਾਰ ਸੰਤੋ।
ਉਮਰ ਸਤਿਗੁਰੂ ਜੋ ਰਾਮ ਸਿੰਘ ਜੀ ਦੀ,
ਸਾਲ ਕਹਿਣ ਬਤਾਲੀ ਉਚਾਰ ਸੰਤੋ।
ਹੋਈ ਬਾਣੀ ਅਕਾਸ ਤੇ ਖਾਸ ਗੁਰ ਨੂੰ,
ਦੇ ਕੇ ਜੀਵਾਂ ਨੂੰ ਨਾਮ ਤੂੰ ਤਾਰ ਸੰਤੋ।
ਦਸਮ ਗੁਰੂ ਦੇ ਪੰਥ ਦੀ ਰਸਮ ਤਾਈਂ,
ਦੇਵੋਂ ਤੁਸੀਂ ਬਧਾਇ ਪਸਾਰ ਸੰਤੋ।
ਬਾਧਾ ਕਰੋ ਜੇ ਖਸਮ ਦੇ ਖਾਲਸੇ ਦਾ,
ਏਹੋ ਹੁਕਮ ਹੋਵੇ ਵਾਰੋ ਵਾਰ ਸੰਤੋ।
ਪਾ ਕੇ ਹੁਕਮ ਅਕਾਲ ਦਾ ਸਤਿਗੁਰੂ ਜੀ,
ਲੱਗੇ ਦੇਣ ਉਪਦੇਸ਼ ਵਿਚਾਰ ਸੰਤੋ।
ਨਾਮ ਵਾਹਿਗੁਰੂ ਦੱਸਕੇ ਜੀਵ ਤਾਂਈ,
ਦਿੰਦੇ ਸਾਗਰੋਂ ਪਾਰ ਉਤਾਰ ਸੰਤੋ।
ਨਰਕੀ ਜੀਵ ਬੈਕੁੰਠ ਦੇ ਵਿੱਚ ਬਾੜੇ,
ਕੀਤੇ ਬੰਧਨਾ ਦੇ ਛੁਟਕਾਰ ਸੰਤੋ।
ਭਜਨ ਸੁਣਦਿਆਂ ਸਾਰ ਹੋ ਜੁੱਟ ਜਾਵਣ,
ਬ੍ਰਿਤੀ ਲਗਦੀ ਵਿੱਚ ਕਰਤਾਰ ਸੰਤੋ।
ਸੰਗਤ ਆਂਵਦੀ ਜਾਂਵਦੀ ਦਿਨੇ ਰਾਤੀਂ,
ਆਵੇ ਕੁਝ ਨਾਂ ਅੰਤ ਸ਼ੁਮਾਰ ਸੰਤੋ।
ਰਹੇ ਭੀੜ ਹਜ਼ੂਰ ਹਮੇਸ਼ ਭਾਰੀ,
ਲੰਗਰ ਚੱਲਦਾ ਅਪਰ ਅਪਾਰ ਸੰਤੋ।
ਖੋਹਲੀ ਲੋਹੇ ਦੀ ਦੁਕਾਨ ਤੇ ਕੱਪੜੇ ਦੀ,
ਕਰਦੇ ਸਤਿਗੁਰੂ ਬਣਜ ਬਪਾਰ ਸੰਤੋ।
ਨਫਾ ਓਸਦਾ ਪੈਨਦੇ ਖਾਂਵਦੇ ਸੇ,
ਛਕੇ ਫੇਰ ਸਾਰਾ ਪਰਵਾਰ ਸੰਤੋ।
ਪੂਜਾ ਪੌਣ ਜਿੰਨੀ ਲੰਗਰ ਸੰਗਤਾਂ ਦੀ
ਕਰਦੇ ਆਪ ਨਾ ਜੇ ਅੰਗੀਕਾਰ ਸੰਤੋ।
ਕਾਲਾ ਸਿੰਘ ਏਹੋ ਦੋਹਾਂ ਭਾਈਆਂ ਦਾ,
ਹੈਸੀ ਨਿਜਮ ਪੂਰਾ ਨਿਰਾਧਾਰ ਸੰਤੋ।[4]

ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿੱਚ ਸੁਬਹਾ, ਸ਼ਾਮ ਦੀਵਾਨ ਸਜਦੇ, ਰਾਗੀ ਰਾਗ ਕਰਦੇ ਅਤੇ ਢਾਡੀ ਪਿਛਲੇ ਪਹਿਰ ਯੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਢੋਲਕੀ ਛੈਣਿਆਂ ਨਾਲ ਹੱਲੇ ਦਾ ਦੀਵਾਨ ਲਗਦਾ ਸੀ। ਸਿੰਘ ਪ੍ਰੇਮ ਨਾਲ ਸ਼ਬਦ ਪੜ੍ਹਦੇ। ਸਾਧ ਸੰਗਤ ਤਨ, ਮਨ, ਧਨ ਨਾਲ ਗੁਰੂ ਦਰਬਾਰ ਵਿੱਚ ਸੇਵਾ ਕਰਦੀ। ਕੋਈ ਅੱਠਾਂ ਪਹਿਰਾਂ ਵਿੱਚ ਜਦੋਂ ਵੀ ਆਵੇ ਗੁਰੂ ਕਾ ਲੰਗਰ ਤਿਆਰ ਮਿਲਦਾ-ਸਦਾ ਬਰਤ ਚੱਲ ਰਿਹਾ ਸੀ। ਰੋਜ ਸੈਂਕੜੇ ਸਿੰਘ ਸਤਿਗੁਰੂ ਜੀ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਨਾਮਧਾਰੀ ਸਜਦੇ। ਕੜਾ, ਕਛਹਿਰਾ, ਕਿਰਪਾਨ, ਕੰਘਾਂ ਅਤੇ ਸਣੇਕੇਸੀ ਇਸ਼ਨਾਨ ਇਹ ਰਹਿਤ ਮਰਿਆਦਾ ਦੱਸਦੇ। ਭਾਈ ਕਾਲਾ ਸਿੰਘ ਲਿਖਦੇ ਹਨ ਕਿ ਆਪ ਜੀ ਦਾ ਸ਼ੁੱਧ ਆਤਮਾ ਨਾਲ ਦਰਸ਼ਨ ਕਰਨ ਵਾਲਾ, ਜਨਮ ਮਰਨ ਦੇ ਚੱਕਰ ਤੋਂ ਬਾਹਰ ਹੋ ਜਾਂਦਾ ਸੀ। ਭਾਵ ਉਸਦੇ ਹਰ ਤਰ੍ਹਾਂ ਦੇ ਬੰਧਨ ਕੱਟੇ ਜਾਂਦੇ ਸਨ ਅਤੇ ਉਹ ਮੁਕਤ ਅਵਸਥਾ ਨੂੰ ਪਹੁੰਚ ਜਾਂਦਾ ਸੀ। ਹੁਣ ਸਤਿਗੁਰੂ ਜੀ ਲੋਕਾਂ ਨੂੰ ਕਰਮ ਕਾਂਡਾਂ ਵਿਚੋਂ ਕੱਢਣ ਲਈ ਆਸਥਾ ਦੇ ਪੁਰਾਣੇ ਕੇਂਦਰਾਂ ਨਾਲੋਂ ਉਹਨਾਂ ਦਾ ਨਾਤਾ ਤੋੜ ਰਹੇ ਹਨ। ਜਿਹਨਾਂ ਦਿਨਾਂ ਵਿੱਚ ਪੰਜਾਬ ਸਰਕਾਰ ਨੇ ਸਤਿਗੁਰੂ ਜੀ ਨੂੰ ਜੁਲਾਈ 1863 ਈ. ਤੋਂ ਦਸੰਬਰ 1866 ਤੱਕ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਰੱਖਿਆ ਸੀ, ਉਸ ਸਮੇਂ ਕੂਕਿਆਂ ਨੇ ਰੋਸ ਪ੍ਰਗਟਾਵੇ ਵਜੋਂ ਵੀ ਮੜ੍ਹੀਆਂ ਗੋਰਾਂ ਢਾਹੁਣ ਦੀ ਸਮੁੱਚੇ ਪੰਜਾਬ ਵਿੱਚ ਵਿਆਪਕ ਮੁਹਿੰਮ ਚਲਾਈ, ਜਿਸ ਵਿੱਚ ਬਹੁਤ ਸਾਰੇ ਕੂਕਿਆਂ ਨੂੰ ਕੈਦ, ਜੁਰਮਾਨੇ ਆਦਿ ਸਜ਼ਾਵਾਂ ਦੀ ਸ਼ਾਹਦੀ ਸਰਕਾਰੀ ਰੀਕਰਾਡ ਵਿਚੋਂ ਵੀ ਮਿਲਦੀ ਹੈ।

"ਬੈਠ ਵਿੱਚ ਦੀਵਾਨ ਦੇ ਹੁਕਮ ਦਿੰਦੇ,
ਸਾਰੇ ਖਾਲਸੇ ਤਾਂਈ ਸੁਣਾਵੰਦੇ ਨੇ।

ਮੜ੍ਹੀ ਗੋਰ ਤੇ ਮਕਬਰੇ ਪੀਰ ਖਾਨੇ,
ਹੁਕਮ ਦੇ ਕੇ ਆਪ ਢਹਾਵੰਦੇ ਨੇ।
ਸ਼ਿਵ ਲਿੰਗ ਸਮਾਧ ਤੇ ਖਾਨਗਾ ਜੋ,
ਥਾਨ ਦੇਵੀ ਦੇ ਸਫਾ ਕਰਾਵੰਦੇ ਨੇ।
ਭੈਰੋਂ ਭੂਤ ਮਸਾਣੀ ਦੇ ਥਾਨ ਜਿੰਨੇ,
ਮਾੜੀ ਗੁੱਗੇ ਦੀ ਅਲਖ ਚੁਕਾਵੰਦੇ ਨੇ।
ਦੁਵਤਾ ਪੜ੍ਹੋ ਨਾ ਹਰੀ ਬਿਨ ਹੋਰ ਪੂਜੋ,
ਗੁਰੂ ਵਿੱਚ ਗਰੰਥ ਆਲਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਕਰਨ ਸਫਲਾ,
ਮੱਟ ਮੜ੍ਹੇ ਮਸਾਣ ਢਹਾਵੰਦੇ ਨੇ।
ਸਕਤੀ ਆਪਣੀ ਨਾਮ ਦੇ ਨਾਲ ਭਰਕੇ,
ਗੀਦ ਜੀਵ ਨੂੰ ਸ਼ੇਰ ਬਣਾਵੰਦੇ ਨੇ।
ਪਹਿਲੇ ਢਹੌਣ ਤੇ ਅੱਗੋਂ ਅਰਦਾਸ ਕਰਨੀ,
ਸੰਤ ਖਾਲਸੇ ਤਾਂਈ ਅਲਾਵੰਦੇ ਨੇ।
ਭੁੱਲੇ ਰੱਬ ਵਲੋਂ ਅੰਨ੍ਹੇ ਲੋਕ ਸਾਰੇ,
ਹਿੰਦੂ ਤੁਰਕ ਜੇੜੇ ਨਜ਼ਰ ਆਂਵਦੇ ਨੇ।
ਸਾਨੂੰ ਹੁਕਮ ਅਕਾਲ ਦੇ ਵਲੋਂ ਆਇਆ,
ਤਾਹੀ ਗੁਰੂ ਜੀ ਆਖ ਸੁਣਾਵੰਦੇ ਨੇ।
ਫਲ ਮਿਲੂਗਾ ਭੋਗ ਦਾ ਰੱਬ ਪਾਸੋਂ,
ਮੜ੍ਹੀ ਇਕ ਜੋ ਢਾਹ ਢਹਾਂਵੰਦੇ ਨੇ।
ਇਕ ਦੇ ਤੇ ਤਿੰਨ ਜਾਂ ਚਾਰ ਤਾਈਂ,
ਪੰਜਾਂ ਪਾਠਾਂ ਦਾ ਫਲ ਬਤਾਂਵੰਦੇ ਨੇ।
ਜੀਹਦੀ ਮੰਨਤਾ ਬਹੁਤ ਸੰਸਾਰ ਕਰਦਾ,
ਓਹਦਾ ਪੰਜ ਅਖੰਡ ਫਰਮਾਂਵੰਦੇ ਨੇ।
ਹੁਕਮ ਪਾਏ ਮੜ੍ਹੀਆਂ ਸਿੰਘਾਂ ਸਾਫ ਕਰੀਆਂ,
ਹਨੇਰ ਜਗਤ ਦਾ ਦੂਰ ਹਟਾਂਵੰਦੇ ਨੇ।
ਕਾਲਾ ਸਿੰਘ ਅਜਮੈਸ਼ ਮੈਂ ਆਪ ਕੀਤੀ,
ਗਾਹ ਵਾਂਗ ਪੱਕੇ ਗਿਰ ਜਾਵੰਦੇ ਨੇ।[6]

ਬ੍ਰਹਾਮਣ ਭਾਈਚਾਰੇ ਨੇ ਹਰ ਕੰਮ ਕਾਰ ਕਰਨ ਦੇ ਸ਼ਗਨ, ਲਗਨ, ਮਹੂਰਤ ਆਦਿ ਨਿਰਧਾਰਿਤ ਕੀਤੇ ਹੋਏ ਸਨ। ਕਿਸਾਨਾਂ ਨੇ ਬਿਜਾਈ ਬਾਰੇ ਪੁੱਛਣਾਂ ਤਾਂ ਉਹਨਾਂ ਕਹਿਣਾ ਅਜੇ ਨਹੀਂ ਅਜੇ ਧਰਤੀ ਸੂਤਕੀ ਹੈ ਜਾਂ ਅਜੇ ਸੁੱਤੀ ਹੈ। ਬਿਜਾਈ ਦਾ ਮਹੂਰਤ ਨਹੀਂ ਆਇਆ। ਫਿਰ ਤੁਰਦਿਆਂ ਫਲਾਣਾ ਮੱਥੇ ਲੱਗਾ ਚੰਗਾ, ਦੂਸਰਾ ਮੱਥੇ ਲੱਗਾ ਮਾੜਾ। ਕਵੀ ਕਾਲਾ ਸਿੰਘ ਲਿਖਦੇ ਹਨ ਕਿ ਸਤਿਗੁਰੂ ਜੀ ਨੇ ਇਹਨਾਂ ਸਭ ਵਹਿਮਾਂ ਭਰਮਾਂ ਦਾ ਸਖ਼ਤੀ ਨਾਲ ਖੰਡਨ ਕਰਕੇ ਉਸ ਸਮੇਂ ਅੱਗੇ ਵਧੂ ਸੋਚ ਦਾ ਸਬੂਤ ਦਿੱਤਾ ਸੀ।

ਲਗਨ ਸਗਨ ਤੇ ਫੰਦ ਪਾਖੰਡ ਸਾਰਾ,
ਭੁੱਲ ਏਸਦਾ ਨਹੀਂ ਵਿਚਾਰ ਕਰਨਾ।
ਸਾੜ ਸਤੀ ਤੇ ਢਈਆ ਨਾ ਪਾਸ ਆਵੇ,
ਰਾਹੂ ਕੇਤ ਨੂੰ ਪਰੇ ਧਿਰਕਾਰ ਕਰਨਾ।
ਮੰਗਲ ਬੁੱਧ ਸੂਰਜ ਬੀਰ ਚੰਦ ਤਾਰੇ,
ਥੋਨੂੰ ਕਹਿਣ ਨਾ ਕੁਝ ਅਤਬਾਰ ਕਰਨਾ।
ਸੂਤਕ ਪਾਤਕ ਤੇ ਜੋਗਨੀ ਭੱਦਰਾਂ ਜੋ,
ਜਿਮੀਂ ਸਮੇਂ ਨਾਂ ਸਰਬ ਵਿਹਾਰ ਕਰਨਾ।
ਵਰਤ ਪੁੰਨਿਆ ਕਾਦਸੀ ਰੱਖਣਾ ਨਾ,
ਇਕ ਵਾਹਿਗੁਰੂ ਨਾਮ ਉਚਾਰ ਕਰਨਾ।
ਨਹੀਂ ਚੂਰਮਾ ਰੋਟ ਨਿਆਜ ਖਾਣੀ,
ਬਿਨਾਂ ਸਿੰਘ ਤੇ ਨਹੀਂ ਜੇਹਾਰ ਕਰਨਾ।
ਸਾਲ ਗ੍ਰਾਮ ਤੁਲਸੀ ਮਾਲਾ ਦੂਰ ਕਰਕੇ,
ਸਾਸ ਹੈ ਯਾਦ ਕਰਤਾਰ ਕਰਨਾ।
ਕਾਲਾ ਸਿੰਘ ਏਹੋ ਹੁਕਮ ਸਤਿਗੁਰਾਂ ਦਾ,
ਭਜਨ ਦੱਸਕੇ ਪਾਰ ਸੰਸਾਰ ਕਰਨਾ।[6]

ਸਿਰਦਾਰ ਕਪੂਰ ਸਿੰਘ ਹੋਰਾਂ ਨੇ 'ਸਪਤ ਸ੍ਰਿੰਗ' ਵਾਰਤਕ ਰਚਨਾ ਵਿੱਚ ਪਹਿਲਾ ਲੇਖ "ਬਾਬਾ ਰਾਮ ਸਿੰਘ ਕੂਕਾ" ਲਿਖਿਆ ਹੈ, ਇਸ ਵਿੱਚ ਉਹ ਲਿਖਦੇ ਹਨ- "ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿੱਚ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸਾ ਨਹੀਂ ਹੋਇਆ ਜਿਸਨੇ ਆਪਣਾ ਮਨੋਰਥ ਜੀਵਨ ਦਾ ਨਿਸ਼ਾਨਾ ਇੰਨਾਂ ਉੱਚਾ ਤੇ ਹਮਾਗੀਰ ਰੱਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਿਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜਕੇ, ਉਸ ਨੂੰ ਉੱਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿੱਚ ਬਾਬਾ ਰਾਮ ਸਿੰਘ ਹੋਇਆ ਹੈ, ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ

ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜੇਹੀ ਗੱਲ ਸੀ।[7]

ਸਤਿਗੁਰੂ ਜੀ ਦੇ ਸਮਾਜਿਕ ਕਾਰਜ ਕਰਮਾਂ ਵਿੱਚ ਇਸਤਰੀ ਜਾਤੀ ਤੇ ਕੀਤੇ ਗਏ ਆਪ ਜੀ ਦੇ ਬਹੁਤ ਉਪਕਾਰ ਸ਼ਾਮਲ ਹਨ। "ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਣ, ਨਾਮ ਜਪਣ, ਭਜਨ ਬੰਦਗੀ ਕਰਨ, ਮਰਦਾਂ ਦੇ ਨਾਲ ਹੀ ਦੀਵਾਨ ਵਿੱਚ ਬੈਠ ਕੇ ਸ਼ਬਦ ਬਾਣੀ ਪੜ੍ਹਣ ਸੁਣਨ ਦੇ ਅਧਿਕਾਰਾਂ ਦੀ ਲੋਪ ਹੋਈ ਸਿੱਖ ਰੀਤੀ ਨੂੰ ਸੁਰਜੀਤ ਕੀਤਾ। ਘੁੰਡ ਜਾਂ ਪਰਦੇ ਦੇ ਬੁਰੇ ਰਵਾਜ ਨੂੰ ਤਿਆਗਣ, ਘਰ ਦਾ ਸਾਰਾ ਕੰਮ ਹੱਥੀ ਕਰਨ, ਪਤੀ ਦੀ ਆਗਿਆ ਵਿੱਚ ਰਹਿਣਾ, ਉਸ ਦੀ ਸੇਵਾ ਕਰਨ, ਘਰ ਆਏ ਅਤਿਥੀ ਅਤੇ ਸਿੱਖ ਨੂੰ ਯਥਾਸ਼ਕਤਿ ਭੋਜਨ, ਬਸਤਰ ਦੇਵਨ ਆਦਿ ਸ਼ੁਭ ਗੁਣਾਂ ਦੀ ਪਾਲਨਾ ਕਰਨ ਦਾ ਹੁਕਮ ਦਿੱਤਾ। ਜੰਮਦੀਆਂ ਹੀ ਕੁੜੀਆਂ ਮਾਰਨ, ਉਹਨਾਂ ਦਾ ਮੁੱਲ ਲੈਕੇ ਬੁੱਢੇ ਰੋਗੀ, ਦਰਿੱਦਰੀ, ਬਦਮਾਸ਼ ਕੁਰਹਿਤੀਏ, ਕੁਕਰਮੀ, ਅਸਿੱਖ ਨਾਲ ਵਿਆਹ ਕਰਨ, ਵੱਟੇ ਜਾਂ ਵਟਾਂਦਰੇ ਦੇ, ਆਹਮੋ ਸਾਹਮਣੇ ਸਾਕ ਲੈਣ ਦੇਣ ਦੀ ਉੱਕੀ ਹੀ ਮਨਾਹੀ ਕੀਤੀ। ਵਿਆਹ ਸਮੇਂ ਦੀਆਂ ਖਾਨਦਾਨਾਂ ਅਤੇ ਬੰਦਿਆਂ ਨੂੰ ਤਬਾਹ ਕਰ ਦੇਣ ਵਾਲੀਆਂ ਬੁਰਾਈਆਂ, ਚੜ੍ਹਾਵਾ, ਦਾਜ, ਬਾਜੇ, ਅਸਤਬਾਜੀਆਂ, ਤਾਇਫਾਂ, ਗਵਈਏ, ਮਰਾਸੀ, ਨਕਲੀਏ, ਭੰਡ ਰੋਕ ਦੇਣ ਦਾ ਹੁਕਮ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਬੇਦੀ ਗੱਡ ਕੇ ਅਤੇ ਹਵਨ ਕਰਕੇ, ਸਿੱਧੇ ਸਾਦੇ ਤਰੀਕੇ ਨਾਲ ਅਨੰਦ ਕਾਰਜ ਕਰਨ ਦੀ ਰੀਤ ਚਲਾਈ। ਮੌਤ ਪਿੱਛੋਂ ਬੁੱਢੇ ਬੁੱਢੜੀਆਂ ਦੇ ਨੱਕ ਉੱਚੇ ਕਰਨ, ਪਟੜੀ ਫੇਰ ਗਦੋੜੇ ਫੇਰਨ, ਪਿੰਡ ਨੂੰ ਪੱਕੀ ਰੋਟੀ ਖੁਲਾਉਣ ਜਾਂ ਕੱਚੀ ਰਸਦ ਦੇਣ ਦੀਆਂ ਭੈੜੀਆਂ ਰਸਮਾਂ ਨੂੰ ਉੱਕਾ ਹੀ ਰੋਕਣ ਲਈ ਪ੍ਰਚਾਰ ਕੀਤਾ। ਵਿੱਛੜੇ ਸੱਜਣਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠਾਂ ਦੇ ਭੋਗ ਪਾ ਕੇ, ਉਨ੍ਹਾਂ ਦੀ ਆਤਮਾ ਲਈ ਅਰਦਾਸ ਕਰਨ ਦੀ ਰਹੁਰੀਤ ਚਲਾਈ। ਲੜਕੀ ਦੇ ਵਿਆਹ ਕਰਨ ਦੀ ਉਮਰ ਘੱਟੋ-ਘੱਟ 16 ਸਾਲ (ਬਾਅਦ ਵਿੱਚ ਇਕ ਹੁਕਮਨਾਮੇ ਵਿੱਚ 18 ਸਾਲ) ਮੁਕੱਰਰ ਕੀਤੀ। ਲੜਕੀਆਂ ਨੂੰ ਵਿੱਦਿਆ ਪੜ੍ਹਾਵਣ ਤੇ ਜ਼ੋਰ ਦਿੱਤਾ। ਵਿਧਵਾ ਇਸਤਰੀਆਂ ਦੇ ਦੁਵਾਰਾ ਵਿਆਹ ਕਰਨ ਦਾ ਰਵਾਜ ਜਾਰੀ ਕੀਤਾ।[8]

ਮਾਈਆਂ ਬੀਬੀਆਂ ਪ੍ਰਥਾਇ ਸਤਿਗੁਰੂ ਜੀ ਦੀ ਸਿੱਖਿਆ ਵਿੱਚ ਨੱਕ ਕੰਨ੍ਹ ਵਿੰਨ੍ਹਣ ਆਦਿਕ, ਮਰਦ ਦੀ ਗੁਲਾਮੀ ਦੇ ਚਿੰਨ੍ਹਾਂ ਨੂੰ ਤਿਲਾਂਜਲੀ ਦੇਣਾ ਸ਼ਾਮਲ ਸੀ। ਔਰਤਾਂ ਪ੍ਰਤੀ ਇਸ ਧਾਰਨਾ ਨੂੰ ਵੀ ਬਦਲਿਆ ਗਿਆ ਕਿ ਉਹ ਸਿਰਫ ਆਪਣਾ ਸਮਾਂ ਮਰਦ ਦੀ ਖੁਸ਼ਨੂਦੀ ਹਾਸਲ ਕਰਨ ਲਈ ਬਣਨ ਫੱਬਣ ਵਿੱਚ ਹੀ ਨਾਂ ਬਿਤਾਉਣ ਸਗੋਂ ਉਸ ਦੇ ਬਰਾਬਰ ਦੀ ਭਾਈਵਾਲ ਬਣਕੇ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਖੇਤਰ ਵਿੱਚ ਆਪਣੀ ਬਣਦੀ ਜ਼ਿੰਮੇਵਾਰੀ ਨਿਬਾਹੁਣ। ਸੰਤ ਕਾਲਾ ਸਿੰਘ ਹੋਰਾਂ ਨੇ ਸਤਿਗੁਰੂ ਜੀ ਦੀ ਔਰਤਾਂ ਪ੍ਰਥਾਇ ਇਸ ਸਿੱਖਿਆ ਨੂੰ ਬੜੇ ਸਟੀਕ ਸ਼ਬਦਾਂ ਵਿੱਚ ਚਿਤਰਿਆ ਹੈ।

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ,
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣਕੇਸ ਕਰਨਾ,
ਖੋਲ੍ਹ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸਿੱਟ ਪਰਾਂਦਿਆਂ ਨੂੰ,
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਜੋ,
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥੀਂ ਨਾ ਭੁੱਲ ਪਾਈਂ,
ਸੋਧ ਨਾਲ ਹੈ ਇਨ੍ਹਾਂ ਦੀ ਖਾਰ ਬੀਬੀ।
ਸੋਨਾ ਕੂੜ ਰੁੱਪਾ ਗੁਰਾਂ ਹੁਕਮ ਦਿੱਤਾ,
ਕੂੜ ਸਮਝ ਲੈਣਾਂ ਪੈਨਣ ਹਾਰ ਬੀਬੀ।
ਬਰਦੀ ਸੇਤ ਸੁੱਥਣ ਕੁੜਤੀ ਪਹਿਰ ਲੈਣੀ,
ਨੀਲਾ ਰੰਗ ਦੇਣਾ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿੰਨਾ,
ਦੇਵੀਂ ਸਰਬ ਨੂੰ ਦੂਰ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਦੀ ਪਹਿਰ ਬਸਤਰ,
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾਂ ਪਿੱਟਣਾਂ ਸਿਆਪਾ ਨਾ ਕਰੀਂ ਜਾ ਕੇ,
ਚੜ੍ਹੇ ਸਾਕ ਸਰਬੰਧ ਵਿਚਾਰ ਬੀਬੀ।
ਜੇ ਕੁਝ ਸਰੇ ਨਮਿੱਤ ਦਾ ਦਾਨ ਕਰਨਾ,
ਸੇਵਾ ਪੰਥ ਕਰਨੀ ਨਿਰਾਧਾਰ ਬੀਬੀ।

ਏਹੋ ਹੁਕਮ ਦਿੱਤਾ ਗੁਰਾਂ ਪੂਰਿਆਂ ਨੇ,
ਹੁਕਮ ਨਾਂਵਿਆਂ ਵਿੱਚ ਉਚਾਰ ਬੀਬੀ।
ਕਾਲਾ ਸਿੰਘ ਮੈਂ ਦੇਖਿਆ ਹੁਕਮਨਾਮਾ,
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।[9]

ਇਸਤਰੀਆਂ ਪ੍ਰਤੀ ਸਤਿਗੁਰੂ ਜੀ ਦੇ ਉਪਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਸ. ਕਪੂਰ ਸਿੰਘ ਹੋਰਾਂ ਦੀ ਇਸ ਟਿੱਪਣੀ ਨਾਲ ਹਰ ਨਿਰਪੱਖ ਇਤਿਹਾਸਕਾਰ ਨੂੰ ਇਕਜੁਟਤਾ ਪ੍ਰਗਟ ਕਰਨੀ ਹੀ ਪੈਂਦੀ ਹੈ। "ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿੱਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜ੍ਹਾ ਕਰ ਦੇਂਦਾ ਹੈ।"[10]

ਨਾਮਧਾਰੀ ਮੱਤ ਦਾ ਪੰਜਾਬ ਭਰ ਵਿੱਚ ਤੇਜੀ ਨਾਲ ਫੈਲਣਾ ਅੰਗਰੇਜ਼ ਸਰਕਾਰ ਵਾਸਤੇ ਚਿੰਤਾ ਦਾ ਵਿਸ਼ਾ ਬਣ ਗਿਆ। ਇਸ ਸਮੇਂ ਅੰਮ੍ਰਿਤਸਰ ਆਦਿਕ ਗੁਰਧਾਮਾਂ ਦਾ ਪ੍ਰਬੰਧ ਚਲਾਉਣ ਲਈ ਅਕਾਲ ਤਖਤ ਦਾ ਸਰਬਰਾਹ, ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਹੀ ਨਿਯੁਕਤ ਕਰਦਾ ਸੀ। ਉਸ ਦੀ ਇੱਛਾ ਅਨੁਸਾਰ ਹੀ ਗੁਰਦੁਆਰਿਆਂ ਵਿੱਚ ਪੁਜਾਰੀ, ਗ੍ਰੰਥੀ ਅਤੇ ਕੀਰਤਨੀਆਂ ਦੀਆਂ ਨਿਯੁਕਤੀਆਂ ਹੁੰਦੀਆਂ ਸਨ। ਇਸ ਲਈ ਆਪਣੇ ਆਕਿਆਂ ਨੂੰ ਖੁਸ਼ ਕਰਨ ਲਈ 1862 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਤੇ ਜਦੋਂ ਸੰਗਤਾਂ ਸਮੇਤ ਦਰਬਾਰ ਸਾਹਿਬ ਆ ਕੇ ਮੱਥਾ ਟੇਕਿਆ ਸੀ ਤਾਂ ਪੁਜਾਰੀਆਂ ਨੇ ਨਿਗੁਣੀਆਂ ਢੁੱਚਰਾਂ ਡਾਹ ਕੇ ਆਪ ਦੀ ਅਰਦਾਸ ਨਹੀਂ ਕੀਤੀ ਸੀ। ਬਾਅਦ ਵਿੱਚ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਅਨੰਦਪੁਰ ਸਾਹਿਬ, ਦਮਦਮਾ ਸਾਹਿਬ, ਮੁਕਤਸਰ ਸਾਹਿਬ ਆਦਿਕ ਗੁਰਧਾਮਾਂ ਅਤੇ ਹੋਰ ਤਖਤਾਂ ਨੂੰ ਵੀ ਲਿਖ ਭੇਜਿਆ ਕਿ ਕੂਕਿਆਂ ਨੂੰ ਗੁਰੂਦੁਆਰਿਆਂ ਵਿੱਚ ਮੱਥਾ ਨਾ ਟੇਕਣ ਦਿੱਤਾ ਜਾਵੇ ਅਤੇ ਉਹਨਾਂ ਦੀ ਅਰਦਾਸ ਨਾਂ ਕੀਤੀ ਜਾਏ। ਇਸ ਸਮੇਂ ਅੰਮ੍ਰਿਤਸਰ ਦੇ ਪੁਜਾਰੀ ਕੂਕਿਆਂ ਤੇ ਜੋ ਦੋਸ਼ ਲਾ ਰਹੇ ਹਨ, ਉਹਨਾਂ ਦਾ ਵਿਸਥਾਰ ਸਹਿਤ ਵਰਣਨ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ ਕਿ ਕਿਸ ਤਰ੍ਹਾਂ ਮੁਕਤਸਰ ਦੇ ਪੁਜਾਰੀ ਵੀ ਅੰਮ੍ਰਿਤਸਰ ਵਾਲਿਆਂ ਪੁਜਾਰੀਆਂ ਦੀ ਬੋਲੀ ਬੋਲਦੇ ਹਨ।

ਆਖਣ ਆਈ ਚਿੱਠੀ ਸਾਨੂੰ ਅਮਰਸਰ ਦੀ,
ਅਸੀਂ ਓਸਦੇ ਹਾਂ ਤਾਬੇਦਾਰ ਸਾਰੇ।
ਅਸੀਂ ਨਹੀਂ ਥੋਡੀ ਅਰਦਾਸ ਕਰਨੀ,
ਤੁਸੀਂ ਹੋ ਤਨਖਾਹੀ ਅਧਾਰ ਸਾਰੇ।
ਕਈ ਕਹਿਣ ਨਾ ਕੋਈ ਦਸਤਾਰ ਲਾਹੇ,
ਖੇਡਣ ਹਾਲ ਨਾਂ ਕੇਸ ਖਲਾਰ ਸਾਰੇ।
ਕਈ ਕਹਿਣ ਨਾਂ ਤੁਸਾਂ ਨੂੰ ਗੁਰੂ ਆਖਣ,
ਸਿੱਖ ਬਣਨ ਨਾ ਜੋ ਸੇਵਾਦਾਰ ਸਾਰੇ।
ਕਈ ਕਹਿਣ ਭੈਣੀ ਸਾਹਿਬ ਨਾਂ ਕਹਿਣ ਕੂਕੇ,
ਸਿੱਧੀ ਕਹਿਣ ਭੈਣੀ ਮੁੱਖੋਂ ਟਾਰ ਸਾਰੇ।
ਕਈ ਕਹਿਣ ਏਹ ਲੋਹੇ ਦੀ ਲੈਣ ਮਾਲਾ,
ਦੇਣ ਉੱਨ ਦੀ ਗਲੋਂ ਉਤਾਰ ਸਾਰੇ।
ਕਈ ਕਹਿਣ ਨਾ ਔਰਤਾਂ ਪਾਉਣ ਕੱਛਾਂ,
ਰੱਖਣ ਗੁੱਤ ਨਾ ਕੇਸ ਖਿਲਾਰ ਸਾਰੇ।
ਕਈ ਕਹਿਣ ਗਲੋਂ ਲਾਹੋ ਢੋਲਕੀ ਨੂੰ,
ਜਲਸਾ ਕਰੋ ਨਾਂ ਤਾੜੀਆਂ ਮਾਰ ਸਾਰੇ।
ਮੁੰਡੇ ਕੁੜੀ ਦਾ ਤੁਸੀਂ ਨਿਕਾਹ ਕਰਦੇ,
ਬਾਮਣ ਦਿੱਤੇ ਨੇ ਦੂਰ ਦਰਕਾਰ ਸਾਰੇ।
ਕਈ ਕਹਿਣ ਨੀਲਾ ਬਾਣਾ ਸਰਬ ਪਾਵਣ,
ਸਿਰ ਤੇ ਸਿੰਘ ਰੱਖਣ ਦਸਤਾਰ ਸਾਰੇ।
ਕਾਮਾਂ ਮਾਂਗ ਪੁਜਾਰੀਆਂ ਰਾਰ ਕੀਤੀ,
ਹਾਰ ਬੈਠ ਗਏ ਝੱਖਾਂ ਮਾਰ ਸਾਰੇ।[11]

ਇਥੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਮਾਈਆਂ ਬੀਬੀਆਂ ਨੂੰ ਵੀ ਸਿੱਖ ਰਹਿਤ ਮਰਿਆਦਾ ਧਾਰਨ ਕਰਾਉਣ ਅਤੇ ਵਿਆਹਾਂ ਵਿਚੋਂ ਬ੍ਰਾਹਮਣਾਂ ਦੀ ਦਖਲ ਅੰਦਾਜ਼ੀ ਨੂੰ ਬੰਦ ਕਰਨਾ ਵੀ ਕੂਕਿਆਂ

ਦੇ ਐਬ ਬਣਾ ਕੇ ਪ੍ਰਚਾਰੇ ਜਾ ਰਹੇ ਸਨ। ਜਦੋਂ ਅੰਮ੍ਰਿਤਸਰ ਵਾਲਿਆਂ ਪੁਜਾਰੀਆਂ ਦੀ ਇਹ ਲਿਖਤ ਤਖਤ ਸ੍ਰੀ ਅਬਚਲ ਨਗਰ, ਹਜ਼ੂਰ ਸਾਹਿਬ (ਨਾਦੇੜ) ਵਿਖੇ ਪੁੱਜੀ ਤਾਂ ਉਹਨਾਂ ਨੇ ਹਕੀਕਤ ਜਾਨਣ ਲਈ ਪੰਜ ਨਿਹੰਗ ਸਿੰਘਾਂ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਸੀ, ਉਹਨਾਂ ਪੰਜਾਂ ਸਿੰਘਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਬਾਅਦ ਹੋਰ ਗੁਰਧਾਮਾਂ ਦੇ ਵੀ ਇਧਰ ਦਰਸ਼ਨ ਕੀਤੇ ਅੰਤ ਫਿਰ ਹਜ਼ੂਰ ਸਾਹਿਬ ਪੁੱਜਕੇ, ਉਥੋਂ ਦੇ ਪ੍ਰਬੰਧਕਾਂ ਨੂੰ ਕੂਕਿਆਂ ਦੀ ਰਹੁਰੀਤ ਬਾਰੇ ਦੱਸਦਿਆਂ, ਇਸ ਨੂੰ ਦਸਮ ਗੁਰੂ ਜੀ ਦੀ ਸਥਾਪਿਤ ਮਰਿਆਦਾ ਦੇ ਅਨੁਕੂਲ ਹੀ ਦੱਸਿਆ ਅਤੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਵਿਚੋਂ ਉਹਨਾਂ ਨੂੰ ਵੀ ਦਸਮ ਗੁਰ ਦਰਸ਼ਨ ਦੇ ਝਲਕਾਰੇ ਮਿਲੇ ਸਨ।

ਹਜ਼ੂਰ ਸਾਹਿਬ ਤੇ ਪੰਜ ਨਿਹੰਗ ਭੇਜੇ,
ਭੈਣੀ ਸਾਹਿਬ ਆ ਕੇ ਦਰਸ਼ਨ ਪਾਂਵਦੇ ਨੇ।
ਆਦਰ ਸਾਰ ਕੀਤਾ ਗੁਰਾਂ ਪੂਰਿਆਂ ਨੇ,
ਹੱਥੀਂ ਆਪ ਪਰਸਾਦਿ ਪਕਾਂਵਦੇ ਨੇ।
ਲੰਗਰ ਫੇਰ ਕੀਤਾ ਨਾਮਧਾਰੀਆਂ ਨੇ,
ਪੰਗਤ ਆਪਣੀ ਵਿੱਚ ਵਰਤਾਂਵਦੇ ਨੇ।
ਰਹਿਤ ਦੇਖ ਮਰਜਾਦਾ ਨੂੰ ਖੁਸ਼ ਹੋਏ,
ਵਾਹਵਾਰ ਦਾ ਸ਼ਬਦ ਅਲਾਂਵਦੇ ਨੇ।
ਭਜਨ ਪੁੱਛਿਆ ਪੰਜਾਂ ਨੇ ਖੁਸ਼ ਹੋ ਕੇ,
ਸਣੇਕੇਸ ਇਸ਼ਨਾਨ ਕਰਾਂਵਦੇ ਨੇ।
ਕੱਠਾ ਰੋਜ ਹੋਵੇ ਲੰਗਰ ਸਾਰਿਆਂ ਦਾ,
ਅੱਠ ਦਿਨ ਓ ਸਿੰਘ ਬਤਾਂਵੰਦੇ ਨੇ।
ਆਪਸ ਵਿੱਚ ਆਖਣ ਗੁਰੂ ਹਈ ਦਸਮਾਂ,
ਕੁਝ ਭੇਦ ਤੇ ਫਰਕ ਨਾ ਪਾਂਵੰਦੇ ਨੇ।
ਅੰਮ੍ਰਿਤਸਰ ਤੇ ਦਮਦਮੇ ਮੁਕਤਸਰ ਜੀ,
ਅਨੰਦਪੁਰ ਦਾ ਵੀ ਦਰਸਨ ਪਾਂਵੰਦੇ ਨੇ।
ਖੁਸ਼ੀ ਗੁਰਾਂ ਤੇ ਲਈ ਤੇ ਬਿਦਾ ਹੋਏ,
ਜਾਕੇ ਵਿੱਚ ਹਜ਼ੂਰ ਸੁਣਾਵੰਦੇ ਨੇ।
ਸੱਚਾ ਗੁਰੂ ਤੇ ਰਹਿਤ ਹੈ ਸੱਚ ਸਾਰੀ,
ਅਸੀਂ ਕਰੀ ਅਜਮੈਸ਼ ਅਲਾਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਵਰਤਦੇ ਨੇ,
ਰਹਿਤ ਵਿੱਚ ਵੀ ਫ਼ਰਕ ਨਾਂ ਪਾਂਵਦੇ ਨੇ।
ਪੱਗ ਲਹਿੰਦੀ ਹੈ ਅਮਲ ਦੇ ਵਿੱਚ ਆ ਕੇ,
ਸਾਸ ਸਾਸ ਦਾ ਭਜਨ ਕਰਾਵੰਦੇ ਨੇ।
ਜੰਮਨ ਮਰਨ ਅਨੰਦ ਤੇ ਗੁਰੂ ਰੀਤੀ,
ਬਿਨਾਂ ਨਹੀਂ ਗਰੰਥ ਕਰਾਵੰਦੇ ਨੇ।
ਲੜਕੇ ਲੜਕੀਆਂ ਵੀ ਰਹਿਤ ਸਰਬ ਰੱਖਦੇ,
ਕੜੇ ਕੱਛ ਕਰਪਾਨ ਸਜਾਵੰਦੇ ਨੇ।
ਨਹੀਂ ਬਰਤਦੇ ਨਾਲ ਕੁਸੰਗੀਆਂ ਦੇ,
ਅੰਨ ਪਾਣੀ ਹੱਥ ਆਪਦੇ ਖਾਂਵਦੇ ਨੇ।
ਅਸੀਂ ਦੇਖਕੇ ਬਹੁਤ ਅਨੰਦ ਹੋਏ,
ਸਾਰਾ ਖੋਲ੍ਹ ਕੇ ਹਾਲ ਸੁਣਾਵੰਦੇ ਨੇ।
ਚਿੱਠੀ ਝੂਠ ਦੀ ਲਿਖੀ ਪੁਜਾਰੀਆਂ ਨੇ,
ਰਹਿਤ ਗੁਰੂ ਦੀ ਨਹੀਂ ਕਮਾਵੰਦੇ ਨੇ।॥
ਚੌਹੀਂ ਗੁਰੂ ਦਵਾਰੀਂ ਗੁਰਮਤਿ ਨਾਹੀ,
ਮਨਮਤ ਦਾ ਕਾਰ ਚਲਾਵੰਦੇ ਨੇ।
ਕ੍ਰਿਆ ਬਾਹਰਾ ਤੇ ਹੱਡੀਆਂ ਵਿੱਚ ਗੰਗਾ,
ਦਰੀਂ ਬਾਹਮਣਾਂ ਦੇ ਧੱਕੇ ਖਾਵੰਦੇ ਨੇ।
ਗੁਰਮਤਿ ਅਨੰਦ ਨਾ ਕਰੇ ਕੋਈ,
ਗੇੜੇ ਨਾਲ ਚੁਰਾਸੀ ਦੇ ਪਾਵੰਦੇ ਨੇ।
ਸੋਢੀ ਬੇਦੀ ਪੁਜਾਰੀ ਤੇ ਨਿਰਮਲੇ ਜੋ,
ਸਾਰੇ ਮਰਿਆਂ ਦੇ ਪਿੰਡ ਭਰਾਵੰਦੇ ਨੇ।
ਗੰਗਾ, ਗਯਾ, ਪ੍ਰਹੋਏ ਤੇ ਭਟਕਦੇ ਨੇ,
ਗੁਰੂ ਧਾਮ ਪਸੰਦ ਨਾ ਲਿਆਵੰਦੇ ਨੇ।
ਏਹੋ ਹਾਲ ਪੰਜਾਬ ਦਾ ਅਸਾਂ ਡਿੱਠਾ,
ਸਾਰਾ ਖੋਹਲਿਆ ਫ਼ਰਕ ਨਾ ਪਾਂਵੰਦੇ ਨੇ।
ਕਾਲਾ ਸਿੰਘ ਨਾਮਧਾਰੀ ਨੇ ਸਿੰਘ ਗੁਰਦੇ,
ਪੰਜੇ ਸਿੰਘ ਹਜ਼ੂਰ ਸੁਣਾਵੰਦੇ ਨੇ।[12]

ਸਿੱਖ ਰਹਿਤ ਮਰਿਆਦਾ ਦੇ ਸੁਆਲ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਮਦੀਹਰ, ਥਾਣਾ ਮਲੋਟ (ਜ਼ਿਲ੍ਹਾ ਫੀਰੋਜਪੁਰ ਹੁਣ ਸ੍ਰੀ ਮੁਕਤਸਰ) ਦੇ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜ ਕੇ ਉਥੋਂ ਸਾਰੀ ਰੋਜ਼ ਦੀ ਦਿਨ ਚਰਿਆ ਉਹਨਾਂ ਸਿੰਘਾਂ ਦੀ ਲਿਖ ਲਿਆਉਣ ਲਈ ਭੇਜਿਆ ਸੀ ਕਿਉਂਕਿ ਪੰਜਾਬ ਦੇ ਗੁਰਧਾਮਾਂ ਵਿੱਚ ਤਾਂ ਮਰਿਆਦਾ ਖਲਤ ਮਲਤ ਹੋ ਗਈ ਸੀ, ਉਥੇ ਦਸਵੇਂ ਪਾਤਸ਼ਾਹ ਜੀ ਵਾਲੀ ਮਰਿਆਦਾ ਚੱਲੀ ਆਉਂਦੀ ਸੀ। ਇਹੋ ਮਰਿਆਦਾ

ਨਾਮਧਾਰੀਆਂ ਵਿੱਚ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਇਕ ਰਹਿਤਨਾਮਾ 1863 ਈ. ਵਿੱਚ ਜਾਰੀ ਕਰਕੇ ਲਾਗੂ ਕੀਤੀ ਸੀ। ਇਸ ਲਈ ਇਸ ਮਰਿਆਦਾ ਦਾ ਸਿੱਖੀ ਤੋਂ ਉਲਟ ਜਾਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਜਦੋਂ ਸ੍ਰੀ ਸਤਿਗੁਰੂ ਜੀ ਰੰਗੂਨ ਵਿਖੇ ਬੰਦੀ ਜੀਵਨ ਵਿੱਚ ਸਨ ਤਾਂ ਜਿਹੜੇ ਸਿੰਘ ਆਪ ਪਾਸੋਂ ਹੁਕਮਨਾਮਿਆਂ ਦੀ ਮੰਗ ਕਰਦੇ ਸਨ, ਉਹਨਾਂ ਪ੍ਰਥਾਇ ਆਪ ਜੀ ਇਹ ਫਰਮਾਇਆ ਕਰਦੇ ਸਨ-

ਹੋਰ ਜੀ ਹੁਕਮਨਾਮੇ ਮੈਂ ਕੀ ਲਿਖਣੇ ਹੈ। ਹੁਕਮਨਾਮੇ ਤਾਂ ਗੁਰੂ ਜੀ ਦੇ ਈ ਲਿਖੇ ਦੇਖ ਲੈਣੇ ਜਿਨ ਦੇਖਣੇ ਹੋਣਿ, ਮੰਨਣੇ ਹੋਣਿ। ਮੰਨੇ ਬਿਨਾ ਦੇਖੇ ਦਾ ਕੁਛ ਫਾਇਦਾ ਨਹੀਂ ਹੁੰਦਾ। ਦੋ ਈ ਤਾਂ ਗਰੰਥ ਸਾਹਿਬ, ਸੌ ਸਾਖੀ, ਪਰੇਮ ਸਮਾਰਗੁ, ਏਹੁ ਹੁਕਮਨਾਮਾ ਹੈ ਸਾਰੀ ਸੰਗਤ ਕੋ ਅਰੁ ਸਾਰੇ ਭੇਖਾ ਕੋ, ਜਾਤਾ ਕੋ। ਅਰੁ ਮੈ ਵੀ ਸਾਰੀ ਸੰਗਤ ਦੇ ਬਾਸਤੇ ਲਿਖ ਕੇ ਭੇਜ ਦਿੱਤੇ ਹੈ। ਰਾਮਦਾਸ ਪੁਰੇ ਪਏ ਹਨ, ਜਿਨ ਦੇਖਣੇ ਹੋਣਿ ਸੋ ਦੇਖ ਲੇਵੇ।[13]

ਸੋ ਆਦਿ ਸ੍ਰੀ ਗੁਰੂ ਗੰਥ ਸਾਹਿਬ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ, ਭਵਿੱਖਤ ਬਚਨਾਂ ਦਾ ਸੰਗ੍ਰਹਿ ਸੌ ਸਾਖੀ ਜਿਸ ਵਿੱਚ ਦਸਵੇਂ ਪਾਤਸ਼ਾਹ ਜੀ ਨਾਲ ਸਬੰਧਿਤ ਸੌ ਸਾਖੀਆਂ ਮਿਲਦੀਆਂ ਹਨ ਅਤੇ ਸਿੱਖ ਰਹੁ ਰੀਤਾਂ, ਆਚਰਣਿਕ ਅਤੇ ਰਾਜਸੀ ਮਰਿਆਦਾ ਦਾ ਸੰਕੇਤ ਦਿੰਦਾ ਪੁਰਾਤਨ ਪੁਸਤਕ ਪ੍ਰੇਮ ਸੁਮਾਰਗ, ਸਤਿਗੁਰੂ ਜੀ ਮੁਤਾਬਿਕ ਗੁਰਸਿੱਖ ਜੀਵਨ ਦੇ ਆਧਾਰ ਹੋਣੇ ਚਾਹੀਦੇ ਹਨ। ਨਾਮਧਾਰੀ ਜੀਵਨ ਜਾਚ, ਸਿੱਖ ਜੀਵਨ ਜਾਚ ਦਾ ਇੱਕ ਪ੍ਰਮਾਣਿਕ ਅੰਗ ਹੈ ਜਿਹਨੂੰ ਮੌਲਵੀ ਗੁਲਾਮ ਭੀਖ ਜਲੰਧਰੀ ਨੇ ਅਸਲ ਮਜ਼ਹਬ ਸਿੱਖਾਂ ਦਾ ਕਹਿ ਕੇ ਵਡਿਆਇਆ ਹੈ।

ਸੰਤ ਕਾਲਾ ਸਿੰਘ ਨੰਗਲ ਵੀ ਕੂਕਾ ਜੀਵਨ ਜਾਚ ਦੀ ਸਰਵਉੱਚਤਾ ਨੂੰ ਪੰਮੇ-ਪੁਜਾਰੀਆਂ ਦੇ ਦਰਸਾਏ ਜੀਵਨ ਮੁੱਲਾਂ ਨਾਲੋਂ ਕਿਤੇ ਉੱਚਾ ਸਿੱਧ ਕਰਦੇ ਹਨ, ਇਹੋ ਉਹਨਾਂ ਦੀ ਰਚਨਾ ਦਾ ਮੀਰੀ ਗੁਣ ਬਣ ਜਾਂਦਾ ਹੈ। ਦਰਅਸਲ ਸਤਿਗੁਰੂ ਜੀ ਬਦੇਸੀ ਹਾਕਮਾਂ ਖਿਲਾਫ ਜਿਹੜੀ ਸੁਦੇਸੀ ਦੀ ਮੁਹਿੰਮ ਚਲਾਉਣਾ ਚਾਹੁੰਦੇ ਸਨ ਉਸ ਦਾ ਆਧਾਰ ਕੂਕਾ ਆਚਰਣਕ ਜੀਵਨ ਦੀ ਸਰਵਉਚਤਾ ਵਿੱਚ ਵੀ ਨਿਹਿਤ ਸੀ। ਇਸੇ ਕੰਮ ਲਈ ਪੰਜਾਬ ਭਰ ਵਿੱਚ ਸ੍ਰੀ ਸਤਿਗੁਰੂ ਜੀ ਨੇ ਬਾਈ ਸੂਬੇ ਥਾਪੇ ਸਨ ਜਿਹਨਾਂ ਦੇ ਜ਼ਿੰਮੇ ਵੱਖ-ਵੱਖ ਹਿੱਸਿਆਂ ਵਿੱਚ ਕੂਕਾ ਜੀਵਨ ਜਾਚ ਦਾ ਪ੍ਰਚਾਰ ਕਰਨਾ ਸੀ। ਸੰਤ ਕਾਲਾ ਸਿੰਘ ਦੁਆਰਾ ਜੋ 22 ਸੂਬਿਆਂ ਦੀ ਸੂਚੀ ਦਿੱਤੀ ਗਈ ਹੈ। ਉਸ ਵਿੱਚ ਮੱਲਾ ਸਿੰਘ ਜੀ ਦਮਦਮਾ ਸਾਹਿਬ ਵਾਲਾ ਨਵਾਂ ਨਾਮ ਹੈ ਸੂਬਾ ਗੋਪਾਲ ਸਿੰਘ ਰੱਖੜ ਮਰੋੜ ਦੀ ਥਾਂ ਤੇ ਇਕ ਫ਼ਰਕ ਖੋਟਿਆ ਦਾ ਸੂਬਾ ਸਮੁੰਦ ਸਿੰਘ ਦੀ ਥਾਂ ਸੁੰਦਰ ਸਿੰਘ ਲਿਖਣਾ ਹੈ। ਬਾਕੀ ਵੀਹ ਨਾਮ ਸਰਕਾਰੀ ਸੂਚੀ ਵਾਲੇ ਹੀ ਹਨ। ਮਾਈ ਹੁਕਮੀ ਵਰਿਆਂਹ ਵਾਲੀ ਦਾ ਜ਼ਿਕਰ ਵੀ ਨਹੀਂ ਕਰਦੇ ਹਨ। ਆਪ ਸੂਬਿਆਂ ਦੀ ਗਿਣਤੀ ਬਾਈ ਤੱਕ ਵੀ ਸੀਮਿਤ ਨਹੀਂ ਕਰਦੇ।

ਸੂਬੇ ਬਹੁਤ ਬੇਅੰਤ ਨਹੀਂ ਗਿਣੇ ਜਾਂਦੇ,
ਭਜਨ ਦੱਸਦੇ ਵਿੱਚ ਸੰਸਾਰ ਵਾਰੀ।
ਹੁਕਮ ਸਤਿਗੁਰਾਂ ਦਾ ਸਾਰੇ ਸੂਬਿਆਂ ਨੂੰ,
ਕਰੋ ਪੰਥ ਦਾ ਜਾਇ ਪ੍ਰਚਾਰ ਵਾਰੀ।
ਕੜਾ ਕੱਛ ਕਰਪਾਨ ਇਸ਼ਨਾਨ ਕੇਸੀਂ,
ਅੰਮ੍ਰਿਤ ਪਾਨ ਕਰਸਣ ਨਰ ਨਾਰ ਵਾਰੀ।
ਦਾਰੂ ਮਾਸ ਕੁੱਠਾ ਹੁੱਕਾ ਦੂਰ ਕਰਕੇ,
ਕੰਨ ਦਸਣਾ ਸ਼ਬਦ ਉਚਾਰ ਵਾਰੀ।
ਮੜੀ ਗੋਰ ਭੈਰੋਂ ਭੂਤ ਛੱਡ ਦੇਵੋ,
ਨਹੀਂ ਮੰਨਣੇ ਭੁੱਸ ਅਵਤਾਰ ਵਾਰੀ।
ਰਾਮ ਕਿਸ਼ਨ ਤੇ ਬਿਸ਼ਨ ਗਣੇਸ਼ ਆਦਿਕ,
ਛੱਡੋ ਵੇਦ ਪੁਰਾਣ ਦੀ ਕਾਰ ਵਾਰੀ।
ਗੁਰੂ ਗ੍ਰੰਥ ਜੀ ਬਾਝ ਨਾ ਹੋਰ ਪੂਜਣ,
ਏਹੁ ਹੁਕਮ ਸਾਡਾ ਵਾਰ-ਵਾਰ ਵਾਰੀ।
ਪੈਸਾ ਕੁੜੀ ਦਾ ਬੈਲ ਨਾ ਕਰਨ ਖੱਸੀ,
ਡੂਢੀ ਜਿਣਸ ਬਿਆਜ ਬਿਕਾਰ ਵਾਰੀ।
ਤੁਸੀਂ ਦੇਸ ਦੇਸੰਤ੍ਰਾਂ ਵਿੱਚ ਜਾਕੇ,
ਗੁਰਮਤਿ ਕਰਨੀ ਪ੍ਰਚਾਰ ਵਾਰੀ।
ਸਕਤੀ ਆਪ ਜੇਹੀ ਬਾਈਆਂ ਸੂਬਿਆਂ ਨੂੰ,
ਬਖਸ਼ ਆਪ ਦਿੱਤੀ ਕਰਨ ਹਾਰ ਵਾਰੀ।
ਦਸਮ ਗੁਰੂ ਜਿਵੇਂ ਪੰਜਾਂ ਪਯਾਰਿਆਂ ਨੂੰ,
ਕੀਤਾ ਆਪ ਸਮਾਨ ਤਿਆਰ ਵਾਰੀ।
ਕਾਲਾ ਸਿੰਘ ਦਿੱਤਾ ਹੁਕਮ ਸੂਬਿਆਂ ਨੂੰ,

ਰਾਮ ਸਿੰਘ ਸਤਿਗੁਰੂ ਕਰਨ ਹਾਰ ਵਾਰੀ।[14]

ਸਤਿਗੁਰੂ ਜੀ ਨੇ ਧਾਰਮਿਕ ਤੇ ਸਿਆਸੀ ਪ੍ਰਚਾਰ ਦੇ ਨਾਲ-ਨਾਲ ਸਮਾਜ ਨੂੰ ਕਮਜ਼ੋਰ ਕਰ ਰਹੀਆਂ ਕੁਰੀਤੀਆਂ ਨਸ਼ੇ, ਵਹਿਮ-ਭਰਮ, ਪਾਖੰਡ ਆਦਿ ਤੋਂ ਵੀ ਮੁਕਤ ਕੀਤਾ। ਆਰਥਿਕ ਤੌਰ ਤੇ ਲਿਤਾੜੇ ਲੋਕਾਂ ਗਰੀਬ ਕਿਸਾਨਾਂ ਦੀ ਬਾਂਹ ਫੜਨ ਲਈ ਉਹਨਾਂ ਨੂੰ ਮਣ ਦਾਣੇ ਦੇ ਕੇ ਡੇਢ ਮਨ ਵਸੂਲਣ ਜਾਂ ਹੁਦਾਰ ਦਿੱਤੀ ਰਕਮ ਤੇ ਵਿਆਜ ਲਾਉਣਾ ਇਸ ਦਾ ਵੀ ਪੂਰੀ ਤਰ੍ਹਾਂ ਵਿਰੋਧ ਕੀਤਾ। ਵਿਆਜ ਲੈਣ ਕਰਕੇ ਹੀ ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਨਮੂਨੇ ਤਿੰਨ ਸਿੰਘਾਂ ਵਿਚੋਂ ਇਕ ਜਮੀਅਤ ਸਿੰਘ ਗਿੱਲ ਨੂੰ ਅੱਧਾ ਸਿੱਖ ਕਹਿਕੇ, ਕੁੱਲ ਢਾਈ ਸਿੱਖ ਲੱਭਣ ਦਾ ਬਚਨ ਕੀਤਾ ਸੀ। ਸੰਤ ਕਾਲਾ ਸਿੰਘ ਜੀ ਦੀ ਇਹ ਰਚਨਾ ਨਾਮਧਾਰੀ ਜੀਵਨ ਜਾਚ ਦੀ ਸਿੱਖਾਂ ਅਤੇ ਸਤਿਗੁਰੂ ਜੀ ਨਾਲ ਉਹਨਾਂ ਦੇ ਗੂਹੜੇ ਪ੍ਰੇਮ ਸਬੰਧਾਂ ਦੀ ਸ਼ਾਨਦਾਰ ਤਸਵੀਰ ਕਸ਼ੀ ਕਰਦੀ ਹੈ। ਨਾਮਧਾਰੀ ਸ਼ਹੀਦੀ ਸਾਕਿਆਂ ਨੂੰ ਵੀ ਕਵੀ ਜੀ ਨੇ ਵਿਸਥਾਰ ਸਹਿਤ ਕਈ ਨਵੀਆਂ ਖੋਜਾਂ ਤਹਿਤ ਬਿਆਨ ਕੀਤਾ ਹੈ। ਕਵੀ ਜੀ 1929 ਈ. ਵਿੱਚ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀ ਸਾਹਿਤਕ ਤੇ ਇਤਿਹਾਸਿਕ ਵਿਰਾਸਤ ਸਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਹੋਰਾਂ ਨੇ ਸੰਭਾਲੀ ਸੀ।

"ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਕੂਕਾ ਇਤਿਹਾਸ ਬਾਰੇ ਬੇਸ਼ਕੀਮਤੀ ਖਜ਼ਾਨਾ ਸੰਭਾਲਣ ਵਾਲੀ ਪੁਸਤਕ ਹੈ।

## ਹਵਾਲੇ ਤੇ ਟਿੱਪਣੀਆਂ

1. ਸ਼ਹੀਦ ਬਿਲਾਸ, ਸ੍ਰੀ ਅੰਮ੍ਰਿਤਸਰ ਵਿੱਚ ਨਾਮਧਾਰੀ ਸਿੰਘ ਸ਼ਹੀਦ, ਗਿਆਨੀ ਕਾਹਲਾ ਸਿੰਘ ਨੰਗਲ, ਤੀਜੀ ਛਾਪ ਪ੍ਰਕਾਸ਼ਕ, ਗਿਆਨੀ ਬੂਟਾ ਸਿੰਘ ਘੜੀ ਸਾਜ਼, ਪਿੰਡ ਦਮਦਮਾ, ਡਾ. ਧਰਮਪੁਰਾ ਜ਼ਿਲ੍ਹਾ ਹਿਸਾਰ (ਤਹਿਸੀਲ ਸਿਰਸਾ) ਸੰਨ 1969 ਈ., ਸਫ਼ਾ 47, ਪਹਿਲੀਆਂ ਦੋ ਛਾਪਾਂ ਕ੍ਰਮਵਾਰ 1913 ਅਤੇ 1914 ਈ. ਦੀਆਂ ਹਨ।

2. ਸੰਤ ਕਾਲਾ ਸਿੰਘ ਨੰਗਲ ਵਾਲੇ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, (ਸ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ) 2014 ਈ. ਸ੍ਰੀ ਭੈਣੀ ਸਾਹਿਬ, ਸਫ਼ਾ 67-68 ਕਾਲਾ ਸਿੰਘ ਅਤੇ ਉਸਦਾ ਪਿਤਾ ਸੰਬਤ 1942 ਮੁਤਾਬਿਕ 1885 ਈ. ਵਿੱਚ ਕੂਕੇ ਬਣੇ। ਕਾਲਾ ਸਿੰਘ ਦਾ ਪਿਤਾ ਰਾਮ ਸਿੰਘ ਸੰਬਤ 1944 ਮੁਤਾਬਿਕ 1887 ਈ. ਵਿੱਚ ਹੁਕਮ ਸੱਤ ਹੋ ਗਿਆ ਸੀ।

3. ਮਹੰਤ ਆਤਮਾ ਸਿੰਘ ਸਨਖੱਤਰਾ, ਸੰਪਾਦਕ "ਚਾਰ ਇਤਿਹਾਸਿਕ ਬਾਰਾਂ ਮਾਂਹ" ਸਫ਼ਾ 8, ਇਹਨਾਂ ਵਿੱਚ ਇਕ ਬਾਰਾਂ ਮਾਂਹ ਗਿਆਨੀ ਕਾਲਾ ਸਿੰਘ ਕ੍ਰਿਤ ਵੀ ਸ਼ਾਮਲ ਹੈ, ਜਿਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਅਤੇ ਉਹਨਾਂ ਦੇ ਸਮੇਂ ਦੇ ਹੋਰ ਹਾਲਾਤ ਕਾਨੀ ਬੱਧ ਹਨ।

4. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸਫਾ 24-25

5. ਉਪਰੋਕਤ, ਸਫਾ 27-28

6. ਉਪਰੋਕਤ, ਸਫਾ 29

7. ਸਿਰਦਾਰ ਕਪੂਰ ਸਿੰਘ ਆਈ.ਸੀ.ਐਸ., ਸਪਤ ਸ੍ਰਿੰਗ, ਪਹਿਲੀ ਛਾਪ ਸਫਾ 15

8. ਨਾਹਰ ਸਿੰਘ ਐਮ.ਏ., ਨਾਮਧਾਰੀ ਇਤਿਹਾਸ, ਛਾਪ ਦੂਜੀ, 2014, ਆਰਸੀ ਪਬਲਿਸ਼ਰਜ ਦਿੱਲੀ, ਸਫਾ 69

9. ਸੰਤ ਕਾਲਾ ਸਿੰਘ, ਪੰਥ ਪ੍ਰਕਾਸ਼ (ਸਿੰਘਾਂ ਨਾਮਧਾਰੀਆਂ ਦਾ), ਸਫਾ 29-30

10. ਸਿਰਦਾਰ ਕਪੂਰ ਸਿੰਘ, ਸਪਤ ਸ੍ਰਿੰਗ, ਸਫਾ 10

11. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸਫਾ 38-39

12. ਉਪਰੋਕਤ, ਸਫਾ 65-67

13. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੇਠ ਜਸਵਿੰਦਰ ਸਿੰਘ) ਛਾਪ ਪਹਿਲੀ, ਸ੍ਰੀ ਭੈਣੀ ਸਾਹਿਬ, ਸਫਾ 506-507

14. ਪੰਥ ਪ੍ਰਕਾਸ਼, ਉਪਰੋਕਤ ਸਫਾ 74-75

..............................................................

# ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ



ਡਾ. ਗੁਰਦੇਵ ਸਿੰਘ ਸਿੱਧੂ
ਪ੍ਰਸਿੱਧ ਇਤਿਹਾਸਕਾਰ
9417049417

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਛੇਵੇਂ ਗੁਰੂ ਹਰਿ ਗੋਬਿੰਦ ਜੀ ਨੇ "ਦੋ ਤਲਵਾਰਾਂ ਪਹਿਨੀਆਂ, ਇਕ ਮੀਰੀ ਦੀ ਇਕ ਪੀਰੀ ਦੀ।" ਮੀਰੀ-ਪੀਰੀ ਦੇ ਸੁਮੇਲ ਦਾ ਸਿਖਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਇਆ ਜਦ ਉਹਨਾਂ ਨੇ 'ਸੰਤ-ਸਿਪਾਹੀ' ਦੇ ਰੂਪ ਵਿਚ ਖਾਲਸਾ ਦੀ ਸਿਰਜਣਾ ਕੀਤੀ। ਸਿੱਖ ਚਰਿੱਤਰ ਵਿਚ ਸੰਤ ਅਤੇ ਸਿਪਾਹੀ ਦੇ ਸੁਮੇਲ ਸਦਕਾ ਸਿੱਖ ਉਦੋਂ ਵੀ ਨਹੀਂ ਡੋਲੇ ਜਦ ਮੁਗਲ ਹਾਕਮਾਂ ਵੱਲੋਂ ਉਹਨਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਮੁਗ਼ਲ ਹਕੂਮਤ ਦੇ ਕਮਜ਼ੋਰ ਹੋਣ ਕਾਰਨ ਸਿੱਖ ਮਿਸਲਾਂ ਨੇ ਜ਼ੋਰ ਫੜਿਆ ਜਿਸ ਦੇ ਨਤੀਜੇ ਵਜੋਂ ਸਿੱਖ ਭਾਈ ਦੀ ਥਾਂ ਸਰਦਾਰ ਤਾਂ ਬਣ ਗਏ ਪਰ ਉਹਨਾਂ ਦੇ ਚਰਿੱਤਰ ਵਿਚ 'ਸੰਤਗੀਰੀ' ਲੱਛਣ ਕਮਜ਼ੋਰ ਪੈਣ ਲੱਗੇ ਅਤੇ ਹਕੂਮਤੀ ਲੱਛਣ ਪ੍ਰਭਾਵੀ ਹੋਣ ਲੱਗੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤ ਤੱਕ ਸਥਿਤੀ ਇਸ ਹੱਦ ਤੱਕ ਵਿਗੜ ਗਈ ਕਿ ਸਿੱਖ ਚਰਿੱਤਰ ਵਿਚੋਂ ਧਾਰਮਿਕ ਪੱਖ ਲਗਭਗ ਲੁਪਤ ਹੋ ਗਿਆ। ਅਜਿਹੀ ਸਥਿਤੀ ਵਿਚ ਕੌਮ ਨੂੰ ਇਸ ਆਚਰਣਕ ਨਿਵਾਨ ਵਿਚੋਂ ਕੱਢ ਕੇ ਕੌਮੀ ਰਾਜ ਸਥਾਪਤ ਕਰਨ ਦਾ ਬੀੜਾ ਸਤਿਗੁਰੂ ਰਾਮ ਸਿੰਘ ਜੀ ਨੇ ਚੁੱਕਿਆ। ਉਹ ਲਾਹੌਰ ਦਰਬਾਰ ਦੀ ਸੈਨਾ ਵਿਚੋਂ ਮੁਕਤ ਹੋ ਕੇ ਪਿੰਡ ਭੈਣੀ ਆਏ ਜਿੱਥੇ ਉਹਨਾਂ ਲਗਭਗ ਇੱਕ ਦਹਾਕਾ ਨਾਮ ਸਿਮਰਨ ਅਤੇ ਭਵਿੱਖੀ ਵਿਉਂਤਬੰਦੀ ਦੇ ਲੇਖੇ ਲਾਇਆ। ਉਹਨਾਂ ਜਿਸ ਪ੍ਰਕਾਰ ਦਾ ਸੰਸਾਰ ਕਲਪਿਆ ਉਸ ਦਾ "ਸਤਿਗੁਰੂ ਬਿਲਾਸ" ਵਿਚ ਵਰਣਨ ਇਉਂ ਕੀਤਾ ਗਿਆ ਹੈ, "ਸਤਿਗੁਰੂ ਜੀ ਪ੍ਰਸੰਨ ਹੋ ਕੇ ਇਕ ਦਿਨ ਬਚਨ ਕੀਤਾ .... ਉੱਪਰ ਉਸ

ਤਖਤ ਦੇ ਅਦਾਲਤ ਹੋਵੇਗੀ।... ਨੰਗਾ ਭੁੱਖਾ ਅਰਥੀਆ ਖਾਲੀ ਕੋਈ ਨਾ ਜਾਏਗਾ।... ਅਕਾਲ ਅਕਾਲ ਹੋਵੇਗਾ, ਝਾੜ ਬੂਟੇ ਨਾਲ ਰਿੱਧੀਆਂ ਸਿੱਧੀਆਂ ਹਾਜ਼ਰ ਖੜ੍ਹੀਆਂ ਰਹਿਣਗੀਆਂ। ਸਿੰਘਾਂ ਦੇ ਘਰੀਂ ਲੱਛਮੀ ਨਿਵਾਸ ਕਰੇਗੀ। ਸੰਤ ਖਾਲਸੇ ਦੇ ਹੱਥੀਂ ਵਰਤੇਗੀ।...ਏਕ ਜਗ੍ਹਾ ਲੰਗਰ ਹੋਵੇਗਾ। ਅਦਾਲਤ ਭੀ ਏਕ ਜਗ੍ਹਾ ਹੋਵੇਗੀ। ...ਸਾਰੀ ਪਿਰਥਵੀ ਪਰ ਪਾਪ ਹਟ ਜਾਏਂਗੇ।... ਸਾਰੀ ਧਰਤੀ ਪਰ ਧਰਮ ਚੱਲ ਜਾਏਗਾ। ਜੇਹਲਖਾਨੇ ਨਹੀਂ ਰਹਿਣਗੇ। ਹੋਰ ਹੀ ਵਰਤਾਰਾ ਵਰਤੇਗਾ। ਜੈ ਜੈ ਕਾਰ ਜਗਤ ਵਿਚ ਹੋਵੇਗੀ।"

ਇਸ ਮਹਾਨ ਆਦਰਸ਼ ਦੀ ਪ੍ਰਾਪਤੀ ਵਾਸਤੇ ਮਨੁੱਖ ਦੀ ਕਾਇਆ ਕਲਪ ਕਰਕੇ ਉਸ ਨੂੰ ਅਜਿਹਾ ਰੂਪ ਦਿੱਤੇ ਜਾਣ ਦੀ ਲੋੜ ਸੀ ਜੋ ਧਾਰਮਿਕ ਪੱਖੋਂ ਇੱਕ ਅਕਾਲ ਪੁਰਖ ਦਾ ਵਿਸ਼ਵਾਸੀ ਅਤੇ ਰਹਿਤ-ਬਹਿਤ ਵਿਚ ਪ੍ਰਪੱਕ ਹੋਵੇ, ਸਮਾਜਿਕ ਵਿੱਥਾਂ ਵਿਤਕਰਿਆਂ ਤੋਂ ਨਿਰਲੇਪ ਪਰਸੁਆਰਥੀ ਹੋਵੇ ਅਤੇ ਬੇਗਮਪੁਰੇ ਦੀ ਸਥਾਪਨਾ ਵਾਸਤੇ ਜੂਝਣ ਲਈ ਸਦਾ ਤਤਪਰ ਰਹੇ। ਸੰਮਤ 1914 ਦੀ ਵਿਸਾਖੀ ਮੁਤਾਬਿਕ 12 ਅਪ੍ਰੈਲ 1857 ਦੇ ਦਿਨ 'ਸੰਤ ਖਾਲਸਾ' ਦੀ ਸਥਾਪਨਾ ਕਰਕੇ ਉਹਨਾਂ ਇਸ ਦਿਸ਼ਾ ਵਿਚ ਮਹੱਤਵਪੂਰਨ ਕਦਮ ਚੁੱਕਿਆ। ਅਜਿਹਾ ਆਪਣੇ ਪੰਜ ਅਨੁਆਈਆਂ ਨੂੰ ਅੰਮ੍ਰਿਤ ਛਕਾ ਕੇ ਕੀਤਾ, ਜੋ ਆਪਣੇ ਆਪ ਵਿਚ ਇਨਕਲਾਬੀ ਕਦਮ ਸੀ ਕਿਉਂਕਿ ਅੰਮ੍ਰਿਤ ਛਕਾਉਣ ਦੀ ਕਾਰਵਾਈ ਨੂੰ ਅਕਾਲ ਬੁੰਗਾ, ਅੰਮ੍ਰਿਤਸਰ ਦੇ ਪੁਜਾਰੀਆਂ ਨੇ ਭੇਟਾ ਪ੍ਰਾਪਤ ਕਰਨ ਦੀ ਖਾਤਰ ਏਕਾਧਿਕਾਰ ਬਣਾਇਆ ਹੋਇਆ ਸੀ। ਉੱਥੇ ਅੰਮ੍ਰਿਤ ਛਕਾਉਣ ਸਮੇਂ ਔਰਤ ਮਰਦ ਵਿਚ ਵੀ ਭੇਦ ਕੀਤਾ ਜਾਂਦਾ ਸੀ। ਸਮਾਂ ਆਉਣ ਉੱਤੇ ਸਤਿਗੁਰੂ ਜੀ ਨੇ ਇਸ ਪੱਖੋਂ ਵੀ ਏਕਤਾ ਵਰਸਾਈ।

ਸਤਿਗੁਰੂ ਜੀ ਨੇ ਅਨੁਭਵ ਕਰ ਲਿਆ ਸੀ ਕਿ ਜਰਵਾਣੇ ਨੂੰ ਨਿਰਭੈਤਾ ਅਤੇ ਨਿੱਡਰਤਾ ਨਾਲ ਉਹ ਵਿਅਕਤੀ ਵੰਗਾਰ ਸਕਦਾ ਹੈ ਜੋ ਅਕਾਲ ਪੁਰਖ ਦੇ ਸਰਬ ਦੁਨੀ ਦਾ ਰਾਜਾ ਹੋਣ ਵਿਚ ਵਿਸ਼ਵਾਸ ਰੱਖਦਾ ਹੋਵੇ ਅਤੇ ਦੁਨਿਆਵੀ ਰਾਜੇ ਨੂੰ ਚਾਰ ਦਿਨਾਂ ਦੀ ਝੂਠੀ ਖੇਲ ਰਚਾਉਣ ਵਾਲੀ ਸ਼ਕਤੀ ਮੰਨਦਾ ਹੋਵੇ। ਇਸ ਲਈ ਉਹਨਾਂ ਆਪਣੇ ਅਨੁਆਈਆਂ ਨੂੰ ਵਿਅਕਤੀਗਤ ਜੀਵਨ ਵਿਚ ਧਾਰਮਿਕ ਉੱਚਤਾ ਪ੍ਰਾਪਤ ਕਰਨ ਵਾਸਤੇ ਇੱਕ ਅਕਾਲ ਵਿਚ ਭਰੋਸਾ ਰੱਖਣ ਅਤੇ ਮਿਲ ਬੈਠ ਕੇ ਬਾਣੀ ਪੜ੍ਹਨ ਸੁਣਨ ਦਾ ਉਪਦੇਸ਼ ਦਿੱਤਾ। ਹਿੰਦੂ ਦੇਵੀ ਦੇਵਤਿਆਂ ਦੇ ਮੰਦਰਾਂ ਅਤੇ ਮੁਸਲਮਾਨ ਪੀਰਾਂ ਫਕੀਰਾਂ ਦੇ ਮਜ਼ਾਰਾਂ ਉੱਤੇ ਜਾਣ ਦੀ ਥਾਂ ਸੰਗਤੀ ਰੂਪ ਵਿਚ ਜੁੜ ਕੇ ਢੋਲਕ, ਛੈਣੇ, ਖੜਤਾਲਾਂ ਆਦਿ ਦੀ ਵਰਤੋਂ ਕਰਦਿਆਂ ਸ਼ਬਦ ਪੜ੍ਹਨ, ਸੁਣਨ ਦੀ ਪ੍ਰੇਰਨਾ ਕੀਤੀ। ਗੁਰਬਾਣੀ ਦਾ ਪ੍ਰਚਲਨ ਕਰਨ ਵਾਸਤੇ ਆਦਿ ਬੀੜ ਦੀ ਛਪਾਈ ਦੇ ਨਾਲ ਨਾਲ ਕੁੱਝ ਵਿਸ਼ੇਸ਼ ਬਾਣੀਆਂ ਵੀ ਪ੍ਰਕਾਸ਼ਿਤ ਕਰਵਾ ਕੇ ਸੰਗਤ ਨੂੰ ਉਪਲੱਬਧ ਕਰਵਾਈਆਂ। ਜਦ ਜ਼ਾਲਮ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਦੇਸ਼ ਬਦਰ ਕਰਕੇ ਬਰਮਾ ਭੇਜ ਦਿੱਤਾ ਤਾਂ ਉੱਥੋਂ ਭੇਜੇ ਹੁਕਮਨਾਮਿਆਂ ਵਿਚ ਵੀ ਇਹੋ ਯਾਦ ਕਰਵਾਉਂਦੇ ਰਹੇ, "ਮਨਮਤਿ ਏਸ ਦਾ ਨਾਉਂ ਹੈ ਜੋ ਬਾਣੀ ਪੜ੍ਹੀ ਪਰ ਬਾਣੀ ਦਾ ਆਖਿਆ ਨਾ ਮੰਨਿਆ" ਅਤੇ "ਸੋ ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ ਇਸ਼ਨਾਨ ਕਰੇ ਸਮੇਤ ਕੇਸੀ, ਗੁਰਬਾਣੀ ਦਾ ਤੇ ਨਾਮ ਦਾ ਉਚਾਰ ਕਰੇ ਉਸ ਕੋ ਮੋਤੀ ਦਾਨ ਕਾ ਪੁੰਨ ਹੁੰਦਾ ਹੈ।"

ਸਮਾਜਿਕ ਜੀਵਨ ਨੂੰ ਨਿਰਮਲਤਾ ਪ੍ਰਦਾਨ ਕਰਨ ਵਾਸਤੇ ਵਸੋਂ ਦੇ ਅੱਧੇ ਭਾਗ- ਔਰਤਾਂ- ਨਾਲ ਸਦੀਆਂ ਤੋਂ ਹੋ ਰਹੇ ਵਿਤਕਰੇ ਨੂੰ ਤਿਆਗਣ ਦੀ ਪ੍ਰੇਰਨਾ ਕੀਤੀ। ਧੀ ਨੂੰ ਬੋਝ ਸਮਝ ਕੇ ਉਸ ਨੂੰ ਜਨਮ ਸਮੇਂ ਮਾਰ ਦੇਣ ਦੀ ਕੁਰੀਤੀ ਕਾਰਨ ਸਮਾਜ ਵਿਚ ਔਰਤਾਂ ਦੀ ਗਿਣਤੀ ਘਟਦੀ ਗਈ। ਜਿਸ ਕਾਰਨ ਵਿਆਹ ਪ੍ਰਥਾ ਵਿਚ ਕਈ ਬੁਰਾਈਆਂ ਜਨਮ ਚੁੱਕੀਆਂ ਸਨ। ਸਤਿਗੁਰੂ ਜੀ ਨੇ ਇਸ ਸੋਚ ਖਿਲਾਫ ਚੇਤਨਾ ਤਾਂ ਪੈਦਾ ਕੀਤੀ ਹੀ, 3 ਜੂਨ 1863 ਨੂੰ ਪਿੰਡ ਖੋਟੇ, ਨੇੜੇ ਬਾਘਾ ਪੁਰਾਣਾ, ਵਿਚ ਛੇ ਵਿਆਹ ਅੰਤਰ ਜਾਤੀ ਬਿਨਾਂ ਕਿਸੇ ਦਾਜ ਦਹੇਜ ਕਰਵਾ ਕੇ ਅਮਲੀ ਰੂਪ ਵਿਚ ਵੀ ਉਦਾਹਰਨ ਪੇਸ਼ ਕੀਤੀ। ਆਪਣੇ ਪੈਰੋਕਾਰਾਂ ਨੂੰ ਸਰੀਰਿਕ ਪੱਖੋਂ ਬਲਵਾਨ, ਉੱਦਮੀ, ਸਾਹਸੀ ਅਤੇ ਮਿਹਨਤੀ ਬਣਨ ਲਈ ਪ੍ਰੇਰਿਆ ਤਾਂ ਜੋ ਉਹਨਾਂ ਨੂੰ ਆਪਣੀ ਉਦਰ-ਪੂਰਤੀ ਖਾਤਰ ਨਾ ਕਿਸੇ ਹੋਰ ਦੇ ਹੱਥਾਂ ਵੱਲ ਦੇਖਣਾ ਪਵੇ, ਨਾ ਕਿਸੇ ਹੋਰ ਦੀ ਵਸਤੂ ਵੇਖ ਕੇ ਉਸ ਦੀ ਪ੍ਰਾਪਤੀ ਦੀ ਤਾਂਘ ਉਪਜੇ। ਇਸ ਪ੍ਰਥਾਇ ਫਰਮਾਇਆ ਹੈ, "ਹੋਰ ਬਗਾਨੀ

ਅਮਾਨਤ ਕਿਸੇ ਬੀ ਤਰਾਂ ਨਾ ਲੈਣੀ, ਚੁਰਾ ਕੇ ਨਾ ਖੋਹ ਕੇ, ਨਾ ਠਗੀ ਕਰਕੇ। ਜੇ ਡਿਗੀ ਪਈ ਬੀ ਲਭੇ ਤਾਂ ਜਿਸ ਦੀ ਹੋਵੇ ਉਸ ਨੂੰ ਦੇ ਦੇਣੀ। ਕਰਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੋਂ ਬੀ ਵਡਾ ਪਾਪ ਹੈ।" ਪੇਟ ਦੀ ਭੁੱਖ ਮਿਟਾਉਣ ਲਈ ਸਾਤਵਿਕ ਭੋਜਨ ਲੈਣ ਦੀ ਸਿੱਖਿਆ ਦਿੱਤੀ। ਇਕ ਹੁਕਮਨਾਮੇ ਵਿਚ ਦਰਜ ਹੈ, "ਸੋ ਏ ਦੋਨੋਂ ਨਹੀਂ ਮਾਸ ਤੇ ਛਰਾਬ ਬਰਤਣੇ। ਏਹ ਤੇ ਮਲੇਛਾਂ ਦਾ ਖਾਣਾ ਹੈ। ਜੋ ਖਾਊ ਓਸ ਦੀ ਬੁਧਿ ਮਲੇਛੀ ਹੋਇ ਜਾਊ।" ਸਮੂਹਿਕ ਭਲੇ ਲਈ ਵਿਤ ਅਨੁਸਾਰ ਯੋਗਦਾਨ ਪਾਉਣ ਵਾਸਤੇ ਕਿਹਾ, "ਪੁੰਨ ਦਾਨ ਤੇ ਧਨ ਨਹੀਂ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।" ਅੰਗਰੇਜ਼ ਅਧਿਕਾਰੀ ਮੇਜਰ ਪਰਕਿਨਸਨ ਲਿਖਦਾ ਹੈ, "ਨਾਮਧਾਰੀ ਫਿਰਕੇ ਵਿਚ ਸ਼ਾਮਲ ਹੋਣ ਵਾਸਤੇ ਝੂਠ, ਚੋਰੀ, ਸ਼ਰਾਬ ਪੀਣਾ, ਪਰਇਸਤਰੀ ਗਮਤਾ ਆਦਿ ਸਭ ਕੁਕਰਮ ਤਿਆਗ ਦੇਣੇ ਪੈਂਦੇ ਹਨ ਅਤੇ ਇਹਨਾਂ ਦੇ ਕਰਨ ਦੀ ਸਖਤ ਮਨਾਹੀ ਹੈ।"

ਬੇਗਮਪੁਰੇ ਜੇਹੀ ਸਮਾਜਿਕ-ਰਾਜਸੀ ਵਿਵਸਥਾ ਕਾਇਮ ਕਰਨ ਲਈ ਦੇਸ ਵਿਚੋਂ ਮਲੇਛੀ ਰਾਜ ਦਾ ਖਾਤਮਾ ਕਰਨਾ ਜ਼ਰੂਰੀ ਸੀ। ਪੁਰਾਤਨ ਨਾਮਧਾਰੀ ਗ੍ਰੰਥ, ਅੰਗਰੇਜ਼ ਸਰਕਾਰ ਦੇ ਤਤਕਾਲੀਨ ਦਸਤਵੇਜ਼ ਅਤੇ ਇਤਿਹਾਸਕਾਰ ਇਕ ਮਤ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਕੌਮ ਦੇ ਗਲੋਂ ਅੰਗਰੇਜ਼ੀ ਰਾਜ ਦੀ ਗੁਲਾਮੀ ਦਾ ਤੌਕ ਉਤਾਰਨਾ ਸੀ। ਜਾਪਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਸੌ ਸਾਖੀ ਆਦਿ ਗ੍ਰੰਥਾਂ ਦੀ ਭਵਿੱਖ ਬਾਣੀ ਦੀ ਲੋਅ ਵਿਚ ਆਪਣੇ ਕਾਰਜ-ਉਦੇਸ਼ ਦੀ ਪੂਰਤੀ ਹਿਤ ਦੋ ਦਹਾਕੇ ਦਾ ਸਮਾਂ ਮਿਥ ਕੇ ਚੱਲ ਰਹੇ ਸਨ। ਕਰਤਾ "ਸਤਿਗੁਰੂ ਬਿਲਾਸ" ਨੇ ਇਸ ਬਾਰੇ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਰੇ ਇਹ ਸ਼ਬਦ ਲਿਖੇ ਹਨ, "ਮੰਗਲ ਸਿੰਘ ਸਰਦਾਰ ਨੇ ਅਰਜ਼ ਕੀਤੀ ਜੀ ਸਾਖੀਆਂ ਮੈ ਜੋ ਸੰਤ ਖਾਲਸੇ ਕਾ ਰਾਜ ਹੋਣਾ ਲਿਖਾ ਹੈ ਸੋ ਕਦੋਂ ਤੋੜੀ ਹੋਵੇਗਾ? ਅੰਤਰਜਾਮੀ ਜੀ ਬਚਨ ਕੀਤਾ ਅਜੇ ਸਤੱਤਰ ਬਰਸ ਤੋੜੀਂ ਖਾਲਸੇ ਨੇ ਫਰੰਗੀਆਂ ਕੋ ਰਾਜ ਭਗੌਣਾ ਹੈ।" ਭਾਈ ਸ਼ਿਆਮ ਸਿੰਘ ਅਤੇ ਰਾਇ ਸਿੰਘ ਨੂੰ ਸੰਬੋਧਿਤ ਹੁਕਮਨਾਮੇ ਵਿਚ ਲਿਖਿਆ ਹੈ, "ਤੇਤੀ ਸਾਲ ਤੋਂ ਸ਼ੁਰੂ ਹੋਣਾ ਲਿਖਾ ਹੈ, ਮਹਾਰਾਜ ਨੇ, ਚਾਲੀ ਸਾਲ ਮੁਕ ਜਾਣਾ।" 1845 ਵਿਚ ਅੰਗਰਜ਼ਾਂ ਦੀ ਪੰਜਾਬ ਵਿਚ ਆਮਦ ਨੂੰ ਵੇਖਦਿਆਂ ਇਹ ਸਾਲ 1877-78 ਬਣਦਾ ਸੀ ਅਤੇ ਉਹ ਇਸ ਸਮਾਂ-ਅਵਧੀ ਨੂੰ ਧਿਆਨ ਗੋਚਰੇ ਰੱਖ ਕੇ ਹੀ ਤਿਆਰੀ ਕਰ ਰਹੇ ਸਨ। ਅੰਗਰੇਜ਼ ਸਰਕਾਰ ਵੱਲੋਂ ਪੰਜਾਬੀ ਲੋਕਾਂ ਦਾ ਮਨ ਜਿੱਤਣ ਵਾਸਤੇ 'ਲੋਕ ਭਲਾਈ' ਦੇ ਨਾਂ ਹੇਠ ਕਈ ਕੰਮ ਸ਼ੁਰੂ ਕੀਤੇ ਗਏ। ਅੰਗਰੇਜ਼ੀ ਸਿੱਖਿਆ ਪ੍ਰਾਪਤ ਕਰਨ ਦੀ ਸੁਵਿੱਧਾ, ਸਫਰ ਕਰਨ ਵਾਸਤੇ ਰੇਲ ਦਾ ਪਰਚਲਨ, ਪੱਤਰ ਵਿਹਾਰ ਲਈ ਡਾਕ ਮਹਿਕਮੇ ਦਾ ਇੰਤਜ਼ਾਮ, ਝਗੜਿਆਂ ਦਾ ਫੈਸਲਾ ਕਰਨ ਵਾਸਤੇ ਅਦਾਲਤਾਂ ਦੀ ਸਥਾਪਨਾ ਅਜਿਹੇ ਕੁੱਝ ਕਾਰਜ ਸਨ। ਸਤਿਗੁਰੂ ਜੀ ਨੇ ਸਰਕਾਰ ਦੇ ਇਹਨਾਂ ਲੋਕ-ਲੁਭਾਉਣੇ ਕਦਮਾਂ ਦਾ ਬਹਿਸ਼ਕਾਰ ਕਰਦਿਆਂ ਇਹਨਾਂ ਦੇ ਬਦਲਵੇਂ ਪ੍ਰਬੰਧ ਕੀਤੇ। ਅੰਗਰੇਜ਼ ਸਰਕਾਰ ਨੇ ਪੰਜਾਬ ਨੂੰ ਕਬਜ਼ੇ ਵਿਚ ਲੈਣ ਤੋਂ ਪਿੱਛੋਂ ਪਹਿਲਾ ਕੰਮ ਪੰਜਾਬੀਆਂ ਦੁਆਰਾ ਨਿੱਜੀ ਸੁਰੱਖਿਆ ਲਈ ਰੱਖੀਆਂ ਕ੍ਰਿਪਾਨਾਂ ਕਢਾਉਣ ਦਾ ਕੀਤਾ, ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਸ ਦਾ ਬਦਲ ਜਾਤਰੂ, ਟੰਬੇ ਜਾਂ ਖੂੰਡੇ ਦੇ ਰੂਪ ਵਿਚ ਦਿੱਤਾ।

ਸ਼ਕਤੀਸ਼ਾਲੀ ਅੰਗਰੇਜ਼ ਹਕੂਮਤ ਨੂੰ ਪਸਤ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਿੰਘਾਂ ਨੂੰ ਤਾਂ ਤਿਆਰ ਕੀਤਾ ਹੀ, ਇਸ ਵਡੇਰੇ ਕਾਰਜ ਨੂੰ ਨੇਪਰੇ ਚਾੜ੍ਹਨ ਵਾਸਤੇ ਅੰਗਰੇਜ਼-ਵਿਰੋਧੀ ਝੁਕਾਅ ਰੱਖਣ ਵਾਲੇ ਰਾਜਿਆਂ ਦਾ ਸਹਿਯੋਗ ਲੈਣ ਵਾਸਤੇ ਉਹਨਾਂ ਨਾਲ ਵੀ ਸੰਪਰਕ ਬਣਾਇਆ। ਕਸ਼ਮੀਰ ਰਿਆਸਤ ਦੇ ਮਹਾਰਜਾ ਰਣਬੀਰ ਸਿੰਘ ਨੇ ਆਪਣੀ ਸੈਨਾ ਵਿਚ ਨਾਮਧਾਰੀਆਂ ਦੀ ਪਲਟਨ ਖੜ੍ਹੀ ਕੀਤੀ, ਇਉਂ ਹੀ ਨੇਪਾਲ ਦੇ ਮਹਾਰਾਜਾ ਜੰਗ ਬਹਾਦਰ ਤੋਂ ਮਦਦ ਲੈਣ ਦੀ ਗੱਲ ਬਾਤ ਵੀ ਹੋਈ। ਅੰਗਰੇਜ਼ ਸਰਕਾਰ ਦੇ ਦਬਾਅ ਕਾਰਨ ਇਹਨਾਂ ਦੋਵਾਂ ਨਾਲ ਸਹਿਯੋਗ ਦੀ ਗੱਲ ਅੱਗੇ ਨਾ ਵਧ ਸਕੀ ਪਰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰੂਸ ਦੇ ਜ਼ਾਰ ਨਾਲ ਬਣਾਇਆ ਸੰਪਰਕ ਉਹਨਾਂ ਦੇ ਦੇਸ ਨਿਕਾਲੇ ਤੋਂ ਪਿੱਛੋਂ ਵੀ ਬਣਿਆ ਰਿਹਾ।

ਸਰਕਾਰੀ ਦਸਤਾਵੇਜ਼ ਗਵਾਹ ਹਨ ਕਿ ਇੱਕ ਦਹਾਕੇ ਤੋਂ ਘੱਟ ਸਮੇਂ ਵਿਚ ਪਿੰਡਾਂ ਦੇ ਪਿੰਡ ਸਤਿਗੁਰੂ ਜੀ ਦੇ ਪ੍ਰਭਾਵ ਹੇਠ ਆ ਗਏ ਸਨ।

**ਬਾਕੀ ਸਫ਼ਾ ਨੰ 35 'ਤੇ**

# ਨਾਮਧਾਰੀ ਸਿੱਖ-ਸਦਾਚਾਰ

ਇਹ ਆਰਟੀਕਲ ਪ੍ਰੋ. ਜਸਵੰਤ ਸਿੰਘ 'ਜੱਸ' ਦੀ ਕਿਤਾਬ "ਬਾਬਾ ਰਾਮ ਸਿੰਘ" ਵਿਚੋਂ ਲਿਆ ਹੈ। ਇਹ ਕਿਤਾਬ ਪਹਿਲੀ ਵਾਰੀ 1958 ਈ. ਵਿੱਚ ਛਪੀ। ਇਸ ਕਿਤਾਬ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਮੈਕਾਲਿਫ਼ ਮੈਮੋਰੀਅਲ ਖੋਜ ਵਿਭਾਗ ਵਲੋਂ ਗੋਲਡ ਮੈਡਲ ਦੀ ਪ੍ਰਾਪਤੀ ਹੋਈ ਸੀ। ਕੂਕਾ ਲਹਿਰ ਬਾਰੇ ਇਹ ਖੋਜ ਭਰਪੂਰ ਪੁਸਤਕ ਸੀ।

**ਸੰਪਾਦਕ**

*ਪ੍ਰੋ. ਜਸਵੰਤ ਸਿੰਘ ਜੱਸ*

**ਸੁਤੰਤਰਤਾ ਦੀ ਲਹਿਰ ਦੇ ਹਿੱਸ ਚੁਕੇ ਦੀਵੇ ਨੂੰ ਬਲੀਦਾਨ ਦਾ ਤੇਲ ਪਾ ਕੇ ਪ੍ਰਚੰਡ ਕਰਨਾ ਅਤੇ ਹਾਲਾਤ ਦੇ ਨਾਮੁਆਫਿਕ ਹੁੰਦਿਆਂ ਵੀ, ਪੰਜਾਬ ਵਿੱਚ ਅੰਗਰੇਜ਼ਾਂ ਦੇ ਟਾਕਰੇ ਤੇ ਖੁਫੀਆ ਹਕੂਮਤ ਕਾਇਮ ਕਰਨੀ, ਬਾਬਾ ਰਾਮ ਸਿੰਘ ਦੇ ਕਾਰਨਾਮਿਆਂ ਵਿਚੋਂ ਇਕ ਵੱਡਾ ਮੋਅਜਜ਼ਾ ਸੀ। ਬਾਬਾ ਜੀ ਨੇ ਪ੍ਰਾਧੀਨਤਾ ਤੋਂ ਘ੍ਰਿਣਾ, ਅੰਗਰੇਜ਼ੀ ਰਾਜ ਨਾਲ ਨਾ-ਮਿਲਵਤਰਨ, ਬਦੇਸ਼ੀ ਚੀਜ਼ਾਂ ਦਾ ਬਾਈਕਾਟ, ਹੱਥ-ਕੁੱਤੇ ਖੱਦਰ ਤੇ ਦੇਸੀ ਚੀਜ਼ਾਂ ਦੀ ਵਰਤੋਂ, ਸਵੱਛ ਤੇ ਸਦਾਚਾਰੀ ਜੀਵਨ ਦੀ ਧਾਰਨਾ ਅਤੇ ਗਊ ਗਰੀਬ ਤੇ ਲੋਕ-ਭਲਾਈ ਖਾਤਰ ਤਨ ਮਨ ਧਨ ਕੁਰਬਾਨ ਕਰਨ ਦੇ ਅਸੂਲਾਂ ਦਾ ਮੁੱਢ ਉਨ੍ਹੀਵੀਂ ਸਦੀ ਵਿੱਚ ਬੱਧਾ ਸੀ, ਉਹ ਅਸੂਲ, ਵੀਹਵੀਂ ਸਦੀ ਵਿੱਚ ਬਦੇਸ਼ੀ ਜੂਲਾ ਵਗਾਹ ਮਾਰਨ ਲਈ ਭਾਰਤੀ ਨੇਤਾਵਾਂ ਦੀ ਅਗਵਾਈ ਲਈ ਵਿਸ਼ੇਸ਼ ਸਾਧਨ ਬਣੇ।**

ਬਾਬਾ ਰਾਮ ਸਿੰਘ ਜੀ ਆਪ ਨਾਮ ਆਭਿਆਸੀ ਸਨ ਅਤੇ ਆਪਣੇ ਸੇਵਕਾਂ ਨੂੰ ਭੀ ਇਸੇ ਪਾਸੇ ਲਾਉਂਦੇ ਰਹਿੰਦੇ ਸਨ। ਨਾਮ ਸਿਮਰਨ ਰਾਹੀਂ ਆਤਮਕ ਉੱਚਤਾ ਪ੍ਰਾਪਤ ਕਰਨ ਦੀ ਸਿਖਿਆ ਦਿੰਦੇ ਸਨ। ਉਨ੍ਹਾਂ ਦਾ ਆਪਣਾ ਜੀਵਨ ਗੁਰਮਤ ਗੁੱਧਾ ਸੀ ਤੇ ਆਪ ਨੇ ਇਕ ਆਦਰਸ਼ਕ ਗੁਰਸਿੱਖ ਦਾ ਜੀਵਨ ਜੀਅ ਕੇ ਆਪਣੇ ਸੇਵਕਾਂ ਲਈ ਸੋਹਣੇ ਪੂਰਨੇ ਪਾਏ ਹਨ। ਆਪ ਜੀ ਦਾ ਅਕਾਲ ਪੁਰਖ ਉਤੇ ਅਟੱਲ ਵਿਸ਼ਵਾਸ਼ ਸੀ ਅਤੇ ਉਸੇ ਦੇ ਸਿਮਰਨ ਵਿਚ ਜੁੱਟੇ ਰਹਿੰਦੇ ਸਨ। ਆਪ ਜੀ ਪਹਿਲਾਂ ਵੀ ਅਤੇ ਦੇਸ਼ ਨਿਕਾਲੇ ਸਮੇਂ ਵੀ ਆਪਣੀਆਂ ਅਰਦਾਸਾਂ ਰਾਹੀਂ ਆਪਣੇ ਸੇਵਕਾਂ ਨੂੰ ਨਾਮ, ਬਾਣੀ ਪੜ੍ਹਣ ਦੀ ਪਰੇਰਨਾ ਕਰਦੇ ਰਹਿੰਦੇ ਸਨ। ਆਪ

ਸਮਝਦੇ ਸਨ ਕਿ ਨਾਮ ਹੀ ਸਾਰੇ ਸੁਖਾਂ ਦਾ ਭੰਡਾਰ ਹੈ ਤੇ ਇਸ ਨਾਲ ਮਨੁੱਖ ਮਾਤਰ ਦੇ ਸਾਰੇ ਐਬ ਢੱਕੇ ਜਾਂਦੇ ਹਨ। ਆਪਣੇ ਆਪ ਵਿਚੋਂ ਹਉਮੈ ਦੂਰ ਕਰਨੀ, ਨਾਮ ਰਸੀਏ ਲਈ ਬੜੀ ਜ਼ਰੂਰੀ ਹੈ। ਨਿਮਰਤਾ ਆਪ ਜੀ ਵਿਚ ਪੁੱਜ ਕੇ ਸੀ। ਐਨੀ ਮਾਨਤਾ ਹੁੰਦਿਆਂ ਹੋਇਆਂ ਭੀ ਆਪ ਆਪਣੇ ਆਪ ਨੂੰ ਗੁਰੂ ਘਰ ਦਾ ਕੂਕਰ ਤੇ ਰਪਟੀਆ ਹੀ ਕਹਿਆ ਕਰਦੇ ਸਨ। ਆਪਣੇ ਸੇਵਕਾਂ ਵਿਚ ਨਿਮਰਤਾ ਲਿਆਉਣ ਲਈ ਆਪ ਨੇ ਹੁਕਮ ਦਿਤਾ ਕਿ ਜਦ ਇਕ ਸਿੱਖ ਦੂਸਰੇ ਨੂੰ ਮਿਲੇ ਤਾਂ ਝੁੱਕ ਕੇ ਗੁਰਸਿੱਖ ਦੇ ਚਰਨਾਂ ਨੂੰ ਹੱਥ ਲਾਵੇ।

ਗੁਰਮਤ ਵਿਚ ਹੱਥੀਂ ਕਿਰਤ ਕਰਨ ਅਤੇ ਸੇਵਾ ਭਾਵ ਨੂੰ ਬਹੁਤ ਉੱਚਾ ਸਥਾਨ ਪਰਾਪਤ ਹੈ। ਆਪ ਜੀ ਨੇ ਆਪਣੇ ਸਵਕਾਂ ਰਾਹੀਂ ਅਮਲੀ ਰੂਪ ਵਿਚ "ਹੱਥ ਕਾਰ ਵੱਲ ਤੇ ਦਿਲ ਯਾਰ ਵੱਲ' ਵਾਲਾ ਸਿਧਾਂਤ ਦ੍ਰਿੜ ਕਰਵਾਇਆ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਸੇਵਕ ਆਮ ਵਿਹਲੜ ਸਾਧੂਆਂ ਵਾਂਗ ਹਰਲ ਹਰਲ ਕਰਦੇ ਫਿਰਨ ਤੇ ਸਮਾਜ ਉੱਤੇ ਇਕ ਵਾਧੂ ਭਾਰ ਬਣੇ ਰਹਿਣ। ਜੋ ਸਿਖ ਆਪਣੇ ਘਰੋਗੀ ਕੰਮਾਂ ਕਾਰਾਂ ਵਲੋਂ ਨਿਰਾਸ ਹੋ ਕੇ ਪੱਕੇ ਤੌਰ ਤੇ ਭੈਣੀ ਸਾਹਿਬ ਟਿਕਾਣਾ ਲੋੜਦਾ ਸੀ, ਉਸ ਨੂੰ ਵੀ ਆਪ ਕਿਸੇ ਨਾ ਕਿਸੇ ਆਹਰ ਤੇ ਲਾ ਛਡਦੇ। ਇਥੇ ਆਪ ਦਾ ਇਕ ਸੇਵਕ ਸਰਦਾਰ ਮਲੂਕ ਸਿੰਘ ਸੀ ਜੋ ਨਹਿਰਾਂ ਦੇ ਠੇਕੇ ਲਇਆ ਕਰਦਾ ਸੀ। ਬਹੁਤ ਸਾਰੇ ਬੰਦਿਆਂ ਨੂੰ ਉਸ ਦੇ ਅਧੀਨ ਕੰਮ ਮਿਲ ਜਾਂਦਾ ਸੀ। ਕੁਝ ਬੰਦਿਆਂ ਨੂੰ ਗਊਆਂ, ਮੱਝਾਂ, ਬਲਦ, ਘੋੜੇ ਆਦਿ ਪਾਲਣ ਦਾ ਕੰਮ ਸੌਂਪਿਆ ਹੋਇਆ ਸੀ। ਡੇਰੇ ਵਲੋਂ ਬਹੁਤ ਸਾਰੇ ਪਸ਼ੂ ਡੰਗਰ ਰਖੇ ਜਾਂਦੇ ਸਨ ਤੇ ਉਹਨਾਂ ਦੀ ਚੰਗੀ ਪਾਲਣਾ ਪੋਸਣਾ ਕਰ ਕੇ ਵਪਾਰ ਕੀਤਾ ਜਾਂਦਾ ਸੀ। ਇਸ ਰਵਾਇਤ ਨੂੰ ਅੱਜ ਤੱਕ ਭੀ ਨਾਮਧਾਰੀ ਡੇਰੇ ਵਿਚ ਨਿਬਾਹਿਆ ਜਾਂਦਾ ਹੈ। ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ (ਜ਼ਿਲ੍ਹਾ ਹਿਸਾਰ) ਵਿਖੇ ਚੰਗੀ ਨਸਲ ਦੀਆਂ ਗਊਆਂ, ਮੱਝਾਂ, ਘੋੜੇ ਆਦਿ ਪਸ਼ੂ ਰਖੇ ਜਾਂਦੇ ਹਨ ਤੇ ਉਨ੍ਹਾਂ ਦੀ ਪਾਲਣਾ ਪੋਸ਼ਣਾ ਨਵੀਨ ਵਿਗਿਆਨਕ ਢੰਗਾਂ ਨਾਲ ਕਰ ਕੇ ਨਸਲ ਦੀ ਉੱਨਤੀ ਲਈ ਜਤਨ ਕੀਤੇ ਜਾਂਦੇ ਹਨ।

ਹੋਰ ਗੁਰਮਤ ਉਪਦੇਸ਼ਾਂ ਦੇ ਨਾਲ ਨਾਲ ਬਾਬਾ ਜੀ ਆਪਣੇ ਸੇਵਕਾਂ ਵਿਚ ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਦੇ ਸਿਧਾਂਤ ਨੂੰ ਵੀ ਦ੍ਰਿੜ ਕਰਵਾਉਂਦੇ ਸਨ। ਚੋਰੀ ਦੀ ਚੀਜ਼ ਅਤੇ ਚੋਰੀ ਕਰਨ ਵਾਲਾ ਆਪ ਨੂੰ ਜ਼ਰਾ ਨਹੀਂ ਸੀ ਭਾਉਂਦਾ। ਫੌਜੀ ਨੌਕਰੀ ਤੋਂ ਬਾਅਦ ਜਦ ਆਪ ਪਿੰਡ ਵਾਹੀ ਕਰਦੇ ਸਨ ਤਾਂ ਇਕ ਦਿਨ ਭੁੱਲ ਭੁਲੇਖੇ ਆਪ ਜੀ ਦੀ ਪੁਤਰੀ ਕਿਸੇ ਹੋਰਸ ਦੀ ਪੈਲੀ ਵਿਚੋਂ ਸਾਗ ਤੋੜ ਲਿਆਈ ਅਤੇ ਜਦ ਆਪ ਜੀ ਨੂੰ ਪਤਾ ਲੱਗਾ ਤਾਂ ਆਪ ਨੇ ਉਸੇ ਵੇਲੇ ਮੁੜਵਾ ਦਿੱਤਾ।

ਇਕ ਵੇਰ ਆਪ ਸ੍ਰੀ ਅਨੰਦਪੁਰ ਜਾਂਦੇ ਹੋਏ ਕੀਰਤਪੁਰ ਠਹਿਰੇ ਹੋਏ ਸਨ। ਦੀਵਾਨ ਸਜਿਆ ਹੋਇਆ ਸੀ। ਦੂਰ ਨੇੜੇ ਤੋਂ ਸੰਗਤਾਂ ਹੁੰਮ ਹੁੰਮਾ ਕੇ ਜੁੜੀਆਂ ਹੋਈਆਂ ਸਨ ਕੁਝ ਸਿੰਘ ਮਾਝੇ ਤੋਂ ਭੀ ਭਜਨ ਲੈਣ ਲਈ ਆਏ ਹੋਏ ਸਨ। ਉਨ੍ਹਾਂ ਵਿਚੋਂ ਇਕ ਸਿਖ ਅਜਿਹਾ ਸੀ ਜੋ ਥੋੜ੍ਹੇ ਦਿਨ ਪਹਿਲਾਂ ਹੀ ਛੇ ਸੌ ਰੁਪਏ ਦੀ ਇਕ ਘੋੜੀ ਚੋਰੀ ਕਰ ਕੇ ਲਿਆਇਆ ਸੀ। ਜਦ ਆਪ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਕਹਿਣ ਲੱਗੇ, "ਭਲਿਆ ਲੋਕਾ! ਪਹਿਲਾਂ ਚੋਰੀ ਦੀ ਘੋੜੀ ਮੋੜ ਕੇ ਆ, ਫੇਰ ਤੈਨੂੰ ਭਜਨ ਦੇਵਾਂਗੇ।"

ਆਪ ਪਰਦੇਸ ਬੈਠੇ ਵੀ ਆਪਣੀਆਂ ਅਰਦਾਸਾਂ ਰਾਹੀਂ ਸਿੱਖਾਂ ਨੂੰ ਇਹੋ ਉਪਦੇਸ਼ ਦਿੰਦੇ ਰਹਿੰਦੇ ਸਨ। ਇਕ ਥਾਂ ਆਪ ਲਿਖਦੇ ਹਨ :-

"ਹੋਰ ਬਗਾਨੀ ਅੰਸ਼ ਕਿਸੇ ਨਹੀਂ ਖਾਣੀ, ਨਾ ਲੈਣੀ, ਨਾ ਚੁਰਾ ਕੇ ਨਾ ਠੱਗੀ ਕਰ ਕੇ, ਜੇ ਡਿੱਗੀ ਪਈ ਭੀ ਲੱਭੇ ਤਾਂ ਜਿਸ ਦੀ ਹੋਵੇ ਉਸ ਨੂੰ ਹੋਕਾ ਦੇ ਕੇ ਦੇ ਦੇਵੇ, ਕਰਜ਼ਾ ਲੈਣਾ, ਲੈ ਕੇ ਨਾ ਦੇਣਾ, ਚੋਰੀ ਧਾੜੇ ਤੇ ਭੀ ਵੱਡਾ ਪਾਪ ਹੈ। ਸੋ ਖਾਲਸਾ ਜੀ, ਬਗਾਨੀ ਅੰਸ ਦਾ ਤਿਆਗ ਕਰਨਾ ਬੱਡਾ ਧਰਮ ਹੈ। ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥੪੭॥"

ਝੂਠ ਬੋਲਣ ਨੂੰ ਭੀ ਬੱਜਰ ਪਾਪ ਸਮਝਿਆ ਜਾਂਦਾ ਸੀ। ਅਜਿਹਾ ਕਰਨ ਵਾਲੇ ਨੂੰ ਸੰਗਤ 'ਚੋਂ ਕੱਢ ਦਿੱਤਾ ਜਾਂਦਾ ਸੀ। ਇਕ ਵੇਰੀ ਦੀ ਗੱਲ ਹੈ ਕਿ ਪਿੰਡ ਚੁਗਾਵਾਂ (ਜ਼ਿਲ੍ਹਾ ਅੰਮ੍ਰਿਤਸਰ) ਦੇ ਨਿਹਾਲ ਸਿੰਘ ਨਾਮਧਾਰੀਏ ਨੇ ਕਿਸੇ ਦੇ ਪੈਸੇ ਦੇਣੇ ਸਨ ਤੇ ਇਸ ਸਿਲਸਿਲੇ ਵਿਚ ਮੁਕੱਦਮੇ ਦੀ ਪੈਰਵੀ ਲਈ ਉਹ ਅੰਮ੍ਰਿਤਸਰ ਕਚਹਿਰੀ ਪੁੱਜਾ

ਹੋਇਆ ਸੀ। ਕਚਹਿਰੀ ਵਿਚ ਮੈਜਿਸਟਰੇਟ ਦੇ ਸਾਹਮਣੇ ਉਸ ਨੇ ਝੂਠੀ ਸਹੁੰ ਖਾ ਲਈ ਤੇ ਪੈਸੇ ਦੇਣ ਤੋਂ ਬਚ ਗਇਆ। ਕੁਦਰਤ ਵਲੋਂ ਹੀ ਉਸ ਦਿਨ ਬਾਬਾ ਹਰੀ ਸਿੰਘ ਜੀ ਦੌਰਾ ਕਰਦੇ ਕਰਦੇ ਸ੍ਰੀ ਅੰਮ੍ਰਿਤਸਰ ਪੁੱਜੇ ਹੋਏ ਸਨ ਤੇ ਸ਼ਾਮ ਨੂੰ ਦੀਵਾਨ ਸਜਿਆ ਹੋਇਆ ਸੀ। ਨਿਹਾਲ ਸਿੰਘ ਭੀ ਕਚਹਿਰੀ ਵਲੋਂ ਵਿਹਲਾ ਹੋ ਕੇ ਦੀਵਾਨ ਵਿਚ ਪੁੱਜ ਗਇਆ। ਜਦੋਂ ਬਾਬਾ ਜੀ ਨੂੰ ਉਸ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸ ਨੂੰ ਸੰਗਤ ਚੋਂ ਬਾਹਰ ਕੱਢ ਦਿਤਾ ਅਤੇ ਕਹਿਆ ਕਿ ਜਦ ਤਕ ਆਪਣਾ ਮੂੰਹ ਕਾਲਾ ਕਰ ਕੇ ਉਸੇ ਕਚਹਿਰੀ ਵਿਚ ਜਾ ਕੇ ਮਾਫੀ ਮੰਗ ਕੇ ਪੈਸੇ ਵਾਪਸ ਨਾ ਕਰੇਂਗਾ ਤਦ ਤਕ ਸੰਗਤ ਤੈਨੂੰ ਮੂੰਹ ਨਹੀਂ ਲਾਵੇਗੀ। ਅਗਲੇ ਦਿਨ ਨਿਹਾਲ ਸਿੰਘ ਨੇ ਉਸੇ ਤਰ੍ਹਾਂ ਕੀਤਾ ਤੇ ਆਪਣੀ ਭੁੱਲ ਬਖਸ਼ਾਈ।

ਨਾਮਧਾਰੀਆਂ ਦੇ ਆਚਰਨ ਵਿਚ ਵੇਖੀ ਗਈ ਅਜਿਹੀ ਉੱਚਤਾ ਨੇ ਵੈਰੀ ਹਿਰਦਿਆਂ ਵਿਚ ਵੀ ਉਨ੍ਹਾਂ ਲਈ ਸਤਿਕਾਰ ਤੇ ਆਦਰ ਭਰ ਦਿਤਾ ਹੋਇਆ ਸੀ। ਭਾਵੇਂ ਕੂਕ ਅਤੇ ਅੰਗਰੇਜ਼ਾਂ ਵਿਚ ਕਿੰਨੇ ਭੀ ਵਖੇਵਾਂ ਕਿਉਂ ਨਾ ਹੋਣ, ਇਕ ਕੂਕੇ ਦੀ ਗਵਾਹੀ ਝੂਠ ਸੱਚ ਦਾ ਨਿਤਾਰਾ ਕਰਨ ਵਾਲੀ ਸਮਝੀ ਜਾਂਦੀ ਸੀ। ਕੋਈ ਭੁੱਲ ਹੋ ਜਾਣ ਤੇ ਮਾਫੀ ਮੰਗ ਲੈਣੀ, ਕੋਈ ਗੁਨਾਹ ਕਰ ਕੇ ਇਕਬਾਲ ਕਰ ਲੈਣਾ ਤੇ ਕਰੜੇ ਤੋਂ ਕਰੜਾ ਦੰਡ ਖਿੜੇ ਮੱਥੇ ਝੱਲਣ ਲਈ ਤਿਆਰ ਹੋ ਜਾਣਾ ਆਦਿ ਸ਼ੁਭ ਗੁਣਾਂ ਨੇ ਕੂਕਿਆਂ ਦੇ ਆਦਰ ਮਾਣ ਵਿਚ ਬਹੁਤ ਵਾਧਾ ਕੀਤਾ। ਬਾਬਾ ਰਾਮ ਸਿੰਘ ਜੀ ਆਪਣੇ ਸੇਵਕਾਂ ਨੂੰ ਹਮੇਸ਼ਾ ਮਿੱਠਾ ਬੋਲਣ ਦਾ ਉਪਦੇਸ਼ ਦਿਆ ਕਰਦੇ ਸਨ। ਇਕ ਅਰਦਾਸ ਵਿਚ ਆਪ ਲਿਖਦੇ ਹਨ :-

"ਹੋਰ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾਂ ਕਰਨੀ ਬੋਲ ਕਬੋਲ ਸਹਿ ਜਾਣਾ, ਸਭ ਦਾ। ਜੇ ਕੋਈ ਮਾਰੇ ਕੁਛੂ ਤਾਂ ਭੀ ਖਿਮਾਂ ਕਰਨੀ। ਤੁਸਾਂ ਦਾ ਰਛਕ ਗੁਰੂ ਹੈ।"

ਬਾਬਾ ਜੀ ਆਪਣੇ ਸੇਵਕਾਂ ਨੂੰ ਇਖਲਾਕੀ ਤੌਰ ਤੇ ਬਹੁਤ ਉੱਚਾ ਚੁੱਕਣਾ ਚਾਹੁੰਦੇ ਸਨ। ਪਰਦੇਸ਼ ਵਿਚ ਬੈਠੇ ਹੋਏ ਵੀ ਆਪਣੇ ਸੇਵਕਾਂ ਦੇ ਨਿੱਜੀ ਆਚਰਨ ਨੂੰ ਕਿੰਨਾ ਉੱਚਾ ਸੁੱਚਾ ਵੇਖਣ ਦੇ ਚਾਹਵਾਨ ਹਨ ਤੇ ਵਿਭਚਾਰੀਆਂ ਨੂੰ ਸਖਤ ਤਾੜਨਾ ਕਰਦੇ ਹਨ। ਭਾਈ ਮੀਹਾਂ ਸਿੰਘਾਂ ਨੂੰ ਤਾੜਨਾ ਭਰੀ ਚਿੱਠੀ ਲਿਖਦੇ ਹਨ ਤੇ ਨਫਾ ਨੁਕਸਾਨ ਦਸਦੇ ਹੋਏ ਸਮਝਾਉਂਦੇ ਹਨ:

...ਹੋਰ ਭਾਈ ਮੀਹਾਂ ਸਿੰਘ, ਤੈਂ ਇਹ ਬਾਤ ਅੱਛੀ ਨਹੀਂ ਕੀਤੀ ਜੋ ਰੰਡੀ ਦਾ ਸੰਗ ਕੀਤਾ......ਰੰਡੀ ਦੇ ਸੰਗ ਤੋਂ ਇਕ ਤਾਂ ਸਰੀਰ ਨੂੰ ਦੁੱਖ ਲਗ ਜਾਂਦਾ ਹੈ, ਇਕ ਪੈਸਾ ਬਰਬਾਦ ਹੋਇ ਜਾਂਦਾ ਹੈ, ਇਕ ਧਰਮ ਜਾਂਦਾ ਹੈ, ਇਕ ਲੋਕਾਂ ਮੈਂ ਬਹੁਤ ਭੰਡੀ ਹੁੰਦੀ ਹੈ......ਅਰ ਜੇ ਤੂੰ ਘਰ ਗਇਆ.....ਤਾਂ ਉਸ (ਘਰ ਦੀ ਸਿਖਣੀ) ਨੂੰ ਬਿਮਾਰੀ ਹੋਇ ਗਈ ਤਾਂ ਭੀ ਬੜਾ ਗਜ਼ਬ ਹੈ। ਤੈਂ ਬੱਡੀ ਗਾਫਲੀ ਕੀਤੀ ਏਸ ਬਾਤਿ ਦੀ॥੩੪॥

ਫਿਰ ਉਸੇ ਅਰਦਾਸ ਵਿਚ ਅੱਗੇ ਜਾ ਕੇ ਲਿਖਦੇ ਹਨ:-

"ਭਾਈ ਮੀਹਾਂ ਸਿੰਘ ਹੁਣ ਬਾਣੀ ਕੰਠ ਕਰਨੀ ਅਰ ਭਜਨ ਕਰਨਾ। ਰੰਡੀ ਮੁੰਡੀ ਤੇ ਬਹੁਤ ਕਰ ਕੇ ਬਚਨਾ। ਇਹ ਤਾਂ ਨਿਰਾ ਘਾਟੇ ਦਾ ਹੀ ਥਾਂਉ ਹੈ, ਨਫਾ ਕੋਈ ਭੀ ਨਹੀਂ। ਭਲਾ, ਭੁਲਾ ਸੋ ਭੁਲਾ, ਅਗੇ ਤਗੜਾ ਰਹਿਣਾ ਅਰ ਗੁਰੂ ਜੀ ਅੱਗੇ ਬੇਨਤੀ ਕਰ ਕੇ ਬਖਸ਼ਾਉਣਾ ਗੁਰੂ ਜੀ ਪਾਸੇ ਤੇ"॥੩੪॥

ਬਾਬਾ ਰਾਮ ਸਿੰਘ ਜੀ ਹਰ ਪਰਕਾਰ ਦੇ ਪਖੰਡ ਦੇ ਸਖਤ ਵਿਰੋਧੀ ਸਨ। ਕਈ ਨਾਮਧਾਰੀਏ ਸ਼ਬਦ ਕੀਰਤਨ ਕਰਦੇ ਹੋਏ, ਨਾਮ ਰਸ ਨੂੰ ਮਾਣਦੇ ਹੋਏ ਮਸਤਾਨੇ ਹੋ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਸਰੀਰ ਦੀ ਕੋਈ ਸੁੱਧ ਬੁੱਧ ਨਹੀਂ ਰਹਿੰਦੀ ਤੇ ਉੱਚੀ ਉੱਚੀ ਕਿਲਕਾਂ ਤੇ ਕੂਕਾਂ ਮਾਰਨ ਲੱਗ ਪੈਂਦੇ ਹਨ। ਇਸ ਅਵਸਥਾ ਨੂੰ 'ਸੂਤਰ ਪੈਣਾ' ਕਹਿਆ ਜਾਂਦਾ ਹੈ। ਕਈ ਸਜਣ ਕੇਵਲ ਆਪਣੀ ਨਾਮ ਲਿਵਲੀਨਤਾ ਦਾ ਪਰਭਾਵ ਪਾਉਣ ਲਈ ਹੀ ਅਜਿਹਾ ਸਾਂਗ ਰਚ ਲੈਂਦੇ ਹਨ, ਉਂਜ ਅਸਲੀਅਤ ਜ਼ਰਾ ਵੀ ਨਹੀਂ ਹੁੰਦੀ। ਅਜਿਹੇ ਪਖੰਡ ਦੀ ਬਾਬਾ ਜੀ ਨੇ ਸਖਤ ਨਖੇਧੀ ਕੀਤੀ ਹੈ। ਇਕ ਅਰਦਾਸ ਵਿਚ ਆਪਣੇ ਸੇਵਕਾਂ ਨੂੰ ਉਪਦੇਸ਼ ਕਰਦੇ ਹੋਏ ਆਪਣੇ ਵਿਚਾਰ ਪਰਗਟ ਕਰਦੇ ਹਨ।

"ਹੋਰ ਭਾਈ ਹਰੀ ਸਿੰਘ ਜੀ, ਤੁਸੀਂ ਬੂੜੀਆਂ ਕੋ ਇਹ ਬਾਤ ਬੋਝ ਦੇਣੀ, ਭਾਈ ਜੋ ਜਾਣ ਕੇ ਭੜਥੂ ਪਾਊ, ਸੂਤ੍ਰ ਕਢੂਗਾ, ਗੁਰੂ ਸਾਹਿਬ ਕਾ ਚੋਰ ਹੋਵੇਗਾ। ਉਸ ਦਾ ਭਜਨ ਬਾਣੀ ਨਿਹਫਲ ਜਾਊਗਾ, ਪਖੰਡ ਨਹੀਂ ਕਿਸੇ

ਕਰਨਾ, ਜੋ ਬੇਵਸ ਕੋ ਅਮਲ ਚੜ੍ਹ ਜਾਏ ਤੋ ਚੜ੍ਹ ਜਾਏ, ਪਖੰਡ ਨਹੀਂ ਕਿਸੇ ਕਰਨਾ, ਪਖੰਡ ਕੀਤੇ ਤੇ ਮੂੰਹ ਕਾਲਾ ਹੁੰਦਾ ਹੈ ਦੀਨ ਦੁਨੀ ਮੈਂ॥੪੯॥

ਨਾਮਧਾਰੀ ਮਤ ਵਿਚ ਨਸ਼ੇ, ਸ਼ਰਾਬ, ਮਾਸ ਦੀ ਵਰਤੋਂ ਬੜੀ ਸਖ਼ਤੀ ਨਾਲ ਵਰਜੀ ਗਈ ਹੈ। ਕੱਟੜ ਵੈਸ਼ਨੂੰ ਤੇ ਅਹਿੰਸਾਵਾਦੀ ਹਨ। ਸ਼ਿਕਾਰ ਖੇਡਣਾ ਤੇ ਜਾਨਵਰਾਂ ਨੂੰ ਦੁਖ ਦੇਣਾ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਨਾ ਹੀ ਅਜਿਹਾ ਕਰਨ ਵਾਲੇ ਨਾਲ ਮੇਲ ਵਰਤੋਂ ਹੀ ਰਖੀ ਜਾਂਦੀ ਹੈ। ਇਕ ਵੇਰ ਦੀ ਗੱਲ ਹੈ ਕਿ ਬਾਬਾ ਰਾਮ ਸਿੰਘ ਜੀ ਸਿਆਲਕੋਟ ਦੇ ਦੌਰੇ ਤੋਂ ਵਾਪਸ ਆਉਂਦੇ ਹੋਏ ਕੱਕੜਾਂ ਦਾ ਪੱਤਣ ਲੰਘ ਕੇ ਅੰਮ੍ਰਿਤਸਰ ਵੱਲ ਆ ਰਹੇ ਸਨ। ਰਾਹ ਵਿਚ ਸੰਧਾਂਵਾਲੀਆ ਸਰਦਾਰ ਬਖ਼ਸੀਸ਼ ਸਿੰਘ ਸ਼ਿਕਾਰ ਖੇਡਦਾ ਹੋਇਆ ਮਿਲ ਗਇਆ। ਸੰਧਾਂਵਾਲੀਏ ਸਰਦਾਰ ਨੇ ਬਾਬਾ ਜੀ ਦੀ ਘੋੜੀ ਦੀ ਲਗਾਮ ਫੜ ਲਈ ਅਤੇ ਬੇਨਤੀ ਕੀਤੀ ਕਿ ਅੱਜ ਦੀ ਰਾਤ ਸਾਡੇ ਪਿੰਡ ਪੜਾਅ ਕੀਤਾ ਜਾਵੇ ਤੇ ਲੰਗਰ ਕੀਤਾ ਜਾਵੇ। ਬਾਬਾ ਜੀ ਨੇ ਸਪਸ਼ਟ ਸ਼ਬਦਾਂ ਵਿਚ ਨਾਂਹ ਕਰਦਿਆਂ ਹੋਇਆਂ ਕਹਿਆ ਕਿ ਪਹਿਲਾਂ ਸ਼ਿਕਾਰ ਖੇਡਣਾ ਬੰਦ ਕਰ, ਫਿਰ ਤੇਰੇ ਪਿੰਡ ਚੱਲ ਕੇ ਲੰਗਰ ਕਰਾਂਗੇ।

ਬਾਬਾ ਰਾਮ ਸਿੰਘ ਜੀ 'ਅ ਸ਼ੋਨਦ ਮਨਿਦ ਨਿ ਓ ਸ਼ੋਨਦ ਬੋਦੇ' ਅਰਥਾਤ ਨਰੋਏ ਸਰੀਰ ਵਾਲੇ ਦਾ ਹੀ ਨਰੋਆ ਮਨ ਹੋ ਸਕਦਾ ਹੈ, ਦੇ ਪੱਕੇ ਧਾਰਨੀ ਸਨ ਅਤੇ ਆਪਣੇ ਸੇਵਕਾਂ ਨੂੰ ਸਰੀਰ ਅਤੇ ਕੱਪੜਿਆਂ ਨੂੰ ਸਾਫ਼ ਰਖਣਾ, ਅੰਮ੍ਰਿਤ ਵੇਲੇ ਉੱਠ ਕੇ ਹੁਣ ਕੇਸੀਂ ਇਸ਼ਨਾਨ ਕਰਨਾ, ਦੂਰ ਜੰਗਲ ਪਾਣੀ ਜਾਣਾ, ਹਰ ਰੋਜ਼ ਦਾਤਣ ਕਰਨੀ, ਸੁਭਾ ਵਿਚ ਉੱਦਮ ਤੇ ਬਾਕਾਇਦਗੀ ਭਰਨ ਬਾਰੇ ਆਮ ਉਪਦੇਸ਼ ਕਰਦੇ ਰਹਿੰਦੇ ਸਨ। ਸਰੀਰ ਨੂੰ ਕਸਰਤੀ, ਤੰਦਰੁਸਤ ਤੇ ਚੁਸਤ ਰੱਖਣ ਲਈ ਘੁੜ-ਸਵਾਰੀ, ਗਤਕੇ ਬਾਜ਼ੀ, ਪਥੇ ਬਾਜ਼ੀ ਆਦਿ ਦੀ ਰੀਤ ਆਪਣੇ ਸੇਵਕਾਂ ਵਿਚ ਪਰਚਲਤ ਕੀਤੀ ਹੋਈ ਸੀ। ਸਰੀਰ ਦੇ ਇਕ ਇਕ ਅੰਗ ਵੱਲ ਉਚੇਚਾ ਧਿਆਨ ਦਿਵਾਇਆ ਕਰਦੇ ਸਨ। ਲੁਧਿਆਨੇ ਦਾ ਭਾਈ ਅਤਰ ਸਿੰਘ (ਨਾਈ ਸਿੰਘ) ਭੈਣੀ ਸਾਹਿਬ ਵਿਆਹਿਆ ਹੋਇਆ ਸੀ ਤੇ ਬਾਬਾ ਜੀ ਦੇ ਚੰਗੇ ਸ਼ਰਧਾਲੂਆਂ ਵਿਚੋਂ ਸੀ। ਬਾਬਾ ਜੀ ਨੇ ਉਸ ਨੂੰ ਆਪਣੇ ਪਾਸ ਹੀ ਰਖਿਆ ਹੋਇਆ ਸੀ ਤੇ ਇਕ ਨਹੋਰਨਾ ਦੇ ਕੇ ਦੰਦਾਂ ਦਾ ਕਰੇੜਾ ਲਾਹੁਣ ਦੀ ਸੇਵਾ ਬਖਸ਼ੀ ਹੋਈ ਸੀ। ਜਿਹੜਾ ਵੀ ਸਿੰਘ ਅੰਮ੍ਰਿਤ ਛਕਣ ਲਈ ਆਉਂਦਾ, ਉਸ ਨੂੰ ਹੁਕਮ ਸੀ ਕਿ ਪਹਿਲਾਂ ਭਾਈ ਅਤਰ ਸਿੰਘ ਪਾਸੋਂ ਦੰਦ ਸਾਫ਼ ਕਰਵਾ ਆਵੇ ਫਿਰ ਅੰਮ੍ਰਿਤ ਛਕਾਇਆ ਜਾਵੇਗਾ।

**ਬਾਬਾ ਰਾਮ ਸਿੰਘ ਜੀ ਤੇ ਸਮਾਜ ਸੁਧਾਰ–** ਬਾਬਾ ਰਾਮ ਸਿੰਘ ਜੀ ਦਾ ਨਾਂ ਭਾਰਤ ਦੇ ਵਡੇ ਸਮਾਜ-ਸੁਧਾਰਕਾਂ ਵਿਚ ਗਿਣਿਆ ਜਾ ਸਕਦਾ ਹੈ। ਆਪ ਨੇ ਆਪਣੇ ਸੇਵਕਾਂ ਨੂੰ ਜਿਥੇ ਆਤਮਕ ਅਤੇ ਸਰੀਰਕ ਤੌਰ ਤੇ ਬਲਵਾਨ ਕਰਨ ਦਾ ਉਪਰਾਲਾ ਕੀਤਾ, ਉਥੇ ਨਾਲ ਨਾਲ ਉਨ੍ਹਾਂ ਨੂੰ ਸਮਾਜ ਦਾ ਨਰੋਆ ਅੰਗ ਵੀ ਬਣਾਇਆ। ਆਪ ਪੰਜਾਬੀ ਸਮਾਜ ਵਿਚ ਪਰਚਲਤ ਪੁਰਾਣੀਆਂ ਤੇ ਬੋਦੀਆਂ ਕੀਮਤਾਂ ਦੀ ਥਾਂ ਨਵੀਆਂ ਤੇ ਵਿਗਿਆਨਕ ਲੀਹਾਂ ਤੋਰਨੀਆਂ ਚਾਹੁੰਦੇ ਸਨ। ਇਕ ਨਾਮਧਾਰੀ ਦਾ ਜੀਵਨ ਆਦਰਸ਼ਕ ਸਮਾਜਕ ਜੀਵਨ ਹੈ ਜਿਸ ਦੀਆਂ ਨੀਹਾਂ ਬਾਬਾ ਰਾਮ ਸਿੰਘ ਜੀ ਨੇ ਪੰਚਾਇਤੀ ਢੰਗ ਤੇ ਰਖੀਆਂ ਸਨ। ਛੋਟੇ ਵਡੇ ਦਾ, ਉਚ ਨੀਚ ਦਾ ਕੋਈ ਵਿਤਕਰਾ ਨਹੀਂ ਸੀ। ਉਚਾ ਉਹ ਹੈ ਜੋ ਉਚਿਆਂ ਵਾਲੇ ਕੰਮ ਕਰਦਾ ਹੈ ਨਾ ਕਿ ਉਹ ਜੋ ਉਚ ਘਰਾਣੇ ਵਿਚ ਪੈਦਾ ਹੋਇਆ ਹੈ। ਆਪ ਅਜਿਹੇ ਉਪਦੇਸ਼ ਦਿੰਦੇ ਹੋਏ ਕਈ ਵੇਰ ਆਪਣੇ ਸੇਵਕਾਂ ਨੂੰ ਕਹਿਆ ਕਰਦੇ ਸਨ ਕਿ ਨਾਮ ਤੇ ਪ੍ਰਭੂ ਸਿਮਰਨ ਹੀ ਮਨੁੱਖ-ਮਾਤਰ ਨੂੰ ਉਚਿਆਂਦਾ ਹੈ, ਨਹੀਂ ਤਾਂ ਮੇਰੇ ਵਰਗੇ ਮਮੂਲੀ ਤਰਖਾਨ ਨੂੰ ਕੌਣ ਪੁਛਦਾ ਹੈ। ਆਪ ਜੀ ਦੀ ਸਮਾਜ, ਸਚਾਈ ਅਤੇ ਪ੍ਰਭੂ ਸਿਮਰਨ ਦੀਆਂ ਨੀਹਾਂ ਤੇ ਖੜੀ ਦਿਸਦੀ ਹੈ। ਆਪ ਜੀ ਦੇ ਬੁਨਿਆਦੀ ਸਮਾਜਕ ਅਸੂਲਾਂ ਬਾਰੇ ਸਰਕਾਰੀ ਕਾਗਜ਼ਾਂ ਵਿਚੋਂ ਹੇਠ ਲਿਖੀ ਲਿਖਤ ਮਿਲਦੀ ਹੈ:-

"He abolishes all distinctions of caste among Sikhs; advocates indis-criminate marriage of all classes; enjoins the marriages of widows; enjoins abstinance from liquor and drugs; but advocates much too free intercourse between the sexes; men and

women rave together at his meetings; and thousands of women and young girls have joined the Sect, he exports his disciples to be clearly and truth telling."

ਅਰਥਾਤ:-ਉਹ (ਬਾਬਾ ਰਾਮ ਸਿੰਘ) ਸਿੱਖਾਂ ਵਿਚੋਂ ਜ਼ਾਤ-ਪਾਤ ਦਾ ਭੇਦ ਮਿਟਾਂਦਾ ਹੈ, ਸਭ ਜ਼ਾਤਾਂ ਵਿਚ ਪ੍ਰਸਪਰ ਖੁਲ੍ਹੀਆਂ ਵਿਆਹ ਸ਼ਾਦੀਆਂ ਦਾ ਪਰਚਾਰ ਕਰਦਾ ਹੈ, ਵਿਧਵਾ-ਵਿਆਹ ਦੀ ਆਗਿਆ ਦਿੰਦਾ ਹੈ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਵਰਜਦਾ ਹੈ। ਪੁਰਸ਼ ਅਤੇ ਇਸਤਰੀਆਂ ਦੇ ਖੁਲ੍ਹੇ ਮੇਲ ਜੋਲ ਨੂੰ ਪਰਚਾਰਦਾ ਹੈ ਅਤੇ ਉਸ ਦੇ ਦੀਵਾਨਾਂ ਵਿਚ ਪੁਰਸ਼ ਇਸਤਰੀਆਂ ਇਕੱਠੇ ਵਿਚਰਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀਆਂ ਅਤੇ ਜਵਾਨ ਲੜਕੀਆਂ ਉਸ ਦੇ ਪੰਥ ਵਿਚ ਆ ਚੁਕੀਆਂ ਹਨ। ਉਹ ਆਪਣੇ ਸੇਵਕਾਂ ਨੂੰ ਸੱਚ ਬੋਲਣ ਅਤੇ ਸਵੱਛ ਰਹਿਣੀ ਬਹਿਣੀ ਦਾ ਉਪਦੇਸ਼ ਕਰਦਾ ਹੈ।

ਛੋਟੀ ਉਮਰ ਦੇ ਬੱਚਿਆਂ ਦਾ ਵਿਆਹ ਕਰ ਦੇਣ ਦੀ ਰੀਤ ਬੜੇ ਚਿਰ ਤੋਂ ਭਾਰਤ ਵਰਸ਼ ਵਿਚ ਚਲੀ ਆਉਂਦੀ ਹੈ। ਆਪ ਜੀ ਦੀ ਸ਼ਾਦੀ ਵੀ ਸੱਤ ਸਾਲ ਦੀ ਆਯੂ ਵਿਚ ਹੀ ਹੋ ਗਈ ਸੀ। ਆਪ ਛੋਟੀ ਉਮਰ ਦੀ ਸ਼ਾਦੀ ਦੇ ਔਗੁਣਾਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਤੇ ਉਸ ਨੂੰ ਕੋਸਦੇ ਹੋਏ ਆਪਣੇ ਸੇਵਕਾਂ ਨੂੰ ਇਸ ਪਾਸੋਂ ਛੁਟਕਾਰਾ ਪਾਉਣ ਦੀ ਪਰੇਰਨਾ ਕਰਦੇ ਸਨ । ਆਪ ਜੀ ਦਾ ਹੁਕਮ ਸੀ ਕਿ ਕੋਈ ਸ਼ਾਦੀ ਵੀ ਛੋਟੀ ਆਯੂ ਵਿਚ ਨਾ ਕੀਤੀ ਜਾਵੇ ਅਤੇ ਆਪ ਪਰਦੇਸ ਬੈਠੇ ਹੋਏ ਵੀ ਆਪਣੇ ਸੇਵਕਾਂ ਨੂੰ ਇਸ ਗੱਲ ਦੀ ਚਿਤਾਵਨੀ ਕਰਾਉਂਦੇ ਹਨ:-

"........ਗੁਰੂ ਜੀ ਦਾ ਭੀ ਏਹੋ ਹੁਕਮ ਹੈ, ਅਜੋ ਠਾਰਾਂ ਬਰਸ ਦਾ ਲੜਕਾ ਹੋਵੇ ਤਾਂ ਬਿਆਹ ਕਰਨਾਂ, ਉਰੇ ਨਹੀਂ ਕਰਨਾਂ।"

ਆਪ ਜੀ ਨੇ ਆਮ ਭਾਈਚਾਰਕ ਵਰਤੋਂ ਵਿਹਾਰ ਦੇ ਭੀ ਬਹੁਤ ਸਾਰੇ ਨਿਯਮ ਆਪਣੇ ਸੇਵਕਾਂ ਵਿਚ ਪਰਚਲਤ ਕਰਵਾਏ। ਪੈਸੇ ਬਿਆਜ਼ੀ ਦੇਣ ਜਾਂ ਬਿਆਜ ਲੈਣ, ਜਿਨਸ ਦੇ ਕੇ ਸਵਾਈ ਜਾਂ ਡਿਉਢੀ ਲੈਣ ਆਦਿ ਨੂੰ ਆਪ ਬਹੁਤ ਬੁਰਾ ਮੰਨਦੇ ਸਨ। ਆਪ ਦਾ ਖਿਆਲ ਸੀ ਕਿ ਮਨੁੱਖਤਾ ਵਿਚ ਭਰਾਤਰੀ-ਭਾਵ ਤੇ ਭਾਈਚਾਰਕ ਪੱਧਰ ਕਾਇਮ ਰੱਖਣ ਲਈ ਇਨ੍ਹਾਂ ਚੀਜ਼ਾਂ ਦਾ ਤਿਆਗ ਜ਼ਰੂਰੀ ਹੈ। ਜਿਸ ਕਿਸੇ ਪਾਸ ਬਹੁਤਾ ਹੈ ਉਸ ਦਾ ਇਖ਼ਲਾਕੀ ਫਰਜ਼ ਬਣਦਾ ਹੈ ਕਿ ਆਪਣੇ ਗੁਆਂਢੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਸ ਦਾ ਹੱਥ ਵਟਾਏ, ਨਾ ਕਿ ਕਿਸੇ ਲੋੜਵੰਦ ਨੂੰ ਮੁਸ਼ਕਲ ਵਿਚ ਫਸਿਆਂ ਵੇਖ ਕੇ ਵੱਧ ਤੋਂ ਵੱਧ ਬਿਆਜ ਲੈ ਕੇ ਪੈਸੇ ਵਰਤਣ ਲਈ ਦਿਤੇ ਜਾਣ। ਅਜਿਹਾ ਕਰਨ ਵਾਲੇ ਨੂੰ ਨਾਮਧਾਰੀ ਬਰਾਦਰੀ ਵਿਚ ਕੋਈ ਥਾਂ ਨਹੀਂ। ਆਪ ਆਪਣੀ ਇਕ ਅਰਦਾਸ ਵਿੱਚ ਲਿਖਦੇ ਹਨ:-

"........ਜੇ ਕੋਈ ਬਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ, ਉਸ ਦੇ ਨਾਲ ਨਹੀਂ ਵਰਤਣਾ॥੧੧॥

ਆਪ ਜੀ ਦੇ ਪਰਚਲਤ ਕੀਤੇ ਭਾਈਚਾਰਕ ਨਿਜ਼ਾਮ ਵਿੱਚ ਝੂਠ, ਚੋਰੀ ਯਾਰੀ, ਵਿਭਚਾਰ, ਜਾਦੂ, ਟੂਣੇ, ਤਵੀਤਾਂ ਆਦਿ ਦੇ ਵਹਿਮਾਂ ਨੂੰ ਕੋਈ ਥਾਂ ਨਹੀਂ।

ਕੂਕਾ ਪੰਥ ਬਾਰੇ ਇਕ ਸਰਕਾਰੀ ਟ੍ਰੈਕਟ, ਜੋ ਉਸ ਸਮੇਂ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਵਿੱਚ ਵੰਡਿਆ, ਵਿੱਚ ਲਿਖਿਆ ਹੈ :-

ਉਹ (ਕੂਕੇ) ਉੱਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ, ਚੋਰੀ ਯਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ। ਉਹ ਉਨ੍ਹਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸਿੱਖ ਪੰਥ ਨੂੰ ਭ੍ਰਿਸ਼ਟ ਕਰ ਦਿਤਾ ਹੈ।"

ਆਪ ਨੇ ਗੁਰੂ ਸਾਹਿਬਾਂ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਹੋਇਆਂ ਪੰਜਾਬੀ ਸਮਾਜ ਵਿਚ ਇਸਤਰੀ ਨੂੰ ਹਰ ਪਹਿਲੂ ਤੋਂ ਪੁਰਸ਼ ਦੇ ਬਰਾਬਰ ਲਿਆਉਣ ਦਾ ਜਤਨ ਕੀਤਾ। ਆਪ ਜੀ ਨੇ ਇਹ ਚੰਗੀ ਤਰ੍ਹਾਂ ਅਨੁਭਵ ਕਰ ਲਇਆ ਸੀ ਕਿ ਇਸਤਰੀ ਤੇ ਪੁਰਸ਼ ਦੋਵੇਂ ਸਮਾਜਕ ਪਹੀਏ ਇਕੋ ਜਿਹੀ ਮਹਾਨਤਾ ਰਖਦੇ ਹਨ ਅਤੇ ਇਨ੍ਹਾਂ ਦਾ ਅਰੋਗ ਰਹਿਣਾ ਹੀ ਸਮਾਜਕ ਉਨਤੀ ਦਾ ਸਾਧਨ ਬਣ ਸਕਦਾ ਹੈ। ਆਪ ਨੇ ਇਸਤਰੀ ਤੇ ਪੁਰਸ਼ ਦੋਹਾਂ ਦੀ ਆਤਮਕ ਪਰਫੁੱਲਤਾ ਜ਼ਰੂਰੀ ਦੱਸੀ, ਇਕੋ ਪੱਧਰ ਤੇ ਲਿਆ ਕੇ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾਇਆ ਤੇ ਨਾਮ

ਜਪਣ ਵਲ ਲਾਇਆ। ਬਾਬਾ ਰਾਮ ਸਿੰਘ ਜੀ ਨੇ ਇਸਤਰੀਆਂ ਵਿਚੋਂ ਸਭ ਤੋਂ ਪਹਿਲਾਂ ਪਿੰਡ ਸਿਆਹੜ (ਜ਼ਿਲ੍ਹਾ ਲੁਧਿਆਣਾ) ਦੀ ਮਾਈ ਖੇਮੋ ਨੂੰ ਸੰਮਤ ੧੯੧੫ ਬਿਕ੍ਰਮੀ ਅਰਥਾਤ ਸੰਨ ੧੮੫੮ ਵਿਚ ਅੰਮ੍ਰਿਤ ਦੀ ਦਾਤ ਬਖਸ਼ੀ। ਇਸਤਰੀਆਂ ਨੂੰ ਵੀ ਪੁਰਸ਼ਾਂ ਵਾਂਗ ਹੀ ਦੀਵਾਨ ਵਿਚ ਆ ਕੇ ਧਾਰਨਾ ਨਾਲ ਸ਼ਬਦ ਪੜ੍ਹਨ, ਨਿਤਨੇਮ ਕਰਨ, ਲੰਗਰ ਵਿਚ ਸੇਵਾ ਕਰਨ ਦੇ ਉਪਦੇਸ਼ ਦਿੱਤੇ। ਧਰਮ ਪਰਚਾਰ ਕਰਨ ਸਮੇਂ ਭੀ ਪੁਰਸ਼ਾਂ ਦੇ ਨਾਲ ਨਾਲ, ਇਸਤਰੀਆਂ ਨੂੰ ਪਰਚਾਰਕ ਨੀਅਤ ਕੀਤਾ ਗਇਆ। ਉਪਰ ਦਸਿਆ ਜਾ ਚੁੱਕਾ ਹੈ ਕਿ ਪਿੰਡ ਵਰਿਆਂਹ ਜ਼ਿਲਾ ਅੰਮ੍ਰਿਤਸਰ ਦੀ ਬੀਬੀ ਹੁਕਮੀ ਨੂੰ ਸੂਬੇ ਦੀ ਪਦਵੀ ਦਿਤੀ ਗਈ। ਖੁਲ੍ਹੇ ਦੀਵਾਨਾਂ ਵਿਚ ਵਿਵਾਹ ਕਰਨ ਦੀ ਰੀਤ ਤੋਰ ਕੇ ਪਰਦੇ ਤੋਂ ਛੁਟਕਾਰਾ ਦਿਵਾਇਆ।

ਕਈ ਸਦੀਆਂ ਤੋਂ ਪੰਜਾਬ, ਭਾਰਤ ਉਤੇ ਹਮਲਾ ਕਰਨ ਵਾਲਿਆਂ ਦਾ ਰਾਹ ਬਣਿਆ ਹੋਇਆ ਸੀ ਤੇ ਅਜਿਹੇ ਸਮੇਂ ਸਭ ਤੋਂ ਵਧੇਰੇ ਕਸ਼ਟ ਪੰਜਾਬੀਆਂ ਨੂੰ ਹੀ ਸਹਿਣੇ ਪੈਂਦੇ ਸਨ। ਇਸਤਰੀਆਂ ਦੀ ਬੇਪਤੀ ਹੁੰਦੀ ਸੀ ਜਿਸ ਕਰ ਕੇ ਲੋਕ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿਆ ਕਰਦੇ ਸਨ। ਇਸੇ ਬੁਰੇ ਰਿਵਾਜ ਨੂੰ ਸਿੱਖ ਗੁਰੂਆਂ ਨੇ ਆਪਣੇ ਉਪਦੇਸ਼ਾਂ ਰਾਹੀਂ ਦੂਰ ਕਰਨ ਦਾ ਜਤਨ ਕੀਤਾ। ਸਿੱਖ ਰਹਿਤਨਾਮਿਆਂ ਵਿਚ ਵੀ ਕੁੜੀਮਾਰ ਨਾਲ ਵਰਤੋਂ ਵਿਹਾਰ ਦੀ ਮਨਾਹੀ ਕੀਤੀ ਗਈ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਇਹ ਬੀਮਾਰੀ ਪੂਰੇ ਤੌਰ ਤੇ ਸਿੱਖਾਂ ਵਿਚੋਂ ਖਤਮ ਨਹੀਂ ਸੀ ਹੋਈ ਜਾਂ ਪਰਚਾਰ ਦੀ ਥੁੜ ਦੇ ਕਾਰਨ ਕਈ ਘਰਾਣਿਆਂ ਵਿਚ ਮੁੜ ਸ਼ੁਰੂ ਹੋ ਗਈ ਸੀ। ਬਾਬਾ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਦਾ ਧਿਆਨ ਉਚੇਚਾ ਇਸ ਪਾਸੇ ਵੱਲ ਦਿਵਾਇਆ। ਆਪ ਦੇ ਪਰਚਾਰ ਦਾ ਸਦਕਾ, ਇਲਾਕਾ ਗੁਜਰਵਾਲ (ਜ਼ਿਲਾ ਲੁਧਿਆਣਾ) ਦੇ ਗਰੇਵਾਲ ਤੇ ਇਲਾਕਾ ਸਰਹਾਲੀ (ਜ਼ਿਲ੍ਹਾ ਅੰਮ੍ਰਿਤਸਰ) ਦੇ ਸੰਧੂ ਸਰਦਾਰ ਘਰਾਣਿਆਂ ਨੇ ਇਸ ਬੀਮਾਰੀ ਤੋਂ ਛੁਟਕਾਰਾ ਪਾਇਆ।

ਆਪ ਨੇ ਕੁੜੀਆਂ ਨੂੰ ਵੀ ਮੁੰਡਿਆਂ ਵਾਂਗ ਹੀ ਪਾਲਣ ਪੋਸਣ ਤੇ ਵਿਦਿਆ ਦੇਣ ਦੀਆਂ ਹਦਾਇਤਾਂ ਕੀਤੀਆਂ। ਭਾਵੇਂ ਨਾਮਧਾਰੀ ਨਾ-ਮਿਲਵਰਤਣ ਲਹਿਰ ਹੇਠ ਸਰਕਾਰੀ ਸਕੂਲਾਂ ਕਾਲਜਾਂ ਦਾ ਬਾਈਕਾਟ ਕੀਤਾ ਗਇਆ ਸੀ ਪਰੰਤੂ ਫਿਰ ਵੀ ਸੰਗਤ ਦੇ ਆਪਣੇ ਜਤਨਾਂ ਨਾਲ ਮੁੰਡਿਆਂ ਦੇ ਨਾਲ ਨਾਲ ਇਸਤਰੀਆਂ ਨੂੰ ਵੀ ਲੋੜੀਂਦੀ ਵਿਦਿਆ ਦਿੱਤੀ ਜਾਂਦੀ ਰਹੀ ਹੈ। ਘੱਟੋ-ਘੱਟ ਗੁਰਮੁਖੀ ਪੜ੍ਹਨੀ ਤੇ ਲਿਖਣੀ, ਪੰਜ ਗ੍ਰੰਥੀ ਤੇ ਗੁਰੂ ਗ੍ਰੰਥ ਦਾ ਪਾਠ ਕਰਨਾ, ਨਿਤਨੇਮ ਕੰਠ ਕਰਨਾ ਆਦਿ ਹਰੇਕ ਇਸਤਰੀ ਜ਼ਰੂਰੀ ਮੰਨਿਆ ਜਾਂਦਾ ਹੈ। ਬਾਬਾ ਜੀ ਦੇਸ਼ ਨਿਕਾਲੇ ਦੇ ਸਮੇਂ ਭੀ ਆਪਣੇ ਸੇਵਕਾਂ ਨੂੰ ਅਜਿਹੀਆਂ ਸਿਖਿਆਵਾਂ ਅਰਦਾਸਾਂ ਰਾਹੀਂ ਭੇਜਦੇ ਰਹਿੰਦੇ ਸਨ, ਜਿਵੇਂ:-

"......ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਇਹ ਹੁਕਮ ਦੇਣਾ, ਭੋਗ ਗੁਰੂ ਗ੍ਰੰਥ ਦੇ ਤੇ ਬਾਣੀ ਕੰਠ ਕਰਨ ਸਰਬ ਬੁਢੇ, ਬਾਲੇ, ਮਾਈ, ਬੀਬੀ, ਪਿਛਲ ਰਾਤ ਅਸ਼ਨਾਨ, ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ"॥੪੬॥

"........ਬੀਬੀ ਨੰਦਾਂ ਲਟਕੀਆਂ ਨੂੰ ਬਹੂਆਂ ਨੂੰ ਬੀ ਅਖਰ ਪੜ੍ਹਾ ਦੇਨੇ ਗੁਰਮੁਖੀ, ਬਾਣੀ ਕੰਠ ਕਰਾਏ ਦੇਨੀ" ॥੯॥

ਜਵਾਨ ਲੜਕੀਆਂ ਦਾ ਵੇਚ ਦੇਣਾ, ਵੱਟੇ ਦੀ ਸ਼ਾਦੀ ਕਰਨੀ ਜਾਂ ਪੈਸੇ ਲੈ ਕੇ ਲੜਕੀ ਨੂੰ ਕਿਸੇ ਬੁਢੇ ਠੇਰੇ ਦੇ ਲੜ ਲਾ ਦੇਣਾ ਆਦਿ ਕੁਰੀਤੀਆਂ ਜੋ ਸਿਖ-ਰਹਿਤਨਾਮਿਆਂ ਅਨੁਸਾਰ ਵਿਵਰਜਤ ਹਨ, ਨੂੰ ਬਾਬਾ ਜੀ ਨੇ ਹਟਾਇਆ ਤੇ ਇਸਤਰੀ ਦਾ ਸਿੱਖ ਸਮਾਜ ਵਿਚ ਯੋਗ ਸਥਾਨ ਸਥਾਪਤ ਕੀਤਾ। ਆਪਣੀਆਂ ਅਰਦਾਸਾਂ ਰਾਹੀਂ ਭੀ ਆਪਣੇ ਸਿੱਖਾਂ ਨੂੰ ਸਖਤ ਤਾੜਨਾ ਕਰਦੇ ਹਨ ਤੇ ਇਸਤਰੀ ਦਾ ਮਾਣ ਕਰਾਉਂਦੇ ਹਨ, ਜਿਵੇਂ:-

"......ਇਕ ਹੋਰ ਭੀ ਬਾਤ ਸਭ ਨੂੰ ਸੁਣਾ ਦੇਣੀ, ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੈਂ ਨਾ ਬੜਨ ਦੇਣਾ। ਜੇ ਨਾ ਮੰਨੇ ਤਾਂ ਆਖਣਾ ਫੇਰ ਨਾ ਆਈਂ, ਨਾ ਹਟੇ ਜੁਤੀਆਂ ਮਾਰ ਕੇ ਕੱਢ ਦੇਣਾ, ਕੁਛ ਕਰਦਾ ਫਿਰੇ॥੧੦॥

ਕੁੜੀਆਂ ਵੇਚਣ ਦੇ ਨਫੇ ਨੁਕਸਾਨ ਦੀ ਚਰਚਾ

ਕਰਦੇ ਹੋਏ ਆਪਣੇ ਸੇਵਕਾਂ ਨੂੰ ਸਮਝਾਉਂਦੇ ਹਨ। ਇਸਤਰੀ ਜਾਤੀ ਲਈ ਆਪ ਦੇ ਹਿਰਦੇ ਵਿਚ ਕਿੰਨਾ ਸਤਿਕਾਰ ਹੈ, ਹੇਠ ਲਿਖੀ ਅਰਦਾਸ ਤੋਂ ਪਤਾ ਲਗਦਾ ਹੈ:-

......ਅਗੇ ਜੋ ਲੜਕੀ ਮਾਰੇ, ਤੇ ਲਟਕੀ ਬੇਚ ਦੇਨੇ ਦਾ ਬਡਾ ਪਾਪ ਹੈ, ਕਿਉਂਕਿ ਲਟਕੀਆਂ ਮੈਂ ਬਡੇ ਗੁਣ ਹੈ, ਅਨੇਕ ਤਰ੍ਹਾਂ ਦੇ ਸੁਖ ਦੇਂਦੀਆਂ ਹੈ। ਇਸਤਰੀਆਂ ਦੇ ਗੁਣ ਕਹੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀਆਂ ਦਾ ਮਾਰਨਾਂ ਗਊ ਤੋਂ ਭੀ ਬਡਾ ਪਾਪ ਹੈ, ਬੱਟਾ ਕਰਨਾਂ ਤੋਂ ਕੰਮ ਲੈਣ ਦਾ ਏਕ ਤੋ ਬਰ ਅਛਾ ਨਹੀਂ ਮਿਲਦਾ, ਮਿਲਦਾ ਹੈ, ਦੰਮ ਲੈਣ ਤੇ ਕੁੜੀ ਦੇ ਘਰ ਕੁਛ ਨਹੀਂ ਰਹਿੰਦਾ ਹੈ, ਕੁੜੀ ਬਹੁਤ ਦੁਖੀ ਰਹਿੰਦੀ ਹੈ, ਨਾਲੇ ਕੁੜੀ ਬਿਭਚਾਰਨ ਹੋਇ ਜਾਂਦੀ ਹੈ, ਬਹੁਤ ਥਾਂਇ ਖਰਾਬ ਹੁੰਦੀ ਹੈ, ਇਹ ਸਾਰੇ ਪਾਪ ਮਾਪਿਆਂ ਨੂੰ ਲਗਦਾ ਹੈ। ਮਾਪਿਆਂ ਦੇ ਬੁਰੇ ਹਾਲ ਹੋ ਜਾਂਦੇ ਹਨ। ਮੈਂ ਲੜਕੀ ਆਪਣੀ ਅੱਖੀਂ ਦੇਖੀ ਹੈਨ ਇਹ ਬਾਤ, ਸਤਿ ਪ੍ਰਤੀਤ ਜਾਨਣੀ। ਖਾਲਸਾ ਜੀ, ਜੋ ਲਿਖੀ ਹੈ। ਲੜਕੀ ਮਾਰੇ ਯਾ ਬੇਚੇ, ਬੱਟਾ ਕਰੇ, ਉਸ ਦੇ ਨਾਲ ਨਹੀਂ ਸੰਗਤ ਨੇ ਬਰਤਨਾਂ, ਨਾ ਉਸ ਦੇ ਹੱਥ ਜਲ ਪਾਨ ਕਰਨਾਂ, ਇਦੂੰ ਪਿਛੇ ਹੋਈ ਮੋ ਹੋਈ ਹੁਣ ਅਗੇ ਸਮਝ ਕੇ ਬਰਤਣਾਂ॥੪੭॥

ਉਪਰੋਕਤ ਚਿੱਠੀਆਂ ਤੋਂ ਭਲੀ ਪਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਬਾਬਾ ਜੀ ਇਸਤਰੀ ਜਾਤੀ ਨੂੰ ਉੱਚ ਸਮਾਜਕ ਪੱਧਰ ਤੇ ਲਿਆਉਣ ਲਈ ਕਿੰਨੀ ਸਖਤੀ ਨਾਲ ਆਪਣੇ ਸੇਵਕਾਂ ਵਿਚ ਨਵੀਨ ਸਮਾਜਕ ਕੀਮਤਾਂ ਦਾ ਪਰਵੇਸ਼ ਕਰਨਾ ਚਾਹੁੰਦੇ ਸਨ। ਜਾਪਦਾ ਹੈ, ਉਹ ਹਰ ਹੀਲੇ ਪੁਰਾਤਨ ਬੁਰੀਆਂ ਰਸਮਾਂ ਨੂੰ ਖਤਮ ਕਰਨਾ ਚਾਹੁੰਦੇ ਸਨ, ਪਿਆਰ ਨਾਲ, ਸਮਝਾ ਬੁਝਾ ਕੇ ਅੰਤ ਸਖਤੀ ਨਾਲ ਵੀ। ਉਹ ਕਦੇ ਵੀ ਅਜਿਹੀ ਸਮਾਜ ਨੂੰ ਪਰਵਾਨ ਕਰਨ ਨੂੰ ਤਿਆਰ ਨਹੀਂ ਸਨ ਜਿਸ ਵਿਚ ਇਸਤਰੀ ਨਿਰਬਲ ਤੇ ਕਮਜ਼ੋਰ ਸਮਝੀ ਜਾਂਦੀ ਹੈ, ਪਸ਼ੂਆਂ ਹਾਰ ਵਟਾਈ ਤੇ ਵੇਚੀ ਜਾਂਦੀ ਹੈ।

ਬਾਬਾ ਜੀ ਦੇ ਇਸਰਤੀ ਜਾਤੀ ਲਈ ਕੀਤੇ ਹੋਏ ਕੰਮਾਂ ਦਾ ਜਾਇਜ਼ਾ ਲੈਂਦੇ ਹੋਏ ਸਰਦਾਰ ਕਪੂਰ ਸਿੰਘ ਜੀ ਆਈ. ਸੀ. ਐਸ. ਲਿਖਦੇ ਹਨ:-

ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ, ਬਾਬਾ ਰਾਮ ਸਿੰਘ ਹਿੰਦੁਸਤਾਨ ਵਿਚ ਇਕ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪਰਚਾਰ ਕੀਤਾ ਤੇ ਆਪਣੇ ਪਰਚਾਰ ਵਿਚ ਸਫਲ ਹੋਏ। ਜੇ ਉਨ੍ਹਾਂ ਨੇ ਦੇਸ਼ ਤੇ ਜਾਤੀ ਲਈ ਜੋ ਮਹਾਨ ਕੰਮ ਕੀਤੇ ਹਨ ਉਹ ਛੱਡ ਭੀ ਦੇਈਏ ਤਾਂ ਉਨ੍ਹਾਂ ਦਾ ਇਕ ਇਹ ਪਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜਾ ਕਰ ਦੇਂਦਾ ਹੈ।

ਸਤੀ ਦੀ ਰਸਮ ਬਾਕੀ ਭਾਰਤ ਵਰਸ਼ ਦੇ ਨਾਲ ਨਾਲ ਪੰਜਾਬ ਦੇ ਸਿਖ ਘਰਾਣਿਆਂ ਵਿਚ ਵੀ ਪਰਵੇਸ਼ ਕਰ ਚੁਕੀ ਸੀ। ਕਿਸੇ ਪੁਰਸ਼ ਦੀ ਮੌਤ ਸਮੇਂ ਉਸ ਦੀ ਪਤਨੀ ਨੂੰ ਦੂਸਰੀ ਸ਼ਾਦੀ ਦੀ ਆਗਿਆ ਨਾ ਦਿੰਦਿਆਂ ਹੋਇਆਂ ਪਤੀ ਦੀ ਚਿਤਾ ਦੇ ਨਾਲ ਹੀ ਸੜ ਜਾਣ ਲਈ ਮਜਬੂਰ ਕੀਤਾ ਜਾਂਦਾ ਸੀ ਤੇ ਕਈ ਹਾਲਤਾਂ ਵਿਚ ਤਾਂ ਬਦੋਬਦੀ ਫੜ ਕੇ ਚਿਤਾ ਵਿਚ ਸੁੱਟਿਆ ਜਾਂਦਾ ਸੀ। ਬਾਬਾ ਜੀ ਨੇ ਇਹ ਰਸਮ ਬੰਦ ਕਰਵਾਈ ਤੇ ਵਿਧਵਾ ਨੂੰ ਦੂਜਾ ਵਿਆਹ ਕਰਾਉਣ ਦੀ ਖੁਲ੍ਹ ਦਿਤੀ। ਬਾਬਾ ਜੀ ਦੇ ਇਸ ਉਪਦੇਸ਼ ਦੀ ਪਾਲਣਾ ਇਥੋਂ ਤਕ ਕੀਤੀ ਗਈ ਕਿ ਕਈ ਵਡੇਰੀ ਉਮਰ ਦੀਆਂ ਵਿਧਵਾ ਇਸਤਰੀਆਂ ਨੇ ਵੀ ਰਸਮੀ ਤੌਰ ਤੇ ਸ਼ਾਦੀਆਂ ਇਸ ਲਈ ਕਰਵਾ ਲਈਆਂ ਸਨ ਕਿਉਂਕਿ ਇਹ ਬਾਬਾ ਜੀ ਦਾ ਹੁਕਮ ਸੀ।

ਬਾਬਾ ਜੀ ਦੇ ਅਜਿਹੇ ਸੁਧਾਰਾਂ ਬਾਰੇ ਇਕ ਮੁਸਲਮਾਨ ਇਤਿਹਾਸਕਾਰ ਦੇ ਸ਼ਬਦਾਂ ਦਾ ਉਲਥਾ ਪੜ੍ਹੋ:-

"ਉਨ੍ਹਾਂ (ਕੂਕਿਆਂ) ਵਿਚ ਵਿਧਵਾ ਵਿਆਹ ਦੀ ਰੋਕ ਨਹੀਂ ਹੈ। ਉਨ੍ਹਾਂ ਵਿਚ ਲੜਕੀ ਤੇ ਭੈਣ ਦੇ ਬਦਲੇ ਪੈਸੇ ਲੈਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਉਹ ਪਵਿੱਤਰ ਸਦਾਚਾਰਕ ਜੀਵਨ ਦੀ ਤਾਕੀਦ ਕਰਦੇ ਹਨ ਤੇ ਨਸ਼ਿਆਂ ਤੋਂ ਦੂਰ ਰਹਿੰਦੇ ਹਨ।"

..........................................................

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੈਨਿਕ ਜੀਵਨ: ਇਕ ਅਧਿਐਨ




ਗੁਰਲਾਲ ਸਿੰਘ

ਸੰਪਾਦਕ 'ਸਤਿਜੁਗ'

97800-97898


ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਮਾਘ ਸੁਦੀ ਪੰਚਮੀ 1872 ਮੁਤਾਬਿਕ 16 ਫਰਵਰੀ 1816 ਈ. ਨੂੰ ਪਿਤਾ ਜੱਸਾ ਸਿੰਘ ਜੀ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਹੋਇਆ। ਇਹ ਉਹ ਸਮਾਂ ਸੀ ਜਦੋਂ ਸਤਲੁਜ ਦਰਿਆ ਤੋਂ ਸਿਖ ਰਾਜ ਦੀ ਹੱਦ ਸ਼ੁਰੂ ਹੋ ਕੇ ਖ਼ੈਬਰ ਦਰੇ ਤੱਕ ਫੈਲੀ ਹੋਈ ਸੀ। ਰਾਜ ਦੀਆਂ ਧੁੰਮਾ ਅਤੇ ਸਿੱਖ ਸਰਦਾਰਾਂ ਦੀ ਚੱੜਤ ਦੇ ਕਿਸੇ ਪੂਰੇ ਮੱਧ ਏਸ਼ੀਆਂ ਅਤੇ ਪੂਰਬੀ ਤੇ ਪੱਛਮੀ ਸਾਮਰਾਜਾਂ ਵਿੱਚ ਫੈਲੇ ਹੋਏ ਸਨ। ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਸਮਝਦਿਆਂ ਮਹਾਰਾਜੇ ਨੇ ਇਕ ਵੱਡੀ ਸੈਨਾ ਸੰਗਠਿਤ ਕੀਤੀ ਤਾਂ ਕਿ ਪੰਜਾਬ ਅੰਦਰ ਚੱਲੀ ਆ ਰਹੀ ਸਦੀਆਂ ਦੀ ਉਥਲ-ਪੁਥਲ ਖਤਮ ਕੀਤੀ ਜਾਵੇ। ਯੋਗ ਵਿਅਕਤੀਆਂ ਲਈ ਮਹਾਰਾਜੇ ਦੇ ਦਰਵਾਜੇ ਸਦਾ ਖੁਲ੍ਹੇ ਸਨ। ਲੈਪਲ ਗ੍ਰਿਫਨ ਅਨੁਸਾਰ "ਮਹਾਰਾਜੇ ਦੇ ਰਾਜ ਸਮੇਂ ਭਰਤੀ ਨਿਰੋਲ ਲੋਕਾਂ ਦੀ ਮਰਜ਼ੀ ਉੱਤੇ ਸੀ ਅਤੇ ਲਾਹੌਰ ਸਰਕਾਰ ਨੂੰ ਸੈਨਿਕ ਪ੍ਰਾਪਤ ਕਰਨ ਵਿੱਚ ਬਿਲਕੁਲ ਕੋਈ ਕਠਿਨਾਈ ਨਹੀਂ ਸੀ ਹੁੰਦੀ ਕਿਉਂਕਿ ਉਹਨਾਂ ਦਿਨਾਂ ਵਿੱਚ ਫ਼ੌਜ ਦੀ ਨੌਕਰੀ ਨੂੰ ਲੋਕ ਬਹੁਤ ਪਸੰਦ ਕਰਦੇ ਸਨ।"

ਲੈਫਟੀਨੈਂਟ ਬਾਰ ਦੇ ਕਥਨ ਅਨੁਸਾਰ "ਰੰਗਰੂਟ ਦਾ ਕਦ ਕਾਠ ਤੇ ਉਸ ਦੀ ਸਰੀਰਕ ਸ਼ਕਤੀ ਨੂੰ ਧਿਆਨ 'ਚ ਰਖਿਆ ਜਾਂਦਾ ਸੀ, ਨਾ ਕਿ ਉਸ ਦੀ ਜਾਤ ਨੂੰ। ਕੇਵਲ ਰਿਸ਼ਟ ਪੁਸ਼ਟ ਆਦਮੀਆਂ ਨੂੰ ਹੀ ਭਰਤੀ ਕੀਤਾ ਜਾਂਦਾ ਸੀ।" ਮਹਾਰਾਜੇ ਕੋਲ ਤਕਰੀਬਨ ਅੱਸੀਂ ਹਜਾਰ ਸੈਨਿਕ ਸਨ ਜਿਨ੍ਹਾਂ ਨੂੰ ਵੱਖ-ਵੱਖ ਵਰਗਾਂ ਵਿੱਚ ਵੰਡਿਆ ਹੋਇਆ ਸੀ।[1]

ਕਈ ਵਿਦੇਸ਼ੀ ਕਰਿੰਦੇ ਵੀ ਸਿਖ ਰਾਜ ਦੀ ਸੈਨਾ

ਵਿੱਚ ਭਰਤੀ ਹੋਏ। ਜਰਨੈਲ ਵੇਨਤੂਰਾ, ਜਰਨੈਲ ਐਲਾਰਡ, ਜਰਨੈਲ ਕੋਰਟ, ਜਰਨੈਲ ਫੋਲਕਸ, ਜਰਨੈਲ ਗਾਰਡਨਰ ਆਦਿ ਨਾਮ ਜ਼ਿਕਰਯੋਗ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਜਵਾਨੀ ਵਿੱਚ ਪੈਰ ਰੱਖਿਆ ਤਾਂ ਆਪ ਦੀ ਡੀਲ ਡੌਲ ਵੇਖਣ ਵਾਲੇ ਨੂੰ ਪ੍ਰਭਾਵਿਤ ਕਰਦੀ ਸੀ। ਚੰਗੀ ਕੱਦ ਕਾਠੀ ਵੇਖ ਆਪ ਦਾ ਭਣਵੀਆ (ਜੀਜਾ) ਕਾਬਲ ਸਿੰਘ ਜੋ ਸਿੱਖ ਫ਼ੌਜ ਵਿੱਚ ਅਹੁਦੇਦਾਰ ਤੋਪਚੀ ਸੀ। ਉਸ ਨੇ ਪਰਿਵਾਰ ਨੂੰ ਆਪ ਵਲੋਂ ਸਿੱਖ ਫ਼ੌਜ ਵਿੱਚ ਭਰਤੀ ਕਰਵਾਉਣ ਲਈ ਆਖਿਆ। ਇਹ ਕਾਬਲ ਸਿੰਘ ਪਿੰਡ ਕਿਲ੍ਹਾ ਰਾਏਪੁਰ ਲੁਧਿਆਣੇ ਜ਼ਿਲ੍ਹੇ ਦਾ ਵਸਨੀਕ ਸੀ। ਸਤਿਗੁਰੂ ਜੀ ਦੀ ਭੈਣ ਸਾਹਿਬ ਕੌਰ ਇਸ ਵੱਲ ਵਿਆਹੀ ਹੋਈ ਸੀ। ਕਾਲਾ ਸਿੰਘ ਨੰਗਲ ਵਾਲੇ ਆਪਣੇ ਗ੍ਰੰਥ "ਸਿੰਘਾ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਵਿੱਚ ਲਿਖਦੇ ਹਨ-

ਰਾਇਪੁਰ ਪਿੰਡ ਹੈਸੀ ਭੈਣ ਸਤਿਗੁਰਾਂ ਦੀ
ਲੁਧਿਆਣੇ ਦਾ ਜ਼ਿਲਾ ਤੂੰ ਮਾਨ ਪਿਆਰੇ।
ਕਾਬਲ ਸਿੰਘ ਨਾਮੇਂ ਪਤੀ ਓਸਦੇ ਸੇ
ਬੀਬੀ ਸਾਹਿਬ ਕੌਰ ਨਾਮ ਬਖਾਨ ਪਿਆਰੇ।
ਓਹਦੇ ਵਿੱਚ ਵਸੀਲੇ ਦੇ ਆਣਕੇ ਤੇ
ਲਈ ਨੌਕਰੀ ਗੁਰਾਂ ਨੇ ਠਾਨ ਪਿਆਰੇ।[2]

ਫ਼ੌਜ ਵਿੱਚ ਭਰਤੀ ਸਮੇਂ ਸਤਿਗੁਰੂ ਜੀ ਦੀ ਉਮਰ 21 ਸਾਲ ਸੀ ਭਾਵ 1837 ਈ. ਦਾ ਇਹ ਵਰਾ ਸੀ। ਆਪ ਨੌ ਨਿਹਾਲ ਸਿੰਘ ਦੀ ਰੈਜੀਮੈਂਟ ਵਿੱਚ ਭਰਤੀ ਹੋਏ। ਇਹ ਰੈਜੀਮੈਂਟ ਮਹਾਰਾਜ ਰਣਜੀਤ ਸਿੰਘ ਦੇ ਪੋਤਰੇ ਖੜਕ ਸਿੰਘ ਦੇ ਪੁੱਤਰ ਨੌ ਨਿਹਾਲ ਸਿੰਘ ਦੇ ਨਾਮ 'ਤੇ ਬਣਾਈ ਗਈ ਸੀ ਜਿਸ ਵਿੱਚ ਚੁਣੀਦਾ ਸੁਡੌਲ, ਸੁਅਸਥ, ਸੁੰਦਰ ਕਦ ਕਾਠੀ ਦੇ ਨੌਜਵਾਨਾਂ ਨੂੰ ਭਰਤੀ ਕੀਤਾ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਭਰਤੀ ਹੋਣ ਸਮੇਂ ਨੌ ਨਿਹਾਲ ਦੀ ਉਮਰ ਸੋਲਾਂ ਸਾਲ ਸੀ। ਗਿਆਨੀ ਗਿਆਨ ਸਿੰਘ ਜੀ "ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਵਿੱਚ ਸਤਿਗੁਰੂ ਜੀ ਦੇ ਫ਼ੌਜ ਵਿੱਚ ਭਰਤੀ ਹੋਣ ਦੇ ਕਾਰਨ ਨੂੰ ਬਿਆਨ ਕਰਦੇ ਲਿਖਦੇ ਹਨ ਉਹਨਾਂ ਨੇ ਇਸ ਨੌਕਰੀ ਨੂੰ ਸੱਚੀ-ਸੁੱਚੀ ਕਿਰਤ ਮੰਨਿਆ।

ਬਡੇ ਥਾਇ ਜਾਇ ਕੈ ਲਾਹੌਰ ਲਪਟਨ ਮਾਂਹਿ
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।[3]

ਇਸ ਨੌਕਰੀ ਨੂੰ ਸਤਿਗੁਰੂ ਜੀ ਸ੍ਰੇਸਟ ਕ੍ਰਿਤ ਇਸ ਲਈ ਸਮਝਿਆ ਕਿ ਮਹਾਰਾਜੇ ਦੀਆਂ ਰਾਜ ਨੀਤੀਆਂ ਦੂਸਰੇ ਬਾਦਸ਼ਾਹਾਂ ਵਰਗੀਆਂ ਨਿਰੋਲ ਨਿਰੰਕੁਸ਼ ਨਹੀਂ ਸੀ। ਅਲੈਗਜ਼ਾਡਰ ਬਰਨਜ਼ ਰਣਜੀਤ ਸਿੰਘ ਦੀ ਸਰਕਾਰ ਬਾਰੇ ਲਿਖਦਾ ਹੈ-

"ਇਕ ਜੁੜਵੇਂ ਇਲਾਕੇ ਵਿੱਚ ਉਸ ਨੇ ਅਜਿਹੀ ਉੱਨਤੀ ਵੱਲ ਧਿਆਨ ਲਾਇਆ ਜੋ ਮਹਾਨ ਮਨੁੱਖਾਂ ਦੇ ਅੰਦਰੋਂ ਉਤਪੰਨ ਹੁੰਦੀ ਹੈ। ਮਹਾਰਾਜਾ ਦੇ ਰਾਜ ਵਿੱਚ ਬਿਨਾਂ ਕਿਸੇ ਸਖਤੀ ਜਾਂ ਨਿਰਦੈਤਾ ਦੇ ਅਸੀਂ ਇਕ ਮਨੁੱਖੀ ਰਾਜ ਨੂੰ ਪ੍ਰਫੁੱਲਿਤ ਹੁੰਦਾ ਵੇਖਦੇ ਹਾਂ। ਉਸ ਨੇ ਆਪਣੀ ਸ਼ਾਸਨ ਪ੍ਰਣਾਲੀ ਵਿੱਚ ਕਈ ਅਜਿਹੀਆਂ ਗੱਲਾਂ ਲਿਆਦੀਆਂ ਜੋ ਇਸ ਮੁਲਕ ਲਈ ਬਿਲਕੁਲ ਨਵੀਆਂ ਸਨ"[4] ਇਹ ਸੱਚ ਹੈ ਕਿ ਮਹਾਰਾਜੇ ਨੇ ਆਪਣੀ ਮਿਸਲ ਜਾਂ ਖਾਨਦਾਨ ਦੇ ਨਾਂ ਤੇ ਰਾਜ ਨਹੀਂ ਕੀਤਾ ਉਸ ਨੇ ਸਾਰੀ ਰਾਜ ਸਤਾ ਖਾਲਸਾ ਦੇ ਨਾਂ ਤੇ ਵਰਤੀ ਸੀ। ਉਹ 'ਸਿੰਘ ਸਾਹਿਬ' ਦੇ ਸਾਦੇ ਨਾਂ ਨੂੰ ਪਸੰਦ ਕਰਦਾ ਸੀ ਇਕ ਰਵਾਇਤ ਅਨੁਸਾਰ ਇਕ ਵਾਰ ਪ੍ਰਧਾਨ ਮੰਤਰੀ ਧਿਆਨ ਸਿੰਘ ਨੇ ਮਹਾਰਾਜਾ ਨੂੰ ਕਿਹਾ ਕਿ ਉਹ ਆਪਣੇ ਲੱਕ ਦੇ ਦੁਆਲੇ ਸੇਵਾਦਾਰਾਂ ਦੀ ਤਰ੍ਹਾਂ ਪਟਕਾ ਨਾ ਬੰਨ੍ਹਿਆ ਕਰੇ। ਮਹਾਰਾਜਾ ਨੇ ਅਗਿਉਂ ਪੁੱਛਿਆ "ਰਾਜ ਵਿੱਚ ਸਿਕਾ ਕਿਸ ਦੇ ਨਾਂ ਦਾ ਚਲਦਾ ਹੈ ਧਿਆਨ ਸਿੰਘ ਉਤਰ ਦਿੱਤਾ "ਗੁਰੂ ਨਾਨਕ ਸਾਹਿਬ ਦੇ ਨਾਂ ਦਾ" ਮਹਾਰਾਜਾ ਨੇ ਮੁਸਕਰਾ ਕੇ ਜਵਾਬ ਦਿੱਤਾ ਕਿ "ਮੁਲਕ ਦਾ ਹਾਕਮ ਉਹੀ ਹੈ ਜਿਸਦੇ ਨਾਂ ਦਾ ਸਿੱਕਾ ਚਲਦਾ ਹੈ, ਨਾ ਕਿ ਰਣਜੀਤ ਸਿੰਘ।"[5] ਰਣਜੀਤ ਸਿੰਘ ਬਾਦਸ਼ਾਹ ਹੁੰਦਿਆ ਵੀ ਗੁਰੂ ਦੀ ਸਤਾ ਨੂੰ ਵੱਡਾ ਸਮਝਦਾ ਸੀ। ਇਸ ਕਰਕੇ ਇਹ ਨੌਕਰੀ ਸਤਿਗੁਰੂ ਜੀ ਨੇ ਪ੍ਰਵਾਨ ਕੀਤੀ।

ਲਾਹੌਰ ਪੰਜਾਬ ਦੀ ਰਾਜਧਾਨੀ ਹੋਣ ਦੇ ਨਾਲ-ਨਾਲ ਪੱਛਮੀ ਏਸ਼ੀਆ ਦਾ ਵੱਡਾ ਵਪਾਰਕ ਕੇਂਦਰ ਸੀ। ਸਾਹਿਤ, ਕਲਾ, ਇਮਾਰਤਸਾਜੀ, ਸੰਤ-ਫਕੀਰ, ਸਮਾਜਿਕ ਅਤੇ ਰਾਜਨੀਤਿਕ ਵਿਸ਼ਲੇਸ਼ਕ ਇਸ ਮਹਾਂ ਨਗਰ ਦੀ ਸ਼ਾਨ ਸਨ। ਪੰਜਾਬ ਦੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਨਬਜ਼ ਨੂੰ ਸਮਝਣ ਲਈ ਲਾਹੌਰ ਇਕ ਅਹਿਮ ਪੜਾਅ ਸੀ।

**ਫ਼ੌਜੀ ਜੀਵਨ–** ਸਤਿਗੁਰੂ ਜੀ ਦੀ ਸੈਨਿਕ ਜੀਵਨ ਦੀ ਕਹਾਣੀ ਨੂੰ ਗਿਆਨੀ ਜੀ ਨੇ ਇਨ੍ਹਾਂ ਸ਼ਬਦਾ ਨਾਲ

ਦਰਸਾਇਆ ਹੈ "ਬਾਨੀ ਗੁਰੂ ਕੀ ਪਢੈ ਹੈਂ, ਭਜਨ ਕਰੈ ਹੈਂ, ਚੇਹੈਂ ਰਹਿਨੋ ਇਕੰਤ ਦੈਹੈਂ ਆਜਜ਼ੈ ਕੋ ਬਿਤ ਹੈ"[6] ਬਿਰਤੀ ਇਕ ਦਮ ਸ਼ਾਂਤ, ਦੁਨੀਆਂ ਦੇ ਰਸਾਂ ਕਸਾਂ ਤੋਂ ਨਿਰਲੇਪ, ਅਠੇ ਪਹਿਰ ਭਜਨ ਬੰਦਗੀ ਗੁਰਬਾਣੀ ਪਾਠ ਦਾ ਜਾਪ ਨਾਲ ਦੇ ਸਾਥੀ ਆਪ ਦੀ ਸੋਹਬਤ ਨੂੰ ਤਰਸਦੇ। ਇਕ ਦਿਨ ਕਾਹਨ ਸਿੰਘ ਜੋ ਇਸ ਪਲਟਨ ਦਾ ਸੂਬੇਦਾਰ ਸੀ ਉਸ ਦੇ ਨੌਕਰ ਨੇ ਪ੍ਰਸ਼ਾਦੇ ਪਹਿਲਾਂ ਸੂਬੇਦਾਰ ਲਈ ਲਾਹੁਣ ਵਾਸਤੇ ਸਤਿਗੁਰੂ ਜੀ ਨੂੰ ਕਿਹਾ। ਸਤਿਗੁਰੂ ਜੀ ਚੁੱਪ ਲੋਹ ਕੋਲ ਬੈਠੇ ਪ੍ਰਸ਼ਾਦੇ ਪਕਾਉਂਦੇ ਸੀ ਆਪ ਨੇ ਬਿਨਾ ਬੋਲੇ ਲੋਹ ਦੇ ਅੱਧ ਵਿੱਚ ਛੋਟੀ ਕਿਰਪਾਨ ਨਾਲ ਲਕੀਰ ਪਾ ਇਸ਼ਾਰੇ ਨਾਲ ਕਿਹਾ "ਓਸ ਪਾਸੇ ਪਕਾ ਲੈ।" ਨੌਕਰ ਨੂੰ ਅਲੌਕਿਕ ਦ੍ਰਿਸ਼ ਦਿਸਿਆ। ਸਤਿਗੁਰੂ ਜੀ ਜਦੋਂ ਪ੍ਰਸ਼ਾਦਾ ਪਾਉਂਦੇ ਸੀ ਤਾਂ ਲੋਹ ਰੰਗ ਬਦਲਦੀ ਸੀ ਕਦੇ ਸੋਨੇ ਰੰਗੀ, ਕਦੇ ਚਾਂਦੀ ਰੰਗੀ, ਨੌਕਰ ਇਨ੍ਹਾਂ ਹੈਰਾਨ ਹੋਇਆ ਉਸ ਨੇ ਇਹ ਗੱਲ ਸੂਬੇਦਾਰ ਨੂੰ ਦੱਸੀ। ਕਾਹਨ ਸਿੰਘ ਜੋ ਮਲੇਰਕੋਟਲਾ ਰਿਆਸਤ ਦੇ ਪਿੰਡ ਚੱਕ ਦਾ ਰਹਿਣ ਵਾਲਾ ਸੀ, ਇਸ ਬਿਰਤਾਂਤ ਨੂੰ ਸੁਣ ਸਚਾਈ ਜਾਨਣ ਲਈ ਆਪ ਦੀ ਸੰਗਤ ਮਾਨਣ ਲੱਗਾ। ਜਲਦੀ ਹੀ ਇਹ ਇਸ ਨਤੀਜੇ 'ਤੇ ਪੁੱਜਾ ਕੇ ਰਾਮ ਸਿੰਘ ਇਕ ਪੂਰਨ ਪੁਰਖ ਹੈ, ਇਨ੍ਹਾਂ ਦੇ ਹਰ ਬੋਲ ਹਰ ਅਦਾ ਵਿੱਚ ਡੂੰਗੀ ਰਮਜ਼ ਹੁੰਦੀ ਹੈ, ਜੋ ਸਮਝ ਗਿਆ ਉਹ ਅਨੰਤ ਪਰਮੇਸ਼ਰ ਦੀ ਵਿਆਪਕ ਖੇਡ ਦਾ ਦਰਸ਼ਕ ਬਣ ਗਿਆ। ਇਕ ਦਿਨ ਕਾਹਨ ਸਿੰਘ ਨਾਲ ਦੂਰ ਸੈਰ ਕਰਨ ਗਏ। ਰਸਤੇ ਵਿੱਚ ਖੂਹ ਵਗ ਰਿਹਾ ਸੀ। ਸਤਿਗੁਰੂ ਇਕ ਦਮ ਰੁੱਕ ਗਏ, ਕਾਹਨ ਸਿੰਘ ਨੂੰ ਕਿਹਾ "ਕਾਨ੍ਹਿਆ ਖੂਹ ਗ਼ਰਕ ਹੋਣ ਲੱਗਾ ਹੈ, ਤੂੰ ਜਾਇਕੇ ਸਭ ਕੋ ਹਟਾਇ ਦਿਓ ਪਾਸੇ ਕਰ ਦਿਓ। ਕਾਹਨ ਸਿੰਘ ਖੜਾ ਈ ਦਲੀਲਾਂ ਕਰਨ ਲੱਗ ਪਿਆ ਕਿ ਚਲਦਾ ਖੂਹ ਕਿਵੇਂ ਗ਼ਰਕ ਹੋਊਗਾ? ਚੁੱਪ ਕਰਕੇ ਖੜਾ ਰਿਹਾ। ਸ੍ਰੀ ਸਤਿਗੁਰੂ ਜੀ ਆਪ ਜਾਇਕੇ ਅਰਲੀਆਂ ਕੱਢ ਦਿੱਤੀਆਂ ਬੈਲਾਂ ਕੀਆਂ। ਆਦਮੀ ਸਭ ਹਟਾਇ ਦਿੱਤੇ। ਜ਼ਿਮੀਦਾਰ ਖੂਹ ਵਾਲੇ ਕਹਿਣ ਕੀ ਕਰਦਾ ਫਿਰਦਾ ਹੈ, ਸਾਡਾ ਕੰਮ ਚਲਦਾ ਖੜਾ ਕਰ ਦਿੱਤਾ ਹੈ। ਸਾਨੂੰ ਧੱਕੇ ਦੇ ਕੇ ਹਟਾਈ ਜਾਂਦਾ ਹੈ। ਏਤਨੇ ਮੇਂ ਖੂਹ ਗਰਕ ਹੋਇ ਗਿਆ। ਸੰਦ ਵਲੇਵਾਂ ਖੂਹ ਵਿੱਚ ਜਾਇ ਪਿਆ।" ਜਦੋਂ ਕੋਈ ਖੂਹ ਗਰਕਦਾ ਹੈ ਤਾਂ ਉਸ ਦੀਆਂ ਨਿਸ਼ਾਨੀਆਂ ਪਹਿਲਾਂ ਹੀ ਨਜ਼ਰ ਆਉਣ ਲੱਗ ਜਾਂਦੀਆਂ ਹਨ ਇਨ੍ਹਾਂ ਅਗੇਤੀਆਂ ਨਿਸ਼ਾਨੀਆਂ ਨੂੰ ਕੋਈ ਸੂਝਵਾਨ ਅੱਖ ਹੀ ਪਹਿਚਾਣ ਸਕਦੀ ਹੈ। ਕਾਹਨ ਸਿੰਘ ਨੂੰ ਇਹ ਗੱਲ ਦਾ ਪੱਕਾ ਯਕੀਨ ਹੋ ਗਇਆ ਕਿ ਰਾਮ ਸਿੰਘ ਦੀ ਪਾਰਖੂ ਦ੍ਰਿਸ਼ਟੀ ਤੋਂ ਕੋਈ ਵੀ ਤੱਤ ਲੁਕਿਆ ਹੋਇਆ ਨਹੀਂ। ਪਰਾਲੌਕਿਕ ਅਤੇ ਸਜਾਜਿਕ ਸੂਝਬੂਝ ਦਾ ਲੋਹਾ ਨਾਲ ਦੇ ਸਾਥੀ ਮੰਨ ਚੁੱਕੇ ਸਨ। ਇਸ ਕਰਕੇ ਹੀ ਜਦੋਂ ਮੁਦਕੀ ਦੀ ਲੜਾਈ ਤੋਂ ਪਹਿਲਾਂ ਸਤਿਗੁਰੂ ਜੀ ਨੇ ਨਾਲ ਦੇ ਸਾਥੀਆਂ ਨੂੰ ਕਿਹਾ "ਸਾਡੀ ਹਾਰ ਹੋਣੀ ਹੈ ਸਾਨੂੰ ਹਰਾਉਣ ਲਈ ਝੂਠੇ ਪੁਲੰਦੇ ਬਣਾ ਲਏ ਗਏ ਹਨ ਤਾਂ ਉਹਨਾਂ ਨੂੰ ਪੂਰਾ ਭਰੋਸਾ ਸੀ ਕਿ ਇਨ੍ਹਾਂ ਨੇ ਸਿੱਖ ਫ਼ੌਜ ਦੀ ਸਥਿਤੀ ਅਤੇ ਸਿੱਖ ਲੀਡਰਾਂ ਦੇ ਕਿਰਦਾਰ ਨੂੰ ਪਰਖ ਲਿਆ ਹੈ। ਕਾਹਨ ਸਿੰਘ ਨੇ ਅਰਜ਼ ਕੀਤੀ ਕੇ ਤੁਸੀਂ ਕਹਿੰਦੇ ਹੋ ਤਾਂ ਅਵੱਸ਼ ਹੀ ਸੱਚ ਗੱਲ ਹੋਏਗੀ, ਮੇਰੀ ਰੱਖਿਆ ਹੋਵੇ। ਸਤਿਗੁਰੂ ਜੀ ਛੋਟੀ ਕਿਰਪਾਨ ਨਾਲ ਪੱਟ 'ਤੇ ਚੀਰ ਮਾਰਿਆ ਤੇ ਕਿਹਾ ਤੇਰੀ ਮੌਤ ਟਾਲ ਦਿੱਤੀ ਹੈ। ਕਾਹਨ ਸਿੰਘ ਜੰਗ ਵਿੱਚ ਨਿਰਭੈ ਹੋ ਵਿਚਰਦਾ ਰਿਹਾ।

ਫੜਕੇ ਕਰਦ ਖੱਬਾ ਪੱਟ ਪਾੜ ਦਿੱਤਾ
ਕਾਨ ਸਿੰਘ ਰੋਵੇ ਧਾਹਾਂ ਮਾਰ ਸੰਤੋ।
ਗੁਸੇ ਬਹੁਤ ਹੋਇਆ ਗੁਰਾਂ ਕਹਿਰ ਕੀਤਾ
ਮੇਰੇ ਪੱਟ ਨੂੰ ਪਾੜ ਲਚਾਰ ਸੰਤੋ।
ਸਤਿਗੁਰ ਆਖਦੇ ਸੁਣੀ ਤੂੰ ਕਾਨ੍ਹ ਸਿੰਘਾ
ਅਗੇ ਕਰੂਕੀ ਕਾਰ ਕਰਤਾਰ ਸੰਤੋ।
ਹੋਵੇ ਮੁਦਕੀ ਸਿੰਘਾਂ ਦਾ ਜੰਗ ਭਾਰਾ
ਤੇਰਾ ਚੜ੍ਹੇ ਸਰੀਰ ਵਿਚਕਾਰ ਸੰਤੋ।
ਮਾਰੀਂ ਕੰਬਲੀ ਦੀ ਗਿਲਤੀ ਕਾਨ ਸਿੰਘਾ
ਗੋਲੀ ਕਰੂਗੀ ਨਾ ਤੈਨੂੰ ਮਾਰ ਸੰਤੋ।[8]

**ਸਤਿਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ–** ਨੌਨਿਹਾਲ ਵਾਲੀ ਬਟਾਲੀਅਨ ਨੂੰ ਹੁਕਮ ਹੋਇਆ ਪਸ਼ੌਰ ਤੋਂ ਸਰਕਾਰੀ ਖ਼ਜ਼ਾਨਾ ਲਿਆਉਣ ਲਈ। ਜਦੋਂ ਇਹ ਸੈਨਿਕ ਹਜਰੋਂ ਵਾਲੀ ਫ਼ੌਜੀ ਕਿਲ੍ਹੇ ਵਿੱਚ ਪਹੁੰਚੇ ਤਾਂ ਓਥੇ ਪਤਾ ਲੱਗਾ ਕੋਈ ਪੂਰਨ ਮਹਾਂਪੁਰਖ ਇਸ ਧਰਤੀ 'ਤੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ। ਬਹੁਤ ਸਾਰੇ ਫ਼ੌਜੀ ਇਸ ਮਹਾਨ ਸਖ਼ਸ਼ੀਅਤ ਤੋਂ ਜਾਣੂ ਸਨ ਅਤੇ ਉਹਨਾਂ ਦੇ ਪਰਉਪਕਾਰਾਂ ਦੀ ਗਾਥਾ ਫ਼ੌਜ 'ਚ ਜਾਹਰ ਸੀ।

ਜਮੀਅਤ ਸਿੰਘ ਵਰਗੇ ਕਈ ਫ਼ੌਜੀ ਸਾਥੀ ਉਹਨਾਂ ਤੋਂ ਨਾਮ ਲੈ ਕੇ ਆਪਣੇ ਆਪ ਨੂੰ ਉਚ ਭਾਗਾਂ ਵਾਲਾ ਸਮਝਦੇ ਸੀ। ਗੁਰੂ ਰਾਮ ਸਿੰਘ ਜੀ ਵੀ ਕੁਝ ਸਾਥੀਆਂ ਨਾਲ ਜਾਣ ਵਾਸਤੇ ਤਿਆਰ ਹੋਏ। ਸਤਿਗੁਰੂ ਬਾਲਕ ਸਿੰਘ ਰੋਜ ਸ਼ਾਮ ਨੂੰ ਆਪਣੀ ਬਗੀਚੀ 'ਚ ਗੁਰਬਾਣੀ ਦੀ ਕਥਾ ਕਰਦੇ ਸੀ। ਸੰਤ ਕਾਲਾ ਸਿੰਘ ਜੀ ਨੰਗਲ ਵਾਲੇ ਪੱਚੀ ਸਾਥੀਆਂ ਵਿਚੋਂ ਕੁਝ ਦੇ ਨਾਵਾਂ ਦਾ ਜਿਕਰ ਕਰਦੇ ਹਨ। ਜਿਨ੍ਹਾਂ ਨਾਲ ਆਪ ਅੱਸੂ ਦੀ ਸੰਗਰਾਦ 1898 ਬਿਕਰਮੀ ਮੁਤਾਬਿਕ 1841 ਈ. ਵਾਲੇ ਦਿਨ ਸਤਿਗੁਰੂ ਬਾਲਕ ਸਿੰਘ ਜੀ ਕੋਲ ਗਏ।

ਅਣੋਖ ਸਿੰਘ ਜੀ ਬਿਲੀਆਂ ਵਿੱਚ ਰਹਿੰਦਾ  
ਦੁਲਾ ਸਿੰਘ ਰਾਜਿਆਣਿਓ ਧਾਇਆ ਸੀ।  
ਬਘੇਲ ਸਿੰਘ ਰਾਜੇ ਜੰਗੋਂ ਸਾਥ ਲੀਤਾ  
ਸਰੂਪ ਸਿੰਘ ਚੈਪਈਓਂ ਬੁਲਾਇਆ ਸੀ।  
ਮਤਾਪ ਸਿੰਘ ਹਠੂਰ ਦਾ ਸਮਝ ਲੈਣਾ  
ਗੁਜਰ ਵਾਲੀਆ ਬੁੱਧ ਸਿੰਘ ਆਇਆ ਸੀ।  
ਪੰਚੀ ਸਿੰਘ ਹੋਏ ਸਾਥ ਸਤਿਗੁਰੂ ਦੇ  
ਹਜਰੋਂ ਜਾਣਦਾ ਸਾਂਗ ਬਣਾਇਆ ਸੀ।  
ਕਾਨ ਸਿੰਘ ਸੂਬੇਦਾਰ ਚੱਕਵਾਲਾ ਜਮੀਤ  
ਸਿੰਘ ਗਿਲਾਂ ਵਾਲਾ ਧਾਇਆ ਸੀ।  
ਮਤਾਬ ਸਿੰਘ ਸੀ ਉਬਕੋ ਪਿੰਡ ਵਾਲਾ  
ਠੂਰ ਪਿੰਡ ਤੇ ਜੀਤ ਸਿੰਘ ਸੂਹਾਇਆ ਸੀ।[9]

ਜਦੋਂ ਆਪ ਦਰਸ਼ਨ ਕਰਨ ਲਈ ਦਰਬਾਰ ਵਿੱਚ ਆਏ ਤਾਂ "ਠਾਕੁਰ ਤੁਮ ਸਰਨਾਈ ਆਇਆ, ਉਤਰ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨ ਪਾਇਆ" ਗੁਰਬਾਣੀ ਦੇ ਇਸ ਸ਼ਬਦ ਦੀ ਵਿਆਖਿਆ ਚੱਲ ਰਹੀ ਸੀ। "ਸ੍ਰੀ ਸਤਿਗੁਰੂ ਜੀ ਸੀਸ ਨਿਵਾਇਕੇ ਬੈਠ ਕੇ ਬਚਨ ਕੀਤਾ ਜੀ ਮੈਨੂੰ ਭੀ ਭਜਨ ਦਿਓ। ਗੁਰੂ ਬਾਲਕ ਸਿੰਘ ਜੀ ਪ੍ਰਸੰਨ ਹੋਇਕੇ ਬਚਨ ਕੀਤਾ ਆਓ ਠਾਕੁਰ ਜੀ, ਤੁਹਾਨੂੰ ਉਡੀਕਦੇ ਸੇ। ਤੁਹਾਡੇ ਮੰਗਵਾਉਣ ਵਾਸਤੇ ਹੀ ਏਤਨੀ ਫ਼ੌਜ ਨੂੰ ਭਜਨ ਦਿੱਤਾ ਹੈ।... ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਠਾਕੁਰੋ ਅਸੀਂ ਤਾਂ ਰਾਖੇ ਈ ਬੈਠੇ ਹਾਂ ਤੁਹਾਨੂੰ ਉਡੀਕਦੇ ਸੇ। ਸੋ ਤੁਸੀਂ ਆਇ ਗਏ ਹੋ। ਏਓ ਨਾਮ ਕਾ ਗਫ਼ਾ ਤੁਸੀਂ ਹੀ ਵਰਤਾਵਣਾ ਹੈ। ਨਾਮ ਦੇ ਖ਼ਜਾਨੇ ਨੂੰ ਕੁੰਜੀ ਤੁਸੀਂ ਹੀ ਲਾਵਣੀ ਹੈ। ਏਹ ਕੜਛਾ ਤੁਸਾਂ ਦੇ ਹੱਥੋਂ ਈ ਵਰਤਣਾ ਹੈ।"[10]

ਸਤਿਗੁਰੂ ਨਾਨਕ ਦੇਵ ਜੀ ਦੇ ਸੱਚੇ ਤਖਤ 'ਤੇ ਆਪ ਨੂੰ ਬਿਰਾਜਮਾਨ ਕੀਤਾ। ਤੇ ਸਭ ਸੰਗਤ ਨੂੰ ਕਹਿ ਸੁਣਾਇਆ ਅੱਜ ਤੋਂ ਅਗਲੇ ਮਾਲਕ ਇਹ ਹਨ। ਹੁਣ ਨਾਮ ਦੀ ਦਾਤ ਇਨ੍ਹਾਂ ਤੋਂ ਪ੍ਰਾਪਤ ਹੋਵੇਗੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਜ ਘਰਾਣਾ ਸਾਜ਼ਿਸ਼ਾਂ ਦਾ ਅੱਡਾ ਬਣ ਗਿਆ ਸੀ। ਰਾਜ ਭਾਗ ਦੇ ਮਾਨ ਨੇ ਸਿਖਾਂ ਨੂੰ ਕਪਟੀ, ਅਤਿਆਚਾਰੀ ਅਤੇ ਜਾਲਮ ਬਣਾ ਦਿੱਤਾ ਸੀ। ਸਿਖੀ ਭਾਵਨਾ ਹੋਲੀ-ਹੋਲੀ ਪੰਜਾਬ ਵਿਚੋਂ ਅਲੋਪ ਹੋਣ ਲੱਗੀ ਤੇ ਹਉਮੈ ਚੌਧਰ ਨਾਲ ਭਰੇ ਸਰਦਾਰ ਐਸ਼ ਪ੍ਰਸਤੀ ਦੀ ਡੂੰਘੀ ਖਾਹੀ ਵਿੱਚ ਡੁੱਬਣ ਲੱਗੇ। ਸ਼ਰਾਬ ਤੇ ਵੇਸਵਾਵਾਂ ਮਹਾਰਾਜੇ ਦੇ ਹੁੰਦਿਆਂ ਹੀ ਦਰਬਾਰ ਦੀਆਂ ਮੁੱਖ ਸ਼ਿੰਗਾਰ ਬਣ ਗਈਆਂ ਸਨ। ਸਿਖ ਕਿਰਦਾਰਾਂ, ਗੁਰਬਾਣੀ, ਨੈਤਿਕਤਾ ਸਿਰਫ਼ ਬੀਤੇ ਦੀਆਂ ਕਹਾਣੀਆਂ ਬਣ ਗਈਆਂ। ਇਹ ਨਿਘਾਰਤਾ ਸਤਿਗੁਰੂ ਜੀ ਦੇ ਸੰਵੇਦਨ ਮਨ ਨੂੰ ਅਸ਼ਾਂਤੀ ਦੇਂਦੀ। ਇਸ ਲਈ ਉਹ ਕਈ-ਕਈ ਦਿਨ ਨੀਂਦ ਨਾ ਲੈਂਦੇ, ਕੁਝ ਖਾਂਦੇ ਪੀਂਦੇ ਨਾ, ਕਈ ਵਾਰ ਉਚੀ ਵਿਰਲਾਪ ਕਰਨਾ। "ਜੇ ਸਿੰਘਾਂ ਨੇ ਕਹਿਣਾ ਪਰਸ਼ਾਦ ਛਕੋ ਤਾਂ ਬਚਨ ਕਰਨਾ ਕਿ ਮੇਰੀ ਜਗ੍ਹਾ ਕੋਈ ਲੱਗੇ ਤਾਂ ਮੈਂ ਪਰਸ਼ਾਦ ਛਕਣ ਜਾਵਾਂ। ਅਸੀਂ ਭਾਰੀ ਕਾਰ ਲੱਗੇ ਹੋਏ ਹੈਂ। ਅੰਮ੍ਰਿਤ ਵੇਲੇ ਬਚਨ ਕਰਨਾ ਸਿੱਖਾਂ ਨੂੰ ਤੁਸੀਂ ਤਾਂ ਸੁੱਤੇ ਰਹਿੰਦੇ ਹੋ, ਮੈਂ ਸਾਰੀ ਰਾਤ ਜੁਧ ਮੈ ਰਹਿੰਦਾ ਹਾਂ। ਕਿਸੇ ਨੇ ਉਠਕੇ ਮਦਦ ਨਹੀਂ ਦੁਆਈ ਹੈ। ਮਨੁੱਖਾ ਜਨਮ ਅਮੋਲਕ ਹੈ, ਐਵੇਂ ਹੀ ਗਵਾਇ ਲੀਆ ਹੈ ਸੋਇ ਕੇ।"[11]

ਸਤਿਗੁਰੂ ਜੀ ਸਾਥੀਆਂ ਨੂੰ ਵਿਕਾਰਾਂ ਨਾਲ ਯੁੱਧ ਕਰਨ ਲਈ ਪ੍ਰੇਰਦੇ। ਜਿਵੇਂ-ਜਿਵੇਂ ਖਾਲਸਾ ਰਾਜ ਵਿੱਚ ਬੁਰਛਾਗਰਦੀ ਵੱਧ ਰਹੀ ਸੀ। ਤਿਵੇਂ-ਤਿਵੇਂ ਸਿਖ ਮਾਨਸਿਕਤਾ ਵੀ ਨੀਵੇਂ ਪੱਧਰ ਵੱਲ ਜਾ ਰਹੀ ਸੀ। ਇਕ ਦਿਨ ਪੰਜਾਬ ਸਿੰਘ ਨਾਮ ਦੇ ਸੂਬੇਦਾਰ 'ਤੇ ਖੁਸ਼ ਹੋ ਕੇ ਕਿਹਾ ਸੁਣਾ ਤੇਰੀ ਕੀ ਮੰਗ ਹੈ ਤਾਂ ਉਸ ਕਿਹਾ "ਹੋਰ ਤਾਂ ਕੁਝ ਨਹੀਂ ਲੋੜ, ਇਕ ਕੰਜਰੀ ਮਾਸ ਤੇ ਸ਼ਰਾਬ ਇਨ੍ਹਾਂ ਤਿੰਨਾ ਚੀਜਾਂ ਦੀ ਲੋੜ ਹੈ।"[12]

ਸਤਿਗੁਰੂ ਜੀ ਉਸ 'ਤੇ ਬਹੁਤ ਨਰਾਜ ਹੋਏ। ਇਹ

ਅਸਲ ਵਿੱਚ ਉਸ ਸਮੇਂ ਦੇ ਸਿਖ ਮਾਨਸਿਕਤਾ ਨੂੰ ਦਰਸਾਉਂਦੀ ਸਾਖੀ ਹੈ। ਗਿਆਨੀ ਜੀ ਲਿਖਦੇ ਹਨ-

ਸ਼ਕਲ ਅਕਲ ਪਹਿਰਾਨ ਖਾਨ ਬੋਲ ਚਾਲ
ਔਰ ਹੀ ਕੇ ਤੌਰ ਭਏ ਧਰਾ ਔਰ ਖਲਕੈ
ਸਿਦਕ ਬਿਦਕ ਗਯੋ ਧਰਮ ਨਰਮ ਪਯੋ
ਰੀਤਿ ਪਰਤੀਤ ਸਿਖੀ ਕੇਰ ਭਈ ਹਲਕੈ

ਸਿਖ ਫ਼ੌਜੀਆਂ ਦੇ ਵਿਵਹਾਰ ਨੂੰ ਦਰਸਾਉਂਦੇ ਇਹ ਬਚਨ ਸਤਿਗੁਰੂ ਬਿਲਾਸ ਦੇ ਤੁਹਾਨੂੰ ਇਹ ਸੋਚਣ ਲਈ ਮਜ਼ਬੂਰ ਕਰਨਗੇ। ਜਿਸ ਰਾਜ ਵਿੱਚ ਰਖਿਆ ਸੈਨਿਕ (Securty Force) ਇਸ ਤਰ੍ਹਾਂ ਦੀ ਹੋਵੇ ਉਸ ਦਾ ਹਸ਼ਰ ਕੀ ਹੋਵੇਗਾ।

... ਬੁਧ ਭਰਿਸਟ ਹੋਇ ਗਈ... "ਜੋ ਵੱਡੇ ਅਫ਼ਸਰ ਸੇ ਸੋ ਮੁੰਡੇ ਰੱਖਣੇ ਲੱਗੇ ਨਾਲੇ ਸਭ ਨੇ ਨਿੱਕੇ ਵੱਡੇ ਪਾਪਾ ਉੱਤੇ ਲੱਕ ਬੰਨ ਲਿਆ ਹੈ। ਬਚਨ ਬਿਲਾਸਾਂ ਨਾਲ ਸਮਝਾਂਦੇ ਰਹੇ, ਨਾ ਸਮਝੇ ਸਗੋਂ ਦੂਣੇ ਪਾਪ ਕਰਨੇ ਲੱਗੇ। ਚੋਰੀ ਯਾਰੀ ਬਹੁਤ ਕਰਨੇ ਲੱਗੇ, ਜੇੜ੍ਹਾ ਛੁਟੀ ਲੈ ਕੇ ਜਾਵੇ ਉਸਨੂੰ ਦੋ ਜਣੇ ਰਲ ਕੇ ਜਾਇਕੇ ਰਸਤੇ ਮੈ ਲੁੱਟ ਲੈਣ, ਦਾਦ ਫਰਿਯਾਦ ਕੋਈ ਨਾ ਸੀ ਸੁਣਦਾ ਕਿਉਂਕਿ ਵੱਡਿਆ ਛੋਟਿਆਂ ਕੀ ਬੁੱਧ ਭਰਿਸਟ ਹੋਇ ਗਈ ਹੈ। ਪੰਜੇ ਐਬ ਸ਼ਰਈ, ਨੇਮ ਧਰਮ ਛੱਡ ਕੇ ਜੁਲਮੀਆਂ ਤੇ ਲੱਕ ਬੱਧਾ ਹੈ।"[13]

ਕੌਮ ਦੀ ਇਹ ਹਾਲਤ ਵੇਖ ਸਤਿਗੁਰੂ ਜੀ ਨੂੰ ਡੂੰਘੀ ਪੀੜਾਂ ਹੁੰਦੀ। ਆਪ ਹਰ ਤਰੀਕੇ ਨਾਲ ਫ਼ੌਜੀ ਸਾਥੀਆਂ ਨੂੰ ਸਮਝਾਂਦੇ। ਆਉਣ ਵਾਲੇ ਸਮੇਂ ਪ੍ਰਤੀ ਸੁਚੇਤ ਕਰਦੇ। ਇਕ ਦਿਨ ਕਾਹਨ ਸਿੰਘ ਦੇ ਨਾਲ ਲੈ ਤੁਰੇ ਰਸਤੇ 'ਚ ਇਕ ਮਕਬਰਾ ਆਇਆ। ਆਖਿਆ "ਕਾਹਨ ਸਿੰਘ ਤੈਨੂੰ ਇਕ ਤਮਾਸ਼ਾ ਦਿਖਾਉਂਦੇ ਹਾਂ। ਮਕਬਰੇ ਦੇ ਮੰਮਟ ਨੂੰ ਜੱਫਾ ਪਾ ਜ਼ੋਰ ਲਾਉਣ ਲੱਗੇ, ਕਿਹਾ ਹਿਲਦਾ ਹੈ ਜੜਾ ਤੋਂ? ਕਾਹਨ ਸਿੰਘ ਕਿਹਾ "ਹਾਂਜੀ" ਬਚਨ ਕੀਤਾ ਵੇਖ ਲਿਆ ਜੋ ਵੇਖਣਾ ਸੀ "ਅਸਲ ਵਿੱਚ 1837 ਈ. 'ਚ ਆਖਰੀ ਮੁਗਲ ਬਾਦਸ਼ਾਹ। ਸਰਕਾਰ ਦਾ ਪੈਨਸ਼ਨਰੀ ਹੋ ਤਖਤ 'ਤੇ ਬੈਠਾ। ਸਦੀਆਂ ਦੀ ਮੁਸਲਮਾਨੀ ਸੱਤਾ ਰੇਤ ਦੀ ਕੰਧ ਵਾਂਗ ਢਹਿ ਗਈ ਅਤੇ ਦਿਨੋਂ ਦਿਨ ਹੋਰ ਕਮਜ਼ੋਰ ਹੋ ਰਹੀ ਸੀ। ਸਤਿਗੁਰੂ ਜੀ ਕਹਿਣਾ ਚਾਹੁੰਦੇ ਸੀ ਹੁਣ ਮਕਬਰਿਆਂ ਵਾਲਿਆਂ ਦੀਆਂ ਜੜ੍ਹਾਂ ਭਾਰਤ ਵਿਚੋਂ ਹਿਲ ਗਈਆਂ ਹਨ ਛੇਤੀ ਪੁੱਟੀਆਂ ਜਾਣਗੀਆਂ। ਇਸ ਤਰ੍ਹਾਂ ਦੇ ਰਮਜਾਂ ਭਰੇ ਕੌਤਕਾਂ ਨਾਲ ਆਪਣੇ ਪਿਆਰਿਆਂ ਨੂੰ ਸਤਿਗੁਰੂ ਜੀ ਆਉਣ ਵਾਲੇ ਸਮੇਂ ਦੀ ਸਹੀ ਵਿਆਖਿਆ ਸਮਝਾਉਂਦੇ।

"ਸਤਿਗੁਰੂ ਜੀ ਦੇ ਸੁਭਾਉ ਅੰਦਰ ਨਾਮ ਦੀ ਖੁਮਾਰੀ ਚੜੀ ਰਹਿੰਦੀ। ਨਾਲ ਦੇ ਸਾਥੀਆਂ ਨੂੰ ਕਹਿਣਾ ਤੁਸੀਂ ਸੋ ਜਾਵੋਂ। ਮੈਂ ਪਹਿਰਾ ਦਿੰਦਾ ਹਾਂ। ਸਾਰੀ ਰਾਤ ਜਾਗਦੇ ਭਜਨ ਕਰਦੇ ਰਹਿਣਾ ਅੰਮ੍ਰਿਤ ਵੇਲੇ ਸਾਰਿਆ ਨੂੰ ਉਠਾਉਣਾ ਕਹਿਣਾ ਇਹ ਵੇਲਾ ਨੀਂਦਰ ਦਾ ਨਹੀਂ ਨਾਮ ਜਪਣ ਬਾਣੀ ਪੜ੍ਹਣ ਦਾ ਹੈ। ਲੇਪਨ ਕਰ ਥਾਂ ਪਵਿੱਤਰ ਕਰਨਾ ਤੇ ਬਾਣੀ ਦਾ ਪ੍ਰਕਾਸ਼ ਕਰਨਾ। ਨਾਲ ਦੇ ਸਾਥੀਆਂ ਤੋਂ ਉਹਨਾਂ ਦੇ ਹਿੱਸੇ 'ਚੋਂ ਕੁਝ ਦਾਣੇ ਸਾਂਝੇ ਥਾਂ ਇਕੱਠੇ ਕਰਕੇ ਲੰਗਰ ਲਾਇਆ। ਭੁੱਖੇ ਨੂੰ ਪ੍ਰਸ਼ਾਦ ਛਕਾਉਣਾ। ਹੁਣ ਇਸ ਪਲਟਨ ਨੂੰ ਸਾਰੇ 'ਭਗਤਾਂ ਦੀ ਪਲਟਨ' ਕਹਿਣ ਲੱਗ ਗਏ।"

**ਫ਼ੌਜ ਛੱਡਣ ਦਾ ਸਮਾਂ (1945)–** ਲਾਹੌਰ ਦਰਬਾਰ ਵਿੱਚ ਸਭ ਚੀਜਾਂ ਤੇਜੀ ਨਾਲ ਬਦਲ ਰਹੀਆਂ ਸਨ। ਆਪੋ ਧਾਪੀ, ਫੁੱਟ, ਲਾਲਚ ਪ੍ਰਧਾਨ ਸੀ। ਸਤਿਗੁਰੂ ਜੀ ਇਨ੍ਹਾਂ ਹਲਾਤਾਂ ਨੂੰ ਨੇੜੇ ਤੋਂ ਮਹਿਸੂਸ ਕਰ ਰਹੇ ਸਨ। ਇਕ ਦਿਨ ਕਾਹਨ ਸਿੰਘ ਨੇ ਦੀਵਾ ਮੋਟੀ ਵੱਟੀ ਪਾ ਕੇ ਜਗਾਇਆ। ਸਤਿਗੁਰੂ ਜੀ ਨੇ ਦੋਵਾਂ ਹੱਥਾਂ ਦੀ ਜ਼ੋਰ ਦੀ ਤਾੜੀ ਮਾਰ ਬੁਝਾ ਦਿੱਤਾ ਤੇ ਇਕ ਦਮ ਗੰਭੀਰ ਹੋ ਦੀਵੇ ਵੱਲ ਵੇਖਦਿਆਂ ਬਚਨ ਕੀਤਾ "ਕਾਹਨ ਸਿੰਘ ਸਿੱਖ ਰਾਜ 'ਚ ਹੁਣ ਦੀਵਾ ਗੁੱਲ ਹੋ ਗਿਆ।" ਹੁਣ ਸਤਿਗੁਰੂ ਜੀ ਇਹ ਸੱਚ ਜਦੋਂ ਸਭ ਸਾਹਮਣੇ ਬੋਲ ਦਿੰਦੇ ਕਈ ਗੁੱਸਾ ਕਰਦੇ ਪਰ ਸਤਿਗੁਰੂ ਜੀ ਕਹਿੰਦੇ "ਹੁਣ ਨਾ ਇਨ੍ਹਾਂ ਕੋਲ ਸਿੱਖੀ ਰਹੀ ਨਾ ਹੁਣ ਰਾਜ ਰਹਿਣਾ ਹੈ। ਇਸ ਨੂੰ ਮੁੜ ਉਸਾਰਨ ਦਾ ਯਤਨ ਕਰਨਾ ਪਵੇਗਾ।" ਬੇਈਮਾਨ ਸੈਨਾਪਤੀ ਲਗਾਤਾਰ ਸਿਖ ਫ਼ੌਜ ਨੂੰ ਅੰਗਰੇਜ ਨਾਲ ਜੰਗ ਕਰਨ ਲਈ ਉਕਸਾ ਰਹੇ ਸਨ। ਸਤਿਗੁਰੂ ਜੀ ਜੰਗ ਪਿਛਲੀ ਸਿਆਸਤ ਨੂੰ ਪਹਿਲਾਂ ਹੀ ਭਾਪ ਲਿਆ ਸੀ ਇਸ ਕਰਕੇ ਆਪ ਨੇ ਸਭ ਨੂੰ ਸੁਚੇਤ ਕੀਤਾ ਪਰ ਫਿਰ ਵੀ ਵਿਕੇ ਹੋਏ ਲੀਡਰਾਂ ਨੇ ਸਿਖ ਫ਼ੌਜ ਨੂੰ ਜੰਗ ਦੀ ਭੱਠੀ ਵਿੱਚ ਵਾੜ ਦਿੱਤਾ। ਆਪ ਹਰੀਕੇ ਪੱਤਣ ਤੋਂ ਫ਼ੌਜ ਨੂੰ ਅਲਵਿਦਾ ਕਹਿ ਸ੍ਰੀ ਭੈਣੀ ਸਾਹਿਬ ਆ ਗਏ ਹਨ ਤੇ ਨਵੀਂ ਸ਼ੁਰੂਆਤ ਲਈ ਚਿੰਤਨ ਕਰਨ ਲੱਗੇ।

### ਹਵਾਲੇ ਤੇ ਟਿਪਣੀਆਂ


1. Lepel Griffin Ranjit Singh P.134
2. ਸੰਤ ਕਾਲਾ ਸਿੰਘ ਨੰਗਲ, ਸਿੰਘਾ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸੰਪ. ਦੇਵਿੰਦਰ ਸਿੰਘ ਗਿੱਲ, ਪੰਨਾ. 18
3. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼ ਭਾਗ- 5, ਪੰਨਾ 2815
4. Alexander Burnes, Travels into Bokhara Vol. 1, Page 285
5. ਡਾ. ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ, ਪੰਨਾ. 71
6. ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਭਾਗ- 5, ਪੰਨਾ. 2815
7. ਸੰਤ ਸੰਤੋਖ ਸਿੰਘ, ਸਤਿਗੁਰੂ ਬਿਲਾਸ ਭਾਗ-1, ਸੰਪ. ਜਸਵਿੰਦਰ ਸਿੰਘ ਹਸਿਟੋਰਓਿਨ ਪੰਨਾ. 112
8. ਹਰਨਾਮ ਸਿੰਘ ਬਗਲੀ ਕਲਾਂ, ਸੰਤ ਖਾਲਸਾ ਪੰਨਾ-6
9. ਸੰਤ ਕਾਲਾ ਸਿੰਘ ਨੰਗਲ, ਸਿੰਘਾਂ ਨਾਮਧਾਰੀਆਂ..... ਪੰਨਾ-21
10. ਸੰਤ ਸੰਤੋਖ ਸਿੰਘ, ਸਤਿਗੁਰੂ ਬਿਲਾਸ ਭਾਗ-1, ਸੰਪਾ. ਜਸਵਿੰਦਰ ਸਿੰਘ ਪੰਨਾ-109
11. ਓਹੀ, ਪੰਨਾ-117
12. ਓਹੀ, ਪੰਨਾ-117
13. ਓਹੀ, ਪੰਨਾ-114


.......................................................

## ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ

ਸਿੱਖ ਕੌਮ ਦੀ ਉਸਾਰੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤੱਕ ਦੇ ਸਫਰ ਤੋਂ ਜਾਣੂੰ ਹੋਏ ਅੰਗਰੇਜ਼ ਸਤਿਗੁਰੂ ਰਾਮ ਸਿੰਘ ਵੱਲੋਂ ਚਲਾਈ ਲਹਿਰ ਦੇ ਤੇਜ਼ੀ ਨਾਲ ਵਧ ਰਹੇ ਪ੍ਰਭਾਵ ਨੂੰ ਏਸੇ ਦ੍ਰਿਸ਼ਟੀ ਤੋਂ ਵੇਖ ਰਹੇ ਸਨ।ਅੰਬਾਲਾ ਡਵੀਜਨ ਦੇ ਕਮਿਸ਼ਨਰ ਮਿਸਟਰ ਆਰ. ਜੀ, ਟੇਲਰ ਨੇ 11 ਸਤੰਬਰ 1866 ਨੂੰ ਪੰਜਾਬ ਸਰਕਾਰ ਨੂੰ ਭੇਜੇ ਪੱਤਰ ਵਿਚ ਲਿਖਿਆ, "ਆਪਣੇ ਮਤ ਦੀ ਸ਼ਾਨ ਨੂੰ ਬਹਾਲ ਕਰਨ ਅਤੇ ਖੁੱਸ ਚੁੱਕੀ ਆਪਣੀ ਪਿਆਰੀ ਭੋਂ ਦੀ ਤਾਂਘਵਾਨ ਕਿਸੇ ਵੀ ਜੰਗਜੂ ਕੌਮ ਵਿਚ ਧਾਰਮਿਕ ਪੁਨਰ ਸੁਰਜੀਤੀ ਦਾ ਇਹ ਕੁਦਰਤੀ ਨਤੀਜਾ ਹੈ। ਰਾਮ ਸਿੰਘ ਨੇ ਨਾਨਕ ਦੀ ਤਰਜ਼ ਉੱਤੇ ਇੱਕ ਨਿਮਰ ਧਾਰਮਿਕ ਸੁਧਾਰਕ ਦੇ ਰੂਪ ਵਿਚ ਕਾਰਜ ਅਰੰਭ ਕੀਤਾ ਹੋ ਸਕਦਾ ਹੈ ਪਰ ਉਸ ਦੇ ਉਤੇਜਿਕ ਮੁਖੀ ਪੈਰੋਕਾਰ ਉਸ ਨੂੰ ਤੇਜ਼ੀ ਨਾਲ ਲੜਾਕੇ ਗੁਰੂ ਗੋਬਿੰਦ ਸਿੰਘ ਦੀ ਹੂਬਹੂ ਨਕਲ ਦਾ ਰੂਪ ਦੇ ਰਹੇ ਹਨ।" ਪੰਜ ਸਾਲ ਪਿੱਛੋਂ ਅੰਬਾਲਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਬ ਨੇ 4 ਨਵੰਬਰ 1871 ਨੂੰ ਪੰਜਾਬ ਸਰਕਾਰ ਵੱਲ ਭੇਜੀ ਰਿਪੋਰਟ ਵਿਚ ਤਾਂ ਗੱਲ ਸਿਰੇ ਹੀ ਲਾ ਦਿੱਤੀ।

ਉਸ ਨੇ ਲਿਖਿਆ, "ਰਾਮ ਸਿੰਘ ਨੂੰ ਸੰਤ ਗੁਰੂ ਨਾਨਕ ਦੇ ਉੱਤਰਾਧਿਕਾਰੀ ਜਾਂ ਅਸਲੀ ਪੁਨਰ ਸਾਕਾਰ ਰੂਪ ਵੱਜੋਂ ਦੇਖਿਆ ਜਾਂਦਾ ਸੀ। ਹੁਣ ਉਹ ਜਾ ਝਾਰੂ ਗੋਬਿੰਦ ਦਾ ਪ੍ਰਤੀਨਿੱਧ ਹੈ।.... ਉਹ ਇਕ ਐਸੇ ਫਿਰਕੇ ਦਾ ਅਸਲੀ ਅਤੇ ਨਾਲ ਦੀ ਨਾਲ ਨਾਮਨਿਹਾਦ ਆਗੂ ਹੈ ਜੋ ਖਾਲਸੇ ਦੀ ਪੁਨਰ-ਸੁਰਜੀਤੀ ਵਜੋਂ ਬਰਤਾਨਵੀ ਸ਼ਕਤੀ ਪ੍ਰਤਿ ਵੈਰ ਭਾਵੀ ਲੱਛਣ ਰੱਖਦਾ ਹੈ।"

ਅੰਗਰੇਜ਼ ਸਰਕਾਰ ਪਿਛਲੇ ਚੋਖੇ ਸਮੇਂ ਤੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਦੀ ਧਰਤੀ ਤੋਂ ਦੂਰ ਭੇਜਣ ਬਾਰੇ ਸੋਚ ਰਹੀ ਸੀ, ਉਹਨਾਂ ਦੇ ਕੁੱਝ ਉਤਸ਼ਾਹੀ ਜੋਸ਼ੀਲੇ ਪੈਰੋਕਾਰਾਂ ਦੀ ਕਾਰਵਾਈ ਨੇ ਅੰਗਰੇਜ਼ ਸਰਕਾਰ ਨੂੰ ਉਹਨਾਂ ਸਤਿਗੁਰੂ ਜੀ ਨੂੰ ਦੇਸ ਬਦਰ ਕਰਨ ਲਈ ਬਹਾਨਾ ਦੇ ਦਿੱਤਾ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਜੇਕਰ ਸਤਿਗੁਰੂ ਜੀ ਨੂੰ ਆਪਣੀ ਯੋਜਨਾ ਅਨੁਸਾਰ ਕੰਮ ਕਰਨ ਦਾ ਮੌਕਾ ਮਿਲ ਜਾਂਦਾ ਤਾਂ ਭਾਰਤ ਦਾ ਇਤਿਹਾਸ ਕੁੱਝ ਹੋਰ ਹੁੰਦਾ।

ਨਾਮਧਾਰੀ ਸੰਗਤ ਨੂੰ ਉਹਨਾਂ ਵੱਲੋਂ ਦਿੱਤੀ ਸਿੱਖਿਆ-ਦੀਖਿਆ ਦਾ ਹੀ ਫ਼ਲ ਸੀ ਕਿ ਦੇਸ ਨੂੰ ਆਜ਼ਾਦੀ ਮਿਲਣ ਦੇ ਦਿਨ ਤੱਕ ਇਹਨਾਂ ਦੇ ਦਿਲ ਵਿਚ ਮਲੇਛੀ ਸਰਕਾਰ ਪ੍ਰਤੀ ਰੋਹ ਜਿਉਂ ਦਾ ਤਿਉਂ ਬਰਕਰਾਰ ਰਿਹਾ ਅਤੇ ਸਰਕਾਰ ਵੱਲੋਂ ਉਹਨਾਂ ਨੂੰ ਦਬਾਉਣ ਦੇ ਲੱਖ ਯਤਨ ਕਰਨ ਉੱਤੇ ਵੀ ਇਹਨਾਂ ਦੇ ਵਤੀਰੇ ਵਿਚ ਰਾਈਂ ਮਾਤਰ ਕਚਿਆਈ ਨਹੀਂ ਆਈ।

.......................................................

# ਸਿੱਖੀ ਸਿਰਜਣਾ



ਗੁਰੂਬਚਨ ਸਿੰਘ ਨਾਮਧਾਰੀ
ਪ੍ਰਸਿੱਧ ਨਾਮਧਾਰੀ ਵਿਦਵਾਨ ਅਤੇ ਕਥਾਕਾਰ
93160-51015

ਕਿਹਾ ਜਾਂਦਾ ਹੈ ਕਿ ਵਿਸਾਖੀ 1699 ਈ. ਨੂੰ, ਦਸਮ ਪਾਤਸ਼ਾਹ ਨੇ ਅੰਮ੍ਰਿਤ ਛਕਾ ਕੇ ਸਿੱਖੀ ਸਿਰਜਣਾ ਕੀਤੀ। ਪਰ ਯਥਾਰਥ ਵਿਚ ਸਿੱਖੀ ਦਾ ਨਿਵੇਕਲਾ ਰਾਹ ਉਦੋਂ ਹੀ ਖੁੱਲ੍ਹ ਗਿਆ, ਜਦੋਂ ਸੰਨ 1478 ਵਿਚ ਨੌਂ ਵਰ੍ਹਿਆਂ ਦੇ ਬਾਲ ਨਾਨਕ ਨੇ ਯੁਗਾਂ ਪੁਰਾਣੀ ਯਗੋਯਪਵਿਤ ਪਰੰਪਰਾ ਜਾਂ ਜਨੇਊ ਧਾਰਣ ਕਰਨ ਦੀ ਜੰਗਾਲੀ ਹੋਈ ਰੀਤ ਨੂੰ ਤੋੜ ਸੁੱਟਿਆ ਅਤੇ ਘੋਸ਼ਣਾ ਕੀਤੀ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਸਿੱਖੀ 'ਰਾਏ ਭੋਏ ਦੀ ਤਲਵੰਡੀ' ਤੋਂ ਆਪਣੇ ਰਾਹ ਟੁਰ ਪਈ ਸੀ। ਪੰਜਵੇਂ ਪਾਤਸ਼ਾਹ ਸਤਿਗੁਰੂ, ਸਿੱਖ ਰਿਸ਼ਤੇ ਦੇ ਸੰਦਰਭ ਵਿਚ 'ਸੁਖਮਨੀ ਸਾਹਿਬ' ਵਿਚ ਕਹਿੰਦੇ ਹਨ :

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲੁ॥

ਹਜ਼ਾਰਾਂ ਸਾਲਾਂ ਤੋਂ ਵਗ ਰਹੇ ਵੈਦਿਕ ਧਰਮ, ਲੰਬੇ ਕਾਲ ਖੰਡ ਵਿਚ ਤਬਦੀਲ ਹੁੰਦੀ ਰਹੀ ਮਨੁੱਖੀ ਮਨੋਦਸ਼ਾ ਨੂੰ ਮਲੀਨ ਕਰ ਦਿੱਤਾ। ਵੱਡੇ-ਵੱਡੇ ਮੰਦਰ ਉਸਰ ਗਏ। ਉਸ ਵਿਚ ਦੇਵ ਮੂਰਤੀਆਂ ਸਥਾਪਤ ਕੀਤੀਆਂ ਅਤੇ ਬ੍ਰਾਹਮਣ ਪੁਜਾਰੀ ਵਰਗ, ਇਨ੍ਹਾਂ ਦੇਵਤਿਆਂ ਦੇ ਪ੍ਰਤੀਨਿਧੀ ਬਣ ਗਏ। ਦੇਵਤਿਆਂ ਦੇ ਨਾਂ 'ਤੇ ਬੇਸ਼ੁਮਾਰ ਧਨ, ਭੋਗ ਬਿਲਾਸ, ਦੇਵ-ਪੂਜਾ ਦੇ ਵਿਧਾਨ ਵਿਚ ਸ਼ਾਮਿਲ ਹੋ ਗਏ। ਦੇਵਤਿਆਂ ਦੀ ਸੇਵਾ ਲਈ, ਦੇਵਦਾਸੀਆਂ ਦੇ ਰੂਪ ਵਿਚ ਕੁਆਰੀਆਂ ਲੜਕੀਆਂ, ਮੰਦਰਾਂ ਵਿਚ ਰੱਖੀਆਂ ਗਈਆਂ। ਇਹ ਕੰਨਿਆਵਾਂ, ਬ੍ਰਾਹਮਣਾਂ ਪੁਜਾਰੀਆਂ ਲਈ ਰਾਖਵੀਂ ਭੋਗ

ਵਸਤੂ ਸਮਝੀਆਂ ਜਾਂਦੀਆਂ ਸਨ। ਸਮਾਜ ਦੇ ਹੋਰ ਤਕੜੇ ਵਰਗ, ਖੱਤਰੀ ਅਤੇ ਧਨਾਢ ਵਾਪਾਰੀਆਂ ਲਈ 'ਨਗਰ ਵਧੂ' ਬਹਾਲ ਹੋਈਆਂ। ਈਸਵੀ ਸੰਨ ਤੋਂ ਪੰਜ ਸੌ ਸਾਲ ਪਹਿਲਾਂ ਚੀਨੀ ਦਾਰਸ਼ਨਿਕ ਕਨਫੂਸ਼ਿਅਸ ਨੇ, ਆਪਣੀ ਭਾਰਤ ਯਾਤਰਾ ਦੇ ਸੰਸਮਰਨ ਵਿਚ ਦੱਖਣ ਭਾਰਤ ਦੇ ਮੰਦਰਾਂ ਵਿਚ ਪੁਜਾਰੀਆਂ ਵੱਲੋਂ ਮੋਟੀ ਰਕਮ ਲੈ ਕੇ ਇਹ ਲੜਕੀਆਂ, ਦੇਵਦਾਸੀਆਂ ਭੋਗ ਲਈ ਪੇਸ਼ ਕਰਨ ਦਾ ਜ਼ਿਕਰ ਕੀਤਾ ਹੈ। ਜਿਹੜੀ ਲੜਕੀ ਗਰਭਵਤੀ ਹੋ ਜਾਂਦੀ, ਉਸ ਨੂੰ ਸ਼ਹਿਰਾਂ ਤੋਂ ਬਾਹਰ ਬਣੀਆਂ ਹੋਈਆਂ "ਦੇਵਦਾਸੀ ਚਾਲ" ਵਿਚ, ਇਕ ਝੁੱਗੀ ਦੇ ਕੇ ਨਿਰਵਾਸਤ ਕਰ ਦਿੱਤਾ ਜਾਂਦਾ ਸੀ। ਰਾਜਾਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ ਜਿਹੇ ਵਿਦਵਾਨਾਂ ਨੇ ਵਿਰੋਧਤਾ ਦੇ ਸੁਰ ਬੁਲੰਦ ਕੀਤੇ, ਪਰ ਕੋਈ ਬਹੁਤਾ ਫ਼ਰਕ ਨਾ ਪਿਆ। ਸੰਨ 1947 ਵਿਚ ਮਦਰਾਸ ਵਿਚ ਅਤੇ ਸੰਨ 1988 ਵਿਚ ਆਂਧਰਾ ਪ੍ਰਦੇਸ਼ ਵਿਚ 'ਦੇਵਦਾਸੀ ਐਕਟ' ਬਣਾ ਕੇ, ਇਸ ਗ਼ੈਰਮਨੁੱਖੀ ਪਰੰਪਰਾ ਨੂੰ ਬੈਨ ਕੀਤਾ ਗਿਆ। ਪਰ ਸੰਨ 2013 ਦੀ 'ਭਾਰਤੀ ਮਨੁੱਖੀ ਅਧਿਕਾਰ ਕੌਂਸਲ' ਦੀ ਰਿਪੋਰਟ ਅਨੁਸਾਰ, ਅਜ ਵੀ ਚਾਰ ਲੱਖ ਪੰਜਾਹ ਹਜ਼ਾਰ ਤੋਂ ਕੁਝ ਵੱਧ ਦੇਵਦਾਸੀਆਂ, ਮੰਦਰਾਂ ਵਿਚ ਮੌਜੂਦ ਸਨ। ਧਰਮ ਦੇ ਨਾਂ 'ਤੇ ਪਤਨ ਅਤੇ ਮਨੁੱਖੀ ਅਧਿਕਾਰਾਂ ਦੇ ਸ਼ੋਸ਼ਣ ਦਾ ਇਹ ਇਕ ਨਮੂਨਾ ਮਾਤਰ ਹੈ।

13 ਵੀਂ ਸ਼ਤਾਬਦੀ! ਸ੍ਰੀ ਰਾਮਾਨੰਦ ਜੀ ਦੇਸ਼ ਭ੍ਰਮਣ ਕਰਦੇ ਹੋਏ, ਮਹਾਰਾਸ਼ਟਰ ਦੇ 'ਆਨੰਦੀ' 'ਚ ਵਿਸ਼ਰਾਮ ਲਈ ਠਹਿਰੇ। ਚਾਰ ਭਗਤ ਬੱਚਿਆਂ, ਸ੍ਰੀ ਨਿਵਰਤੀ ਨਾਥ, ਸੰਤ ਗਿਆਨੇਸ਼ਵਰ, ਸੋਪਾਨਦੇਵ ਅਤੇ ਸਭ ਤੋਂ ਛੋਟੀ ਬੱਚੀ ਮੁਕਤਾ ਬਾਈ ਦੇ ਪਿਤਾ, ਸ੍ਰੀ ਵਿੱਠਲਪੰਤ ਜੀ ਨੇ, ਸ੍ਰੀ ਰਾਮਾਨੰਦ ਜੀ ਨੂੰ ਸੰਨਿਆਸ ਅਤੇ ਆਪਣੀ ਮੰਡਲੀ ਵਿਚ ਸ਼ਾਮਲ ਕਰਨ ਲਈ ਬੇਨਤੀ ਕੀਤੀ। ਬੇਨਤੀ ਪਰਵਾਨ ਹੋ ਗਈ, ਸ੍ਰੀ ਵਿੱਠਲਵੰਤ, ਸੰਤ ਮੰਡਲੀ ਦੇ ਨਾਲ ਹੀ ਟੁਰ ਪਏ। ਉਨ੍ਹਾਂ ਦੀ ਧਰਮ ਪਤਨੀ ਹੁਕਮਨੀ ਬਾਈ, ਬੱਚਿਆਂ ਦੀ ਪਰਵਰਿਸ਼ ਕਰਦੀ ਰਹੀ। ਕੁਝ ਵਰ੍ਹਿਆਂ ਬਾਅਦ ਸ੍ਰੀ ਰਾਮਾਨੰਦ ਜੀ, ਯਾਤਰਾ ਦੀ ਵਾਪਸੀ 'ਤੇ, ਇਕ ਵਾਰ ਫਿਰ ਆਨੰਦੀ ਉਤਾਰਾ ਕੀਤਾ। ਗ੍ਰਿਹਣੀ ਰੁਕਮਣੀ ਬਾਈ, ਬੱਚਿਆਂ ਨਾਲ, ਜਾ ਕੇ ਰਾਮਾਨੰਦ ਜੀ ਦੇ ਚਰਣਾਂ 'ਤੇ ਮੱਥਾ ਟੇਕਿਆ। ਸੰਤਾਂ ਨੇ ਸੁਭਾਵਿਕ ਅਸ਼ੀਰਵਾਦ ਦਿੱਤਾ, "ਸੁਭਾਗਵਤੀ ਭਵ"। ਰੁਕਮਣੀ ਬਾਈ ਬੇਨਤੀ ਕੀਤੀ, ਸੰਤ ਸ਼੍ਰੋਮਣੀ, ਮੈਂ ਸੁਭਾਗਵਤੀ ਕਿਵੇਂ ਹੋ ਸਕਦੀ ਹਾਂ ? ਮੇਰਾ ਪਤੀ ਤਾਂ ਸੰਨਿਆਸ ਲੈ ਕੇ ਤੁਹਾਡੀ ਮੰਡਲੀ ਵਿਚ ਸ਼ਾਮਲ ਹੈ।

ਰਾਮਾਨੰਦ ਜੀ ਨੇ, ਵਿੱਠਲਵੰਤ ਨੂੰ ਹੁਕਮ ਦਿੱਤਾ, ਮੈਂ ਇਸ ਨਾਰੀ ਨੂੰ ਸੁਭਾਗਵਤੀ ਦਾ ਵਚਨ ਦਿੱਤਾ ਹੈ। ਤੂੰ ਗ੍ਰਿਹਸਥ ਧਰਮ ਦੀ ਪਾਲਣਾ ਕਰ। ਵਿੱਠਲਵੰਤ, ਘਰਵਾਲੀ ਅਤੇ ਬੱਚਿਆਂ ਸੰਗ ਘਰ ਵਾਪਸ ਆ ਗਏ। ਪੰਢਰਪੁਰ ਦੀ ਬ੍ਰਾਹਮਣ ਸਭਾ ਨੇ, ਇਕ ਵਾਰ ਸੰਨਿਆਸ ਲੈ ਕੇ ਮੁੜ ਗ੍ਰਿਹਸਥੀ ਵਿਚ ਪ੍ਰਵੇਸ਼ ਨੂੰ ਅਪਰਾਧ ਕਿਹਾ। ਸਜ਼ਾ ਵਜੋਂ 'ਜਲ ਸਮਾਧੀ' ਲੈਣ ਦਾ ਹੁਕਮ ਦਿੱਤਾ। ਦੋਵੇਂ ਦੰਪਤੀ, ਵਿੱਠਲਪੰਤ ਅਤੇ ਰੁਕਮਨੀ ਬਾਈ ਨੇ ਗੰਗਾ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਮਗਰੋਂ ਚਾਰੇ ਵਿਦਵਾਨ-ਭਗਤ ਬੱਚਿਆਂ ਵੀ, 18 ਵਰ੍ਹਿਆਂ ਦੀ ਉਮਰ ਤੱਕ, ਇੱਛਾ ਸ਼ਕਤੀ ਨਾਲ ਪ੍ਰਾਣ ਤਿਆਗ ਦਿੱਤੇ। ਧਰਮ ਦੇ ਨਾਂ 'ਤੇ ਸ਼ਰਧਾਲੂਆਂ ਦੇ ਸ਼ੋਸ਼ਣ ਦੇ, ਇਵੇਂ ਦੇ ਕਈ ਇਤਿਹਾਸਕ ਪ੍ਰਸੰਗ ਮੌਜੂਦ ਹਨ। ਬਹੁਦੇਵਵਾਦ, ਸਾਕਾਰ-ਨਿਰਾਕਾਰ, ਦਵੈਤ- ਅਦਵੈਤ, ਵਸ਼ਿਸ਼ਟ ਅਦਵੈਤ, ਰਾਮ ਭਗਤੀ ਪਰੰਪਰਾ, ਕ੍ਰਿਸ਼ਨ ਭਗਤੀ ਪਰੰਪਰਾ, ਸ਼ਿਵ, ਵਿਸ਼ਨੂੰ—ਭਗਤੀ ਸ਼ਾਖਾ, ਵੈਦਿਕ ਧਰਮ, ਪਿਛਲੇ ਚਾਰ ਹਜ਼ਾਰ ਸਾਲਾਂ ਤੋਂ ਨਿਰੰਤਰ ਵਿਵਾਦ ਗ੍ਰਸਤ ਹੁੰਦਾ ਗਿਆ ਗੁੰਝਲਾਂ ਪੈਂਦੀਆਂ ਗਈਆਂ।

15 ਵੀਂ ਸਦੀ ! ਸ੍ਰੀ ਗੁਰੂ ਨਾਨਕ ਦਾ ਅਵਤਾਰ ਕਾਲ! ਛੋਟੀ ਉਮਰ ਵਿਚ ਹੀ ਮਨੁੱਖੀ ਦਰਦ ਵੇਖਦੇ ਸੁਣਦੇ ਰਹੇ। 9 ਸਾਲ ਦੀ ਉਮਰ, ਪੰਡਤ ਦਾ ਹੱਥ ਝਟਕ ਦਿੰਦੇ ਹਨ, ਇਹ ਜਨੇਊ, ਕਿਸੇ ਅਰਥ ਨਹੀਂ। ਦਇਆ ਨਹੀਂ, ਸੰਤੋਖ ਨਹੀਂ, ਚਰਿੱਤਰ ਨਹੀਂ, ਸਤਿਆ ਨਹੀਂ। ਸਮਾਂ ਕਰਵਟ ਲੈ ਰਿਹਾ ਸੀ। ਇੱਕ ਧਰਮ ਕ੍ਰਾਂਤੀ ਜਨਮ ਲੈਣ ਨੂੰ ਤਿਆਰ ਸੀ। ਹਜ਼ਾਰਾਂ ਸਾਲਾਂ ਤੋਂ, ਧਰਮ ਦੇ ਨਾਂ 'ਤੇ ਸ਼ੋਸ਼ਣ, ਭ੍ਰਿਸ਼ਟਾਚਾਰ ਦੇ ਵਿਰੁੱਧ, ਕੁਦਰਤ ਦੀ ਕੁੱਖੋਂ ਇੱਕ 'ਕ੍ਰਾਂਤੀ' ਨੇ ਜਨਮ ਲਿਆ। 'ਗੁਰੂ ਨਾਨਕ ਉਸ ਦਾ ਨਾਂ ਸੀ। ਅੱਜ ਤੱਕ ਮਨੁੱਖ ਨੂੰ ਧਰਮ ਲਈ ਵਰਤਿਆ ਜਾਂਦਾ ਰਿਹਾ। "ਧਰਮ ਨੂੰ ਖ਼ਤਰਾ ਹੈ", ਕਹਿ ਕੇ ਮਨੁੱਖਾਂ ਨੂੰ ਲੜਵਾਉਂਦੇ ਰਹੇ, ਮਰਵਾਉਂਦੇ ਰਹੇ। ਗੁਰੂ ਨਾਨਕ ਨੇ ਧਰਮ ਨੂੰ ਮਨੁੱਖਤਾ ਦੇ ਹਿੱਤ ਲਈ ਪ੍ਰਵਾਹਿਤ ਕੀਤਾ। ਧਰਤੀ ਨੂੰ ਧਰਮਸਾਲ

ਕਿਹਾ। ਇਸ ਧਰਤੀ ਦੇ ਬਾਸ਼ਿੰਦੇ, "ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥

ਆਪਣੇ ਜਨਮ, ਸੁਭਾਅ ਅਤੇ ਸੰਸਕਾਰਾਂ ਅਨੁਸਾਰ ਕਈ ਭੋਲੇ ਜੀਅ, ਕਈ ਹਿੰਸਕ...ਇਹ ਸਾਰੇ ਰਤਨ ਹਨ, ਹਰ ਇਕ ਕੀਮਤੀ ਹੈ। ਇਨ੍ਹਾਂ ਸਾਰਿਆਂ ਜੀਆਂ ਪ੍ਰਤੀ ਸੁਹਿਰਦ ਹੋਣਾ ਧਰਮ ਹੈ। ਇਨ੍ਹਾਂ ਸਾਰਿਆਂ ਦੀ ਸੁਖ, ਸ਼ਾਂਤੀ, ਸੁਰੱਖਿਆ ਦੀ ਜ਼ਿੰਮੇਵਾਰੀ, ਧਰਮ ਹੈ। ਗੁਰੂ ਨਾਨਕ ਪਹਿਲੇ ਧਰਮ ਅਵਤਾਰ, ਜਿਨ੍ਹਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਮਿੱਟੀ ਨੂੰ ਮਾਤਾ ਕਹਿ ਕੇ ਸਤਿਕਾਰਿਆ ਅਤੇ ਇਨ੍ਹਾਂ ਨੂੰ ਸੰਵਾਰਨ ਲਈ ਜਗਤ ਨੂੰ ਪ੍ਰੇਰਿਆ। 'ਸਿੱਖ ਧਰਮ' ਜਗਤ ਦਾ ਪਹਿਲਾ ਵਾਤਾਵਰਣ ਚੇਤਨਾ ਸੰਪੰਨ ਧਰਮ, ਗੁਰੂ ਨਾਨਕ ਨੇ ਸਿਰਜਤ ਕੀਤਾ।

ਦੁਨੀਆਂ ਦੇ ਸਾਰੇ ਧਰਮ, ਬਹੁਤ ਛੋਟੀ ਆਯੂ ਦੇ ਹਨ। ਗੁਰੂ ਨਾਨਕ ਸਾਢੇ ਪੰਜ ਸੌ ਸਾਲ, ਮਾਰਟੀਨ ਲੂਥਰ ਦਾ ਪ੍ਰੋਟੇਸਟਵਾਦ, ਤਕਰੀਬਨ ਪੰਜ ਸੌ ਸਾਲ, ਮੁਹੰਮਦ ਸਾਹਿਬ, ਕਰੀਬ ਚੌਦਾਂ ਸੌ ਸਾਲ, ਜੀਸਸ 2024 ਸਾਲ, ਭਗਵਾਨ ਬੁੱਧ 2500 ਸਾਲ, ਭਗਵਾਨ ਮਹਾਂਵੀਰ 2600 ਸਾਲ, ਭਗਵਾਨ ਸ੍ਰੀ ਕ੍ਰਿਸ਼ਨ ਪੰਜ ਹਜ਼ਾਰ ਸਾਲ, ਭਗਵਾਨ ਸ੍ਰੀ ਰਾਮ ਛੇ ਹਜ਼ਾਰ ਸਾਲ। ਮਨੁੱਖ ਦੀ ਆਯੂ ਇਨ੍ਹਾਂ ਧਰਮਾਂ ਤੋਂ ਬਹੁਤ ਵੱਡੀ ਹੈ। ਇੱਕ ਕਰੋੜ ਸਾਲ ਪੁਰਾਣਾ ਮਨੁੱਖ ਦਾ ਜੀਵਾਸ਼ਮ ਮਿਲ ਚੁੱਕਿਆ ਹੈ। ਮਨੁੱਖ ਪਹਿਲਾਂ ਆਇਆ। ਸਭਿਅਤਾ ਦੇ ਵਿਕਾਸ ਦੇ ਕ੍ਰਮ ਵਿਚ, ਹਰ ਸਮੇਂ ਮਨੁੱਖ ਦਾ ਵਿਵੇਕ, ਸੁਰੱਖਿਆ ਅਤੇ ਖੁਸ਼ਹਾਲੀ ਲਈ ਚਿੰਤਨਸ਼ੀਲ ਰਹਿੰਦਾ। ਕੁਝ ਬੁੱਧੀਮਾਨ ਮਨੁੱਖ, ਰਲ਼ ਬੈਠਦੇ ਹੋਣਗੇ...ਜੰਗਲੀ ਜਾਨਵਰਾਂ ਤੋਂ, ਦੁਸ਼ਮਣਾਂ ਤੋਂ ਰੱਖਿਆ ਦੇ ਉਪਾਅ ਤੇ ਵਿਚਾਰ ਵਟਾਂਦਰਾ ਕਰਦੇ ਹੋਣਗੇ। ਇਸੇ ਕ੍ਰਮ ਵਿਚ ਜਮਾਤ, ਕਬੀਲੇ, ਸਮਾਜ ਅਤੇ ਧਰਮ ਸੰਪਰਦਾਵਾਂ ਵਿਕਸਤ ਹੋਈਆਂ। ਵੱਖ-ਵੱਖ ਧਰਮ ਸੰਪਰਦਾਵਾਂ ਦੇ ਮੁਖੀਆਂ ਨੇ, ਉਸ ਵਿਸ਼ੇਸ਼ ਧਰਮ ਦੇ ਕਾਰਜ ਖੇਤਰ, ਆਚਾਰ, ਵਿਚਾਰ, ਆਹਾਰ, ਇਸ਼ਟ-ਆਸਥਾ, ਜਨਮ-ਮਰਣ ਸੰਸਕਾਰ, ਦੇਹ-ਆਤਮਾ ਅਤੇ ਫਿਰ ਆਤਮਾ-ਪਰਮਾਤਮਾ ਰਿਸ਼ਤਿਆਂ ਪ੍ਰਤੀ ਮਾਨਤਾਵਾਂ, ਧਰਮ ਵਿਧਾਨ ਰੂਪ ਵਿਚ ਨਿਰਧਾਰਤ ਹੋਏ। ਇਹ ਸੰਪੂਰਨ ਧਰਮ ਵਿਧਾਨ, ਉਸ ਧਰਮ ਸੰਪਰਦਾ ਦਾ ਦਰਸ਼ਨ ਜਾਂ ਫ਼ਿਲਾਸਫ਼ੀ ਕਿਹਾ ਜਾਂਦਾ ਹੈ।

ਸਿੱਖ ਧਰਮ ਦਰਸ਼ਨ, ਸ੍ਰਿਸ਼ਟੀ ਦੇ ਸੰਪੂਰਨ ਪ੍ਰਾਣੀ ਮਾਤਰ, ਪਸ਼ੂ-ਪੰਖੀ, ਮਨੁੱਖ, ਰੁੱਖ, ਨਦੀਆਂ, ਪਹਾੜ, ਸਾਰਿਆਂ ਵਿਚ ਬ੍ਰਹਮ ਦਰਸ਼ਨ ਕਰਵਾਉਂਦਾ ਹੈ—

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥

ਇਨ੍ਹਾਂ ਜੜ੍ਹ-ਚੇਤਨਾ ਸਭਨਾਂ ਦੀ ਰੱਖਿਆ, ਸੰਭਾਲ ਅਤੇ ਸਮਾਨਤਾ ਆਧਾਰਤ ਸੰਬੰਧ ਦੀ ਪ੍ਰੌੜ੍ਹਤਾ ਕਰਦਾ ਹੈ। ਗੁਰੂ ਸਾਹਿਬਾਨਾਂ ਨੇ ਬੰਦੇ ਨੂੰ 'ਇਨਸਾਨ' ਬਣਾਇਆ। ਇਹ 'ਸਿੱਖ' ਅਖਵਾਉਂਦੇ ਹਨ। ਇੱਕ ਇਨਸਾਨ, ਮਨੁੱਖਤਾ ਦਾ ਪ੍ਰਾਣੀ ਮਾਤਰ ਦਾ, ਮਿੱਟੀ, ਪਾਣੀ, ਹਵਾ, ਅੱਗ ਅਤੇ ਆਕਾਸ਼ ਦਾ ਚੇਤਨਾਮਈ ਹਮਦਰਦ! ਕਿਤੇ ਜਲਜਲਾ ਆਵੇ, ਹੜ੍ਹ ਆਵੇ, ਅਕਾਲ ਪੈ ਜਾਵੇ, ਜੰਗ ਛਿੜੀ ਹੋਵੇ, ਦੰਗਾ ਹੋ ਜਾਵੇ, ਸਿੱਖ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਥੇ ਮਨੁੱਖ ਭੁੱਖੇ ਹਨ, ਦਵਾਈ, ਕਪੜੇ, ਜਿਹੜੀਆਂ ਜ਼ਰੂਰਤਾਂ ਲਈ ਕਈ ਮਨੁੱਖੀ ਅੱਖਾਂ ਉਡੀਕ ਵਿਚ ਹਨ ਅਤੇ ਗੁਰੂ ਦੇ ਨਿਸ਼ਕਾਮ ਸਿੱਖ, ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਸੇਵਾ ਵਿਚ ਲੱਗ ਜਾਂਦੇ ਹਨ।

ਸੰਨ 1945! ਪੂਰਬੀ ਬੰਗਾਲ (ਹੁਣ ਬਗਲਾ ਦੇਸ਼) ਦੇ ਨੋਵਾਖਲੀ ਸ਼ਹਿਰ ਵਿਚ, ਹਿੰਦੂ-ਮੁਸਲਿਮ ਦੰਗਾ ਛਿੜ ਗਿਆ। ਵੇਖਦਿਆਂ-ਵੇਖਦਿਆਂ ਦੰਗੇ ਦੀ ਅੱਗ ਖੁਲਨਾ, ਢਾਕਾ ਹੁੰਦਿਆਂ ਕਲਕੱਤੇ ਪਹੁੰਚ ਗਈ। ਭਿਆਨਕ ਦੰਗੇ ਦੀ ਗ੍ਰਿਫ਼ਤ ਵਿਚ ਸਾਰਾ ਕਲਕੱਤਾ ਸ਼ਹਿਰ ਆ ਗਿਆ। ਸ਼ਹਿਰ ਦੇ ਹਰ ਗਲੀ-ਮੁਹੱਲੇ ਵਿਚ ਵੱਢ-ਕੱਟ ਹੋ ਰਹੀ ਸੀ। ਕਮਿਸ਼ਨਰ ਹਾਫੀਜ਼ ਪਰਿਵਾਰ ਸਹਿਤ ਕਲਕੱਤੇ ਆ ਰਹੇ ਸੀ। ਸਵੇਰੇ, ਜਦੋਂ ਟ੍ਰੇਨ ਰੇਲਵੇ ਸਟੇਸ਼ਨ ਪਹੁੰਚੀ, ਸਾਰਾ ਪਲੇਟਫਾਰਮ ਸੁੰਨਸਾਨ ਪਿਆ ਸੀ। ਇਕ ਕੁਲੀ ਦਿਸਿਆ। ਹੱਥ ਦੇ ਇਸ਼ਾਰੇ ਨਾਲ ਕੋਲ ਸੱਦ ਕੇ, ਵੀਰਾਨੀ ਦਾ ਸਬੱਬ ਪੁੱਛਿਆ। ਉਸ ਨੇ ਭਿਆਨਕ ਹਿੰਦੂ-ਮੁਸਲਿਮ ਦੰਗੇ ਦੀ ਸੂਚਨਾ ਦਿੱਤੀ। ਸਟੇਸ਼ਨ ਦੇ ਬਾਹਰੋਂ 'ਹਰ ਹਰ ਮਹਾਦੇਵ, 'ਜੈ ਬਜਰੰਗ ਬਲੀ', 'ਅੱਲਾ ਹੂ ਅਕਬਰ', 'ਨਾਰਾਏ ਤਕਬੀਰ' ਦੇ ਨਾਹਰੇ ਸੁਣਾਈ ਦੇ ਰਹੇ ਸਨ। ਹਾਲਾਤ ਦੀ ਸੰਜੀਦਗੀ ਬਿਆਨ ਕਰ ਕੇ, ਭਲੇ ਕੁਲੀ ਨੇ ਸਲਾਹ ਦਿੱਤੀ, ਇਸ ਵੇਲੇ ਸ਼ਹਿਰ ਦੀਆਂ ਟਾਮਾਂ, ਰਿਕਸ਼ੇ ਸਾਰੇ ਬੰਦ ਹਨ। ਸਿਰਫ਼ 'ਸਿੱਖ ਟੈਕਸੀ ਯੂਨੀਅਨ' ਨੇ ਮਨੁੱਖਤਾ ਦੀ ਸੇਵਾ ਹਿੱਤ, ਜ਼ਰੂਰਤਮੰਦਾਂ ਨੂੰ ਸੁਰੱਖਿਅਤ

ਮੁਕਾਮ ਤਕ ਪਹੁੰਚਾਉਣ ਦਾ ਫ਼ੈਸਲਾ ਕੀਤਾ ਹੈ, ਇਸ ਲਈ, ਜੇ ਕੋਈ ਸਿੱਖ ਟੈਕਸੀ ਵਾਲਾ ਮਿਲ ਜਾਏ ਤਾਂ ਇਥੋਂ ਨਿਕਲ ਸਕਦੇ ਹੋ। ਉਸ ਵੇਲੇ, ਇੱਕ ਨੌਜਵਾਨ ਸਿੱਖ ਦੌੜਦਾ ਹੋਇਆ ਆਇਆ। ਪੁੱਛਿਆ, ਕਿੱਥੇ ਜਾਣਾ ਹੈ?

ਜੇ 'ਬੜਾ ਬਾਜ਼ਾਰ ਦੀ ਮਸਜਿਦ ਤਕ ਛੱਡ ਦਿਉ ਤਾਂ ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ-ਕਮਿਸ਼ਨਰ। ਉਸ ਸਿੱਖ ਨੇ ਕਾਹਲੀ ਕਾਹਲੀ ਦੋਵੇਂ ਬੈਗ ਚੁੱਕ ਲਏ ਤੇ ਕਿਹਾ, ਤੁਸੀਂ ਮੇਮ ਸਾਹਿਬ ਤੇ ਬੱਚਿਆਂ ਨੂੰ ਲੈ ਕੇ ਮੇਰੇ ਮਗਰੇ ਆ ਜਾਓ...ਜਲਦੀ।

ਦੌੜਦਾ ਹੋਇਆ ਜਵਾਨ ਬਾਹਰ ਵੱਲ ਗਿਆ। ਦੋਵੇਂ ਬੈਗ ਟੈਕਸੀ ਅੰਦਰ ਸੁੱਟੇ ਤੇ ਡਰਾਈਵਿੰਗ ਸੀਟ 'ਤੇ ਬੈਠਦਿਆਂ ਕਿਹਾ, ਜਲਦੀ ਬੈਠੋ। ਸਟੇਸ਼ਨ ਅਦਾਰੇ ਤੋਂ ਬਾਹਰ ਨਿਕਲਦਿਆਂ ਦੰਗਾਈਆਂ ਦਾ ਝੁੰਡ, ਗੱਡੀ ਘੇਰਣ ਲਈ ਅੱਗੇ ਆਉਣ ਲੱਗਾ। ਸਿੱਖ ਨੌਜਵਾਨ ਦੇ ਮੂੰਹੋਂ 'ਵਾਹਿਗੁਰੂ' ਨਿਕਲਿਆ ਤੇ ਗੱਡੀ ਦੀ ਰਫ਼ਤਾਰ ਹਵਾ ਬਣ ਗਈ। ਬਲਵਈਆਂ ਦੀ ਭੀੜ ਨੂੰ ਚੀਰਦੀ ਹੋਈ ਟੈਕਸੀ ਹਵਾ ਹੋ ਗਈ। ਬੜਾ ਬਾਜ਼ਾਰ ਮਸਜਿਦ ਦੇ ਬਾਹਰ ਜਾ ਖੜ੍ਹੀ ਕੀਤੀ। ਸਾਮਾਨ ਅੰਦਰ ਰੱਖਿਆ। ਬੇਗ਼ਮ ਅਤੇ ਦੋ ਬੱਚਿਆਂ ਸਹਿਤ ਕਮਿਸ਼ਨਰ ਉਤਰਿਆ। ਜੇਬ ਵਿਚ ਜਿੰਨੇ ਰੁਪਏ ਹੈ ਸਨ, ਸਾਰੇ ਸਿੱਖ ਯੁਵਕ ਦੇ ਹੱਥ ਰੱਖ ਕੇ, ਸ਼ੁਕਰਾਨੇ ਵਜੋਂ ਅੱਖਾਂ 'ਚੋਂ ਦੋ ਬੂੰਦਾਂ ਹੰਝੂ ਦੀਆਂ ਭੇਟ ਕੀਤੀਆਂ। ਸਿੱਖ ਯੁਵਕ ਨੇ, ਮਾਤਰ ਦੋ ਰੁਪਏ ਰੱਖ ਕੇ ਬਾਕੀ ਦੇ ਸਾਰੇ ਪੈਸੇ ਮੋੜ ਦਿੱਤੇ। ਕਿਹਾ, ਮੇਰੇ ਸਤਿਗੁਰ ਦਾ ਹੁਕਮ ਹੈ, ਹੱਕ ਤੋਂ ਵੱਧ ਨਹੀਂ ਲੈਣਾ। ਇਥੋਂ ਤੱਕ ਬਸ ਦੋ ਰੁਪਏ ਬਣੇ, ਉਹ ਮੈਂ ਲੈ ਲਏ। ਸਿੱਖ ਯੁਵਕ ਗੱਡੀ ਵਿਚ ਬੈਠਾ...ਹਾਲਾਤ ਵਿਚ ਘਿਰੇ ਹੋਏ ਕਿਸੇ ਹੋਰ ਬਦਨਸੀਬ ਦੀ ਤਲਾਸ਼ ਵਿਚ ਗੱਡੀ ਦੌੜਾ ਲਈ। ਵੰਡ ਮਗਰੋਂ, ਉਹੋ ਸ਼ਖ਼ਸ ਲਾਹੌਰ ਦਾ ਕਮਿਸ਼ਨਰ ਲੱਗਾ। ਉਸਨੇ 1945 ਈ. ਦਾ ਉਹ ਦੁੱਖ ਭਰਿਆ ਪ੍ਰਸੰਗ ਲਿਖਿਆ, 'ਦੀ ਅਨਨੋਨ ਐਂਜਲਸ', 'ਅਨਜਾਣ ਫ਼ਰਿਸ਼ਤੇ'। ਲਿਖਿਆ ਕਿ ਵਲੀ ਗੁਰੂ ਨਾਨਕ ਨੇ, ਫ਼ਰਿਸ਼ਤਿਆਂ ਦਾ ਪੰਥ ਘੜਿਆ ਹੈ। ਸਿੱਖ ਧਰਮ ਦੇ ਗੁਰੂਆਂ ਨੇ, ਕਲਪਨਾ ਦੇ ਕਿਸੇ ਦੇਵਲੋਕ ਨੂੰ ਮਾਨਤਾ ਨਹੀਂ ਦਿੱਤੀ। ਗੁਰੂ ਨਾਨਕ ਨੇ ਜਾਂ ਉਨ੍ਹਾਂ ਦੇ ਜਾਂ-ਨਸ਼ੀਨਾਂ ਨੇ, ਮਨੁੱਖ ਨੂੰ ਦੇਵਤਾ ਬਣਾਉਣ ਦਾ ਸੰਕਲਪ ਲਿਆ।

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਸਿੱਖ ਧਰਮ, ਧਰਤੀ ਦਾ ਇਕ ਮਾਤਰ ਧਰਮ, ਜਿਸ ਨੇ ਮਨੁੱਖ ਨੂੰ ਕੁਦਰਤ ਨਾਲ, ਨਦੀਆਂ, ਸਰੋਵਰ, ਰੁੱਖਾਂ, ਪਹਾੜਾਂ ਨਾਲ ਜੋੜਿਆ...ਪਰਿਆਵਰਣ ਅਨੁਕੂਲ ਵਾਤਾਵਰਣ ਸਿਰਜਿਆ। ਪਿਛਲ ਰਾਤ ਜਾਗਣਾ, ਦਰਿਆਵਾਂ ਦੇ ਗਲ ਲੱਗਣਾ, ਤਾਰਿਆਂ ਦੀ ਛਾਵੇਂ ਸਿਮਰਨ ਰਾਹੀਂ ਸਤਿਗੁਰ ਨਾਲ ਜੁੜਨਾ, ਸਿੱਖ ਦੀ ਪਛਾਣ 'ਅੰਗਦ ਦੇਵ ਪਾਤਸ਼ਾਹ, ਗੁਰਸਿੱਖ ਲਈ ਦਿਨ ਦਾ ਆਰੰਭ ਇਵੇਂ ਦੱਸਦੇ ਹਨ-

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

ਬਦਲਦੇ ਹੋਏ ਵਕਤ ਔਰ ਹਾਲਾਤ ਦੇ ਅਨੁਸਾਰ, ਵਿਸਾਖੀ 1699 ਈ. ਨੂੰ ਸਿੱਖ ਦਾ ਨਵਾਂ ਸਰੂਪ ਪ੍ਰਗਟ ਹੋਇਆ। ਸਿੱਖੀ ਦਾ ਮੌਲਿਕ ਵਿਧਾਨ ਉਹੋ ਸੀ, ਦਇਆ, ਸਤਿ, ਸੰਤੋਖ, ਮਨੁੱਖੀ ਅਧਿਕਾਰਾਂ ਦੀ ਰੱਖਿਆ, ਪਰਿਆਵਰਨ ਸੰਤੁਲਨ ਦਾ ਸੰਕਲਪ ! ਸਿੱਖ ਦਾ ਇਕ ਨਵਾਂ ਸ਼ਕਤੀ ਰੂਪ, 'ਸਿੰਘ ਸਰੂਪ' ਦਾ ਪ੍ਰਕਾਸ਼ ਹੋਇਆ। ਬੇਸ਼ਕ ਸਿਰ ਦੇ ਕੇ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਪੰਜ ਪਿਆਰੇ, ਸਿੱਖ ਤਾਂ ਹੈ ਸਨ ਪਰ ਸਿੰਘ ਰੂਪ-ਪ੍ਰਗਟ ਨਹੀਂ ਸੀ ਹੋਇਆ। ਦਇਆ ਰਾਮ, ਧਰਮ ਦਾਸ, ਹਿੰਮਤ ਰਾਏ, ਮੋਹਕਮ ਚੰਦ ਅਤੇ ਸਾਹਿਬ ਚੰਦ! ਅੰਮ੍ਰਿਤ ਛਕਿਆ, ਸਾਰੇ ਸਿੰਘ ਰੂਪ—ਪ੍ਰਗਟ ਹੋਏ। ਸਿੱਖੀ ਦਾ ਨਵਤਨ ਸਰੂਪ...ਨਵਾਂ ਸੰਸਕਰਣ! ਹੁਣ ਆਪਣੇ ਅਧਿਕਾਰਾਂ ਲਈ, ਮਨੁੱਖ ਮਾਤਰ ਦੀ ਰੱਖਿਆ ਲਈ, ਯਾਚਨਾ ਨਹੀਂ ਹੋਵੇਗੀ, ਮੰਗ ਨਹੀਂ ਹੋਵੇਗੀ...ਹੁਣ ਫ਼ੈਸਲਾ ਜੰਗ ਵਿਚ ਹੋਵੇਗਾ।

ਸੰਨ 1738 ਤੋਂ 1745 ਮੱਸਾ ਰੰਘੜ ਨੇ ਜ਼ੁਲਮ ਅਤੇ ਤਸ਼ੱਦਦ ਦੀ ਇੰਤਹਾ ਕਰ ਦਿੱਤੀ। ਜ਼ੱਕਰੀਆ ਖਾਨ ਨੇ ਮੱਸਾ ਰੰਘੜ ਨੂੰ ਅੰਮ੍ਰਿਤਸਰ ਦਾ ਮੁੱਖ ਸੈਨਾਪਤੀ ਮੁਕੱਰਰ ਕੀਤਾ। ਉਸ, ਸ੍ਰੀ ਦਰਬਾਰ ਸਾਹਿਬ ਅਦਾਰੇ ਵਿਚ ਭਰਪੂਰ ਤੋੜ-ਭੰਨ ਅਤੇ ਬੇਅਦਬੀ ਕੀਤੀ। ਉਸ ਨੂੰ ਕਿਸੇ ਦੱਸਿਆ ਕਿ ਸਰੋਵਰ ਦਾ ਇਸ਼ਨਾਨ ਸਿੱਖ ਵਿਚ ਨਵੀਂ ਸ਼ਕਤੀ, ਉਤਸ਼ਾਹ ਭਰ ਦਿੰਦਾ ਹੈ...ਅੰਮ੍ਰਿਤ ਸੰਚਾਰ ਵਾਲੀ ਥਾਂ, ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ, ਵਿਸਮਾਦੀ ਸ਼ਕਤੀਆਂ ਅਰਜਤ ਕਰ ਲੈਂਦਾ ਹੈ। 'ਮੱਸੇ' ਨੇ ਸਰੋਵਰ ਪੂਰ ਦਿੱਤਾ, ਅੰਮ੍ਰਿਤ ਸੰਚਾਰ ਵਾਲਾ ਥਾਂ ਢਾਹ ਦਿੱਤਾ। ਜਿਸ ਪਵਿੱਤਰ ਸਥਾਨ 'ਤੇ

ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤਾ, ਉਸ ਥਾਂ 'ਤੇ ਗੱਦਾ ਮਸਨਦ ਲਾ ਕੇ, ਮੱਸਾ ਰੰਘੜ ਹੁੱਕਾ ਪੀਂਦਾ ਅਤੇ ਜਿਸ ਥਾਂ ਹਜ਼ੂਰੀ ਰਾਗੀ ਸਾਹਿਬਾਨ, ਗੁਰਬਾਣੀ ਗਾਇਨ ਕਰਦੇ ਹਨ, ਉਸ ਥਾਂ ਨਤਕੀਆਂ, ਰੰਡੀਆਂ ਨੱਚਦੀਆਂ ਸਨ। ਭਾਈ ਬਲਾਕਾ ਸਿੰਘ ਤੋਂ ਇਹ ਸਹਿਣ ਨਾ ਹੋਇਆ। ਬੀਕਾਨੇਰ ਜਥੇਦਾਰ ਸ਼ਾਮ ਸਿੰਘ ਦੇ ਕੋਲ ਸਾਰੀ ਬ੍ਰਿਥਾ ਸੁਣਾਈ। ਸੰਗਤਾਂ ਵਿਚ ਰੋਸ ਦੀ ਲਹਿਰ ਦੌੜ ਗਈ। ਭਾਈ ਮਹਿਤਾਬ ਸਿੰਘ ਖਲੋ ਕੇ ਰੋਸ ਵਿਚ ਗੱਜਿਆ, ਜਥੇਦਾਰ ਜੀ, ਮੈਨੂੰ ਆਗਿਆ ਦਿਉ... ਮੈਂ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵਾਂਗਾ। ਭਾਈ ਸੁੱਖਾ ਸਿੰਘ ਵੀ ਖੜ੍ਹਾ ਹੋਇਆ, ਆਗਿਆ ਦਿਉ...ਮੈਂ ਵੀ ਭਾਈ ਮਹਿਤਾਬ ਸਿੰਘ ਦੇ ਨਾਲ ਜਾਵਾਂਗਾ। ਗੁਰੂ ਕੇ ਸਿੱਖਾਂ ਨੇ, ਲੋਹੇ ਦੇ ਇਕ ਟਰੰਕ ਵਿਚ ਟੁੱਟੇ ਹੋਏ ਕੱਚ ਭਰ ਲਏ। ਜ਼ਿਮੀਦਾਰਾ ਭੇਖ ਬਣਾ ਕੇ ਸ੍ਰੀ ਦਰਬਾਰ ਸਾਹਿਬ ਉਸ ਵੇਲੇ ਪਹੁੰਚੇ, ਜਦੋਂ ਉਹ ਆਪ ਬੈਠਾ ਹੋਇਆ ਸੀ। ਦਰਬਾਨ ਨੂੰ ਕਿਹਾ, ਸਾਡੇ ਵੱਲ ਹਕੂਮਤ ਦਾ ਮਾਮਲਾ ਬਹੁਤ ਵਧ ਗਿਆ ਹੈ, ਉਹ ਤਾਰਨ ਆਏ ਹਾਂ। ਜਨਾਬ ਸੈਨਾਪਤੀ ਆਪ ਦੇਖ ਲੈਣ। ਅੰਦਰ ਖ਼ਬਰ ਦਿੱਤੀ ਗਈ। ਵੱਡੀ ਰਕਮ ਸਮਝ ਕੇ ਮੱਸਾ ਆਇਆ। ਟਰੰਕ ਸੁੱਖਾ ਸਿੰਘ ਖੋਲ੍ਹਿਆ। ਮੱਸਾ ਉਪਰੋਂ ਕੱਪੜਾ ਚੁੱਕ ਝਾਕਣ ਲੱਗਾ ਤਾਂ ਉਸੇ ਖਿਣ, ਭਾਈ ਮਹਿਤਾਬ ਸਿੰਘ ਨੇ ਕਿਰਪਾਨ ਨਾਲ ਸਿਰ ਲਾਹ ਕੇ, ਨੇਜੇ 'ਤੇ ਟੰਗ ਘੋੜੇ 'ਤੇ ਬੈਠ ਹਵਾ ਹੋ ਗਏ। ਇਹ ਸਭ ਪਲਕ ਦੇ ਝਪਕਾਰੇ ਵਿਚ ਹੋ ਗਿਆ। ਜਦੋਂ ਤਕ ਪਹਿਰੇਦਾਰ ਅਤੇ ਸੈਨਿਕ ਅੰਗ-ਰੱਖਿਅਕ ਗੱਲ ਨੂੰ ਸਮਝਦੇ, ਉਦੋਂ ਤਕ ਗੁਰੂ ਦੇ ਸਿੱਖ ਅੰਮ੍ਰਿਤਸਰ ਤੋਂ ਬਾਹਰ ਜਾ ਚੁੱਕੇ ਸਨ। ਬੀਕਾਨੇਰ, ਜੱਥੇਦਾਰ ਸ਼ਾਮ ਸਿੰਘ ਹੋਰੀਂ ਸੰਗਤਾਂ ਵਿਚ ਬੈਠੇ ਸਨ। ਜਥੇਦਾਰ ਹੋਰਾਂ ਦੇ ਸਾਹਵੇਂ ਮੱਸੇ ਦਾ ਸਿਰ ਨੇਜੇ ਤੋਂ ਲਾਹ ਕੇ ਸੁੱਟਿਆ। ਵਾਹ ਭਾਈ, ਗੁਰੂ ਕੇ ਲਾਡਲਿਓ! ਇਹ ਸਿੱਖ ਦਾ ਕਿਰਦਾਰ ਹੈ। ਮੱਸੇ ਦੇ ਸਿਰ ਨੂੰ ਘਿਰਣਾ ਨਾਲ ਪੈਰਾਂ ਦੀਆਂ ਠੋਕਰਾਂ ਮਾਰੀਆਂ। ਇਕ ਵਾਰ ਫਿਰ ਅੰਗਰੇਜ਼ੀ ਹਕੂਮਤ ਨੇ ਸਿੱਖਾਂ ਦੀ ਆਸਥਾ 'ਤੇ ਸੱਟ ਮਾਰੀ। ਗਊ ਰੱਖਿਆ ਨੂੰ ਦਸਮ ਪਾਤਸ਼ਾਹ ਨੇ, ਸਿੱਖ ਧਰਮ ਦਰਸ਼ਨ ਵਿਚ ਉੱਚਾ ਥਾਂ ਦਿੱਤਾ। ਸਤਿਗੁਰ ਆਪ ਅਕਾਲ ਪੁਰਖ ਤੋਂ ਮੰਗਦੇ ਹਨ-

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥

ਸੰਨ 1849 ਵਿਚ ਅੰਗਰੇਜ਼ਾਂ ਨੇ ਤਾਂਬੇ ਦੇ ਪਤਰਿਆਂ 'ਤੇ ਇਹ ਲਿਖਵਾ ਕੇ ਲਾਇਆ ਸੀ ਕਿ ਸ੍ਰੀ ਅੰਮ੍ਰਿਤਸਰ ਗਊ ਹੱਤਿਆ ਨਹੀਂ ਕੀਤੀ ਜਾਵੇਗੀ। ਪਰ ਕੁਝ ਸਾਲ ਮਗਰੋਂ, ਉਹ ਇਸ ਵਾਅਦੇ ਤੋਂ ਮੁਕਰ ਗਏ। ਸ੍ਰੀ ਦਰਬਾਰ ਸਾਹਿਬ ਪ੍ਰਕਰਮਾ ਵਿਚ, ਬੁੱਚੜਖਾਨਾ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਹਿੰਦੂ-ਸਿੱਖ ਇੱਕ ਧਿਰ ਅਤੇ ਮੁਸਲਮਾਨ ਦੂਜੀ ਧਿਰ ਬਣ ਗਈ। ਭਾਰਤੀ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਕੀਤੀ ਗਈ। ਗੁਰੂ ਰਾਮ ਸਿੰਘ ਦੇ ਅਣਖੀ ਨਾਮਧਾਰੀ ਸਿੰਘਾਂ ਨੇ 14 ਅਤੇ 15 ਜੂਨ 1871 ਦੀ ਰਾਤ ਨੂੰ ਹਮਲਾ ਕਰ ਕੇ ਬੁੱਚੜਾਂ ਕਸਾਈਆਂ ਦਾ ਕਤਲ ਕਰ ਦਿੱਤਾ ਅਤੇ ਗਊਆਂ ਆਜ਼ਾਦ ਕਰ ਦਿੱਤੀਆਂ। ਇਹ ਬੁੱਚੜ ਹੱਤਿਆ ਕਾਂਡ ਬਹੁਤ ਗੁਪਤ, ਅੱਧੀ ਰਾਤ ਹੋਇਆ। ਜਦੋਂ ਤਕ ਪ੍ਰਸ਼ਾਸਨ ਹਰਕਤ ਵਿਚ ਆਇਆ ਉਦੋਂ ਤਕ ਸਿੰਘ, ਬਹੁਤ ਦੂਰ ਪਹੁੰਚ ਚੁੱਕੇ ਸਨ। ਬਦਨਾਮੀ ਹੁੰਦਿਆਂ ਵੇਖ, ਹਕੂਮਤ ਨੇ ਕੁਝ ਹਿੰਦੂ ਅਤੇ ਨਿਹੰਗ ਬੇਦੋਸ਼ੇ ਫੜ ਲਏ। ਅਤਿ ਦੇ ਤਸੀਹੇ ਦੇ ਕੇ, ਉਨ੍ਹਾਂ ਤੋਂ ਇਕਬਾਲੀਆ ਬਿਆਨ ਵੀ ਕਰਵਾ ਲਿਆ। ਸੈਸ਼ਨ ਜੱਜ ਤੋਂ ਫਾਂਸੀ ਦੀ ਸਜ਼ਾ ਵੀ ਹੋ ਗਈ। ਬੁੱਚੜ ਮਾਰ ਕੇ ਗਊ ਰੱਖਿਆ ਦਾ ਪ੍ਰਣ ਪਾਲਣ ਵਾਲੇ ਸਿੰਘ ਸ੍ਰੀ ਭੈਣੀ ਸਾਹਿਬ, ਬੇਫ਼ਿਕਰੀ ਨਾਲ ਵਿਚਰ ਰਹੇ ਸਨ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਉਨ੍ਹਾਂ ਨੂੰ ਸੱਦ ਕੇ ਬਚਨ ਕੀਤਾ ਸਿੰਘੋ ! ਤੁਸਾਂ ਧਰਮ ਦਾ ਕ੍ਰਿਤ ਕੀਤਾ ਹੈ। ਉਸ ਦਾ ਯਸ਼ ਫਲ ਵੀ ਤੁਸੀਂ ਆਪਣੇ ਸਿਰ ਲਵੋ...ਜੱਜ ਦੀ ਕਚਹਿਰੀ ਹਾਜ਼ਰ ਹੋ ਕੇ ਇਕਬਾਲ ਕਰੋ...ਬੇਦੋਸ਼ਿਆਂ ਨੂੰ ਬਰੀ ਕਰਵਾਉ। ਸਿੰਘਾਂ ਇਵੇਂ ਹੀ ਕੀਤਾ। ਸੈਸ਼ਨ ਜੱਜ, ਪਹਿਲਾਂ ਸਮਝਿਆ ਕਿ ਸ਼ਾਇਦ ਇਹ ਭੋਲੇ ਭਾਲੇ ਗੁਰੂ ਦੇ ਸਿੱਖ, ਦਇਆ ਭਾਵ ਵਿਚ ਮੁਜ਼ਰਿਮਾਂ ਨੂੰ ਬਰੀ ਕਰਵਾ ਕੇ ਆਪ ਫਾਹੇ ਲੱਗਣਾ ਚਾਹੁੰਦੇ ਹਨ। ਪਰ ਉਨ੍ਹਾਂ ਸਿੰਘਾਂ ਨੇ, ਭਗਤਾਂ ਵਾਲੇ ਗੇਟ ਦੇ ਬਾਹਰ ਜ਼ਮੀਨ ਵਿਚ ਦੱਬੇ ਹੋਏ, ਕਤਲ ਵੇਲੇ ਵਰਤੇ ਗਏ ਹਥਿਆਰ ਬਰਾਮਦ ਕਰਵਾਏ। 15 ਸਤੰਬਰ 1871 ਈ. ਨੂੰ, ਆਪਣੀ ਇੱਛਾ ਅਨੁਸਾਰ ਸਰੋਵਰ ਵਿਚ ਇਸ਼ਨਾਨ ਕਰ ਕੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਰੇਸ਼ਮ ਦੀਆਂ ਰੱਸੀਆਂ ਗਲ ਪਾ ਕੇ ਫਾਹੇ 'ਤੇ ਝੂਲ ਗਏ। ਅੰਗਰੇਜ਼ਾਂ ਨੇ ਲਿਖਿਆ, "ਕੂਕਾ ਝੂਠ ਨਹੀਂ ਬੋਲਦਾ। ਇਹੁ ਸਿੱਖੀ ਹੈ।

..........................................................

# ਮਰਗੋਈ (ਬਰਮਾ) ਨਵੰਬਰ ੧੯੮੫ ਈ. ਤੋਂ ਬਾਅਦ

# ਸਤਿਗੁਰੂ ਰਾਮ ਸਿੰਘ ਦਰਸ਼ਨ




ਹਰਪਾਲ ਸਿੰਘ ਸੇਵਕ

ਪ੍ਰਸਿੱਧ ਨਾਮਧਾਰੀ ਲੇਖਕ

94176-01321


ਨਾਮਧਾਰੀ ਇਤਿਹਾਸ ਵਿੱਚ 1871-72 ਈ. ਦਾ ਸਮਾਂ ਸ਼ਹੀਦੀ ਸਾਕਿਆਂ ਦਾ ਵਰ੍ਹਾ ਹੈ। ਅੰਮ੍ਰਿਤਸਰ, ਲੁਧਿਆਣੇ ਨਾਮਧਾਰੀ ਸਿੰਘਾਂ ਨੇ ਆਪਣੇ ਗਲਾਂ ਵਿੱਚ ਆਪ ਫਾਂਸੀਆਂ ਦੇ ਰੱਸੇ ਪਾ ਕੇ ਸ਼ਹਾਦਤਾਂ ਦੇ ਕੇ ਖਾਲਸੇ ਦੇ ਸੂਰਬੀਰਤਾ ਅਤੇ ਕੁਰਬਾਨੀਆਂ ਦੇ ਇਤਿਹਾਸ ਨੂੰ ਮੁੜ ਦੁਹਰਾਇਆ। ਬਰਤਾਨਵੀ ਸਰਕਾਰ ਕਿਸੇ ਤਰ੍ਹਾਂ ਵੀ ਕੋਈ ਬਹਾਨਾ ਬਣਾ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇਣਾ ਚਾਹੁੰਦੀ ਸੀ। ਰਾਇਕੋਟ ਦੇ ਬੁੱਚੜ-ਬੱਧ ਕੇਸ ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਬੱਸੀਆਂ ਕੋਠੀ ਸੱਦਿਆ ਗਿਆ। ਪਰ ਸਰਕਾਰ ਸਿੱਧੇ ਤੌਰ ਤੇ ਸਤਿਗੁਰੂ ਜੀ ਤੇ ਕੋਈ ਦੋਸ਼ ਸਿੱਧ ਨਾ ਕਰ ਸੱਕੀ। ਜਨਵਰੀ 1872 ਈ. ਵਿੱਚ ਮਲੇਰਕੋਟਲੇ ਬੁੱਚੜ ਬੱਧ ਸਾਕਾ ਵਾਪਰ ਗਿਆ। ਬੇਸ਼ੱਕ ਇਸ ਸਾਕੇ ਵਿੱਚ ਵੀ ਸਤਿਗੁਰੂ ਜੀ ਤੇ ਕੋਈ ਦੋਸ਼ ਸਾਬਤ ਨਹੀਂ ਸੀ ਹੁੰਦਾ ਪਰ ਕਿਉਂਕਿ ਇਹ ਸਿੰਘਾਂ ਦਾ ਜਥਾ ਚੱਲਿਆ ਭੈਣੀ ਸਾਹਿਬੋਂ ਸੀ, 17-18 ਜਨਵਰੀ ਨੂੰ 65 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਅਤੇ ਇਕ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ। ਇਸੇ ਸਾਕੇ ਦਾ ਬਹਾਨਾ ਬਣਾ ਕੇ ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ 17 ਜਨਵਰੀ ਰਾਤ ਨੂੰ ਸ੍ਰੀ ਭੈਣੀ ਸਾਹਿਬੋਂ ਲੁਧਿਆਣੇ, 18 ਨੂੰ ਅੰਮ੍ਰਿਤ ਵੇਲੇ ਰੇਲ ਤੇ ਇਲਾਹਾਬਾਦ ਵਾਸਤੇ ਰਵਾਨਾ ਕਰ ਦਿੱਤਾ। 10 ਪ੍ਰਮੁੱਖ ਸੂਬੇ, ਸੇਵਕ ਨਾਨੂੰ ਸਿੰਘ, ਸ. ਮੰਗਲ ਸਿੰਘ ਸਮੇਤ ਸਤਿਗੁਰੂ ਜੀ ਪੰਜਾਹ ਦਿਨ ਪ੍ਰਯਾਗਰਾਜ (ਇਲਾਹਾਬਾਦ) ਕਿਲ੍ਹੇ ਵਿੱਚ ਕੈਦ ਰਹੇ। ਇਸ ਕਿਲੇ ਵਿਚੋਂ ਬਾਕੀ ਸੂਬਿਆਂ ਤੋਂ ਵੱਖ ਕਰਕੇ ਸਤਿਗੁਰੂ ਰਾਮ ਸਿੰਘ ਜੀ,

ਸੇਵਕ ਨਾਨੂੰ ਸਿੰਘ ਸਮੇਤ ਰੇਲ ਰਾਹੀਂ ਕਲਕੱਤੇ ਅਤੇ ਅੱਗੇ ਸਮੁੰਦਰੀ ਜਹਾਜ਼ ਰਾਹੀਂ ਰੰਗੂਨ (ਬਰਮਾ) ਪਹੁੰਚਾ ਦਿੱਤਾ ਗਿਆ। ਏਧਰ ਸ੍ਰੀ ਭੈਣੀ ਸਾਹਿਬ ਸਥਾਈ ਪੁਲਿਸ ਚੌਂਕੀ ਸਥਾਪਿਤ ਕਰ ਦਿੱਤੀ ਜੋ ਇਕਵੰਜਾ ਵਰ੍ਹੇ ਗੁਰਦੁਆਰੇ ਦੀ ਡਿਓੜੀ ਤੇ ਕਾਇਮ ਰਹੀ। ਸਾਰੇ ਨਾਮਧਾਰੀ ਪੰਥ ਨੂੰ ਜੁਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ। ਸਰਕਾਰ ਹਰ ਹੀਲੇ ਸਤਿਗੁਰੂ ਰਾਮ ਸਿੰਘ ਜੀ ਦੇ ਅਰੰਭੇ ਆਜ਼ਾਦੀ ਅੰਦੋਲਨ ਨੂੰ ਕੁਚਲ ਦੇਣਾ ਚਾਹੁੰਦੀ ਸੀ। ਅਜੇਹੇ ਦਮਨ ਚੱਕਰ ਦੇ ਦੌਰ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ ਸਿੱਖੀ ਨੂੰ ਹਰੀ ਰੱਖਿਆ ਅਤੇ ਆਜ਼ਾਦੀ ਦੀ ਜੋਤ ਨੂੰ ਮਘਦੀ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਦੇ ਸ੍ਰੀ ਭੈਣੀ ਸਾਹਿਬੋਂ ਰਵਾਨਗੀ ਉਪਰੰਤ ਤਿੰਨ ਵਰ੍ਹਿਆਂ ਬਾਅਦ ਪਤਾ ਲੱਗਣ ਤੇ ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਸ. ਦਰਬਾਰਾ ਸਿੰਘ 1875 ਈ. ਵਿੱਚ ਰੰਗੂਨ ਪੁੱਜੇ, ਦਰਸ਼ਨ ਕਰਕੇ ਹੁਕਮਨਾਮਾ ਲੈ ਕੇ ਆਏ। ਇਸ ਤੋਂ ਬਾਅਦ ਤਾਂ ਨਾਮਧਾਰੀ ਸਿੱਖਾਂ ਨੇ ਰੰਗੂਨ ਵੱਲ ਵਹੀਰਾਂ ਹੀ ਘੱਤ ਦਿੱਤੀਆਂ। ਬੇਸ਼ੱਕ ਰੰਗੂਨ ਸਤਿਗੁਰੂ ਜੀ ਦੇ ਬੰਗਲੇ ਰਾਤ-ਦਿਨ ਬੰਦੂਕਾਂ ਵਾਲੇ ਸਿਪਾਹੀਆਂ ਦਾ ਪਹਿਰਾ ਹੁੰਦਾ, ਕਿਸੇ ਨੂੰ ਸਤਿਗੁਰੂ ਜੀ ਨਾਲ ਮਿਲਣ ਦੀ ਆਗਿਆ ਨਹੀਂ ਸੀ। ਪਰ 'ਨਾਮਧਾਰੀ ਸਿੰਘ' ਭੇਸ ਬਦਲ ਕੇ ਜਾਂਦੇ, ਕਈ ਵੇਰ ਜਦੋਂ ਸਤਿਗੁਰੂ ਜੀ ਬਾਹਰ ਸੈਰ ਕਰਨ ਆਉਂਦੇ ਤਾਂ ਸਿੱਖ ਦਰਸ਼ਨ ਕਰ ਲੈਂਦੇ, ਜਾਂ ਕਦੇ ਵੱਟੇ ਨਾਲ ਬੰਨ੍ਹ ਕੇ ਲਿਖੀ ਅਰਜ਼ ਬੇਨਤੀ ਬੰਗਲੇ ਅੰਦਰ ਸੁੱਟ ਦੇਂਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੁਕਮਨਾਮੇਂ ਲੈ ਕੇ ਆਉਂਦੇ। ਸਿੱਖਾਂ ਨੇ ਜ਼ਮੀਨਾਂ ਗਹਿਣੇ ਰੱਖ ਕੇ, ਗਹਿਣੇ ਵੇਚ ਕੇ ਏਨੀਆਂ ਸਖਤੀਆਂ ਝੱਲਦਿਆਂ ਹੋਇਆਂ ਵੀ ਸਮੁੰਦਰੋਂ ਪਾਰ ਜਾ, ਆਪਣੇ ਸਤਿਗੁਰੂ ਪਿਆਰੇ ਦੇ ਦਰਸ਼ਨ ਕਰਕੇ, ਗੁਰਬਾਣੀ ਦੇ ਵਾਕ ਰੂਪਮਾਨ ਕੀਤੇ-

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ॥

ਸਤਿਗੁਰੂ ਰਾਮ ਸਿੰਘ ਜੀ ਦਾ ਲਗਾਤਾਰ ਪੰਜਾਬ ਨਾਲ ਸੰਪਰਕ ਬਣਿਆ ਰਿਹਾ। ਕਈ ਸਿੰਘ ਫੜੇ ਵੀ ਗਏ, ਕੈਦਾਂ ਕੱਟੀਆਂ, ਕਈ ਹੁਕਮਨਾਮੇਂ ਵੀ ਫੜੇ ਗਏ। ਅੰਗਰੇਜ਼ੀ ਸਰਕਾਰ ਨੇ ਸਤਿਗੁਰੂ ਜੀ ਨਾਲੋਂ ਸਿੱਖਾਂ ਦਾ ਸੰਪਰਕ ਤੋੜਨ ਲਈ ਹਰ ਹੀਲਾ ਵਰਤਿਆ ਪਰ ਅਸਫਲ ਰਹੇ। ਅਖੀਰ 1880 ਈ. ਨੂੰ ਸਰਕਾਰ ਨੇ ਨਾਮਧਾਰੀ ਸਿਖਾਂ ਦਾ ਸੰਪਰਕ ਤੋੜਨ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਮਰਗੋਈ ਭੇਜ ਦਿੱਤਾ। ਮਰਗੋਈ ਪੰਦਰਾਂ ਦਿਨਾਂ ਬਾਅਦ ਇਕ ਸਟੀਮਰ (ਛੋਟਾ ਸਮੁੰਦਰੀ ਬੇੜਾ) ਜਾਂਦਾ ਸੀ। ਸਰਕਾਰ ਨੂੰ ਉਮੀਦ ਸੀ ਕਿ ਹੁਣ ਅਸੀਂ ਸਤਿਗੁਰੂ ਜੀ ਦਾ ਪੰਜਾਬ ਨਾਲ ਸੰਪਰਕ ਤੋੜਨ ਵਿੱਚ ਕਾਮਯਾਬ ਹੋ ਜਾਵਾਂਗੇ। ਪਰ ਗੋਰੀ ਸਰਕਾਰ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਜਨਵਰੀ 1881 ਈ. ਵਿੱਚ ਸ. ਮੀਹਾਂ ਸਿੰਘ ਹਾਂਗਕਾਂਗ ਪੁਲਿਸ ਦੀ ਵਰਦੀ ਪਾ ਕੇ ਮਰਗੋਈ ਵੀ ਪੁੱਜ ਗਿਆ ਅਤੇ ਰੂਸ ਦੇ ਜ਼ਾਰ ਦਾ ਜਵਾਬੀ ਖਤ ਵੀ ਸਤਿਗੁਰੂ ਜੀ ਤੱਕ ਪੁਚਾਉਣ ਵਿੱਚ ਕਾਮਯਾਬ ਹੋ ਗਿਆ। ਸਰਕਾਰ ਦੀ ਪਰੇਸ਼ਾਨੀ ਦਾ ਕਾਰਣ ਸਤਿਗੁਰੂ ਜੀ ਇਕ ਹੁਕਮਨਾਮੇਂ ਵਿੱਚ ਵੀ ਲਿਖਦੇ ਹਨ-

'ਅਰ ਹੁਣ ਇਹ ਡਰ ਹੈ ਭਾਈ ਚਿਠੀ ਭੇਜਕੇ ਪਿਛੇ ਸੂੜ (ਦੰਗੇ) ਕਰਾ ਦੇਊ, ਇਹ ਭਰਮ ਹੈ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾਂ (ਬਿੱਲਿਆਂ) ਨੂੰ ਏਸੇ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦੇਂਦੇ।'- (ਹੁਕਮਨਾਮਾ-7)

"ਏਨਾ ਬਿਲਿਆ ਨੂੰ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੋ ਲੈ ਲਿਆ ਸੀ। ਏ ਓਈ ਸਿੱਖ ਹੈਨਿ॥"

ਏਸੇ ਕਾਰਣ ਹੀ ਅੰਗਰੇਜ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਦੇ ਪ੍ਰਮੁੱਖ ਸੂਬਿਆਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਪ੍ਰਯਾਗਰਾਜ ਕਿਲੇ ਵਿੱਚ ਨਜ਼ਰ ਬੰਦ ਕਰ ਦਿੱਤਾ। ਇਥੇ ਵੀ ਡਰ ਬਣਿਆ ਰਿਹਾ ਕਿ ਏਨਾਂ ਦੇ ਸਿੱਖਾਂ-ਸੇਵਕਾਂ ਨਾਲ ਸੰਪਰਕ ਬਣ ਸਕਦਾ ਹੈ। ਸਮੁੰਦਰੋਂ ਪਾਰ ਰੰਗੂਨ (ਬਰਮਾ) ਭੇਜ ਦਿੱਤਾ। ਰੰਗੂਨ ਕਰੀਬ ਅੱਠ ਵਰ੍ਹਿਆਂ ਦੀ ਨਜ਼ਰਬੰਦੀ ਦੌਰਾਨ ਇਕ ਸੌ ਦੇ ਕਰੀਬ ਸਿਖ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਅਤੇ ਹੁਕਮਨਾਮੇਂ ਲਿਆਉਣ ਵਿੱਚ ਕਾਮਯਾਬ ਰਹੇ। ਪਰ ਜਦ ਬਰਮਾ ਦੇ ਨਿਵੇਕਲੇ ਟਾਪੂ ਮਰਗੋਈ ਭੇਜ ਕੇ ਵੀ ਸਰਕਾਰ, ਸਤਿਗੁਰੂ ਜੀ ਦਾ ਪੰਜਾਬ ਦੇ ਸਿੱਖਾਂ ਨਾਲ

ਸੰਪਰਕ ਨਾ ਤੋੜ ਸੱਕੀ ਤਾਂ ਸਰਕਾਰ ਨੇ ਕੁਟਲਨੀਤੀ ਦਾ ਆਖਰੀ ਹਥਿਆਰ ਵਰਤਿਆ, ਇਕ ਝੂਠੀ ਖ਼ਬਰ ਫੈਲਾ ਦਿੱਤੀ ਕਿ "ਸਤਿਗੁਰੂ ਰਾਮ ਸਿੰਘ ਜੀ 29 ਨਵੰਬਰ 1885 ਨੂੰ ਮਰਗੋਈ ਜੇਲ ਵਿੱਚ ਜੋਤੀ ਜੋਤਿ ਸਮਾ ਗਏ।"

ਸਰਕਾਰ ਦੀ ਇਹ ਅਫਵਾਹ ਉਹਨਾਂ ਦੇ ਆਪਣੇ ਹੀ ਇਕ ਗੁਪਤ ਪੱਤਰ ਨਾਲ ਝੂਠੀ ਸਾਬਤ ਹੋ ਗਈ ਜਦੋਂ ਬ੍ਰਿਟਿਸ਼ ਬਰਮਾ ਦੇ ਚੀਫ ਕਮਿਸ਼ਨਰ ਨੇ ਸ. ਅਤਰ ਸਿੰਘ ਭਦੌੜ ਨੂੰ ਇਕ ਟੈਲੀਗਰਾਮ ਰਾਹੀਂ ਸੂਚਿਤ ਕੀਤਾ। ਸ. ਅਤਰ ਸਿੰਘ ਭਦੌੜ ਜੋ ਕਿ ਨਾਮਧਾਰੀਆਂ ਦੀ ਹਰ ਕਾਰਗੁਜ਼ਾਰੀ ਦੀ ਰਿਪੋਰਟ ਸਰਕਾਰ ਨੂੰ ਦੇਂਦਾ ਰਹਿੰਦਾ ਸੀ, ਸਰਕਾਰ ਦਾ ਵਫਾਦਾਰ ਹੋਣ ਕਰਕੇ ਹਰ ਗੁਪਤ ਸੂਚਨਾ ਵੀ ਅੰਗਰੇਜ਼ ਅਫ਼ਸਰਾਂ ਵਲੋਂ ਸ. ਅਤਰ ਸਿੰਘ ਨੂੰ ਪੁਚਾਈ ਜਾਂਦੀ ਸੀ।

Letter from Sir Charles Barnard Chief Commissioner, British Burma, to Sardar Atar Singh of Bhadaur Date 23rd Aug 1886.

In reply to his letter, informs him that Ram Singh Kuka is going to be transferred to a more remoate spot, where Comnmunication with him will be less easy.

ਜਦ ਕਿ ਬ੍ਰਿਟਿਸ਼ ਬਰਮਾ ਦਾ ਚੀਫ ਕਮਿਸ਼ਨਰ ਨਵੰਬਰ 1885 ਈ. ਤੋਂ ਕੁਝ ਮਹੀਨੇ ਬਾਅਦ ਲਿਖ ਰਿਹਾ ਹੈ ਕਿ ਗੁਰੂ ਰਾਮ ਸਿੰਘ ਨੂੰ ਹੋਰ ਦੁਰਾਡੇ ਸਥਾਨ ਤੇ ਤਬਦੀਲ ਕੀਤਾ ਜਾ ਰਿਹਾ ਹੈ ਜਿਥੋਂ ਉਸ ਨਾਲ ਸੰਪਰਕ ਕਰਨਾ ਬਹੁਤ ਮੁਸ਼ਕਲ ਹੋਵੇਗਾ। ਪਰ ਫੇਰ ਵੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਇਹੋ ਲਿਖਿਆ ਅਤੇ ਪ੍ਰਚਲਤ ਕੀਤਾ ਗਿਆ ਕਿ ਸਤਿਗੁਰੂ ਰਾਮ ਸਿੰਘ 29 ਨਵੰਬਰ 1885 ਨੂੰ ਚੜ੍ਹਾਈ ਕਰ ਗਏ।

ਮੇਰੇ ਇਸ ਹਥਲੇ ਲੇਖ ਦਾ ਵਿਸ਼ਾ ਏਹੋ ਸਪਸ਼ਟ ਕਰਨਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਚੜ੍ਹਾਈ ਕਰਨ ਦੀ ਖ਼ਬਰ ਝੂਠੀ ਸੀ ਅਤੇ ਨਵੰਬਰ 1885 ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਕਿਥੇ-ਕਿਥੇ, ਕਿਸ-ਕਿਸ ਨੂੰ ਦਰਸ਼ਨ ਹੋਏ।

**'ਮਰਗੋਈ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦਰਸ਼ਨ'** ਵਿਸ਼ੇ ਨੂੰ ਸਪਸ਼ਟ ਕਰਨ ਲਈ ਕੁਝ ਹੋਰ ਪਹਿਲੂਆਂ ਤੇ ਸੰਖੇਪ ਚਰਚਾ ਕਰਦੇ ਹਾਂ।

**– ਭਵਿੱਖਤ ਵਾਕਾਂ ਅਨਸੁਾਰ ਸਤਿਗੁਰੂ ਰਾਮ ਸਿੰਘ ਜੀ ਕਲਗੀਧਰ ਦਸਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸਨ।**

**– ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਧਾਂਤਕ, ਅਧਿਆਤਮਕ ਅਤੇ ਇਤਿਹਾਸਕ ਸਾਝਾਂ ਅਤੇ ਸਮਾਨਤਾਵਾਂ।**

**– ਨਦੇੜੋਂ ਬਾਅਦ ਗੁਰੂ ਗੋਬਿੰਦ ਸਿੰਘ ਦਰਸ਼ਨ**

**– ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਨਾਮ ਬਾਣੀ ਦੇ ਮਹਾਨ ਯੱਗ।**

**– ਨਾਮਧਾਰੀ ਸਿੱਖਾਂ ਦਾ ਅਟੱਲ ਵਿਸ਼ਵਾਸ ਕਿ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇਣਗੇ। ਹੱਕ, ਸੱਚ ਅਤੇ ਧਰਮ ਦਾ ਸਤਿਜੁਗੀ ਰਾਜ ਕਾਇਮ ਹੋਵੇਗਾ।**

**ਰਾਮ ਸਿੰਘ ਮੇਰੋ ਹੋਇ ਨਾਮਾ:** ਪੁਰਾਤਨ ਗ੍ਰੰਥਾਂ, ਕਰਣੀਨਾਮਾ, ਜਨਮ ਸਾਖੀ, ਗੁਰਿੰਡਨਾਮਾ ਅਤੇ ਸੌ ਸਾਖੀ ਆਦਿ ਵਿੱਚ ਬਾਰ੍ਹਵੇਂ ਜਾਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਬਾਰੇ ਅਨੇਕਾਂ ਭਵਿੱਖਤ ਵਾਕ ਮਿਲਦੇ ਹਨ। ਇਹ ਸਾਰੇ ਭਵਿੱਖਤ ਵਾਕ ਇਕ ਵੱਖਰੇ ਲੇਖ ਦਾ ਵਿਸ਼ਾ ਹਨ। ਏਥੇ ਸੰਖੇਪ ਵਿੱਚ ਏਨਾ ਹੀ ਜ਼ਿਕਰ ਕਰਦੇ ਹਾਂ ਕਿ ਦਸਮ ਪਾਸ਼ਾਹ ਦੇ ਵਾਕ ਹਨ-

ਰਾਮ ਸਿੰਘ ਹੋਇ ਮੇਰੋ ਨਾਮਾ॥
ਬਾਢੀ ਸੁਤ ਭੈਣੀ ਕੋ ਧਾਮਾ॥

ਅਤੇ ਗੁਰਿੰਡਨਾਮੇਂ ਦਾ ਵਾਕ ਹੈ-

ਕਲਿਜੁਗ ਤੇ ਸਤਿਜੁਗ ਕਰ ਠਾਨੋ॥
ਤਬੀ ਬਾਰ੍ਹਵਾ ਬਪ ਪਹਿਚਾਨੋ॥

ਉਪਰੋਕਤ ਕਥਨ ਅਨੁਸਾਰ- ਦਸਮ ਪਾਤਸ਼ਾਹ ਦਾ ਫੁਰਮਾਣ ਸੀ ਕਿ ਬਾਢੀਆਂ ਦੀ ਕੁੱਲ ਵਿੱਚ ਭੈਣੀ ਸਾਹਿਬ ਮੈਂ ਪਰਗਟ ਹੋਵਾਂਗਾ ਅਤੇ ਕਲਿਜੁਗ ਵਿੱਚ ਸਤਿਜੁਗ ਲਾ ਦਿਆਂਗਾ ਤਾਂ ਮੈਨੂੰ ਬਾਰਵਾਂ ਜਾਮਾ ਜਾਣਿਓ। ਇਨ੍ਹਾਂ ਦੋਵੇਂ ਭਵਿੱਖਤ ਵਾਕਾਂ ਦੀ ਤਸਦੀਕ ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਕਰਦੇ ਕੂਕਿਆਂ ਬਾਰੇ ਲਿਖੇ ਕਬਿੱਤਾਂ ਵਿੱਚ ਸਤਿਗੁਰੂ ਬਾਲਕ ਸਿੰਘ

ਜੀ ਵਲੋਂ ਅੱਸੂ ਦੀ ਸੰਗਰਾਂਦ 1898 ਬ੍ਰਿ: (1841 ਈ.) ਨੂੰ ਹਜ਼ਰੋਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਗੱਦੀ ਬਖਸ਼ਿਸ਼ ਕਰਨ ਸਮੇਂ ਦੇ ਵਾਕਿਆਤ ਬਿਆਨ ਕਰਦਿਆਂ ਲਿਖਦੇ ਹਨ-

ਐਪੈ ਗੁਰ ਦਸਮ ਦਰਸ ਦੈ ਜੋ ਕਹਿਓ ਤਾਂਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ॥
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ,
ਨਿਜ ਸ਼ਕਤਿ ਰਖਾਈ ਗੁਰ ਵਾਕ ਦਿਢ ਥੇ ਧਰੇ॥
ਪੇਖ ਅਧਿਕਾਰੀ ਈਸ਼ ਅੰਸ ਅਵਤਾਰੀ,
ਤਬਿ ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇਕੈ॥
ਪੰਥ ਗੁਰ ਦਸਮ ਕੀ ਰਸਮ ਬਢਾਵੋ ਜਗ
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ॥

ਗਿਆਨੀ ਜੀ ਦਾ ਕਥਨ ਹੈ ਕਿ ਸਤਿਗੁਰੂ ਬਾਲਕ ਸਿੰਘ ਜੀ ਨੂੰ ਦਸਮ ਪਾਤਸ਼ਾਹ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦੇ ਕੇ ਜੋ ਹੁਕਮ ਕੀਤਾ ਸੀ ਕਿ ਮੇਰਾ ਅਵਤਾਰ ਰਾਮ ਸਿੰਘ ਹੋਵੇਗਾ। ਏਸੇ ਲਈ ਆਪ ਨੇ ਇਹ ਗੁਰਤਾ ਦੀ ਰੱਬੀ ਸ਼ਕਤਿ ਹੋਰ ਕਿਤੇ ਨਹੀਂ ਰੱਖੀ ਕਿਉਂਕਿ ਆਪ ਨੇ ਦਸਮ ਪਾਤਸ਼ਾਹ ਦੇ ਵਾਕ ਹਿਰਦੇ ਵਿੱਚ ਦ੍ਰਿੜ ਕੀਤੇ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਜਦੋਂ ਖਾਲਸਾ ਫੌਜ ਨਾਲ ਅਟਕ ਵੱਲ ਜਾਂਦਿਆਂ ਹਜ਼ਰੋਂ ਰੁੱਕੇ। ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ, ਮੱਥਾ ਟੇਕਿਆ ਤਾਂ ਆਪ ਨੇ ਈਸ਼ਵਰ ਅਵਤਾਰੀ ਅਤੇ ਗੁਰਤਾ ਦੇ ਅਧਿਕਾਰੀ ਪਹਿਚਾਨ ਕੇ ਨਾਮ (ਗੁਰਮੰਤ੍ਰ) ਦੇ ਕੇ ਗੁਰਗੱਦੀ ਦੀ ਦਾਤ ਵੀ ਬਖਸ਼ ਦਿੱਤੀ ਅਤੇ ਫ਼ਰਮਾਇਆ ਕਿ-

ਪੰਥ ਗੁਰ ਦਸਮ ਕੀ ਰਸਮ ਬਢਾਵੋ ਜਗ॥

ਸਤਿਗੁਰੂ ਰਾਮ ਸਿੰਘ ਜੀ ਨੇ ਕਿਸ ਤਰ੍ਹਾਂ ਦਸਮ ਪਾਤਸ਼ਾਹ ਦੇ ਖਾਲਸੇ ਨੂੰ ਪੁਨਰ ਸੁਰਜੀਤ ਕੀਤਾ। 'ਕਲਿਜੁਗ ਤੇ ਸਤਿਜੁਗ ਕਰ ਠਾਨੋ॥' ਵਾਕ ਰੂਪਮਾਨ ਹੋਇਆ। ਇਸਦੀ ਗਵਾਹੀ ਵੀ ਗਿਆਨੀ ਗਿਆਨ ਸਿੰਘ ਜੀ ਦੇ ਕਬਿੱਤਾਂ 'ਚੋਂ ਮਿਲਦੀ ਹੈ-

ਪਾਇ ਇਹ ਹੁਕਮ ਪ੍ਰਮੇਸ਼ ਕਾ ਬਿਸ਼ੇਸ਼ ਫਿਰ
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ॥
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕ ਥਾਏ ਸਿੱਖ ਭਾਗ ਜਿਨੈ ਜਾਗਿਓ॥
ਫੈਲਯੋ ਜਸ ਭਾਰੀ ਸਿਖ ਥੀਏ ਤਾਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ॥
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ-ਜਾਰੀ
ਠੱਗੀ ਤਜ, ਥੀਏ ਸੰਤ, ਸਤਿਜੁਗ ਆਗਿਓ॥

ਸਤਿਗੁਰੂ ਰਾਮ ਸਿੰਘ ਜੀ ਨੇ ਪਤਿਤ ਹੋ ਚੁੱਕੇ ਖਾਲਸੇ ਨੂੰ ਸੰਤ ਖਾਲਸੇ ਦੇ ਰੂਪ ਵਿੱਚ ਪ੍ਰਗਟ ਕੀਤਾ। ਸੰਤ ਖਾਲਸਾ, ਨਾਮ ਜੱਪਣ ਕਰਕੇ 'ਨਾਮਧਾਰੀ' ਨਾਮ ਨਾਲ ਅਤੇ ਪੰਚਮ ਸੁਰਾਂ ਤੇ ਹੱਲੇ ਦੇ ਸ਼ਬਦ ਪੜ੍ਹਦਿਆਂ ਸ਼ਬਦ ਦੀ ਮਸਤੀ ਵਿੱਚ ਮਸਤਾਨੇ ਹੋਣ ਕਰਕੇ 'ਕੂਕੇ' ਨਾਮ ਨਾਲ ਪ੍ਰਸਿੱਧ ਹੋਏ। ਗਿਆਨੀ ਜੀ ਇਸ ਕਥਨ ਦੀ ਵੀ ਗਵਾਹੀ ਭਰਦੇ ਹਨ ਕਿ ਨਾਮਧਾਰੀ ਅਥਵਾ ਕੂਕੇ ਦਸਮ ਪਾਤਸ਼ਾਹ ਦੇ ਸਾਦਿਕ ਸਿੱਖ ਹਨ-

'ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ
ਕੂਕ ਮਾਰਨੈ ਤੇ ਕੂਕੇ ਜਗਤ ਬਖਾਨ ਹੈਂ।'

ਅਤੇ ਕੂਕਿਆਂ ਦੀ ਪਹਿਚਾਨ ਹੈ-

ਸ਼ੁਕਲ ਬਸਨ, ਮਾਲਾ, ਸੂਧੀ ਦਸਤਾਰ ਦਾਢੀ
ਕਰਿ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ॥
ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ
ਲਾਲਸਾ ਲਲਾਮ ਰਾਜ ਲੈਬੇ ਕੇ ਅਚੂਕੇ ਹੈ॥
ਹੇਰੇ ਜੈਸੇ ਲਖਨ ਹੈਂ ਟੇਰੇ ਤੈਸੇ ਗਿਆਨ ਸਿੰਘ
ਐਸੇ ਪ੍ਰਸਿੱਧ ਹੀ ਅਬਿੱਧ ਸਿੰਘ ਕੂਕੇ ਹੈਂ।

ਦਸਮ ਪਾਤਸ਼ਾਹ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਇਤਿਹਾਸ ਵਿੱਚ ਕਈ ਸਮਾਨਤਾਵਾਂ ਹਨ, ਕਈ ਦਸਮ ਪਾਤਸ਼ਾਹ ਦੇ ਫ਼ਰਮਾਣ ਪੂਰੇ ਹੋਏ। ਸੂਰਬੀਰਤਾ ਅਤੇ ਕੁਰਬਾਨੀਆਂ ਦਾ ਇਤਿਹਾਸ ਦੁਹਰਾਇਆ ਗਿਆ। ਦਸਮ ਪਾਤਸ਼ਾਹ ਦਾ ਵਾਕ ਹੈ-

ਮੜੀ ਗੋਰ ਦੇਵਲ ਮਸੀਤਾਂ ਗਿਰਾਯੰ॥
ਤੁਹੀ ਏਕ ਅਕਾਲ ਹਰਿ ਹਰਿ ਜਪਾਯੰ॥

ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਸਿਖਾਂ ਨੇ ਮੜ੍ਹੀਆਂ, ਗੋਰਾ ਢਾਈਆਂ। ਧੌਂਕਲ ਦਾ ਟੱਲ ਲਾਹ ਕੇ ਲਿਆਂਦਾ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਅਰੰਭ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਮਹੱਲੇ ਦੀ ਰੀਤ ਨੂੰ ਉਸੇ ਰੂਹਾਨੀ ਰੂਪ ਵਿੱਚ ਅੱਗੇ ਜਾਰੀ ਰੱਖਦਿਆਂ ਨਾਲ ਹੱਲੇ ਦਾ ਕੀਰਤਨ ਅਰੰਭ ਕੀਤਾ। ਉਹ

ਹੱਲੇ ਦਾ ਕੀਰਤਨ ਜਿਸ ਵਿੱਚ ਪੰਚਮ ਸੁਰਾਂ ਤੇ ਗੁਰਬਾਣੀ ਗਾਇਨ ਕਰਦਿਆਂ ਪ੍ਰੇਮ ਰਸ, ਵੈਰਾਗ ਰਸ ਅਤੇ ਬੀਰ ਰਸ ਰੂਪਮਾਨ ਹੁੰਦਾ ਹੈ। ਹੱਲੇ ਦੇ ਕੀਰਤਨ ਨੇ ਸਿੱਖਾਂ ਨੂੰ ਨਿਰਭਉ ਤੇ ਨਿਰਵੈਰ ਬਣਾ ਦਿੱਤਾ-

'ਗੋਰੇ ਹਿੱਲ ਗਏ ਹੱਲੇ ਦੇ ਸ਼ਬਦ ਸੁਣਕੇ,
ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।'

ਸਾਹਿਬ ਕਲਗੀਧਰ ਪਾਤਸ਼ਾਹ ਨੇ 'ਉਗ੍ਰਦੰਤੀ' ਨਾਮ ਦੀ ਬਾਣੀ ਵਿੱਚ ਲਿਖਿਆ ਹੈ-

-'ਯਹੀ ਆਸ ਪੂਰਨ ਕਰਹੁ ਤੁਮ ਹਮਾਰੀ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥'
-'ਯਹੀ ਬੇਨਤੀ ਖਾਸ ਹਮਰੀ ਸੁਣੀਜੈ॥
ਅਸੁਰ ਮਾਰ ਕਰ ਰੱਛ ਗਊਅਨ ਕਰੀਜੈ॥'

ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮਨਾਮੇ ਵਿੱਚ ਲਿਖਿਆ- "ਇਕ ਗਾਈਂ ਦਾ ਤਰਸ ਠੀਕ ਆਉਂਦਾ ਹੈ, ਗਊ ਮੈ ਅਨੇਕ ਗੁਣ ਹੈਂ, ਅਵਗਣ ਏਕ ਭੀ ਨਹੀਂ" ਆਪ ਜੀ ਨੇ ਇਹ ਵੀ ਬਚਨ ਕੀਤਾ- ਜਦ ਤੱਕ ਗਊ ਗਰੀਬ ਦੇ ਗਲ ਤੋਂ ਛੁਰੀ ਨਹੀਂ ਲਹਿੰਦੀ, ਧਰਤੀ ਤੇ ਧਰਮ ਨਹੀਂ ਵਰਤਦਾ ਮੇਰਾ ਇਹ ਮੜਾ (ਸਰੀਰ) ਨਹੀਂ ਜਾਂਦਾ।

ਵਡ ਤੀਰਥ ਦੀ ਸਾਖੀ ਵਿੱਚ ਦਸਮ ਪਾਤਸ਼ਾਹ ਦਾ ਭਵਿੱਖਤ ਵਾਕ ਹੈ ਕਿ ਜੋ ਮਲੇਰਕੋਟਲੀਏ ਵਲੋਂ 'ਹਾਅ ਦਾ ਨਾਹਰਾ' ਮਾਰਨ ਕਰਕੇ ਤੁਰਕਾਂ ਦੀ ਜੜ੍ਹ ਰੱਖ ਲਈ ਸੀ ਉਹ ਅੱਸੀ ਸੀਸ ਦੇ ਕੇ ਪੁੱਟਾਂਗੇ।

'ਅਸੀਂ ਸੀਸ ਖਾਲਸੇ ਦੀਨੇ।'

ਜਨਵਰੀ 1872 ਵਿੱਚ ਸ਼ਹੀਦੀ ਸਾਕਾ ਮਲੇਰਕੋਟਲਾ ਸਮੇਂ ਅੱਸੀ (80) ਨਾਮਧਾਰੀ ਸ਼ਹੀਦ ਹੋਏ।

**ਸ਼ਹੀਦੀ ਹਫਤਾ-** ਦਸਮ ਪਾਤਸ਼ਾਹ ਦੇ ਸਮੇਂ ਸੰਨ 1704 ਈ. 6-7 ਪੋਹ ਦੀ ਰਾਤ ਤੋਂ 13 ਪੋਹ ਤੱਕ ਦੇ ਸਾਕੇ ਨੂੰ ਸ਼ਹੀਦੀ ਹਫ਼ਤਾ ਕਿਹਾ ਜਾਂਦਾ ਹੈ ਜਦੋਂ 6-7 ਪੋਹ ਦੀ ਰਾਤ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਸੈਂਕੜੇ ਸਿੰਘਾਂ ਅਤੇ ਪਰਿਵਾਰ ਸਹਿਤ ਅਨੰਦਪੁਰ ਦੇ ਕਿਲ੍ਹੇ ਵਿਚੋਂ ਨਿਕਲੇ। ਸਰਸਾ ਕੰਢੇ ਪਰਿਵਾਰ ਦਾ ਵਿਛੋੜਾ ਹੋ ਗਿਆ, ਸੈਂਕੜੇ ਸਿੰਘ ਸ਼ਹੀਦ ਹੋ ਗਏ, ਚਮਕੌਰ ਦੇ ਯੁੱਧ ਤੱਕ ਗੁਰੂ ਸਾਹਿਬ ਨਾਲ ਕਰੀਬ ਚਾਲੀ ਕੁ ਸਿੰਘ ਤੇ ਦੋਵੇਂ ਸਾਹਿਬਜ਼ਾਦੇ ਹੀ ਰਹਿ ਗਏ, 8 ਪੋਹ ਦੇ ਗੜ੍ਹੀ ਦੇ ਇਕ ਅਸਾਵੇਂ ਯੁੱਧ ਉਪਰੰਤ 9 ਪੋਹ ਤੱਕ ਗੁਰੂ ਸਾਹਿਬ ਨਾਲ ਕੇਵਲ ਤਿੰਨ ਸਿੰਘ ਹੀ ਰਹਿ ਗਏ ਅਤੇ ਛੋਟੇ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਸਰਹੰਦ ਵਿਖੇ ਸ਼ਹੀਦ ਹੋ ਗਏ। ਇਸੇ ਤਰ੍ਹਾਂ ਹੀ ਅਤਿ ਸੰਕਟ ਅਤੇ ਕੁਰਬਾਨੀਆਂ ਭਰੇ 'ਸ਼ਹੀਦੀ ਹਫ਼ਤੇ' ਦਾ ਇਤਿਹਾਸ ਸਤਿਗੁਰੂ ਰਾਮ ਸਿੰਘ ਸਮੇਂ 13 ਜਨਵਰੀ ਤੋਂ 19 ਜਨਵਰੀ 1872 ਈ. ਨੂੰ ਦੁਹਰਾਇਆ ਗਿਆ। ਸ੍ਰੀ ਭੈਣੀ ਸਾਹਿਬ ਮਾਘੀ ਦੇ ਮੇਲੇ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਨਮਿਤ ਅਤੇ ਅੰਮ੍ਰਿਤਸਰ ਅਤੇ ਰਾਇਕੋਟ ਦੇ ਸ਼ਹੀਦਾਂ ਦੇ ਨਮਿਤ ਪਾਠਾਂ ਦੇ ਭੋਗਾਂ ਉਪਰੰਤ 13 ਜਨਵਰੀ ਨੂੰ ਸ਼ਹੀਦੀ ਜਥੇ ਦਾ ਸ੍ਰੀ ਭੈਣੀ ਸਾਹਿਬੋਂ ਮਲੇਰਕੋਟਲੇ ਵੱਲ ਰਵਾਨਾ ਹੋਣਾ, 14 ਨੂੰ ਮਲੌਦ ਕਿਲ੍ਹੇ ਤੇ ਹਮਲਾ, 15 ਨੂੰ ਮਲੇਰਕੋਟਲੇ ਦੀ ਲੜਾਈ, ਸਤਿਗੁਰੂ ਰਾਮ ਸਿੰਘ ਜੀ ਨੂੰ ਕਾਵਨ ਨੇ ਪੁਛਗਿੱਛ ਲਈ ਮਲੌਦ ਸੱਦਿਆ 17-18 ਜਨਵਰੀ ਦੋ ਦਿਨਾਂ ਵਿੱਚ 65 ਨਾਮਧਾਰੀ ਸਿੰਘਾਂ ਨੂੰ ਮਲੇਰਕੋਟਲੇ ਦੇ ਰੱਕੜ ਵਿੱਚ ਤੋਪਾਂ ਨਾਲ ਅਤੇ ਇਕ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕਰਨਾ। 17 ਜਨਵਰੀ ਸ਼ਾਮ ਨੂੰ ਸਤਿਗੁਰੂ ਜੀ ਸਿਆੜ ਤੋਂ ਰਾਤ ਪਈ ਘੋੜਿਆਂ ਤੇ ਭੈਣੀ ਸਾਹਿਬ ਪੁੱਜੇ। ਉਸੇ ਵੇਲੇ ਪੁਲਿਸ ਦੀ ਨਿਗਰਾਨੀ ਹੇਠ ਗੱਡੇ ਤੇ ਚੱਲ ਕੇ ਰਾਤ ਦੋ ਕੁ ਵਜੇ ਲੁਧਿਆਣੇ ਰੇਲਵੇ ਸਟੇਸ਼ਨ ਤੇ ਪੁੱਜੇ, ਏਥੇ ਪੁੱਛਗਿਛ ਉਪਰੰਤ ਸਪੈਸ਼ਲ ਟਰੇਨ ਤੇ ਚਾਰ ਵਜੇ ਇਲਾਹਾਬਾਦ (ਪ੍ਰਯਾਗਰਾਜ) ਵਾਸਤੇ ਰਵਾਨਾ ਕਰ ਦਿੱਤਾ ਗਿਆ। 19 ਜਨਵਰੀ ਨੂੰ ਇਲਾਹਾਬਾਦ ਕਿਲ੍ਹੇ ਵਿੱਚ ਪੁੱਜੇ। ਏਧਰ ਸ੍ਰੀ ਭੈਣੀ ਸਾਹਿਬੋਂ ਸਾਰਿਆਂ ਨੂੰ ਤੋਰ ਕੇ ਲੁਧਿਆਣੇ ਲਿਜਾਇਆ ਗਿਆ। ਕੁਝ ਦੀਆਂ ਜਮਾਨਤਾਂ ਲੈ ਕੇ ਵਾਪਸ ਡੇਰੇ ਭੇਜਿਆ ਅਤੇ ਬਾਕੀਆਂ ਨੂੰ ਘਰੋ ਘਰੀ ਤੋਰ ਦਿੱਤਾ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੀ ਤਲਾਸ਼ੀ ਲੈਣ ਉਪਰੰਤ 19 ਜਨਵਰੀ ਨੂੰ ਸਥਾਈ ਪੁਲਿਸ ਚੌਂਕੀ ਬਿਠਾ ਦਿੱਤੀ ਗਈ ਜੋ ਕਿ ਇਕਵੰਜਾਂ ਵਰ੍ਹੇ ਕਾਇਮ ਰਹੀ ਤੇ ਨਾਮਧਾਰੀਆਂ ਤੇ ਅਕਹਿ ਤੇ ਅਸਹਿ ਤਸ਼ੱਦਦ ਹੁੰਦੇ ਰਹੇ। ਜਿਵੇਂ ਦਸਮ ਪਾਤਸ਼ਾਹ ਦੇ ਇਤਿਹਾਸਕ ਸ਼ਹੀਦੀ ਹਫਤੇ ਉਪਰੰਤ ਅੱਧੀ ਸਦੀ ਤੋਂ ਵੱਧ ਮੁਗਲੀਆ ਹਕੂਮਤ ਨੇ ਅਠਾਰਵੀਂ ਸਦੀ ਵਿੱਚ ਸਿੱਖਾਂ ਤੇ ਅਨੇਕਾਂ ਜ਼ੁਲਮ ਕੀਤੇ। ਏਸੇ ਤਰ੍ਹਾਂ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ ਨਾਮਧਾਰੀ ਸਿੱਖਾਂ ਤੇ ਕਰੀਬ ਅੱਠ ਦਹਾਕਿਆਂ ਤੱਕ ਅੰਗਰੇਜ਼ੀ ਹਕੂਮਤ ਦਾ ਦਮਨ ਚੱਕਰ ਜਾਰੀ ਰਿਹਾ। ਸਾਰੇ ਨਾਮਧਾਰੀ ਸਿੱਖਾਂ ਨੂੰ 'ਜ਼ੁਰਾਇਮ ਪੇਸ਼ਾ' ਕਰਾਰ ਦੇ ਦਿੱਤਾ ਗਿਆ।

1799 ਈ. ਵੈਸਾਖੀ ਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਿਰਜਨਾ ਕਰਕੇ ਜ਼ਾਲਮ ਮੁਗਲੀਆ ਹਕੂਮਤ ਵਿਰੁੱਧ ਸੰਘਰਸ਼ ਅਰੰਭਿਆ ਅਤੇ ਨੱਬੇ ਵਰ੍ਹਿਆਂ ਬਾਅਦ ਪੰਜਾਬ ਜ਼ਾਲਮ ਮੁਗਲੀਆ ਹਕੂਮਤ ਤੋਂ ਅਜ਼ਾਦ ਹੋ ਗਿਆ। ਸਿੱਖ ਰਾਜ ਕਾਇਮ ਹੋ ਗਿਆ।

ਏਸੇ ਤਰ੍ਹਾਂ ਅਪ੍ਰੈਲ 1857 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੇ ਰੂਪ ਵਿੱਚ ਖਾਲਸੇ ਦੀ ਪੁਨਰ ਸੁਰਜੀਤੀ ਕੀਤੀ ਅਤੇ ਆਜ਼ਾਦੀ ਸੰਗ੍ਰਾਮ ਦਾ ਬਿਗਲ ਵਜਾਇਆ। 1907 ਈ. ਪੰਜਾਬ ਵਿੱਚ ਪਗੜੀ ਸੰਭਾਲ ਜੱਟਾ ਕਿਸਾਨ ਅੰਦੋਲਨ ਆਰੰਭ ਹੋਣ ਤੱਕ ਪੂਰੀ ਅੱਧੀ ਸਦੀ ਭਾਰਤ ਵਿੱਚ ਕੇਵਲ ਨਾਮਧਾਰੀ ਸਿੱਖਾਂ ਨੇ ਹੀ ਆਜ਼ਾਦੀ ਦੀ ਜਵਾਲਾ ਨੂੰ ਪ੍ਰਚੰਡ ਰੱਖਿਆ। ਕੂਕਾ ਅੰਦੋਲਨ ਦੇ ਪਗ-ਚਿੰਨ੍ਹਾਂ ਤੇ ਚਲਦਿਆਂ ਵੀਹਵੀਂ ਸਦੀ ਵਿੱਚ ਕਿਸਾਨ ਅੰਦੋਲਨ, ਗਦਰ ਲਹਿਰ, ਭਾਰਤ ਨੌਜਵਾਨ ਸਭਾ, ਬੱਬਰ ਅਕਾਲੀ ਲਹਿਰ, ਮਹਾਤਮਾ ਗਾਂਧੀ ਦੀ ਅਗੁਆਈ ਵਿੱਚ ਕਾਂਗਰਸ ਦੀ ਨਾ-ਮਿਲਵਰਤਨ, ਸਵਦੇਸ਼ੀ ਲਹਿਰ ਅਤੇ ਜਨਰਲ ਮੋਹਨ ਸਿੰਘ ਅਤੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਅਜ਼ਾਦ ਹਿੰਦ ਫੌਜ ਆਦਿ ਅਨੇਕਾਂ ਲਹਿਰਾਂ ਉੱਠੀਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਦਾ ਸਾਰੀਆਂ ਅਜ਼ਾਦੀ ਜਥੇਬੰਦੀਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਰਿਹਾ। ਸਤਿਗੁਰੂ ਰਾਮ ਸਿੰਘ ਜੀ ਵਲੋਂ ਆਜ਼ਾਦੀ ਸੰਗਰਾਮ ਅਰੰਭ ਕਰਨ ਤੋਂ ਨੱਬੇ ਵਰ੍ਹੇ ਬਾਅਦ ਭਾਰਤ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਹੋ ਗਿਆ।

**ਸਿੱਖ ਸਤਿਗੁਰੂ ਸਾਹਿਬਾਨ–** ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਗੋਬਿੰਦ ਸਿੰਘ ਜੀ ਤੱਕ ਚੱਲੀ ਆਉਂਦੀ ਰੂਹਾਨੀਅਤ ਦੀ, ਸਮਾਜ ਕਲਿਆਣ ਦੀ ਅਤੇ ਆਜ਼ਾਦੀ ਦੀ ਰੌਸ਼ਨੀ ਨੇ ਪੰਜਾਬ ਨੂੰ ਇਕ ਨਵਾਂ ਸਭਿਆਚਾਰ ਦਿੱਤਾ। ਹਿੱਕ ਤਾਣ ਕੇ ਸਵੈਮਾਣ ਨਾਲ ਜੀਊਣ ਦੀ ਜਾਂਚ ਦੱਸੀ 'ਬਾਬਰ ਨੂੰ ਜਾਬਰ' ਅਤੇ 'ਰਾਜੇ ਸੀਂਹ ਮੁਕਦਮ ਕੁਤੇ' ਕਹਿਣ ਦੀ ਜ਼ੁਰਅਤ ਸਿਖਾਈ। ਇਹੋ ਰੂਹਾਨੀ ਜੋਤ ਮੁੜ ਸਤਿਗੁਰੂ ਰਾਮ ਸਿੰਘ ਦੇ ਰੂਪ ਵਿੱਚ ਪ੍ਰਗਟ ਹੋਈ ਜਿਸਨੇ ਉਸ ਸਾਮਰਾਜ ਵਿਰੁੱਧ ਸੰਘਰਸ਼ ਵਿੱਢਿਆ ਜਿਸਦੇ ਰਾਜ ਵਿੱਚ ਸੂਰਜ ਨਹੀਂ ਸੀ ਛਿਪਦਾ। ਏਸੇ ਸੰਧਰਭ ਵਿੱਚ ਪ੍ਰੋਫੈਸਰ ਆਫ ਸਿਖਇਜ਼ਮ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਦੇ 'ਸਪਤ ਸ੍ਰਿੰਗ' ਪੁਸਤਕ ਵਿੱਚ ਲਿਖੇ ਲੇਖ ਦੀਆਂ ਕੁਝ ਸਤਰਾਂ ਵਰਨਣਯੋਗ ਹਨ-

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਹਸਤੀ ਅਜੇਹੀ ਨਹੀਂ ਹੋਈ, ਜਿਸਨੇ ਆਪਣੇ ਜੀਵਨ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰੱਖਿਆ ਹੋਵੇ, ਜਿਸ ਦਾ ਮੰਤਵ ਜਾਤੀ ਤੇ ਜਨਤਾ ਦੇ ਆਤਮ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਨਤੀ ਦੀ ਸਿਖਰ ਉੱਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿੱਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ ਇਕ ਕੁਦਰਤੀ ਜਿਹੀ ਗਲ ਹੈ।

"ਗੁਰੂ ਜਿਹੜੇ ਕਿ ਜਗਤ ਨੂੰ ਰੌਸ਼ਨੀ ਦਿਖਾਣ ਤੇ ਸੰਸਾਰ ਦੀ ਰਹਿਨੁਮਾਈ ਕਰਨ ਆਏ ਸਨ ਭਾਵ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ, ਉਨ੍ਹਾਂ ਗੁਰੂਆਂ ਦੀ ਆਤਮਕ ਸੱਤਾ ਫਿਰ ਮੁੜ ਕੇ ਭੈਣੀ ਪਿੰਡ ਵਿੱਚ ਚਮਕ ਉੱਠੀ ਸੀ।"

**ਨਾਨਕ ਸ਼ਾਹੀ ਕੈਦੀ–** ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ੀ ਹਕੂਮਤ ਨੇ ਦੇਸ਼ ਨਿਰਵਾਸਤ ਕਰਕੇ ਸ਼ਾਹੀ ਕੈਦੀ ਦੇ ਤੌਰ ਤੇ ਨਜ਼ਰਬੰਦ ਰੱਖਿਆ। ਪਰ ਸ਼ਾਹੀ ਕੈਦੀ ਤਾਂ ਬਹਾਦਰ ਸ਼ਾਹ ਜ਼ਫਰ ਵੀ ਸੀ। ਅੰਗਰੇਜ਼ੀ ਰਾਜ ਦੌਰਾਨ ਹੋਰ ਵੀ ਸ਼ਾਹੀ ਕੈਦੀ ਰਹੇ ਹੋਣਗੇ ਪਰ ਸਤਿਗੁਰੂ ਰਾਮ ਸਿੰਘ ਜੀ ਕੇਵਲ ਸ਼ਾਹੀ ਕੈਦੀ ਹੀ ਨਹੀਂ। ਸਿੱਖੀ ਪ੍ਰੰਪਰਾ ਅਨੁਸਾਰ 'ਨਾਨਕ ਸ਼ਾਹੀ ਕੈਦੀ' ਸਨ ਜੋ ਅਕਾਲ ਪੁਰਖ ਦੇ ਭਾਣੇ ਵਿੱਚ ਦੇਸ਼ ਅਤੇ ਕੌਮ ਦੇ ਬੰਧਨ ਕੱਟਣ ਲਈ ਆਪਣੀ

ਰਜ਼ਾ ਨਾਲ ਕੈਦ ਹੋਏ। ਜਿਵੇਂ ਸਤਿਗੁਰੂ ਨਾਨਕ ਦੇਵ ਨੇ ਬਾਬਰ ਦੀ ਕੈਦ ਕੱਟੀ ਪਰ ਹੋਰਨਾਂ ਕੈਦੀਆਂ ਦੀ ਕੈਦ ਕੱਟਣ ਲਈ ਉਨ੍ਹਾਂ ਨੂੰ ਮੁਕਤ ਕਰਵਾਉਣ ਲਈ ਬਾਬਰ ਦੇ ਕੈਦੀ ਬਣੇ। ਮੀਰੀ-ਪੀਰੀ ਵਾਲੇ ਪਾਤਸ਼ਾਹ ਸਤਿਗੁਰੂ ਹਰਿ ਗੋਬਿੰਦ ਜੀ ਨੇ ਜਹਾਂਗੀਰ ਦੀ ਕੈਦ ਵਿੱਚ ਜਾ ਕੇ ਬਵੰਜਾ ਪਹਾੜੀ ਰਾਜਿਆਂ ਨੂੰ ਮੁਕਤ ਕਰਵਾਇਆ ਅਤੇ ਬੰਦੀ ਛੋਡ ਪਾਤਸ਼ਾਹ ਅਖਵਾਏ। ਸਾਹਿਬ ਸਤਿਗੁਰੂ ਤੇਗ ਬਹਾਦਰ ਜੀ ਆਪ ਚੱਲ ਕੇ ਦਿੱਲੀ ਗਏ ਆਪ ਕੈਦ ਹੋ ਕੇ ਤਿਲਕ ਜੰਞੂ ਦੀ ਰੱਖਿਆ ਲਈ, ਕਿਸੇ ਦੀ ਧਾਰਮਿਕ ਆਜ਼ਾਦੀ ਲਈ ਸੀਸ ਕੁਰਬਾਨ ਕਰਕੇ 'ਹਿੰਦ ਦੀ ਚਾਦਰ' ਆਖ ਸਤਿਕਾਰੇ ਗਏ। ਏਸੇ ਪ੍ਰੰਪਰਾ ਵਿੱਚ ਸਤਿਗੁਰੂ ਰਾਮ ਸਿੰਘ ਜੀ ਗਊ ਗਰੀਬ ਦੀ ਰੱਖਿਆ ਅਤੇ ਭਾਰਤ ਵਰਸ਼ ਦੀ ਆਜ਼ਾਦੀ ਲਈ ਜਲਾਵਤਨ ਹੋਏ। ਜਿਨ੍ਹਾਂ ਬਾਰੇ ਗੁਰਬਾਣੀ ਦਾ ਵਾਕ ਹੈ-

**'ਹਉ ਬਲਿਹਾਰੀ ਸਤਿਗੁਰ ਪੂਰੇ॥**
**ਸਰਣਿ ਕੇ ਦਾਤੇ ਬਚਨ ਕੇ ਸੂਰੇ॥'**

ਸਰਣ ਆਏ ਦੀ ਲਾਜ ਰੱਖਣਾ ਅਤੇ ਦਿੱਤੇ ਬਚਨ ਨੂੰ ਪੁਗਾਉਣਾ ਸਤਿਗੁਰੂ ਦਾ ਬਿਰਦ ਹੈ। ਸਿੱਖ ਇਤਿਹਾਸ ਵਿੱਚ ਅਨੇਕਾਂ ਕਥਾ ਸਾਖੀਆਂ ਹਨ ਕਿ ਗੁਰੂ ਸਾਹਿਬਾਨ ਨੇ ਸਰਣ ਆਇਆ ਦੀ ਲਾਜ ਰੱਖੀ ਅਤੇ ਦਿੱਤੇ ਬਚਨ ਪੁਗਾਏ।

"ਇਕ ਵੇਰ ਸਤਿਗੁਰੂ ਰਾਮ ਸਿੰਘ ਜੀ "ਰਾਮਦਾਸਪੁਰੇ (ਭੈਣੀ ਸਾਹਿਬ) ਮੈਂ ਆਏ। (ਪਿਤਾ) ਬਾਬੇ ਜੱਸਾ ਸਿੰਘ ਜੀ ਕੋ ਦਰਸ਼ਨ ਦਿੱਤਾ। ਪਰਸਪਰ ਫਤੇ ਬੁਲਾਈ, ਬਾਬੇ ਜੱਸਾ ਸਿੰਘ ਜੀ ਬਚਨ ਕੀਤਾ: ਤਲਵੰਡੀ ਵਾਲੀ ਤੇ ਅਯੁਧਿਆ ਵਾਲੀ ਨਾ ਹੋਵੇ, ਮੈਨੂੰ ਤੁਹਾਡਾ ਵਿਯੋਗ ਨਾ ਹੋਵੇ। ਜਦ ਮੈਂ ਚੜ੍ਹਾਂ ਤੁਸੀਂ ਦੋਵੇਂ ਭਾਈ ਮੇਰੇ ਕੋਲ ਹੀ ਰਹੋ। ਪੰਚਕਾਂ ਨਾ ਹੋਣ। ਅੰਤਰਜ਼ਾਮੀ ਗੁਰੂ ਜੀ ਬਚਨ ਕੀਤਾ: "ਹੁਣ ਨਹੀਂ ਰਹਿਣਾ ਹੈ ਤੇਰੇ ਪਾਸ। ਪਰ ਤੁਹਾਡੇ ਚੜ੍ਹਨ ਕੇ ਵਕਤ ਆਇ ਜਾਵਾਂਗੇ।" (ਸਤਿਗੁਰੂ ਬਿਲਾਸ ਭਾਗ-1 ਪੰਨਾ 386)

ਜਨਵਰੀ 1872 ਈ. ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਮਾਰਚ 1872 ਤੱਕ ਰੰਗੂਨ (ਬਰਮਾ) ਪੁਚਾ ਦਿੱਤਾ। 1874 ਈ. ਬਾਬਾ ਜੱਸਾ ਸਿੰਘ ਜੀ ਝੜਾਈ ਕਰ ਗਏ। ਬੇਸ਼ੱਕ ਉਸ ਵਕਤ ਸਤਿਗੁਰੂ ਜੀ ਰੰਗੂਨ ਬੰਗਲੇ ਵਿੱਚ ਕੈਦ ਸਨ ਪਰ ਪਿਤਾ ਬਾਬਾ ਜੱਸਾ ਸਿੰਘ ਜੀ ਨੂੰ ਦਿੱਤਾ ਬਚਨ ਪੁਗਾਉਣ ਲਈ ਅੰਤ ਸਮੇਂ ਬਾਬਾ ਜੀ ਨੂੰ ਦਰਸ਼ਨ ਦਿੱਤੇ।

"ਦੋ ਕੁ ਬਰਸ ਸ੍ਰੀ ਸਤਿਗੁਰੂ ਜੀ ਗਇਆ ਨੂੰ ਹੋਏ। ਇਕ ਰਾਤ ਬਾਬੇ ਜੱਸਾ ਸਿੰਘ ਜੀ ਕੋ ਦ੍ਰਿਸ਼ਟਾਂਤ ਮੇਂ ਦੋਨੋ ਭਾਈ ਸਤਿਗੁਰੂ ਰਾਮ ਸਿੰਘ ਜੀ ਤੇ ਮਹਾਰਾਜ ਬੁੱਧ ਸਿੰਘ ਜੀ ਇਸ਼ਨਾਨ ਕਰਾਇਕੇ ਰਥ ਉੱਤੇ ਚੜ੍ਹਾਇਕੇ ਗੁਪਤ ਹੋਇ ਗਏ। ਬਾਬੇ ਦੇ ਨੇਤਰ ਖੁਲ੍ਹ ਗਏ। ਬਾਬੇ ਜੀ ਬਚਨ ਕੀਤਾ, ਸਾਨੂੰ ਤਾਂ ਚਲਾਣਿਆਂ ਕਾ ਹੁਕਮ ਹੈ। ਅਗਲੀ ਰਾਤ ਬਾਬਾ ਜੱਸਾ ਸਿੰਘ ਜੀ ਬਚਨ ਕੀਤਾ, ਦੇਖੋ ਸਤਿਗੁਰੂ ਜੀ ਬੈਠੇ ਹੈ, ਮੈਨੂੰ ਦਿਸਦੇ ਹੈਂ। ਏਕ ਸਮੇਂ ਬਾਬੇ ਜੱਸਾ ਸਿੰਘ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਸੀ, ਜਦ ਅੰਤ ਸਮਾਂ ਹੋਵੇ, ਤੁਸੀਂ ਕੋਲ ਹੋਵੋ। ਬਾਬੇ ਕੀ ਮੰਗ ਪੂਰੀ ਕਰਨ ਵਾਸਤੇ ਦਰਸ਼ਨ ਦੇ ਰਹੇ ਹੈਂ। ਸਵਾ ਪਹਿਰ ਰਾਤ ਬਾਬੇ ਜੱਸਾ ਸਿੰਘ ਜੀ ਕਾ ਇਸ਼ਨਾਨ ਕਰਾਇਆ। ਮੰਜੇ ਪਰ ਬੈਠੇ ਈ ਬਾਬਾ ਜੀ ਸਮਾਇ ਗਏ। ......ਏਕ ਸਿੰਘ ਨੇ ਹੱਥ ਲਾਇਕੇ ਦੇਖਿਆ ਬਾਬੇ ਜੀ ਨੂੰ, ਪ੍ਰਾਣ ਹੈ ਨਹੀਂ, ਦੇਹ ਕਰਕੇ ਬੈਠੇ ਹੈਂ।" (ਸਤਿਗੁਰੂ ਬਿਲਾਸ2 ਪੰਨਾ-39)

ਬਾਬਾ ਜੱਸਾ ਸਿੰਘ ਜੀ ਦੇ ਅੰਤਮ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੇਣ ਦੇ ਪ੍ਰਸੰਗ ਨਾਲ ਸਬੰਧਿਤ ਇਕ ਹੋਰ ਕਥਾ ਹੈ। ਜਿਸ ਬਾਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੰਕੋਂਕ ਵਿਖੇ 19 ਮਾਰਚ 1955 ਈ. ਦੀ ਕਥਾ ਵਿੱਚ ਰਿਕਾਰਡ ਹੈ-

"ਦੇਹ ਕਰਕੇ ਦੇਖਣ 'ਚ ਲੋਕਾਂ ਦੇ ਆਮ ਤੇ ਸਤਿਗੁਰੂ ਰਾਮ ਸਿੰਘ ਜੀ ਨਹੀਂ ਨ ਆਏ। ਇਹ ਬਾਬਾ ਜਿਊਣ ਸਿੰਘ ਜੀ ਇਕ ਮਹਾਪੁਰਖ ਸਨ। ਪਹਿਲਾਂ ਉਦਾਸੀ ਸਾਧੂ ਸਨ, ਜੀਊਣ ਦਾਸ ਨਾਮ ਸੀ। ...ਚੂੰਨੀ ਪਿੰਡ ਵਿੱਚ ਰਹਿੰਦਿਆਂ ਬਾਬੇ ਨਿਹੰਗ ਹੁਰਾਂ ਦਾ ਦਰਸ਼ਨ ਹੋਇਆ, ਬਾਬਾ ਜੀ ਘੋੜੇ ਤੇ ਆਏ... ਦਰਸ਼ਨ ਕੀਤਾ ਭਜਨ ਪੁੱਛਿਆ... ਉਨ੍ਹਾਂ ਆਖਿਆ ਬਈ ਅਸੀਂ ਭਜਨ ਦੱਸ ਦਿੱਤਾ ਹੈ ਮੋਹਰ ਲਵਾ ਲਿਆਉਣੀ। ਗੁਰਦੁਆਰੇ (ਭੈਣੀ ਸਾਹਿਬ) ਆਏ। ਸਤਿਗੁਰੂ (ਰਾਮ ਸਿੰਘ) ਜੀ, ਸੱਚੇ ਪਾਤਸ਼ਾਹ ਏਥੇ ਸਨ। ਫੇਰ ਐਸੀ ਬਿਰਤੀ ਹੋ ਗਈ, ਅੱਗੇ

ਕੀਰਤਨ, ਕਰਵਾਉਣਾ ਰਾਗੀਆਂ ਦਾ ਆਸਣ ਸਤਿਗੁਰਾਂ ਦਾ ਵਿਛਾ ਲੈਣਾ, ਚੌਰ ਕਰਨਾ। ਦਰਸ਼ਨ ਹੁੰਦਾ ਸੀ ਤਾਂ ਹੀ ਕਰਦੇ ਸੀ ਨ।"

(ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਅਦ ਇਕ ਦਿਨ) "ਸਵਾ ਪਹਿਰ ਦਾ ਤੜਕਾ ਹੈ, ਗੜਵੇ ਵਾਲੇ ਹੀਰਾ ਸਿੰਘ ਹੁਰੀਂ ਇਕ ਰਾਗੀ, ਮਜ਼ਬੀ (ਸਿੰਘ) ਹੁੰਦੇ ਸਨ। ਗੁਬਿੰਦਗੜ੍ਹ ਵਾਲੇ ਅਗਮ ਸਿੰਘ ਹੁਰਾਂ ਦੇ ਤਾਏ ਲਗਦੇ ਸਨ, ਉਹ ਜੋੜੀ (ਤਬਲਾ) ਵਜਾਉਂਦੇ ਹਨ। ਅਗਮ ਸਿੰਘ ਹੁਰਾਂ ਦਾ ਪਿਤਾ ਸਾਰੰਦਾ ਵਜਾਉਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਆ ਕੇ ਆਸਣ ਤੇ ਬੈਠੇ। ...ਹੀਰਾ ਸਿੰਘ ਹੁਰਾਂ ਦੀ ਜੋੜੀ ਕਿਧਰੇ ਉਲਟ ਕੇ ਜਾ ਪਈ। ਸੰਤ ਮਸਤ ਹੋ ਕੇ ਹਸਣ ਲੱਗ ਪਏ। ਓ ਹੀਰਾ ਸਿੰਘ ਕੀ ਹੋਇਐ...? ਕਹਿੰਦੇ, ਕੀ ਹੋਣੈ, ਸਤਿਗੁਰੂ ਆਏ ਸੀ, ਆਸਣ ਤੇ ਬੈਠੇ ਸੀ। ਕਹਿੰਦੇ "ਅਸੀਂ ਭੈਣੀ ਸਾਹਿਬ ਚਲੇ ਹਾਂ, ਬਾਬੇ ਦੀ ਝੜਾਈ ਹੈ।" ਵਕਤ ਲਿਖ ਲਿਆ। ਉਸੇ ਵੇਲੇ ਆਦਮੀਂ ਭੇਜਿਆ। ...ਬਾਬਾ (ਜੱਸਾ ਸਿੰਘ) ਜੀ ਨੇ ਉਸ ਦਿਨ ਸਰੀਰ ਛੱਡਿਆ। ਉਹ ਬਚਨ ਜਿਹੜਾ ਸੀ ਕਿ ਤੇਰੇ ਕੋਲ ਹੋਵਾਂਗੇ, ਪੂਰਾ ਕੀਤਾ।"

(ਲਾਲ ਏਹਿ ਰਤਨ ਭਾਗ-4 ਪੰਨਾ- 140-41-42-43)

ਅਵਤਾਰੀ ਪੁਰਖਾਂ ਦੀਆਂ ਅਜੇਹੀਆਂ ਕਰਤਾਰੀ ਸ਼ਕਤੀਆਂ ਅਤੇ ਅਲੌਕਿਕ ਕੌਤਕਾਂ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਜਦੋਂ ਸਤਿਗੁਰੂ ਰਾਮ ਸਿੰਘ ਜੀ ਰੰਗੂਨ (ਬਰਮਾ) ਵਿੱਚ ਅੰਗਰੇਜ਼ਾਂ ਦੀ ਨਿਗਰਾਨੀ ਵਿੱਚ ਨਜ਼ਰਬੰਦ ਸਨ। ਉਨ੍ਹਾਂ ਦਿਨਾਂ ਦੀਆਂ ਵੀ ਅਨੇਕਾਂ ਘਟਨਾਵਾਂ ਹਨ ਕਿ ਕਈਆਂ ਨੂੰ ਪੰਜਾਬ ਵਿੱਚ ਵੀ ਪ੍ਰਤੱਖ ਦਰਸ਼ਨ ਦਿੱਤੇ। ਜੇ ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲਿਆਂ ਨਹਿਰ ਦੇ ਕੰਢੇ ਜਾਂਦਿਆਂ ਵੈਰਾਗ ਦੀ ਸਿਖਰਲੀ ਅਵਸਥਾ 'ਚ ਯਾਦ ਕੀਤਾ ਹਉਕਾ ਲਿਆ। ਆਖਿਆ- "ਰਾਮਿਆਂ, ਕਿਥੇ ਐਂ ਹੁਣ, ਦਰਸ਼ਨ ਦੇਹ।" ਸਤਿਗੁਰੂ ਜੀ ਰੰਗੂਨ ਇਸ਼ਨਾਨ ਕਰਕੇ ਕਛਿਹਰਾ ਬਦਲ ਰਹੇ ਸਨ। ਉਸੇ ਤਰ੍ਹਾਂ ਦਰਸ਼ਨ ਦਿੱਤਾ।

ਇਸੇ ਤਰ੍ਹਾਂ ਇਕ ਹੋਰ ਪ੍ਰਸੰਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ 5 ਫਰਵਰੀ 1955 ਬੈਂਕੋਕ ਵਿਖੇ ਕੀਤੀ ਕਥਾ ਵਿੱਚ ਰਿਕਾਰਡ ਹੈ-

"ਸਤਿਗੁਰੂ ਸੱਚੇ ਪਾਤਸ਼ਾਹ ਦੇ ਪ੍ਰਦੇਸ ਜਾਣ ਤੋਂ ਬਾਅਦ (ਇਕ ਦਿਨ) ਉਹ ਭਾਈ (ਉੱਤਮ ਸਿੰਘ) ਜੀ, ਗੁਰੂ ਹਰੀ ਸਿੰਘ ਜੀ ਕੋਲ ਆਏ ਤਾਂ ਕਹਿਣ ਲੱਗੇ, ਸੱਚਿਆ ਪਾਤਸ਼ਾਹ ਐਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਕਿਥੇ ਹਨ?

ਗੁਰੂ ਹਰੀ ਸਿੰਘ ਜੀ ਕਹਿੰਦੇ ਭਾਈ ਉੱਤਮ ਸਿਆਂ, ਜੇ ਤੂੰ ਥੋੜਾ ਚਿਰ ਪਹਿਲੋਂ ਆ ਜਾਂਦਾ ਤਾਂ ਤੈਨੂੰ ਐਥੇ ਹੀ ਦਰਸ਼ਨ ਕਰਾਉਂਦੇ। ਕਹਿਣ ਲੱਗੇ "ਭਾਈ ਜਦੋਂ ਸਤਿਗੁਰੂ ਜੀ ਗਏ, ਮੈਂ ਬਾਹਰ ਜਾ ਕੇ ਬੜਾ ਰੋਂਦਾ ਧਾਹੀਂ ਮਾਰ-ਮਾਰ। ਥੋੜਾ ਜਿਹਾ ਚਿਰ ਹੀ, ਜੇ ਇਕ ਅੱਧਾ ਦਿਨ ਹੀ ਸਤਿਗੁਰੂ ਸੱਚੇ ਪਾਤਸ਼ਾਹ ਨਾ ਦਰਸ਼ਨ ਦੇਂਦੇ ਤਾਂ ਮੇਰਾ ਸਰੀਰ ਨਾ ਰਹਿੰਦਾ। ਸਤਿਗੁਰੂ ਆ ਗਏ। ਸਤਿਗੁਰਾਂ ਆ ਕੇ ਆਖਿਆ "ਭਾਈ ਮੈਂ ਤੇਰੇ ਕੋਲ ਸਦਾ ਹੀ ਅੰਗ ਸੰਗ ਹਾਂ। ਮੈਂ ਤੇਰੇ ਕੋਲ ਰਹਾਂਗਾ ਤੂੰ ਕੰਮ ਕਾਰ ਕਰ ਭਾਈ। ਸਤਿਗੁਰੂ ਤਾਂ ਮੇਰੇ ਮੋਢੇ ਤੇ ਹੱਥ ਰੱਖਦੇ ਹਨ।"

ਅਜੇਹੇ ਕਈ ਕੌਤਕ ਤਾਂ ਰੰਗੂਨ ਬੰਗਲੇ ਵਿੱਚ ਰਹਿੰਦਿਆ ਡਿਊਟੀ ਤੇ ਹਾਜ਼ਰ ਸਿਪਾਹੀਆਂ ਅਤੇ ਅੰਗਰੇਜ਼ ਅਫ਼ਸਰਾਂ ਨੇ ਵੀ ਵੇਖੇ ਕਿ ਤਾਲੇ ਲੱਗੇ ਲਗਾਏ ਹੁੰਦਿਆਂ ਵੀ ਆਪਣੀ ਰਜ਼ਾ ਨਾਲ ਨਦੀ ਤੇ ਇਸ਼ਨਾਨ ਕਰਨ ਚਲੇ ਜਾਂਦੇ ਹਨ, ਆਪਣੀ ਮਰਜੀ ਨਾਲ ਹੀ ਫੇਰ ਤਾਲੇ ਲੱਗੇ ਬੰਦ ਦਰਵਾਜੇ ਹੁੰਦਿਆਂ ਫੇਰ ਅੰਦਰ ਹੁੰਦੇ ਹਨ। ਇਕ ਵੇਰ ਅੰਗਰੇਜ਼ ਅਫਸਰ ਨੇ ਆ ਕੇ ਪੁੱਛਿਆ- "ਰਾਜਾ ਰਾਮ ਸਿੰਘ ਟੁਮ ਪੰਜਾਬ ਭੀ ਜਾ ਸਕਦੇ ਹੋ?" ਦੋ ਵੇਰ ਪੁੱਛਣ ਤੇ ਜੁਆਬ ਨਾ ਦਿੱਤਾ ਜਦ ਤੀਸਰੀ ਵੇਰ ਪੁੱਛਿਆ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਤੇਜੀ ਮੇਂ ਹੋਇਕੇ ਬਚਨ ਕੀਤਾ: "ਪੰਜਾਬ ਤਾਂ ਮੇਰੇ ਘਰ ਦੇ ਵਿਹੜੇ ਵਾਂਗ ਹੈ।"

ਅਜੇਹੀਆਂ ਅਨੇਕਾਂ ਕਥਾ ਹਨ ਕਿ ਸਤਿਗੁਰੂ ਕਰਣ ਕਾਰਣ ਸਮਰੱਥ ਹੁੰਦਿਆਂ ਹੋਇਆ ਵੀ ਨਰ-ਲੀਲ੍ਹਾ ਕਰਦਿਆਂ ਕਾਰਣ ਵੱਸ ਹੋ ਕੌਤਕ ਕਰਦਾ ਹੈ। ਲੇਖ ਦਾ ਵਿਸ਼ਾ ਹੈ- **ਮਰਗੋਈ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦਰਸ਼ਨ।** ਉਪਰੋਕਤ ਸੰਖੇਪ ਵੇਰਵੇ ਤਾਂ ਇਸ ਵਿਸ਼ੇ ਦੀ ਭੂਮਿਕਾ ਹੀ ਹੈ। ਇਹ ਵੀ ਉਸੇ ਤਰ੍ਹਾਂ ਦੇ ਗੁਰ-ਸਾਂਗ ਦਾ ਦੁਹਰਾਉ ਹੈ ਜੋ ਨਦੇੜੋਂ (ਹਜ਼ੂਰ ਸਾਹਿਬ) ਬਾਅਦ **ਦਸਮ ਗੁਰ ਦਰਸ਼ਨ**' ਦਾ ਇਤਿਹਾਸ ਹੈ।

1708 ਈ. ਨਦੇੜ (ਹਜ਼ੂਰ ਸਾਹਿਬ) ਸਾਹਿਬ ਕਲਗੀਧਰ ਪਾਤਸ਼ਾਹ ਨੇ ਨਰ-ਨਾਟਕ ਰਚਿਆ। ਚਿਖਾ ਚਿੱਣੀ, ਚੁਫੇਰੇ ਕਨਾਤ ਲਗਵਾਈ ਹੁਕਮ ਕੀਤਾ ਕਨਾਤ ਵੱਲ ਅੰਦਰ ਕੋਈ ਝਾਤ ਨਾ ਮਾਰੇ ਅੱਧੀ ਰਾਤੋਂ ਬਾਅਦ ਗੁਰੂ ਸਾਹਿਬ ਨੇ ਵਾਹਿਗੁਰੂ ਜੀ ਕੀ ਫਤਹਿ ਦਾ ਜੈਕਾਰਾ ਗਜਾਇਆ। ਇਹ ਵੀ ਬਚਨ ਕੀਤਾ-

'ਹਮ ਦਿਸ ਝਾਤ ਨਾ ਕੋਈ ਪਾਇਓ।
ਫੋਲਿਯੋ ਹਮਰਾ ਨਾਹਿ ਅੰਗੀਠਾ॥'

ਚਿਤਾ ਬਲੀ ਲਾਟਾਂ ਉੱਚੀਆਂ ਹੋਈਆਂ। ਸਿੱਖਾਂ ਸਮਝਿਆ ਗੁਰੂ ਸਾਹਿਬ ਪ੍ਰਲੋਕ ਗਵਨ ਕਰ ਗਏ ਹਨ। ਮੁੱਖ ਰੂਪ ਵਿੱਚ ਇਹੋ ਸਮਝਿਆ ਜਾਂਦਾ ਹੈ ਕਿ ਦਸਮ ਪਾਤਸ਼ਾਹ 1708 ਨੂੰ ਨਦੇੜ ਵਿਖੇ ਜੋਤੀ ਜੋਤ ਸਮਾ ਗਏ ਪਰ ਉਸਤੋਂ ਬਾਅਦ ਜੰਗਲ ਵਿੱਚ ਇਕ ਉਦਾਸੀ ਸਾਧੂ ਨੂੰ ਗੁਰੂ ਸਾਹਿਬ ਦੇ ਕੁਮੈਤ ਘੋੜੇ ਤੇ ਸਵਾਰ ਦਰਸ਼ਨ ਹੋਏ, ਪ੍ਰਸ਼ਾਦ ਬਖਸ਼ਿਆ। ਹੁਕਮ ਕੀਤਾ- ਨਦੇੜ ਜਾ ਕੇ ਸਿੱਖਾਂ ਨੂੰ ਧੀਰਜ ਦਿਉ। ਅਸੀਂ ਖਾਲਸੇ ਦੇ ਹਮੇਸ਼ਾਂ ਅੰਗ ਸੰਗ ਹਾਂ। ਇਸ ਜਗ੍ਹਾ ਗੁਰਦੁਆਰਾ ਰਤਨ ਗੜ੍ਹ ਹੈ। ਉਸ ਸਾਧ ਨੇ ਆ ਕੇ ਸਿੱਖਾਂ ਨੂੰ ਦੱਸਿਆ- ਸਿੰਘਾਂ ਵੇਖਿਆ ਕਿ ਤਬੇਲੇ ਕੁਮੈਤ ਘੋੜਾ ਵੀ ਨਹੀਂ ਅਤੇ ਬਾਜ ਵੀ ਨਹੀਂ।

ਉਸਤੋਂ ਕੁਝ ਸਮੇਂ ਬਾਅਦ ਰੁਸਤਮ ਰਾਉ ਤੇ ਬਾਲਾ ਰਾਉ ਨੂੰ ਸਿਤਾਰੇ ਦੇ ਕਿਲ੍ਹੇ ਵਿਚੋਂ ਮੁਕਤ ਕਰਵਾਕੇ ਮਨਮਾੜ੍ਹ ਛੱਡਿਆ। ਏਥੇ ਗੁਰਦੁਆਰਾ ਗੁਪਤਸਰ ਹੈ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਅਜੇਹੀਆਂ ਕਈ ਘਟਨਾਵਾਂ ਲਿਖਦੇ ਹਨ ਕਿ ਜਦੋਂ ਸਿੱਖਾਂ ਦੇ ਮੁਗਲਾਂ ਨਾਲ ਹੁੰਦੇ ਘਮਸਾਨ ਦੇ ਯੁੱਧਾਂ ਸਮੇਂ ਦਸਮ ਪਾਤਸ਼ਾਹ ਨੇ ਪ੍ਰਤੱਖ ਦਰਸ਼ਨ ਦੇ ਕੇ ਆਪ ਯੁੱਧ ਕਰਕੇ ਸਿਖਾਂ ਨੂੰ ਜਿਤਾਉਣਾ ਤੇ ਫੇਰ ਅਲੋਪ ਹੋ ਜਾਣਾ। ਸਿਆਲਕੋਟ ਵਿੱਚ ਨੱਥਾ ਸਿੰਘ ਤੇ ਦਿਆਲ ਸਿੰਘ ਸਾਥੀਆਂ ਸਹਿਤ 1775 ਈ. ਦੇ ਨੇੜੇ ਇਕ ਵੇਰ ਮੁਗਲਾਂ ਨਾਲ ਯੁੱਧ ਕਰ ਰਹੇ ਸਨ, ਸਿੱਖਾਂ ਦਾ ਪਲੜਾ ਹਲਕਾ ਸੀ, ਮੁਗਲ ਫੌਜ ਭਾਰੂ ਹੋ ਗਈ। ਸਿੱਖਾਂ ਬੜੇ ਆਜਿਜ਼ ਹੋ ਅਰਦਾਸ ਕੀਤੀ ਤਾਂ ਸਾਹਿਬ ਸ਼ਹੀਦੀ ਫੌਜਾਂ ਨਾਲ ਆ ਹਾਜ਼ਰ ਹੋਏ।

ਦੀਨ ਦਿਆਲ ਬਿਰਦ ਸੰਭਾਲ ਹਵੈ ਦਿਆਲ
ਝਟ ਫੌਜ ਲੈ ਬਿਸਾਲ ਸੰਗ ਗੁਪਤੋਂ ਕੀ ਆਏ ਹੈਂ।
ਨਥਾ ਸਿੰਘ ਆਦ ਕੈ ਸਿਦਕ ਵਾਰੇ ਸਿੰਘਨ ਕੋ
ਦੀਓ ਹੈ ਦੀਦਾਰ ਗੁਰ ਧੀਰਜ ਧਰਾਏ ਹੈਂ॥

ਏਸੇ ਤਰ੍ਹਾਂ ਬਾਬਾ ਰਾਮ ਸਿੰਘ ਬੇਦੀ ਕੋਟਲੀ ਵਾਲੇ ਦੀ ਕਮਾਨ ਹੇਠ 1776 ਈ. ਵਿੱਚ ਸਹਾਂਚੀ ਖਾਨ ਨਾਲ ਯੁੱਧ ਸਮੇਂ ਵੀ ਜਦੋਂ ਸਿੰਘਾਂ ਨੂੰ ਆਪਣੀ ਹਾਰ ਹੁੰਦੀ ਜਾਪ ਰਹੀ ਸੀ ਤਾਂ ਬੜੇ ਅਧੀਰ ਹੋ ਅਰਦਾਸ ਕੀਤੀ ਤਾਂ ਉਸ ਸਮੇਂ ਵੀ-

ਦੇਖ ਦੀਨਤਾ ਸਿੰਘਨ ਕੇਰੀ॥
ਕਲਗੀਧਰ ਨਭ ਬਾਨੀ ਟੇਰੀ॥
ਅਜੋ ਖਾਲਸਾ ਤੁਮ ਜੈ ਪਾਵੋ॥
ਸੰਮੁਖ ਸ਼ਤਰੂ ਹ੍ਵੈ ਜੰਗ ਮਚਾਵੋ॥
ਕੇ ਚਿਤ ਸਿਦਕੀ ਸਿੰਘਨ ਤਾਏ॥
ਦਰਸਨ ਦਸਮ ਗੁਰੂ ਕੇ ਥਾਏ॥

ਇਸ ਤਰ੍ਹਾਂ ਦਸਮ ਪਾਤਸ਼ਾਹ ਨੰਦੇੜ ਨਰ ਨਾਟਕ ਕਰਕੇ ਲੰਮਾਂ ਸਮਾਂ ਗੁਪਤ ਰੂਪ ਵਿੱਚ ਵਿਚਰੇ ਅਤੇ ਕਈ ਥਾਈ ਸਿੱਖਾਂ ਦੀ ਸਹਾਇਤਾ ਕਰਕੇ ਜਿੱਤ ਦਿਵਾਈ। ਪਰ ਨਦੇੜੋਂ ਬਾਅਦ ਦਸਮ ਗੁਰ ਦਰਸ਼ਨ ਕੇਵਲ ਇਕ ਵੱਖਰੇ ਲੇਖ ਦਾ ਹੀ ਵਿਸ਼ਾ ਨਹੀਂ ਸਗੋਂ ਇਸ ਸੰਧਰਭ ਵਿੱਚ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਹੋਰ ਖੋਜ ਦੀ ਲੋੜ ਹੈ ਪਰ ਇਹ ਸਪਸ਼ਟ ਹੈ ਕਿ ਗੁਰੂ ਸਾਹਿਬ ਨਦੇੜ ਜੋਤੀ ਜੋਤ ਨਹੀਂ ਸਮਾਏ ਕਿਉਂਕਿ ਉਸਤੋਂ ਬਾਅਦ ਕਈ ਜਗ੍ਹਾ ਗੁਰੂ ਸਾਹਿਬ ਨੇ ਦਰਸ਼ਨ ਦਿੱਤੇ।

ਇਸੇ ਤਰ੍ਹਾਂ ਇਹ ਵੀ ਚਿੱਟੇ ਦਿਨ ਵਰਗਾ ਸੱਚ ਹੈ ਕਿ ਸਤਿਗੁਰੂ ਰਾਮ ਸਿੰਘ ਜੀ 1885 ਈ. ਮਰਗੋਈ ਵਿਖੇ ਜੋਤੀ ਜੋਤ ਨਹੀਂ ਸਮਾਏ। ਇਹ ਖਬਰ ਅੰਗਰੇਜ਼ ਸਰਕਾਰ ਨੇ ਕੇਵਲ ਗੁੰਮਰਾਹ ਕਰਨ ਵਾਸਤੇ ਫੈਲਾਈ ਸੀ। ਸਰਕਾਰੀ ਦਸਤਾਵੇਜ਼ਾਂ ਅਨੁਸਾਰ ਹੀ ਨਵੰਬਰ 1885 ਤੋਂ ਨੌ ਮਹੀਨੇ ਬਾਅਦ ਬ੍ਰਿਟਿਸ਼ ਬਰਮਾ ਦਾ ਚੀਫ ਕਮਿਸ਼ਨਰ ਸਰ ਚਾਰਲਸ ਬਰਨਾਡ ਲਿਖਦਾ ਹੈ ਕਿ ਅਸੀਂ ਗੁਰੂ ਰਾਮ ਸਿੰਘ ਨੂੰ ਦੁਰਾਡੇ ਟਾਪੂ ਤੇ ਭੇਜ ਰਹੇ ਹਾਂ ਜਿਥੇ (ਉਨ੍ਹਾਂ ਦੇ ਸਿੱਖ) ਉਹਨਾਂ ਨਾਲ ਸੰਪਰਕ ਨਹੀਂ ਕਰ ਸਕਣਗੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਸ. ਆਲਮ ਸਿੰਘ ਇਕ ਸਿਵਿਲ ਇੰਜੀਨੀਅਰ ਦੇ ਲੇਖ ਦਾ

ਜਿਕਰ ਹੈ। ਜਿਸ ਵਿੱਚ ਉਸਨੇ ਸਤਿਗੁਰੂ ਰਾਮ ਸਿੰਘ ਜੀ ਦੇ ਝੜਾਈ ਕਰਨ ਦੀ ਖ਼ਬਰ ਨੂੰ ਬੜੇ ਸਖਤ ਸ਼ਬਦਾਂ ਵਿੱਚ ਖੰਡਨ ਕੀਤਾ ਸੀ, ਟਾਈਟਲ ਸੀ- **ਡਿਸਟਰਿਕ ਗਜ਼ਟੀਅਰ ਦਾ ਕੋਰਾ ਝੂਠ।** ਏਸੇ ਲੇਖ ਦਾ ਜ਼ਿਕਰ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਵੀ ਕੂਕਾ ਲਹਿਰ ਬਾਰੇ ਮਹਾਂਰਥੀ ਮਾਸਿਕ ਹਿੰਦੀ ਮੈਗਜੀਨ ਦੇ ਫਰਵਰੀ ਮਾਰਚ 1928 ਈ. ਦੇ ਅੰਕਾਂ ਵਿੱਚ ਲਿਖੇ ਆਪਣੇ ਲੇਖ ਵਿੱਚ ਵੀ ਕਰਦੇ ਹਨ-

"ਗੁਰੂ ਰਾਮ ਸਿੰਘ ਜੀ ਬਰਮਾ ਮੇ ਹੀ ਨਜ਼ਰਬੰਦ ਰਹੇ। ਡਿ. ਗਜ਼ੇਟੀਅਰ ਮੇਂ ਲਿਖਾ ਹੈ- Finally he died in Burma in 1885. ਪ੍ਰੰਤੂ 1920 ਮੇਂ ਙਸਕਾ ਨਿਵਾਸੀ ਸ੍ਰੀ ਆਲਿਮ ਸਿੰਹ ਇੰਜੀਨੀਅਰ ਨੇ ਏਕ ਲੇਖ ਦੁਆਰਾ ਉਪਰੋਕਤ ਬਾਤ ਕਾ ਖੰਡਨ ਕੀਆ ਥਾ। ਉਨਹੋ ਨੇ ਲਿਖਾ ਥਾ ਕਿ ਵੇ ਦੋ ਔਰ ਸਾਥੀਓ ਸਹਿਤ Lower Burma ਕੀ ਕਿਸੀ ਪੋਰਟ ਸੇ ਲਾਸਟ ਦੀਪ ਜਾ ਰਹੇ ਥੇ। ਉਸ ਪੋਰਟ ਕਾ ਨਾਮ ਮੌਲਮੀਨ ਥਾ ਵਹਾਂ ਪਰ ਏਕ ਦਿਨ ਏਕ ਬੜੇ ਤੇਜੱਸਵੀ ਵਿਅਕਤੀ ਕੋ ਪੁਲਿਸ ਕੀ ਨਿਗਰਾਨੀ ਮੇਂ ਸੈਰ ਕਰਤੇ ਦੇਖ ਕਰ ਉਨਕੇ ਸੰਬੰਧ ਮੇਂ ਕੁਝ ਪੂਛਤਾਛ ਕਰਨੇ ਪਰ ਮਾਲੂਮ ਹੂਆ ਕਿ ਯੇ ਪੰਜਾਬ ਕੇ ਰਾਜਾ ਹੈਂ। ਵਹ ਸਮਝੇ, ਸ਼ਾਇਦ ਮਹਾਰਾਜਾ ਦਲੀਪ ਸਿੰਘ ਹੋਂ, ਪ੍ਰੰਤੂ ਬਾਅਦ ਕੋ ਮਾਲੂਮ ਹੂਆ ਕਿ ਵਹ ਕੂਕਾ ਗੁਰੂ ਰਾਮ ਸਿੰਘ ਹੈ। ਉਸ ਸਮਯ ਉਨਕੇ ਸਾਥ ਉਨਕਾ ਏਕ ਸੂਬਾ ਲੱਖਾ ਸਿੰਘ ਭੀ ਥਾ। ਉਨਸੇ ਮਿਲਨੇ ਪਰ ਖੂਬ ਬਾਤ ਚੀਤ ਹੁਈ ਔਰ ਮਾਲੂਮ ਹੂਆ ਕਿ ਉਨਹੇਂ ਪਾਂਚ ਮੀਲ ਤੱਕ ਬਾਹਰ ਸੈਰ ਕਰਨੀ ਕੀ ਆਗਿਆ ਥੀ। ਖੈਰ ਸਰਕਾਰ ਨੇ ਇਸ ਲੇਖ ਕਾ ਕਭੀ ਪ੍ਰਤੀਵਾਦ ਭੀ ਨਹੀਂ ਕੀਆ। ਕੂਕਾ ਲੋਗੋਂ ਕਾ ਵਿਸ਼ਵਾਸ ਹੈ ਕਿ ਵੇ ਅਭੀ ਜੀਵਤ ਹੈਂ। ਖੈਰ!"

ਗੁਰਿੰਡ ਨਾਮੇਂ ਦਾ ਭਵਿਖਤਵਾਕ ਹੈ ਕਿ ਸਤਿਗੁਰੂ ਰਾਮ ਸਿੰਘ ਜੀ '**ਸਗਲ ਦੀਪ ਭਵਨ ਮੋ ਜਾਹੀ। ਹੋਇ ਕ੍ਰਿਪਾਲ ਸਭ ਦਰਸ ਦਿਖਾਹੀ।**' ਅਤੇ 'ਅਨਿਕ ਦੇਸ ਬਿਪ੍ਰੈਚ ਸਿਧਾਵੈ॥' ਭਾਵ ਕਿ ਸਤਿਗੁਰੂ ਰਾਮ ਸਿੰਘ ਜੀ ਅਨੇਕਾਂ ਦੇਸਾਂ, ਦੀਪਾਂ ਵਿੱਚ ਦਰਸ਼ਨ ਦੇਣਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਵੀ ਜ਼ਿਕਰ ਹੈ ਕਿ ਸ. ਆਤਮਾ ਸਿੰਘ ਪਾਸ ਇਕ ਸਿੱਖ ਸਰਦਾਰ ਆਇਆ ਉਸ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਵੇਖ ਕੇ ਦੱਸਿਆ ਕਿ ਮੈਂ ਏਨਾਂ ਦੇ ਦਰਸ਼ਨ ਰੂਸ ਵਿੱਚ ਕਰ ਕੇ ਆਇਆ ਹਾਂ।

ਇਸੇ ਤਰ੍ਹਾਂ ਇਕ ਹੋਰ ਵਾਰਤਾ ਹੈ। ਦੂਸਰੀ ਸੰਸਾਰ ਜੰਗ ਵੇਲੇ ਦੋ ਸਿੱਖ ਸ. ਧੰਨਾ ਸਿੰਘ ਹੰਸਰੋ ਦਾ ਅਤੇ ਸ. ਮੁਨਸ਼ਾ ਸਿੰਘ ਘਟਾਰੋਂ ਦਾ ਅੰਗਰੇਜ਼ਾਂ ਦੀ ਫੌਜ ਵਿੱਚ ਸਨ, ਜਰਮਨ ਅਤੇ ਫਰਾਂਸ ਦੇ ਬਾਰਡਰ ਤੇ ਇਕ ਦਿਨ ਫੌਜੀ ਸਾਥੀਆਂ ਲਈ ਲੰਗਰ ਲਿਜਾ ਰਹੇ ਸਨ ਜੰਗਲ ਵਿਚੋਂ ਜਾਂਦਿਆਂ ਦੋਵੇਂ ਨਿਖੜ ਗਏ। ਸ. ਮੁਨਸ਼ਾ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਸਤਿਗੁਰੂ ਜੀ ਦੇ ਦੈਵੀ ਦਰਸ਼ਨ ਨਾਲ ਜੀਵਨ ਬਦਲ ਗਿਆ। ਸਤਿਗੁਰੂ ਜੀ ਹੁਕਮ ਕੀਤਾ 'ਬਿਲਿਆਂ ਦੀ ਨੌਕਰੀ ਨਹੀਂ ਕਰਨੀ, ਪਿੰਡ ਚਲੇ ਜਾਉ ਕਿਰਤ ਕਰੋ ਨਾਮ ਜਪੋ।' ਉਸਨੇ ਸਾਥੀ ਧੰਨਾ ਸਿੰਘ ਨੂੰ ਦੱਸਿਆ, ਦੋਵੇਂ ਨੌਕਰੀ ਛੱਡ ਕੇ ਪਿੰਡ ਆ ਗਏ। ਦੋਵੇਂ ਪਰਿਵਾਰਾਂ ਦੀ ਅੰਸ-ਬੰਸ ਪੱਕੇ ਨਾਮਧਾਰੀ ਪਰਿਵਾਰ ਹਨ। ਧੰਨਾ ਸਿੰਘ ਨੇ ਪਿੰਡ ਆ ਕੇ ਜਿੰਨੀ ਤਨਖਾਹ ਦੀ ਮਾਇਆ ਸੀ, ਘਰ ਨਹੀਂ ਵਰਤੀ ਸ੍ਰੀ ਭੈਣੀ ਸਾਹਿਬ ਆ ਕੇ ਅਖੰਡ ਪਾਠ ਕਰਵਾ ਦਿੱਤੇ। ਹੰਸਰੋ ਅਤੇ ਘਟਾਰੋਂ ਦੋਵੇਂ ਪਿੰਡ ਵਜੀਦ ਤੋਂ ਨਵੇਂ ਸ਼ਹਿਰ ਜਾਂਦਿਆ ਰਸਤੇ ਵਿੱਚ ਹਨ।

1920-21 ਈ. ਵਿੱਚ ਸ੍ਰੀ ਸਤਿਗੁਰੂ ਪਤਾਪ ਸਿੰਘ ਜੀ ਦੀ ਆਗਿਆ ਨਾਲ ਸੰਤ ਹਰਦੇਵ ਸਿੰਘ ਬਖਸ਼ੀ ਅਤੇ ਸੰਤ ਸੂਰਤ ਸਿੰਘ ਖਤਰਾਵਾਂ ਬਰਮਾਂ ਵਿਖੇ ਰੰਗੂਨ ਅਤੇ ਮਰਗੋਈ ਗਏ, ਸਤਿਗੁਰੂ ਜੀ ਦੇ ਸਥਾਨਾਂ ਦੇ ਦਰਸ਼ਨ ਕੀਤੇ। ਉਨ੍ਹਾਂ ਦੀ ਯਾਤਰਾ ਦੇ ਵੇਰਵੇ ਗਿਆਨੀ ਤੇਜਾ ਸਿੰਘ ਜੀ ਨਿਓਤ ਪਾਸ ਕੈਸੇਟ ਤੇ ਰਿਕਾਰਡ ਸਨ ਜੋ ਉਨ੍ਹਾਂ ਲਿਖੇ ਅਤੇ ਪ੍ਰੋ. ਤਾਰਾ ਸਿੰਘ ਅਨਜਾਣ ਸੰਪਾਦਿਤ 'ਗਿਆਨੀ ਤੇਜਾ ਸਿੰਘ ਰਚਨਾਵਲੀ' ਵਿੱਚ ਪੰਨਾ 143-45-46 ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਸਾਰਾ ਵੇਰਵਾ ਏਥੇ ਲਿਖੀਏ ਤਾਂ ਵਿਸਥਾਰ ਬਹੁਤ ਹੋ ਜਾਵੇਗਾ। ਉਥੇ ਇਕ ਬੋਧੀ ਸਾਧੂ ਮਿਲੇ ਜਿਨ੍ਹਾਂ ਦੀ ਉਮਰ ਉਸ ਵੇਲੇ ਸੌ ਵਰਿਆਂ ਦੇ ਕਰੀਬ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਨੂੰ 'ਬੁਧਨ ਬੁਧਾ' ਕਹਿੰਦਾ ਸੀ। ਉਸ ਕਿਹਾ 'ਬੁੱਧਨ ਬੁਧਾ' ਆਪਣੀ ਰਜ਼ਾ ਨਾਲ ਗੋਰਿਆਂ ਦੀ ਕੈਦ ਚੋਂ ਚਲੇ ਗਏ। ਹੁਣ ਉਹ ਦੂਰ ਪਹਾੜਾਂ ਵਿੱਚ ਕਿਤੇ ਗੁਪਤ ਥਾਂ ਤੇ ਰਹਿੰਦੇ ਹਨ ਸਾਡਾ ਬੋਧੀ ਸਾਧੂਆਂ

ਦਾ ਜਥਾ ਗਰਮੀਆਂ ਦੀ ਰੁੱਤੇ ਪਹਾੜੀ ਦੇ ਤਲੇ ਜਾ ਕੇ ਤੰਬੂ ਲਾ ਕੇ ਚਾਲੀ ਦਿਨ 'ਬੁਧਨ ਬੁਧਾ' ਦੀ ਅਰਾਧਨਾ ਕਰਦਾ ਹੈ। ਉਹ ਕਿਸੇ ਦਿਨ ਪਹਾੜੀ ਦੇ ਉਤੇ ਪ੍ਰਗਟ ਹੁੰਦੇ ਹਨ, ਸਫੈਦ ਕਪੜਾ ਹਿਲਾ ਕੇ ਸਾਧੂਆਂ ਦੀ ਮੰਡਲੀ ਨੂੰ ਅਸ਼ੀਰਵਾਦ ਦੇਂਦੇ ਹਨ ਤਾਂ ਸਾਧੂ ਆਪਣੀ ਯਾਤਰਾ ਸਫਲ ਸਮਝ ਉਥੋਂ ਮਿਟੀ ਲੈ ਆਉਂਦੇ ਹਨ ਕਿ ਇਹ ਉਨ੍ਹਾਂ ਦੀ ਚਰਨ ਧੂੜ ਹੈ। ਉਸ ਸਾਧੂ ਨੇ ਇਕ ਪੋਟਲੀ ਚੋਂ ਕੱਢ ਕੇ ਉਹ ਪਵਿੱਤਰ ਧੂੜੀ ਬਖਸ਼ੀ ਜੀ ਅਤੇ ਸੂਰਤ ਸਿੰਘ ਨੂੰ ਵੀ ਦਿੱਤੀ ਦੋਹਾਂ ਨੇ ਮਸਤਕ ਨੂੰ ਲਾਈ।

ਇਸੇ ਤਰ੍ਹਾਂ ਇੱਕ ਹੋਰ ਵਾਰਤਾ ਹੈ, ਕਰੀਬ 1961 ਈ. ਦੀ ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿੱਚ ਵੀ ਰਿਕਾਰਡ ਹੈ। ਇਸ ਘਟਨਾ ਦਾ ਸੰਖੇਪ ਸਾਰ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੈ। ਸ੍ਰੀ ਸਤਿਗੁਰੂ ਜੀ ਦੇ ਬਚਨ ਹਨ- 'ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਪਹਿਲੀ ਵੇਰ ਥਾਈਲੈਂਡ ਗਏ ਸਾਂ, ਉਥੇ ਇਕ ਬੋਧੀ ਸਾਧੂ ਦਾ ਬਿਆਨ ਰੇਡਿਓ ਤੇ ਆਇਆ, ਅਖਬਾਰਾਂ 'ਚ ਛਪਿਆ। ਉਸਦਾ ਬਿਆਨ ਸੀ- 'ਬੋਧੀ ਸੰਮਤ 2500 ਤੋਂ ਬਾਅਦ ਸੰਸਾਰ ਭਰ ਵਿੱਚ ਅਸ਼ਾਂਤੀ ਫੈਲੇਗੀ, ਲੜਾਈਆਂ ਝਗੜੇ, ਬਿਮਾਰੀਆਂ ਅਤੇ ਕੁਦਰਤੀ ਆਫਤਾਂ ਆਉਣਗੀਆਂ, ਬਹੁਤ ਦੁਨੀਆਂ ਖਤਮ ਹੋ ਜਾਵੇਗੀ। ਉਸ ਤੋਂ ਬਾਅਦ ਬਰਮਾ ਦੀਆਂ ਪਹਾੜੀਆਂ ਚੋਂ ਇਕ ਅਵਤਾਰ ਪ੍ਰਗਟ ਹੋਏਗਾ। ਉਸਦੇ ਪ੍ਰਗਟ ਹੋਣ ਤੇ ਸੰਸਾਰ ਸਾਰੇ ਦੁਖਾਂ ਤੋਂ ਮੁਕਤ ਹੋ ਜਾਏਗਾ। ਸੰਸਾਰ ਤੇ ਅਮਨ ਕਾਇਮ ਹੋਵੇਗਾ।

ਅਜੇਹੇ ਹੀ ਬਚਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਵੀ ਦਰਜ ਹਨ। ਰੰਗੂਨ ਸਿੱਖਾਂ ਪੁਛਿਆ- "ਪਾਤਸ਼ਾਹ ਤੁਸੀਂ ਕਦੋਂ ਦੇਸ ਦਰਸ਼ਨ ਦੇਓਗੇ?" ਹੁਕਮਨਾਮੇ ਦਾ ਬਚਨ ਹੈ- "ਜਦ ਸੰਬਰ ਸੂਰੀ ਫਿਰੂਗੀ ਫੇਰ ਆਵਾਂਗੇ।" ਸੰਬਰ ਸੂਰੀ ਦਾ ਭਾਵ ਹੈ- 'ਮਹਾਂ ਵਿਨਾਸ਼'। ਇਹ ਵੀ ਬਚਨ ਹੈ- "ਪ੍ਰਿਥਵੀ ਪਰ ਅਨਿਕ ਭਾਂਤ ਕੀ ਮਾਰ ਕਾ ਹੁਕਮ ਹੈ।"

ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਥਾਈਲੈਂਡ ਗਏ, ਬੋਧੀ ਸਾਧੂ ਦਾ ਬਿਆਨ ਸੁਣਿਆ ਤਾਂ ਪਾਤਸ਼ਾਹ ਜੀ ਕੁਝ ਸਿੱਖਾਂ ਸਹਿਤ ਉਸ ਸਾਧੂ ਪਾਸ ਗਏ। ਪੁੱਛਿਆ ਕਿ ਤੁਸੀਂ ਇਹ ਭਵਿੱਖਤ ਬਿਆਨ ਕਿਸ ਅਧਾਰ ਤੇ ਦਿੱਤਾ ਹੈ। ਉਸ ਨੌਜੁਆਨ ਸਾਧੂ ਨੇ ਦੱਸਿਆ ਕਿ "ਸਾਡੀਆਂ ਤਾੜ ਪੱਤਰਾਂ ਤੇ ਜੋ ਪੁਸਤਕਾਂ ਲਿਖੀਆਂ ਹਨ ਉਹਨਾਂ ਵਿੱਚ ਦਰਜ ਭਵਿੱਖਤ ਵਾਕ ਪੂਰੇ ਹੁੰਦੇ ਆਏ ਹਨ। ਅਸੀਂ ਇਹ ਬਚਨ ਠੀਕ ਮੰਨਦੇ ਹਾਂ।"

ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਪੰਜ ਸਿੰਘ ਬਰਮਾ ਗਏ, ਉਥੇ ਕਈ ਸਾਧੂਆਂ ਨੂੰ ਮਿਲੇ। ਉਨ੍ਹਾਂ ਦੱਸਿਆ ਕਿ ਏਥੇ ਕਈ ਵੇਰ ਰਾਹੀਆਂ ਨੂੰ ਕੁਝ ਤੁਹਾਡੇ ਵਰਗੇ ਸਿੱਖ ਸਰੂਪ ਵਿੱਚ ਸਿੱਖਾਂ ਦੇ ਦਰਸ਼ਨ ਹੁੰਦੇ ਹਨ, ਉਨ੍ਹਾਂ ਚੋਂ ਇਕ ਹੈ, ਜਿਸਦੇ ਚੇਹਰੇ ਦਾ ਏਨਾ ਤੇਜ ਹੈ ਕਿ ਉਸ ਵੱਲ ਵੇਖਿਆ ਨਹੀਂ ਜਾਂਦਾ। ਇਹ ਯਾਤਰਾ ਉਹਨਾਂ ਸਿੱਖਾਂ ਨੇ ਵਿਸਥਾਰ ਸਹਿਤ ਲਿਖੀ ਹੋਈ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕੀਤਾ ਹੈ ਕਿ ਅਸੀਂ ਮੰਨਦੇ ਹਾਂ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਹੀ ਹਨ ਜਿਨ੍ਹਾਂ ਬਰਮਾਂ ਦੀਆਂ ਪਹਾੜੀਆਂ ਚੋਂ ਪ੍ਰਗਟ ਹੋਣਾ, ਸਤਿਗੁਰੂ ਰਾਮ ਸਿੰਘ ਤੋਂ ਬਿਨਾਂ ਅਜੇਹਾ ਹੋਰ ਕੋਈ ਹੋ ਹੀ ਨਹੀਂ ਸਕਦਾ।

ਸੰਨ 1967 ਈ. ਬਸੰਤ ਪੰਚਮੀਂ ਅਤੇ ਖਸ਼ਟਮੀ ਦੀ ਰਾਤ ਨੂੰ ਬਾਰਾਂ ਤੋਂ ਇੱਕ ਵਜੇ ਵਿਚਾਲੇ ਸ੍ਰੀ ਭੈਣੀ ਡਿਓੜੀ ਦਾ ਦਰਵਾਜਾ ਖੜਕਿਆ ਸਦਾ ਵਰਤ ਵਾਲੀ ਅਲਮਾਰੀ ਪਾਸ ਸੰਤ ਹਰੀ ਸਿੰਘ ਗੜੀ ਵਾਲੇ ਮੰਜੇ ਤੇ ਪਏ ਸਨ, ਉਹ ਹਮੇਸ਼ਾਂ ਰਾਤ ਨੂੰ ਇਥੇ ਸੇਵਾ ਵਿੱਚ ਰਹਿੰਦੇ ਕਿ ਰਾਤ ਸਮੇਂ ਵੀ ਕੋਈ ਰਾਹੀ ਆ ਜਾਏ ਤਾਂ ਉਸਨੂੰ ਲੰਗਰ ਛਕਾਉਣ ਵਾਸਤੇ ਹਾਜਰ ਰਹਿੰਦੇ। ਸੰਤ ਹਰੀ ਸਿੰਘ ਛੇਤੀ ਨਾਲ ਉਠੇ, ਦਰਵਾਜਾ ਖੋਲ੍ਹਿਆ, ਬਹੁਤ ਪ੍ਰਕਾਸ਼ ਸੀ। ਸਤਿਗੁਰੂ ਰਾਮ ਸਿੰਘ ਜੀ ਸਿੰਘਾਂ ਸਮੇਤ ਦਰਸ਼ਨ ਦਿੱਤੇ। ਹਰੀ ਸਿੰਘ ਜੀ ਨੇ ਚਰਨਾਂ ਤੇ ਸੀਸ ਰੱਖ ਮੱਥਾ ਟੇਕਿਆ ਪਾਤਸ਼ਾਹ ਨੇ ਸਿੱਖ ਦੀ ਕੰਡ ਥਪਥਪਾਈ ਸਤਿਗੁਰੂ ਜੀ ਨਾਲ ਪੰਜ ਸਿੰਘ ਸਨ ਪਾਸ ਹੀ ਸਫੈਦ ਰੰਗ ਦਾ ਛੋਟੇ ਕੱਦ ਦਾ ਹਾਥੀ ਸੀ ਜਿਸਤੇ ਹੌਦਾ ਪਿਆ ਹੋਇਆ ਸੀ। ਸਤਿਗੁਰੂ ਜੀ ਨੇ ਅੰਦਰ ਆ ਕੇ ਸਭ ਤੋਂ ਪਹਿਲਾਂ ਸਦਾ ਵਰਤ ਵਾਲੀ ਅਲਮਾਰੀ ਖੋਲ੍ਹ ਕੇ ਵੇਖੀ ਕਿ ਦਾਲਾ, ਪ੍ਰਸ਼ਾਦਾ ਪਿਆ ਹੈ। ਇਹ ਅਲਮਾਰੀ ਲੰਗਰ ਤੋਂ ਬਾਹਰ ਡਿਓੜੀ ਦੇ ਅੰਦਰ ਵਾਰ ਸਤਿਗੁਰੂ ਜੀ ਨੇ ਆਪ ਬਣਾਈ ਸੀ ਹੁਕਮ ਸੀ

ਰਾਤ ਸਮੇਂ ਟੋਕਰਾ ਪ੍ਰਸ਼ਾਦਿਆਂ ਦਾ ਅਤੇ ਤਾਸ ਦਾਲ ਦਾ ਰੱਖਣਾ, ਇਕ ਸੇਵਾਦਾਰ ਹਾਜ਼ਰ ਰਹੇ, ਕੋਈ ਰਾਹੀ ਆਵੇ ਤਾਂ ਉਸਨੂੰ ਪ੍ਰਸ਼ਾਦਾ ਛਕਾਏ। ਪਾਸ ਹੀ ਕਿੱਲੀ ਨਾਲ ਟੰਗਿਆ ਜਲ ਦਾ ਗੜਵਾ ਵੇਖਿਆ ਜੋ ਆਪ ਜੀ ਨੇ ਸੂਬਾ ਦਸੌਂਧਾ ਸਿੰਘ ਦੇ ਪੋਤਰੇ ਲਛਮਣ ਸਿੰਘ ਨੂੰ ਦਰਸ਼ਨ ਦੇ ਕੇ ਹੁਕਮ ਕੀਤਾ ਸੀ ਕਿ ਸਦਾ-ਵਰਤ ਵਾਲੀ ਅਲਮਾਰੀ ਪਾਸ ਕਿੱਲੀ ਗੱਡ ਕੇ ਜਲ ਦਾ ਗੜਵਾ ਰੱਖਿਆ ਕਰੋ। ਪ੍ਰਸ਼ਾਦਾ ਛੱਕ ਕੇ, ਲੋੜ ਅਨੁਸਾਰ ਰਾਹੀ ਜਲ ਵੀ ਛਕ ਸੱਕੇ। ਫੇਰ ਸਤਿਗੁਰੂ ਰਾਮ ਸਿੰਘ ਜੀ ਮੰਦਰ ਵਿੱਚ ਆਪਣਾ ਤਪ ਸਥਾਨ ਵੇਖਿਆ। ਪੌੜੀਆਂ ਚੜਕੇ ਗੱਦੀ ਸਾਹਿਬ ਵਾਲੇ ਚੁਬਾਰੇ ਤੇ ਗਏ। ਪਹਿਲੀ ਰਾਤ ਬੁਖਾਰੀਆਂ ਤੇ ਬਸੰਤ ਮੇਲੇ ਦਾ ਦੀਵਾਨ ਲੱਗਾ ਸੀ। ਸਤਿਗੁਰੂ ਜੀ ਨੇ ਹਰੀ ਸਿੰਘ ਨਾਲ ਬਚਨ ਕੀਤਾ- "ਰਾਤ ਏਥੇ ਦੀਵਾਨ ਲੱਗਾ ਸੀ?" ਹਰੀ ਸਿੰਘ ਨੇ ਅਰਜ ਕੀਤੀ- "ਪਾਤਸ਼ਾਹ ਜੀ ਦੀਵਾਨ ਲੱਗਾ ਸੀ, ਸੰਗਤ ਘਰੋਂ ਘਰੀ ਚਲੀ ਗਈ ਹੈ। ਆਗਿਆ ਦਿਉਂ ਤਾਂ ਸਭ ਨੂੰ ਬੁਲਾ ਲਵਾਂ ਸਾਰੇ ਦਰਸ਼ਨ ਕਰ ਲੈਣ।" ਬਚਨ ਹੋਇਆ- "ਹੁਣ ਨਹੀਂ ਬੁਲਾਉਣਾ, ਛੇਤੀ ਹੀ ਆਵਾਂਗੇ, ਫੇਰ ਸਭ ਨੂੰ ਦਰਸ਼ਨ ਹੋਣਗੇ।" ਗੱਦੀ ਸਾਹਿਬ ਤੋਂ ਹੇਠਾਂ ਆ ਲੰਗਰ ਵੱਲ ਜਾਂਦਿਆ ਵੀ ਬਾਬਾ ਹਰੀ ਸਿੰਘ ਨਾਲ ਬਚਨ-ਬਿਲਾਸ ਕਰਦੇ ਜਾ ਰਹੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਸਥਾਨ ਵਾਲੇ ਪਾਸੇ ਕਮਰੇ ਵਿੱਚ ਬਾਬਾ ਬਿਹਾਰਾ ਸਿੰਘ ਸੁੱਤੇ ਪਏ ਸਨ। ਉਹ ਕੱਚੀ ਜਿਹੀ ਨੀਂਦੇ ਅੱਧ ਸੁੱਤੇ ਜਿਹੇ ਸਨ। ਬਾਬਾ ਬਿਹਾਰਾ ਸਿੰਘ ਜੀ ਆਖਦੇ ਸਨ ਕਿ ਮੇਰੇ ਕੰਨੀ ਦੋ ਸਰੀਰਾਂ ਦੇ ਗੱਲਾਂ ਕਰਦਿਆਂ ਦੀਆਂ ਅਵਾਜਾਂ ਆ ਰਹੀਆਂ ਸਨ। ਪਰ ਮੈਂ ਅਭਾਗਾ ਬਿਸਤਰੇ ਵਿੱਚ ਹੀ ਪਿਆ ਰਿਹਾ ਕਿ ਪਤਾ ਨਹੀਂ ਕੌਣ ਹਨ। ਫਿਰ ਸਤਿਗੁਰੂ ਜੀ ਨੇ ਬਾਬਾ ਹਰੀ ਸਿੰਘ ਨੂੰ ਪੁੱਛਿਆ ਲੰਗਰ ਠੀਕ ਚਲਦਾ ਹੈ? ਬਾਬਾ ਜੀ ਨੇ ਅਰਜ਼ ਕੀਤੀ ਪਾਤਸ਼ਾਹ ਆਪਦੇ ਚਲਾਏ ਲੰਗਰ ਵਿੱਚ ਤੋਟ ਕਿਵੇਂ ਆ ਸਕਦੀ ਹੈ। ਲੋਹ ਵੇਖੀ ਪੁੱਛਿਆ ਹਿਲਾਈ ਤਾਂ ਨਹੀਂ। ਬਾਬਾ ਜੀ ਨੇ ਕਿਹਾ ਪਾਤਸ਼ਾਹ ਉਸੇ ਥਾਂ ਹੀ ਹੈ ਪਰ ਇਸ ਵਿੱਚ ਇਕ ਛੇਕ ਹੈ ਸੂਤ ਭਰ ਦਾ। ਗਰੀਬ ਨਿਵਾਜ ਬਚਨ ਕੀਤਾ: ਇਹ ਛੇਕ ਲੋਹ ਬਣਾਉਣ ਵੇਲੇ ਹੀ ਮੇਰੇ ਤੋਂ ਰਹਿ ਗਿਆ ਸੀ। ਰਿਬਟ ਲਾ ਕੇ ਭਰਨਾ ਸੀ ਪਰ ਨਿਸ਼ਾਨੀ ਰਹਿ ਗਈ ਹੈ। ਇਸ ਤਰ੍ਹਾਂ ਬਚਨ ਬਿਲਾਸ ਕਰਦਿਆਂ ਬਾਹਰ ਆ ਕੇ ਹਾਥੀ ਤੇ ਸਵਾਰ ਹੋਣ ਲੱਗੇ ਤਾਂ ਬਾਬਾ ਹਰੀ ਸਿੰਘ ਨੇ ਅਰਜ਼ ਕੀਤੀ ਪਾਤਸ਼ਾਹ ਹੁਣ ਨਾ ਜਾਉ ਸੰਗਤਾਂ ਉਡੀਕ, ਉਡੀਕ ਕੇ ਥੱਕ ਚੁੱਕੀਆਂ ਹਨ। ਧਰਵਾਸ ਦੇਂਦਿਆਂ ਬਚਨ ਕੀਤਾ ਅਜੇ ਹੁਣ ਜਾਣਾ ਹੈ, ਛੇਤੀ ਹੀ ਆਵਾਂਗੇ। ਤਾਂ ਪਾਤਸ਼ਾਹ ਹਾਥੀ ਤੇ ਸਵਾਰ ਹੋ ਕੇ ਕੁਝ ਦੂਰ ਤੱਕ ਦਰਸ਼ਨ ਹੋਏ ਫੇਰ ਅਲੋਪ ਹੋ ਗਏ। ਇਹ ਸਾਰੀ ਵਾਰਤਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿੱਚ ਵੀ ਰਿਕਾਰਡ ਹੈ ਅਤੇ ਸੰਤ ਤੇਜਾ ਸਿੰਘ ਰਚਨਾਵਲੀ ਵਿੱਚ ਵੀ ਪੰਨਾਂ 140 ਤੇ ਦਰਜ ਹੈ।

ਇਸ ਤਰ੍ਹਾਂ ਦੇ ਅਨੇਕਾਂ ਬਚਨ ਹਨ ਪਰ ਏਥੇ ਕੁਝ ਕੁ ਵੰਨਗੀ ਮਾਤਰ ਹੀ ਜ਼ਿਕਰ ਕੀਤਾ ਹੈ ਕੇਵਲ ਇਹ ਸਪਸ਼ਟ ਕਰਨ ਵਾਸਤੇ ਕਿ **ਮਰਗੋਈ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦਰਸਨ** ਇਕ ਗਹਿਰੀ ਖੋਜ ਦਾ ਵਿਸ਼ਾ ਹੈ।

**ਦਰਸਨੁ ਹੋਰ ਦੇਖਣ ਕੈ ਤਾਈ: ਨਾਮ ਬਾਣੀ ਦਾ ਪ੍ਰਵਾਹ-**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਸੰਗਤ ਵੱਲ ਲਿਖ ਭੇਜਿਆ ਕਿ ਜਿਹੜੇ ਕਹਿੰਦੇ ਸੀ ਤੁਹਾਡੇ ਨਮਿਤ ਸਾਡਾ ਸਰਬੰਸ ਲੱਗੇ, ਹੁਣ ਸਮਾਂ ਹੈ, ਉਹ ਸਾਡੇ ਨਮਿਤ ਭਜਨ, ਪਾਠ ਕਰੋ ਜਿੰਨੇ ਹੋ ਸੱਕਣ।

ਇਹ ਹੁਕਮ ਆਉਣ ਤੇ ਨਾਮਧਾਰੀ ਸਿੱਖਾਂ ਨੇ ਦਮਨ ਚੱਕਰ ਦੇ ਦੌਰ ਵਿੱਚ ਵੀ ਪਾਠ ਜਾਰੀ ਰੱਖੇ। ਸਤਿਗੁਰੂ ਹਰੀ ਸਿੰਘ ਜੀ ਦਾ ਚੌਂਤੀ ਵਰਿਆਂ ਦਾ ਗੁਰਤਾ ਕਾਲ ਅਤਿ ਸਖਤੀਆਂ ਦਾ ਦੌਰ ਸੀ। ਸ੍ਰੀ ਭੈਣੀ ਸਾਹਿਬ ਡਿਓੜੀ ਤੇ ਪੁਲਿਸ ਚੌਂਕੀ, ਰੋਜ਼ਾਨਾ ਸਿਰਫ ਦਸ ਸਿੰਘ ਦਰਸ਼ਨ ਕਰਨ ਆ ਸਕਦੇ ਸਨ, ਗਿਣਤੀ ਦੇ ਸੇਵਾਦਾਰਾਂ ਤੋਂ ਬਿਨਾਂ ਗੁਰਦੁਆਰੇ ਅੰਦਰ ਵਾਧੂ ਸਿੱਖ ਰਹਿ ਨਹੀਂ ਸਨ ਸਕਦੇ। ਸਾਰੇ ਨਾਮਧਾਰੀ ਪੰਥ ਨੂੰ 'ਜ਼ੁਰਾਇਮ ਪੇਸ਼ਾ' ਕਰਾਰ, ਸਰਕਾਰੀ ਪਰਵਾਨਗੀ ਤੋਂ ਬਿਨਾਂ ਪੰਜ ਸਿੰਘ ਵੀ ਇਕੱਠੇ ਹੋਣ ਤੇ ਪਾਬੰਦੀ ਪਰ ਅਜੇਹੇ ਦੌਰ ਵਿੱਚ ਵੀ ਪੁਲਿਸ ਤੋਂ ਚੋਰੀ ਪਾਠੀ ਸਿੰਘ ਭੈਣੀ ਸਾਹਿਬ ਰਹਿੰਦੇ ਸਨ, ਇਕ ਗੁਪਤ ਜਗ੍ਹਾ ਭੋਰਾ ਪੁਟਿਆ ਹੋਇਆ ਸੀ- ਉਥੇ ਅਖੰਡ ਪਾਠ ਲਗਾਤਾਰ ਚਲਦੇ ਰਹਿੰਦੇ ਸਨ। ਕਈ ਵੇਰ ਸਿੰਘ ਫੜੇ ਜਾਣੇ। ਅਖੰਡ ਪਾਠ ਕਰਨ ਦੇ ਦੋਸ਼ ਵਿੱਚ ਨਾਮਧਾਰੀ ਸਿੰਘਾਂ ਕੈਦਾਂ ਕੱਟੀਆਂ, ਜੇਲਾਂ ਵਿੱਚ ਸ਼ਹੀਦ ਹੋਏ।

ਸਤਿਗੁਰੂ ਹਰੀ ਸਿੰਘ ਜੀ ਨਾਮਧਾਰੀ ਸੰਗਤਾਂ ਤੋਂ ਹਜ਼ਾਰਾਂ ਅਖੰਡ ਪਾਠ ਅਤੇ ਸਾਧਾਰਨ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਨਮਿੱਤ ਕਰਵਾਏ। ਸਤਿਗੁਰੂ ਰਾਮ ਸਿੰਘ ਜੀ ਦੇ ਵੈਰਾਗ ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਨੇਤਰ ਸਜਲ ਰਹਿੰਦੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਨੂੰ ਅਤੇ ਮੁੜ ਦਰਸ਼ਨ ਦੇਣ ਦੇ ਵਿਸ਼ਵਾਸ ਨੂੰ ਦ੍ਰਿੜ ਕਰਵਾਇਆ।

1906 ਈ. ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਖਤੀਆਂ ਕੁਝ ਘਟੀਆਂ ਤਾਂ ਨਾਮ ਬਾਣੀ ਦਾ ਪ੍ਰਵਾਹ ਦਰਿਆ ਦੇ ਵਹਿਣ ਵਾਂਗ ਚਲਿਆ। ਜੋ ਹਜ਼ਾਰਾਂ ਪਾਠ ਹੁੰਦੇ ਸਨ ਉਹ ਲੱਖਾਂ ਦੀ ਗਿਣਤੀ ਵਿੱਚ ਹੋਣੇ ਸ਼ੁਰੂ ਹੋਏ। ਆਪ ਜੀ ਦੇ ਸਮੇਂ ਵਿੱਚ ਦੋ ਵੇਰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠ ਸੰਪੂਰਨ ਹੋਏ। ਆਦਿ ਅਤੇ ਦਸਮ ਗੁਰਬਾਣੀ ਦੇ ਹਜ਼ਾਰਾਂ ਅਖੰਡ ਪਾਠ, ਦੋ ਵੇਰ ਤਾਂ ਪੰਜ-ਪੰਜ ਸੌ ਅਖੰਡ ਪਾਠ ਸੁਹੇਵਾ ਸਾਹਿਬ ਦਸਮ ਪਾਤਸ਼ਾਹ ਦੇ ਇਤਿਹਾਸਕ ਗੁਰਦੁਆਰੇ ਵਿਖੇ ਕੀਤੇ ਗਏ। ਆਪ ਜੀ ਦੇ ਸਮੇਂ ਵਿੱਚ ਧੁਪ ਦੀਪ ਕੁੰਭ ਸੰਯੁਕਤ ਦੋ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਅਰੰਭ ਹੋਈਆਂ। ਸਲਾਨਾ ਨਾਮ ਸਿਮਰਨ ਜੱਪ ਪ੍ਰਯੋਗ ਵੀ ਅਰੰਭ ਹੋਇਆ ਜੋ ਅੱਜ ਤੱਕ ਚੱਲ ਰਿਹਾ ਹੈ। ਸਵਾ-ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਮਹਾਨ ਹਵਨ ਯੱਗ ਹੋਏ। ਵੱਡ-ਪ੍ਰਤਾਪੀ ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਨਾਮ-ਬਾਣੀ ਦੇ ਏਨੇ ਵੱਡੇ ਪੱਧਰ ਤੇ ਮਹਾਨ ਯੱਗ ਕਰਵਾਏ ਕਿ ਸਿੱਖ ਇਤਿਹਾਸ ਵਿੱਚ ਇਸਤੋਂ ਪਹਿਲੋਂ ਕੋਈ ਏਸਤਰ੍ਹਾਂ ਦੀ ਮਿਸਾਲ ਨਹੀਂ ਮਿਲਦੀ। ਇਸੇ ਲਈ ਨਾਮਧਾਰੀ ਸਿੰਘਾਂ ਦੀ ਰੋਜ਼ਾਨਾ ਦੀ ਅਰਦਾਸ ਵਿੱਚ ਆਪ ਜੀ ਨੂੰ ਇਨ੍ਹਾਂ ਸ਼ਬਦਾਂ ਨਾਲ ਸਿਮਰਿਆ ਜਾਂਦਾ ਹੈ- "ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਐ ਜਿਨ੍ਹਾਂ ਕਲਿਜੁਗ ਵਿੱਚ ਸੁੱਚ ਸੋਧ ਨਾਮ ਬਾਣੀ ਦਾ ਪ੍ਰਵਾਹ ਦੀਆ ਚਲਾਇ।"

1959 ਤੋਂ 2012 ਈ. ਤੱਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੱਡ-ਪ੍ਰਤਾਪੀ ਸਤਿਗੁਰੂ ਜੀ ਵਲੋਂ ਚਲਾਏ ਨਾਮ ਬਾਣੀ ਦੇ ਪ੍ਰਵਾਹ ਨੂੰ ਹੋਰ ਵੀ ਵੱਡੇ ਰੂਪ ਵਿੱਚ ਜਾਰੀ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਆਪ ਜੀ ਦੀ ਹਜ਼ੂਰੀ ਵਿੱਚ ਤਿੰਨ ਵੇਰ ਸਵਾ ਲੱਖ ਪਾਠਾਂ ਦੀਆਂ ਲੜੀਆਂ ਸੰਪੂਰਨ ਹੋਈਆ। ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਦੀ ਗਿਣਤੀ ਦੋ ਤੋਂ ਅਠਾਰਾਂ ਤੱਕ ਹੋ ਗਈ। ਸ੍ਰੀ ਭੈਣੀ ਸਾਹਿਬ ਵਿਖੇ ਸਲਾਨਾ ਨਾਮ ਸਿਮਰਨ ਜੱਪ ਪ੍ਰਯੋਗ ਜੋ ਚਾਲੀ ਦਿਨਾਂ ਜਾਂ ਮਹੀਨੇ ਭਰ ਦਾ ਹੁੰਦਾ ਸੀ, ਸਤਿਗੁਰੂ ਜਗਜੀਤ ਸਿੰਘ ਜੀ ਨੇ ਦੋ ਸਾਲ 1987-88 ਵਿੱਚ ਆਪ ਸ੍ਰੀ ਭੈਣੀ ਸਾਹਿਬ ਰਹਿ ਕੇ ਅਖੰਡ ਨਾਮ ਸਿਮਰਨ ਜੱਪ ਪ੍ਰਯੋਗ ਜਾਰੀ ਕਰ ਦਿੱਤਾ। ਹਜ਼ਾਰਾਂ ਅਖੰਡ ਪਾਠ ਕਰਵਾਏ। ਛੇ ਵਾਰ ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਹਵਨ ਯੱਗ ਸੰਪੂਰਨ ਹੋਏ। ਆਪ ਜੀ ਦੇ ਪਾਵਨ ਪ੍ਰਵਚਨ ਰਿਕਾਰਡ ਹਨ ਕਿ ਅਸੀਂ ਜੋ ਵੀ ਭਜਨ ਬਾਣੀ ਜਪ-ਤਪ ਕਰਦੇ ਹਾਂ, ਸਭ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਹੀ ਕਰਦੇ ਹਾਂ।

ਇਸੇ ਤਰ੍ਹਾਂ ਨਾਮਧਾਰੀ ਪੰਥ ਦੇ ਵਰਤਮਾਨ ਸਿਰਤਾਜ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ 2012 ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਨਾਮ ਬਾਣੀ ਦਾ ਪ੍ਰਵਾਹ ਉਸੇ ਤਰ੍ਹਾਂ ਜਾਰੀ ਹੈ। ਇਕ ਵੇਰ ਸਵਾ ਲੱਖ ਪਾਠ ਅਤੇ ਉਸ ਤੋਂ ਬਾਅਦ ਗਿਆਰਾਂ ਹਜ਼ਾਰ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ ਪਾਠ ਸੰਪੂਰਨ ਹੋਏ ਹਨ। ਇਕ ਵੇਰ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਅਤੇ ਹਵਨ ਯੱਗ ਕੀਤੇ ਗਏ। ਇਕ ਵੇਰ 2016 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਸਮੇਂ ਆਦਿ ਗ੍ਰੰਥ ਸਾਹਿਬ ਦੇ 200 ਅਖੰਡ ਪਾਠ ਕੀਤੇ ਗਏ। ਇਸ ਤੋਂ ਬਿਨਾਂ ਮੇਲਿਆਂ- ਹੋਲਿਆਂ ਅਤੇ ਗੁਰਪੁਰਬਾਂ ਤੇ ਆਦਿ ਅਤੇ ਦਸਮ ਗੁਰਬਾਣੀ ਦੇ ਸੈਂਕੜੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ ਜੋ ਸਾਲ ਭਰ ਵਿੱਚ ਹਜ਼ਾਰਾਂ ਹੋ ਜਾਂਦੇ ਹਨ। ਹੁਣ ਵੀ 1 ਮਾਰਚ ਤੋਂ 9 ਮਾਰਚ 2025 ਤੱਕ ਆਦਿ ਗੁਰਬਾਣੀ ਦੇ ਇਕੋਤਰ ਸੌ ਅਖੰਡ ਪਾਠ ਹੋ ਰਹੇ ਸਨ।

**ਸਤਿਗੁਰੂ ਫੇਰ ਪੰਜਾਬੇ ਆਵਨ-** ਬਾਬਾ ਚੰਦਾ ਸਿੰਘ ਜੀ ਨੇ ਬਾਰਾਂਮਾਹ ਵਿੱਚ ਲਿਖਿਆ 'ਸਤਿਗੁਰ ਫੇਰ ਪੰਜਾਬੇ ਆਵਣ ਅਗਲੀਆਂ ਸਫਾਂ ਸਭ ਉਠਾਵਨ। ਨਵੇਂ ਹੋਰ ਨਿਸ਼ਾਨ ਝੁਲਾਵਣ ਜਗ ਵਿੱਚ ਸ੍ਰੀ ਅਕਾਲ ਜਪਾਵਨ ਅਸੁਰ ਸੰਘਾਰ ਕੇ।' ਨਾਮਧਾਰੀ ਸਿੱਖਾਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਉਸੇ ਦੇਹ ਵਿੱਚ ਆ ਕੇ ਦਰਸ਼ਨ ਦੇਣੇ ਹਨ ਅਤੇ ਧਰਮ ਸਥਾਪਿਤ ਕਰਕੇ ਸਤਿਜੁਗ ਵਰਤੌਣਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਵਨ

ਤੋਂ ਪਹਿਲਾਂ ਹੀ ਬਚਨ ਕਰਨੇ ਕਿ ਇਹ ਬਿੱਲੇ ਮੈਨੂੰ ਹੱਥ ਪਾਉਣਗੇ, ਦੂਰ ਲੈ ਜਾਣਗੇ, ਮਰ ਗਿਆ ਲਿਖਣਗੇ ਪਰ ਤੁਸੀਂ ਨਹੀਂ ਮੰਨਣਾ। ਅਜੇਹੇ ਬਚਨ ਸਤਿਗੁਰੂ ਬਿਲਾਸ ਵਿੱਚ ਕਈ ਜਗ੍ਹਾ ਦਰਜ ਹਨ। ਰੰਗੂਨ ਤੋਂ ਲਿਖੇ ਕਈ ਹੁਕਮਨਾਮਿਆਂ ਵਿੱਚ ਵੀ ਐਸੇ ਬਚਨ ਆਪ ਜੀ ਨੇ ਸੰਗਤਾਂ ਵੱਲ ਲਿਖੇ। ਹੁਕਮਨਾਮਾ ਨੰ.5 ਦੇ ਸ਼ਬਦ ਹਨ-

"ਹੋਰ ਅਸੀ ਅਨੰਦ ਹਾਂ ਹਰਿ ਤਰਾ ਸੇ। ਇਕ ਸੰਗਤ ਦੇ ਬਛੋੜੇ ਦਾ ਬੜਾ ਦੁਖ ਹੈ। ਸੋ ਏਹੁ ਦੁਖ ਗੁਰੂ ਸਾਹਿਬ ਦੇ ਮੇਟਨ ਦਾ ਹੈ, ਜਦ ਗੁਰੂ ਚਾਹੂ ਤੁਰਤ ਹੀ ਮੇਟ ਦੇਊਗਾ। ਹੋਰ ਸਾਰੀ ਸੰਗਤ ਦੀ ਖ਼ਬਰ ਸੁਣਕੇ ਬਡੇ ਅਨੰਦ ਹੋਇ। ਪਰ ਏਹੁ ਬਾਤੁ ਬੀ ਜਾਣੀ ਜੋ ਸੰਗਤ ਕੋ ਬੀ ਬਿਛੋੜੇ ਦਾ ਦੁਖ ਬਡਾ ਹੋਇ ਰਿਹਾ ਹੈ। ਸੋ ਖਾਲਸਾ ਜੀ ਤੁਸੀਂ ਸਭੇ ਗੁਰੂ ਸਾਹਿਬ ਦੇ ਬਚਨਾ ਉਪਰ ਪਰਤੀਤ ਰੱਖੋ, ਏਹੁ ਬੀ ਦੁਖ ਮੇਟ ਦੇਊਗਾ। ਦੇਖੋ ਪਹਿਲੇ ਜੋ ਮਲੇਛ ਕਾ ਪੂਰਬ ਤੇ ਆਉਣਾ ਸੀ ਸੋ ਬੀ ਹੋਆ ਅਰ ਫੇਰ 1278 (ਹਿਜਰੀ ਸੰਮਤ) ਸੰਤ ਖਾਲਸਾ ਬੀ ਹੂਆ, ਫੇਰ 1288 ਮੈ 80 ਸੀਸ ਬੀ ਲੱਗੇ। ਫੇਰ ਏਸ ਤਰਫ ਕੋ ਬੀ ਆਇ ਪ੍ਰੇਦਸ ਮੈ। ਫੇਰ ਦੇਸ ਮੈ ਆਉਣਾ ਬੀ ਕਹਾ ਹੈ। (ਹੁਕਮਨਾਮੇਂ ਪੰਨਾ 137-38)

ਫੇਰ ਜਦੋਂ ਰੰਗੂਨ ਦਰਸ਼ਨ ਕਰਨ ਬਹੁਤ ਸਿੱਖ ਜਾਣ ਲੱਗੇ, ਜੇ ਕੋਈ ਫੜਿਆ ਜਾਣਾ ਤਾਂ ਸਤਿਗੁਰੂ ਜੀ ਨੂੰ ਵੀ ਬਹੁਤ ਪਰੇਸ਼ਾਨੀ ਹੋਣੀ ਸਤਿਗੁਰੂ ਰਾਮ ਸਿੰਘ ਹੋਰ ਸਿੱਖਾਂ ਨੂੰ ਏਥੇ (ਰੰਗੂਨ) ਆਉਣੋ ਰੋਕਦਿਆਂ ਇਕ ਹੁਕਮਨਾਮੇਂ ਵਿੱਚ ਲਿਖਦੇ ਹਨ-

"ਹੋਰ ਭਾਈ ਹੁਣ ਤੁਸੀਂ ਏਥੇ ਆਉਣ ਤੇ ਬੰਦ ਕਰੋ। ਏਥੇ ਆਉਣ ਤੇ ਖਰਚ ਖੇਚਲ ਬਹੁਤ ਹੁੰਦੀ ਹੈ ਅਰ ਮੇਲਾ ਕੁਛ ਨਹੀਂ ਹੁੰਦਾ। ਜੇਕਰ ਇਹ ਲੋਕ ਮਲੂਮ ਕਰ ਲੈਣ ਤਾਂ ਇਹ ਖਬਰ ਨਹੀਂ ਕੀ ਦੁਖ ਦੇਣ ਸਾਨੂੰ ਬੀ ਤੇ ਆਉਣ ਬਾਲਿਆਂ ਨੂੰ ਬੀ। ....ਜੇ ਸਾਨੂੰ ਕੋਈ ਦੁੱਖ ਹੋਇਆ ਤਾ ਬੀ ਬੁਰਾ ਹੈ, ਜੇ ਆਉਣ ਬਾਲਿਆ ਨੂੰ ਦੁਖ ਕਿਸੇ ਤਰ੍ਹਾ ਦਾ ਹੋਇਆ ਤਾ ਸਾਨੂੰ ਆਪਣੇ ਦੁਖ ਤੇ ਬਡਾ ਹੈ। ...ਏਹੁ ਬਾਤ ਹੀ ਮੁਕੀ ਹੋਈ ਹੈ। ਜੇ ਤੇ ਮੇਰਾ ਸਰੀਰ ਓਹ ਹੈ ਜੇੜਾ ਗੁਰੂ ਜੀ ਨੇ ਆਖਿਆ ਹੈ, ਬਾਢੀ ਸੁਤ, ਤਾ ਤੇ ਮੈ ਆਪੇ ਹੀ ਆ ਜਾਊ ਕੋਈ ਦਿਨ ਤਾਈ ਡੇਰੇ। ਅਰੁ ਜੇ ਮੈ ਓਹ ਸਰੀਰ ਨਹੀ ਤਾ ਮੇਰਾ ਦਰਸਨ ਕਰਕੇ ਹੀ ਕਰਨਾ ਹੈ।" (ਹੁਕਮਨਾਮਾ. 52 ਪੰਨਾਂ 422-23)

ਅਜੇਹੇ ਅਨੇਕਾਂ ਬਚਨ ਹਨ, ਵੰਨਗੀ ਮਾਤਰ ਹੀ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ ਜਿਸਦਾ ਭਾਵ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦ੍ਰਿੜ ਕਰਵਾਇਆ ਕਿ ਮੈਂ ਵਾਪਸ ਦੇਸ ਏਸੇ ਦੇਹ ਵਿੱਚ ਆਵਾਂਗਾ। ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਗਤਾਂ ਨੂੰ ਨਾਮ-ਬਾਣੀ ਦੇ ਮਹਾਨ ਯੱਗ ਕਰਵਾਕੇ ਦ੍ਰਿੜ ਕਰਵਾਇਆ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇਣੇ ਹਨ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਇਕ ਸਿੰਘ ਸੁੰਦਰ ਕੁਰਸੀ ਬਣਾ ਕੇ ਲੈ ਕੇ ਆਇਆ, ਸਤਿਗੁਰੂ ਜੀ ਨੇ ਉਸ ਤੇ ਬੈਠਣ ਤੋਂ ਇਨਕਾਰ ਕਰਦਿਆਂ ਫੁਰਮਾਇਆ, ਭਾਈ ਇਸ ਕੁਰਸੀ ਤੇ ਸਤਿਗੁਰੂ ਰਾਮ ਸਿੰਘ ਜੀ ਆਉਣਗੇ ਤੇ ਬੈਠਣਗੇ। ਪੂਰਵ ਸਤਿਗੁਰੂ ਸਾਹਿਬਾਨ ਦੇ ਏਨਾਂ ਹੁਕਮਾਂ ਨੂੰ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੇਣ ਦੀ ਭਾਵਨਾ ਨੂੰ ਵਰਤਮਾਨ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦ੍ਰਿੜ ਕਰਵਾ ਰਹੇ ਹਨ। ਬੈਂਕੋਕ (ਥਾਈਲੈਂਡ) ਗਿਆਨੀ ਸੰਤੋਖ ਸਿੰਘ, ਸ. ਮਹਿਤਾਬ ਸਿੰਘ ਜਿਨ੍ਹਾਂ ਦੇ ਗ੍ਰਹਿ ਵਿਖੇ ਕਈ ਵਰ੍ਹੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਡੇਰਾ ਰਿਹਾ ਅਤੇ ਏਸੇ ਘਰ ਹੀ ਬੰਕੋਕ ਦੌਰਿਆਂ ਸਮੇਂ ਸਤਿਗੁਰੂ ਉਦੇ ਸਿੰਘ ਜੀ ਦਾ ਡੇਰਾ ਹੁੰਦਾ ਹੈ। ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਵਾਲਾ ਕਮਰਾ, ਬੈਡ ਆਦਿ ਉਸੇ ਰੂਪ ਵਿੱਚ ਰੱਖਿਆ ਹੈ ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਸ ਸਮੇਂ ਹੋਇਆ ਕਰਦਾ ਸੀ। ਹਜ਼ੂਰ ਸਤਿਗੁਰੂ ਜੀ ਵੀ ਉਥੇ ਜਾ ਕੇ ਮੱਥਾ ਟੇਕਦੇ ਹਨ। ਇਕ ਦਿਨ ਇਕ ਬੀਬੀ ਨੇ ਅਰਜ ਕੀਤੀ, ਪਾਤਸ਼ਾਹ ਜੀ ਆਪ ਜੀ ਉਸੇ ਜਗ੍ਹਾ ਹੋ, ਹੁਣ ਇਸੇ ਕਮਰੇ ਵਿੱਚ ਆਪ ਜੀ ਡੇਰਾ ਰੱਖੋ ਤੇ ਇਸ ਮੰਜੇ ਤੇ ਹੀ ਬਿਰਾਜਿਆ ਕਰੋ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬਚਨ ਕੀਤਾ, "ਬੀਬੀ ਜੀ ਇਸ ਮੰਜੇ ਤੇ ਸਤਿਗੁਰੂ ਰਾਮ ਸਿੰਘ ਜੀ ਆਉਣਗੇ ਤੇ ਬਿਰਾਜਨਗੇ। ਸਤਿਗੁਰੂ ਰਾਮ ਸਿੰਘ ਜੀ ਮਰਗੋਈ ਤੋਂ ਬਾਅਦ **ਸਕਲ ਦੀਪ ਭਵਨ ਮੋ ਜਾਹੀ**, ਵਾਕ ਅਨੁਸਾਰ ਗੁਪਤ ਰੂਪ ਵਿੱਚ ਵਿਚਰ ਰਹੇ ਹਨ ਅਤੇ ਆਪ ਜੀ ਦੇ ਜੋਤ ਕੇ ਜਾਮੇ ਸਤਿਗੁਰੂ ਸੱਚੇ ਪਾਤਸ਼ਾਹ ਸੰਗਤਾਂ ਨੂੰ ਸੰਭਾਲ ਰਹੇ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਭਜਨ ਬਾਣੀ ਕਰਵਾ ਰਹੇ ਹਨ।

..................................................

# ਬਸੰਤ ਪੰਚਮੀ




ਕਮੋਡੋਰ ਗੁਰਨਾਮ ਸਿੰਘ,
ਰਿਟਾਇਰਡ, ਇੰਡੀਅਨ ਨੇਵੀ
9818159944


ਸਵਰਗੀ ਕਮੋਡੋਰ ਗੁਰਨਾਮ ਸਿੰਘ ਜੀ ਪੰਜਾਬੀ ਦੇ ਸੁਘੜ ਪਾਠਕ ਅਤੇ ਲੇਖਕ ਸਨ। ਉਹਨਾਂ ਨੇ ਸਿੱਖ ਇਤਿਹਾਸ ਦੀਆਂ ਪੁਸਤਕਾਂ ਲਿਖੀਆਂ ਅਤੇ ਕਈ ਮਹੱਤਵਪੂਰਨ ਪੁਸਤਕਾਂ ਦਾ ਪੰਜਾਬੀ ਅਨੁਵਾਦ ਕੀਤਾ। 26 ਜਨਵਰੀ 2025 ਨੂੰ ਉਹ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਇਹ ਲੇਖ ਕੁਝ ਮਹੀਨੇ ਪਹਿਲਾਂ ਹੀ ਉਹਨਾਂ ਨੇ ਸਤਿਜੁਗ ਨੂੰ ਭੇਜਿਆ ਸੀ।

**ਸੰਪਾਦਕ**

ਬਸੰਤ ਪੰਚਮੀ ਦਾ ਤਿਉਹਾਰ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਹ ਹਰ ਸਾਲ ਮਾਘ ਦੇ ਮਹੀਨੇ ਦੇ ਸ਼ੁਕਲ ਪੱਖ ਦੇ ਪੰਜਵੇਂ ਦਿਨ ਨੂੰ ਮਨਾਇਆ ਜਾਂਦਾ ਹੈ। ਅੰਗ੍ਰੇਜ਼ੀ ਕਲੰਡਰ ਧਰਤੀ ਦੀ ਸੂਰਜ ਦੁਆਲੇ ਇਕ ਪਰਿਕਰਮਾ ਕਰਨ ਦੇ ਸਮੇਂ ਨੂੰ ਸਾਲ ਮੰਨ ਕੇ ਬਣਾਇਆ ਗਿਆ ਹੈ। ਭਾਰਤ ਵਿਚ ਚੰਦਰਮਾ ਦੇ ਧਰਤੀ ਦੁਆਲੇ ਇਕ ਪਰਿਕਰਮਾ ਕਰਨ ਦੇ ਸਮੇਂ ਨੂੰ ਇਕ ਮਹੀਨਾ ਮੰਨਿਆ ਜਾਂਦਾ ਹੈ। ਇਹ ਹੀ ਕਾਰਣ ਹੈ ਕਿ ਅੰਗ੍ਰੇਜ਼ੀ ਕਲੰਡਰ ਭਾਰਤ ਵਿਚ ਪ੍ਰਚੱਲਤ ਦੇਸੀ ਜੰਤਰੀਆਂ ਨਾਲ ਮੇਚ ਨਹੀਂ ਖਾਂਦਾ।

ਇਸ ਲਈ ਅੰਗ੍ਰੇਜ਼ੀ ਕਲੰਡਰ ਅਨੁਸਾਰ ਬਸੰਤ ਪੰਚਮੀ ਹਰ ਸਾਲ ਕਿਸੇ ਇਕ ਮਿਥੀ ਤਾਰੀਖ ਨੂੰ ਨਹੀਂ ਮਨਾਈ ਜਾਂਦੀ। ਇਸ ਦੀ ਤਿਥੀ ਜਨਵਰੀ ਦੇ ਅੰਤ ਤੋ ਲੈ ਕੇ ਫ਼ਰਵਰੀ ਮੱਥ ਤੱਕ, ਆਉਂਦੀ ਹੈ। ਸੰਨ 2023, ਨੂੰ ਬਸੰਤ ਪੰਚਮੀ 26 ਜਨਵਰੀ ਨੂੰ ਮਨਾਈ ਗਈ ਸੀ। ਪਰ ਸੰਨ 2024 ਵਿਚ ਬਸੰਤ ਪੰਚਮੀ ਦਾ ਪਰਵ 14 ਫ਼ਰਵਰੀ 2024, ਦਿਨ ਬੁੱਧਵਾਰ ਨੂੰ ਮਨਾਇਆ ਜਾਵੇਗਾ। ਇਸ ਨੂੰ ਸਰਦੀਆਂ ਦਾ ਤਿਉਹਾਰ ਮੰਨਿਆ ਜਾਂਦਾ ਹੈ, ਪਰ ਸਿਆਣੇ ਲੋਕ ਬਸੰਤ ਦੀ ਰੁੱਤ ਨੂੰ ਮਿੱਠੀ ਰੁੱਤ ਵੀ ਆਖਦੇ ਹਨ।

ਨਾਮਧਾਰੀ ਸਿੱਖਾਂ ਵਿਚ ਬਸੰਤ ਪੰਚਮੀ ਦਾ ਵਿਸ਼ੇਸ਼ ਮਹੱਤਵ ਹੈ। ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਸੰਨ 1816 ਦੀ ਬਸੰਤ ਪੰਚਮੀ ਵਾਲੇ ਦਿਨ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਭੈਣੀ-ਰਾਈਆਂ ਪਿੰਡ ਵਿਖੇ ਹੋਇਆ ਸੀ। ਇਸ ਪਿੰਡ ਦੇ ਨਾਲ ਹੀ ਭੈਣੀ ਪਿੰਡ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਬਣਿਆ। ਇਸ

ਪਿੰਡ ਨੂੰ ਸ਼ਰਧਾ, ਆਦਰ ਅਤੇ ਸਤਿਕਾਰ ਵੱਜੋਂ ਭੈਣੀ ਸਾਹਿਬ ਆਖਿਆ ਜਾਂਦਾ ਹੈ। ਹੁਣ ਸਤਿਗੁਰੂ ਉਦੇ ਸਿੰਘ ਜੀ ਗੱਦੀ ਤੇ ਬਿਰਾਜਮਾਨ ਹਨ ਅਤੇ ਭੈਣੀ ਸਾਹਿਬ ਨਾਮਧਾਰੀ ਪਰੰਪਰਾਵਾਂ ਨਾਲ ਸੰਬੰਧਤ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਦੇ ਪ੍ਰਮੁੱਖ ਸੰਚਾਲਨ ਕੇਂਦਰ ਵਾਂਗ ਸਥਾਪਤ ਹੋ ਚੁਕਿਆ ਹੈ। ਹਰ ਸਾਲ ਬਸੰਤ ਪੰਚਮੀ ਵਾਲੇ ਦਿਨ ਭੈਣੀ ਸਾਹਿਬ ਵਿਚ ਵਿਸ਼ੇਸ਼ ਉਤਸਾਹ ਅਤੇ ਉਮਾਹ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ। ਗੁਰਬਾਣੀ ਦਾ ਰਾਗਮਈ ਕੀਰਤਨ ਪ੍ਰਵਾਹ ਨਿਰੰਤਰ ਚੱਲਦਾ ਹੈ।

ਬਸੰਤ ਪੰਚਮੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸਿੱਖਾਂ ਦੀ ਅੰਗ੍ਰੇਜ਼ਾਂ ਦੀ ਵਿਦੇਸ਼ੀ ਹਕੂਮਤ ਵਿਰੁਧ ਭਾਰਤ ਦੀ ਸੁਤੰਤਰਤਾ ਲਈ ਕੀਤੇ ਲਮੇਂ ਸੰਘਰਸ਼ ਵਿਚ ਦਿੱਤੇ ਬਲਿਦਾਨਾਂ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ। ਉਸ ਗੌਰਵਮਈ ਇਤਿਹਾਸ ਨੂੰ ਯਾਦ ਕੀਤਾ ਜਾਂਦਾ ਹੈ। ਉਹਨਾਂ ਸੰਕਟ ਭਰੇ ਸਮਿਆਂ ਵਿਚ ਦਲੇਰੀ ਅਤੇ ਨਿਰਭੈ ਹੋ ਕੇ ਲੜੀ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਨੂੰ ਸਮਰਪਿਤ ਕਵੀ ਦਰਬਾਰਾਂ ਅਤੇ ਵਖ਼ਿਆਨਾਂ ਨਾਲ ਸ਼ਰਧਾਂਜਲੀਆਂ ਅਰਪਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਗੌਰਵਮਈ ਇਤਿਹਾਸ ਤੋਂ ਅੱਜ ਦੀ ਪੀੜ੍ਹੀ ਨੂੰ ਪ੍ਰੇਰਣਾ ਦਿੱਤੀ ਜਾਂਦੀ ਹੈ। ਉਹਨਾਂ ਦੇ ਬਲਿਦਾਨਾਂ ਦੇ ਬਿਰਤਾਂਤਾਂ ਅਤੇ ਗਾਥਾਵਾਂ ਨੂੰ ਦੁਹਰਾਇਆ ਜਾਂਦਾ ਹੈ।

ਨਾਮਧਾਰੀ ਪਰੰਪਰਾ ਵਿਚ ਸ਼ਾਸਤਰੀ ਸੰਗੀਤ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਬੱਚਿਆਂ, ਕਿਸ਼ੋਰਾਂ ਅਤੇ ਨੌਜਵਾਨਾਂ ਨੂੰ ਸੰਗੀਤ ਸਿਖਾਉਣ ਲਈ ਲਗਾਤਾਰ ਪ੍ਰਯਾਸ ਜਾਰੀ ਰਹਿੰਦੇ ਹਨ। ਭੈਣੀ ਸਾਹਿਬ ਵਿਚ ਬਸੰਤ ਪੰਚਮੀ ਮਨਾਉਣ ਲਈ ਕੀਤੇ ਜਾਂਦੇ ਉੱਦਮਾਂ ਵਿਚ ਭਾਰਤ ਦੀ ਪੁਰਾਤਨ ਸ਼ਾਸਤ੍ਰੀ ਰਾਗ ਵਿਦਿਆ ਵਿਚ ਪ੍ਰਵੀਣਤਾ, ਪ੍ਰਸਿੱਧੀ ਹਾਸਲ ਕਰ ਚੁਕੇ ਆਚਾਰੀਆਵਾਂ ਅਤੇ ਮਾਹਿਰਾਂ ਦੇ ਸੰਗੀਤ ਸਮਾਗਮਾਂ ਦਾ ਖਾਸ ਤੌਰ ਤੇ ਆਯੋਜਨ ਕੀਤਾ ਜਾਂਦਾ ਹੈ। ਆਮ ਅਤੇ ਖ਼ਾਸ ਸਭ ਲੋਕ ਦੂਰ ਦੂਰ ਤੋਂ ਹੁੰਮ-ਹੁਮਾ ਕੇ ਅਤੇ ਵਹੀਰਾਂ ਘੱਤ ਕੇ ਆਉਂਦੇ ਹਨ ਅਤੇ ਆਪਣੇ ਅਮੀਰ ਵਿਰਸੇ ਅਤੇ ਅਧਿਆਤਮਕ ਕੀਰਤਨ ਪ੍ਰਵਾਹ ਦੇ ਨਾਲ ਨਾਲ ਇਸ ਉੱਚ ਪਾਏ ਦੇ ਸੰਗੀਤ ਦਾ ਵੀ ਭਰਪੂਰ ਆਨੰਦ ਲੈਂਦੇ ਹਨ।

ਹਿੰਦੂ ਧਰਮ ਦੇ ਅਨੁਸਾਰ ਬਸੰਤ ਪੰਚਮੀ ਦੇ ਦਿਨ ਨੂੰ ਵਿੱਦਿਆ ਅਤੇ ਸੰਗੀਤ ਦੀ ਦੇਵੀ ਸਰਸਵਤੀ ਪ੍ਰਗਟੀ ਮੰਨੀਂ ਜਾਂਦੀ ਹੈ। ਇਸ ਕਰ ਕੇ ਇਸ ਦਿਨ ਨੂੰ ਗਿਆਨ ਦੀ ਦੇਵੀ ਸਰਸਵਤੀ ਦੇ ਜਨਮ ਦਿਵਸ ਦੇ ਰੂਪ ਵਿਚ ਵੀ ਮਨਾਇਆ ਜਾਂਦਾ ਹੈ। ਪਰਿਵਾਰਾਂ ਵਿਚ ਦੋ ਕੁ ਸਾਲ ਦੇ ਬੱਚਿਆਂ ਨੂੰ ਉਹਨਾਂ ਦੀ ਉਂਗਲੀ ਫ਼ੜ ਕੇ ਘਰ ਦਾ ਕੋਈ ਸਿਆਣਾ ਬਜ਼ੁਰਗ ਉਸ ਨੂੰ ਮਾਂ ਬੋਲੀ ਦਾ ਪਹਿਲਾ ਅੱਖਰ ਲਿਖਣਾ ਸਿਖਾਉਂਦਾ ਹੈ। ਇਸ ਨੂੰ ਇਕ ਖੁਸ਼ੀਆਂ ਨਾਲ ਲੱਦੀ ਰਸਮ ਵਾਂਗ ਮਨਾਇਆ ਜਾਂਦਾ ਹੈ। ਬੱਚੇ ਨੂੰ ਉਸ ਦੇ ਮਾਤਾ ਪਿਤਾ ਅਤੇ ਪਰਿਵਾਰ ਦੇ ਬਜ਼ੁਰਗ 'ਪੜ੍ਹੋ, ਲਿਖੋ, ਲੰਮੀਆਂ ਉਮਰਾਂ ਮਾਣੋ, ਤਰੱਕੀਆਂ ਕਰੋ' ਵਰਗੇ ਅਸ਼ੀਰਵਾਦ ਅਤੇ ਅਸੀਸਾਂ ਦੇਂਦੇ ਹਨ। ਮਿੱਠਾ ਮੂੰਹ ਕਰਾਉਂਦੇ ਹਨ। ਇਸ ਦਿਨ ਤੋਂ ਬੱਚੇ ਦੀ ਵਿਦਿਆ ਗ੍ਰਹਿਣ ਕਰਨ ਦੀ ਲੰਮੀ ਪ੍ਰਕਿਰਿਆ ਆਰੰਭ ਹੁੰਦੀ ਹੈ।

ਬਸੰਤ ਪੰਚਮੀ ਜਾਂ ਬਸੰਤ ਫ਼ੁੱਲਾਂ ਦੇ ਖਿੜਣ ਅਤੇ ਖੇਤਾਂ ਵਿਚ ਲਹਿਲਹਾਉਂਦੀ ਨਵੀਂ ਫ਼ਸਲ ਦੀ ਖੁਸ਼ੀ ਮਨਾਉਣ ਦਾ ਤਿਉਹਾਰ ਹੈ। ਇਹ ਰੁੱਤ ਧਰਤੀ ਦੀ ਬਨਸਪਤੀ ਨੂੰ ਪੁੰਗਾਰ ਕੇ ਆਲੇ-ਦੁਆਲੇ ਨੂੰ ਹਰ ਸਾਲ ਵਾਂਗ ਇਕ ਵਾਰੀ ਫ਼ੇਰ ਨਵੇਂ ਪੌਦਿਆਂ, ਪੱਤਿਆਂ ਅਤੇ ਫ਼ੁੱਲਾਂ ਨਾਲ ਸੋਹਣਾ, ਰੰਗਲਾ ਅਤੇ ਹਰਿਆਵਲਾ ਬਣਾ ਦਿੰਦੀ ਹੈ। ਇਸ ਰੁੱਤ ਦੇ ਆਉਣ ਨਾਲ ਸਰਦੀ ਘੱਟਣੀ ਸ਼ੁਰੂ ਹੋ ਜਾਂਦੀ ਹੈ। ਕਿਹਾ ਜਾਂਦਾ ਹੈ -ਆਈ ਬਸੰਤ, ਪਾਲਾ ਉਡੰਤ। ਮੌਸਮ ਦਿਨੋਂ-ਦਿਨ ਸੁਹਾਵਨਾ, ਸੁਖਦ ਅਤੇ ਆਨੰਦਮਈ ਹੋਣਾ ਸ਼ੁਰੂ ਹੋ ਜਾਂਦਾ ਹੈ। ਨਿੱਘਿਆਂ ਦਿਨਾਂ ਦੀ ਆਮਦ ਨਾਲ ਸਰਦੀਆਂ ਵਿਚ ਵਰਤੇ ਜਾਂਦੇ ਭਾਰੇ ਊਨੀ ਗਰਮ ਕੋਟ, ਫ਼ਤੂਹੀਆਂ, ਜੈਕਟਾਂ, ਸਵੈਟਰਾਂ, ਕੰਬਲਾਂ ਅਤੇ ਰਜਾਈਆਂ ਦੀ ਲੋੜ ਦਿਨੋਂ ਦਿਨ ਘਟਦੀ ਜਾਂਦੀ ਹੈ। ਉੱਤਰੀ ਭਾਰਤ ਵਿਚ, ਇਹ ਹੋਰਨਾਂ ਫ਼ਸਲਾਂ ਦੇ ਨਾਲ ਨਾਲ ਬੀਜੀ ਹੋਈ ਮੁੱਖ ਅਨਾਜ ਕਣਕ ਦੀ ਫ਼ਸਲ ਦੀ ਦੇਖਭਾਲ ਦਾ ਸਮਾਂ ਹੁੰਦਾ ਹੈ।

ਪਤਝੜ ਅਤੇ ਸਰਦੀਆਂ ਦੀਆਂ ਰੁੱਤਾਂ ਵਿਚ ਰੁੱਖਾਂ ਦੇ ਪੱਤੇ ਝੜ ਗਏ ਹੁੰਦੇ ਹਨ ਅਤੇ ਉਹਨਾਂ ਦੀਆਂ ਡਾਲਾਂ ਰੁੰਡਮੁੰਡ, ਬੇਰੁਖੀਆਂ ਅਤੇ ਬੇਰੌਣਕੀ ਦਿਸਦੀਆਂ ਹਨ।

ਪਰ ਬਸੰਤ ਰੁੱਤ ਦੀ ਆਮਦ ਨਾਲ ਕੁਦਰਤ ਰੁੱਖਾਂ ਅਤੇ ਪੌਦਿਆਂ ਵਿਚ ਨਵੇਂ ਜੀਵਨ ਦਾ ਸੰਚਾਰ ਕਰਦੀ ਹੈ। ਪੱਤਿਆਂ ਤੋਂ ਵਿਹੀਨ, ਰੁੱਖਾਂ ਦੀਆਂ ਲਗਭਗ ਸੁੱਕੀਆਂ ਦਿਸਣ ਵਾਲੀਆਂ ਟਹਿਣੀਆਂ ਦੀਆਂ ਗੰਢਾਂ ਵਿਚੋਂ ਪ੍ਰਕਿਰਤੀ ਵੱਲੋਂ ਕਰਾਮਾਤੀ ਕਮਾਲ ਹੁੰਦਾ ਹੈ ਅਤੇ ਨਵੇਂ ਕੋਮਲ ਪੱਤਿਆਂ ਦੀਆਂ ਕੋਂਪਲਾਂ ਅਤੇ ਕਰੂੰਬਲਾਂ ਫੁੱਟ ਪੈਂਦੀਆਂ ਹਨ। ਦਰਖਤਾਂ ਤੇ ਨਵੇਂ ਪੱਤੇ ਆ ਜਾਂਦੇ ਹਨ। ਫ਼ੁੱਲਾਂ ਦੇ ਬੂਟਿਆਂ ਦੀਆਂ ਡੋਡੀਆਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਉਹਨਾਂ ਦੇ ਉਭਾਰ ਸਪਸ਼ਟ ਦਿਸਣ ਲੱਗ ਪੈਂਦੇ ਹਨ।

ਪੈਲੀਆਂ ਵਿਚ ਸਰ੍ਹੋਂ ਦੀਆਂ ਫ਼ਸਲਾਂ ਖੱਟੇ, ਪੀਲੇ, ਬਸੰਤੀ ਰੰਗਾਂ ਦੀ, ਅੱਖਾਂ ਨੂੰ ਸੋਹਣੀ ਲਗਦੀ, ਰਲੀ-ਮਿਲੀ ਗੂੜ੍ਹੀ-ਹਲਕੀ ਭਾਅ ਨਾਲ ਰੰਗੇ ਫ਼ੁੱਲਾਂ ਨਾਲ ਭਰੀਆਂ ਦਿਖਾਈ ਦਿੰਦੀਆਂ ਹਨ। ਬਸੰਤ ਪੰਚਮੀ ਉਪਰੰਤ ਪੰਜਾਬ, ਹਰਿਆਣਾ ਅਤੇ ਹੋਰ ਉੱਤਰੀ ਭਾਰਤ ਦੇ ਖੇਤਰਾਂ ਵਿਚ ਠੰਡਾਂ ਦੀ ਹਰਮਨ ਭਾਉਂਦੀ ਸੁਗਾਤ, ਸਰ੍ਹੋਂ ਦਾ ਸਾਗ, ਚਿੱਟਾ ਤਾਜ਼ਾ ਕੱਢਿਆ ਮੱਖਣ ਅਤੇ ਮਕਈ ਦੀ ਰੋਟੀ, ਦੀ ਰੁੱਤ ਆਪਣੀ ਵਿਦਾਈ ਅਤੇ ਜਾਣ ਦੀਆਂ ਤਿਆਰੀਆਂ ਵਿਚ ਹੁੰਦੀ ਹੈ। ਬਸੰਤ ਪੰਚਮੀ ਤੋਂ ਬਾਅਦ ਪਹਿਲਾਂ ਨਿੱਘੀਆਂ ਅਤੇ ਫ਼ਿਰ ਹੋਰ ਗਰਮ ਹਵਾਵਾਂ ਚਲਦੀਆਂ ਹਨ। ਹਵਾ ਦਾ ਰੁਖ਼ ਵੀ ਚੜ੍ਹਦੇ ਤੋਂ ਲਹਿੰਦੇ ਵੱਲ ਤੋਂ ਹੋਣਾ ਸ਼ੁਰੂ ਹੋ ਜਾਂਦਾ ਹੈ।

ਆਮ ਕਰ ਕੇ ਦੁਨੀਆਂ ਵਿਚ ਚਾਰ ਰੁੱਤਾਂ ਮੰਨੀਆਂ ਜਾਂਦੀਆਂ ਹਨ-ਬਹਾਰ ਜਾਂ ਬਸੰਤ, ਗਰਮੀ, ਬਰਸਾਤ ਅਤੇ ਸਰਦੀ। ਪਰ ਭਾਰਤ ਛੇ ਰੁੱਤਾਂ ਦਾ ਦੇਸ਼ ਮੰਨਿਆ ਗਿਆ ਹੈ। ਇਹ ਹਨ-ਬਸੰਤ, ਗਰਮੀ, ਬਰਖਾ, ਸਰਦ, ਪਤਝੜ, ਅਤੇ ਸਰਦ ਰਿਤੂਆਂ। ਇਹ ਪ੍ਰਾਹੁਣਿਆਂ ਵਾਂਗ ਆਉਂਦੀਆਂ ਅਤੇ ਜਾਂਦੀਆਂ ਹਨ। ਬਸੰਤ ਭਾਰਤ ਦੀਆਂ ਛੇ ਰੁੱਤਾਂ ਵਿਚੋਂ ਸਭ ਤੋਂ ਵੱਧ ਸੋਹਣੀ ਰੁੱਤ ਹੈ। ਇਸ ਨੂੰ ਰਿਤੂਆਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਇਹ ਰੁੱਤ ਬਨਸਪਤੀ ਲਈ ਅਤੇ ਕਈ ਤਰ੍ਹਾਂ ਦੇ ਫ਼ੁੱਲਾਂ ਦੇ ਖਿੜਣ ਲਈ ਅਨੁਕੂਲ ਮੰਨੀਂ ਜਾਂਦੀ ਹੈ। ਜਿਵੇਂ- ਟਿਊਲਿਪ, ਗੁਲਾਬ, ਗੇਂਦਾ, ਡੇਲੀਆ, ਲਿਲੀ, ਬਲੂਬੈਲ ਆਦਿ। ਫ਼ੁਲ ਉਗਾਉਣ ਦੇ ਬਾਗ਼ਬਾਨ ਪ੍ਰੇਮੀ ਸਰਦੀਆਂ ਦੇ ਮੁੱਕਣ ਅਤੇ ਬਸੰਤ ਰੁੱਤ ਦੇ ਆਉਣ ਦੀ ਬਿਹਬਲਤਾ ਨਾਲ ਉਡੀਕ ਕਰਦੇ ਹਨ।

ਬਸੰਤ ਰੁੱਤ ਤੋਂ ਪਹਿਲਾਂ ਪਤਝੜ ਅਤੇ ਸਰਦੀਆਂ ਵਿਚ ਪੱਤੇ ਝੜਦੇ ਹਨ। ਉਹ ਰੁੱਖ ਤੋਂ ਅਲਹਿਦਾ ਹੋ ਕੇ ਤੇ ਟੁੱਟ ਕੇ ਧਰਤੀ ਤੇ ਡਿੱਗਣ ਵੇਲੇ ਬਸੰਤ ਰਿੱਤੂ ਵੱਲ ਸੰਕੇਤ ਕਰ ਕੇ ਕਹਿੰਦੇ ਹਨ ਕਿ ਅਸੀਂ ਪੁਰਾਣੇ ਹੋ ਗਏ ਹਾਂ ਅਤੇ ਰੁੱਖ ਤੋਂ ਝੜ ਰਹੇ ਹਾਂ ਕਿਉਂਕਿ ਨਵੇਂ ਪੱਤਿਆਂ ਦੀ ਰੁੱਤ ਆ ਗਈ ਹੈ। ਅਸਾਂ ਜਾਣਾ ਹੈ ਅਤੇ ਨਵਿਆਂ ਨੇ ਆਉਣਾ ਹੈ। ਰੁੱਖਾਂ ਦੇ ਝੜਦੇ ਪੱਤਿਆਂ ਦਾ ਸੰਦੇਸ਼ ਦੱਸਦਾ ਪੰਜਾਬੀ ਦਾ ਲੋਕ ਗੀਤ ਵੀ ਹੈ:

ਪਿੱਪਲ ਦਿਆ ਪੱਤਿਆ, ਕਿਉਂ ਖੜ ਖੜ ਲਾਈ ਆ, ਢੋਲਾ।
ਪੱਤ ਪਏ ਪੁਰਾਣੇ, ਰੁੱਤ ਨਵਿਆਂ ਦੀ ਆਈ ਆ, ਢੋਲਾ।

ਇਕ ਹੋਰ ਕਵੀ ਬਸੰਤ ਨੂੰ ਏਵੇਂ ਬਿਆਨਦਾ ਹੈ- 'ਗੁਲੋਂ ਮੇਂ ਰੰਗ ਭਰੇ ਬਾਦ-ਏ-ਨੌਬਹਾਰ ਚਲੇ'। ਅਰਥਾਤ ਬਸੰਤ ਰਿਤੂ ਦੀ ਨਿੱਘੀ ਪੌਣ ਵਗ਼ ਰਹੀ ਹੈ। ਇਹ ਆਪਣੀ ਝੋਲੀ ਰੰਗਾਂ ਨਾਲ ਭਰ ਕੇ ਲਿਆਈ ਹੈ। ਇਹ ਬਸੰਤ ਦੀ ਹਵਾ ਜਦੋਂ ਵਗ਼ਦੀ ਹੈ ਅਤੇ ਫ਼ੁੱਲਾਂ ਦੇ ਬੂਟਿਆਂ ਨੂੰ ਜਿਉਂ ਜਿਉਂ ਛੋਹੰਦੀ ਹੈ ਤਾਂ ਇਹ ਹਾਲੀ ਤੱਕ ਬੇਰੰਗ ਫ਼ੁੱਲਾਂ ਵਿਚ ਤਰ੍ਹਾਂ ਤਰ੍ਹਾਂ ਦੇ ਰੰਗ ਭਰਦੀ ਜਾਂਦੀ ਹੈ। ਬਸੰਤ ਰਿਤੂ ਦੀ ਹਵਾ ਤਰ੍ਹਾਂ-ਤਰ੍ਹਾਂ ਦੇ ਫ਼ੁੱਲਾਂ ਨੂੰ ਇਕ ਤੋਂ ਇਕ ਵੱਧ ਸੋਹਣੇ ਅਤੇ ਦਿਲਕਸ਼ ਬਣਾਉਂਦੀ ਚਲੀ ਜਾਂਦੀ ਹੈ। ਕੁਦਰਤ ਇਹ ਕਰਿਸ਼ਮੇ ਹਰ ਸਾਲ ਨੂੰ ਆਉਂਦੀ ਬਸੰਤ ਰੁੱਤ ਵਿਚ ਕਰਦੀ ਹੈ।

ਬਸੰਤ ਦੀ ਮਹਿਮਾ ਗੁਰਬਾਣੀ ਵਿਚ ਵੀ ਦਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਸੰਤ ਬਾਰੇ ਫ਼ਰਮਾਉਂਦੇ ਹਨ, "ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥ ਜਿਤ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ" ਬਸੰਤ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਫ਼ਰਮਾਉਂਦੇ ਹਨ, "ਨਾਨਕ ਤਿਨਾ ਬਸੰਤ ਹੈ, ਜਿਨੁ ਘਰਿ ਵਸਿਆ ਕੰਤ। ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ॥ "

ਪੰਜਾਬ, ਹਰਿਆਣੇ ਅਤੇ ਰਾਜਸਥਾਨ ਵਿੱਚ ਕਈ ਕਿਸਾਨ ਆਪਣੇ ਖੇਤਾਂ ਵਿਚ ਸਰ੍ਹੋਂ ਬੀਜਦੇ ਹਨ। ਬਸੰਤ ਦੇ ਤਿਓਹਾਰ ਦੇ ਵੇਲੇ ਪੈਲੀਆਂ ਵਿਚ ਸਰ੍ਹੋਂ ਦੇ ਬੂਟਿਆਂ ਨੂੰ ਪੀਲੇ ਫ਼ੁੱਲ ਪਏ ਹੁੰਦੇ ਹਨ। ਵੇਖਣ ਤੇ ਇੰਞ ਲੱਗਦਾ ਹੈ ਜਿਵੇਂ

ਬਸੰਤ ਰਿਤੂ ਨੇ ਘੱਟੇ, ਪੀਲੇ, ਬਸੰਤੀ, ਕੇਸਰੀ ਰੰਗਾਂ ਦੀ ਚਾਦਰ ਵਿਛਾ ਕੇ ਧਰਤੀ ਨੂੰ ਸਜਾ ਅਤੇ ਸ਼ਿੰਗਾਰ ਦਿੱਤਾ ਹੋਵੇ। ਬਸੰਤ ਪੰਚਮੀ ਦੇ ਮੇਲੇ ਵਾਲੇ ਦਿਨ ਪੀਲੇ ਜਾਂ ਬਸੰਤੀ ਰੰਗ ਦੇ ਕਪੜੇ ਪਾਉਣ ਦਾ ਵੀ ਰਿਵਾਜ ਹੈ। ਬਸੰਤ ਪੰਚਮੀ ਵਾਲੇ ਦਿਨ ਪੀਲੇ ਜਾਂ ਬਸੰਤੀ ਰੰਗ ਦੇ ਕਪੜੇ ਪਾਉਣੇ ਸ਼ੁਭ ਮੰਨੇ ਜਾਂਦੇ ਹਨ। ਪੰਜਾਬ ਵਿਚ ਬਸੰਤ ਦਾ ਮੇਲਾ ਮਨਾਉਣ ਦਾ ਵੀ ਰਿਵਾਜ ਹੈ। ਕਵੀ ਸੰਮੇਲਨ ਕਰਾਏ ਜਾਂਦੇ ਹਨ। ਸਾਹਿਤਕ ਗੋਸ਼ਠੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਖੇਡਾਂ ਦੇ ਮੁਕਾਬਲੇ ਵੀ ਕਰਾਏ ਜਾਂਦੇ ਹਨ। ਊਰਜਾ, ਉਤਸਾਹ, ਉਮੰਗ ਅਤੇ ਉਮਾਹ ਦਾ ਪ੍ਰਭਾਵ ਕੁੱਲ ਲੁਕਾਈ ਉੱਪਰ ਦਿਸਦਾ ਹੈ।

ਬਸੰਤੀ ਰੰਗ ਨੂੰ ਬਹਾਦੁਰੀ, ਦਲੇਰੀ ਅਤੇ ਬਲਿਦਾਨ ਦਾ ਰੰਗ ਮੰਨਿਆ ਗਿਆ ਹੈ। ਭਾਰਤ ਦੇ ਹਰਮਨ ਪਿਆਰੇ ਸ਼ਹੀਦ ਸਰਦਾਰ ਭਗਤ ਸਿੰਘ ਅਤੇ ਉਹਨਾਂ ਦੇ ਸਿਰਲੱਥ ਸਾਥੀਆਂ ਦਾ ਦੇਸ਼ ਨੂੰ ਵਿਦੇਸ਼ੀਆਂ ਤੋਂ ਆਜ਼ਾਦ ਕਰਾਉਣ ਲਈ ਕਾਬਜ਼ਾਂ ਨੂੰ ਚੁਣੌਤੀਆਂ ਦੇਂਦਾ ਅਤੇ ਵੰਗਾਰਦਾ ਆਜ਼ਾਦੀ ਦਾ ਇਨਕਲਾਬੀ ਗੀਤ ਅੱਜ ਵੀ ਸਾਡੇ ਰੋਮਾਂ ਵਿਚ ਸਿਹਰਨ ਪੈਦਾ ਕਰ ਦੇਂਦਾ ਹੈ। ਦੇਸ਼ ਦੇ ਉਹਨਾਂ ਲਾਡਲਿਆਂ ਸਪੂਤਾਂ ਦੀ ਆਵਾਜ਼ ਵਿਚ ਆਵਾਜ਼ ਮਿਲਾ ਕੇ ਸਾਰਾ ਦੇਸ਼ ਉਹਨਾਂ ਤੋਂ ਬਲਿਹਾਰ ਜਾਂਦਾ ਸੀ ਅਤੇ ਗਾਉਂਦਾ ਸੀ "ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ, ਮੇਰਾ ਰੰਗ ਦੇ ਬਸੰਤੀ ਚੋਲਾ।

ਉਹਨਾਂ ਨੇ ਅਤੇ ਉਹਨਾਂ ਵਰਗੇ ਹੋਰ ਅਣਗਿਣਤ ਮਰਜੀਵੜੇ ਸੂਰਬੀਰਾਂ, ਵੀਰਾਂ ਅਤੇ ਵੀਰਾਂਗਨਾਵਾਂ ਨੇ ਬਸੰਤੀ ਚੋਲਾ ਪਾਇਆ, ਹੰਢਾਇਆ, ਸੁਤੰਤਰਤਾ ਸੰਗ੍ਰਾਮ ਵਿਚ ਜੁਝਾਰੂਆਂ ਵਾਂਗ ਜੂਝੇ, ਲੜੇ, ਭਿੜੇ ਅਤੇ ਮਰੇ। ਜਾਨਾਂ ਵਾਰੀਆਂ, ਫ਼ਾਂਸੀ ਦੇ ਤਖ਼ਤਿਆਂ ਤੇ ਚੜ੍ਹੇ, ਤੋਪਾਂ ਦੇ ਦਹਾਨਿਆਂ ਤੋਂ ਗੋਲਿਆਂ ਨਾਲ ਉਡਾਏ ਗਏ। ਆਖਿਰ ਉਹਨਾਂ ਦਾ ਬਸੰਤੀ ਚੋਲ਼ਾ ਰੰਗ ਲਿਆਇਆ ਅਤੇ ਦੇਸ਼ ਦੀਆਂ ਗੁਲਾਮੀ ਦੀਆਂ ਬੇੜੀਆਂ, ਸੰਗਲ ਅਤੇ ਜੰਜੀਰਾਂ ਕੱਟੇ ਗਏ। 15 ਅਗਸਤ 1947 ਨੂੰ ਅੰਗ੍ਰੇਜ਼ ਭਾਰਤ ਤੋਂ ਚਲੇ ਗਏ ਅਤੇ ਮੁਲਕ ਆਜ਼ਾਦ ਹੋ ਗਿਆ।

ਸੁਖ ਸ਼ਾਂਤੀ ਦੇ ਵੇਲਿਆਂ ਵਿਚ ਬਸੰਤੀ ਰੰਗ ਖੁਸ਼ਹਾਲੀ ਅਤੇ ਜ਼ਿੰਦਗੀ ਨੂੰ ਮਾਣਦੇ ਚਾਵਾਂ ਮਲਹਾਰਾਂ ਦਾ ਰੰਗ ਹੈ। ਬਸੰਤ ਪੰਚਮੀ ਵਾਲੇ ਦਿਨ ਕੁੜੀਆਂ ਅਤੇ ਮੁਟਿਆਰਾਂ ਬਸੰਤੀ ਦੁਪੱਟੇ ਅਤੇ ਚੁੰਨੀਆਂ ਲੈਂਦੀਆਂ ਹਨ। ਮੁੰਡੇ ਅਤੇ ਗੱਭਰੂ ਜੁਆਨ ਖੱਟੀਆਂ, ਪੀਲੀਆਂ ਜਾਂ ਬਸੰਤੀ ਦਸਤਾਰਾਂ ਸਜਾਉਂਦੇ ਹਨ। ਪੀਲਾ ਰੰਗ ਧਰਤੀ ਉੱਤੇ ਬਹਾਰ ਜਾਂ ਬਸੰਤ ਰਿਤੂ ਦੇ ਆਗਮਨ ਨਾਲ ਧਰਤੀ ਉੱਤੇ ਜੀਵਨ ਵਿਚ ਆਉਂਦੀ ਨਵੀਂ ਊਰਜਾ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ।

ਕਈ ਲੋਕ ਵਿਸ਼ੇਸ਼ ਤੌਰ ਤੇ ਬਸੰਤੀ ਕਪੜੇ ਪਾ ਕੇ ਸਰਸਵਤੀ ਦੇਵੀ ਦੀ ਪੂਜਾ ਕਰਦੇ ਹਨ। ਇਸ ਦਿਨ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਗੁੱਟੇ ਆਦਿ ਵਰਗੇ ਬਸੰਤੀ ਪੀਲੇ ਫ਼ੁੱਲ ਚੜ੍ਹਾਏ ਜਾਂਦੇ ਹਨ। ਹਿੰਦੂ ਮਾਣਤਾਵਾਂ ਅਨੁਸਾਰ ਬਸੰਤ ਪੰਚਮੀ ਦੇ ਦਿਨ ਨੂੰ ਪਵਿੱਤਰ ਦਿਨ ਮੰਨਿਆਂ ਜਾਂਦਾ ਹੈ। ਮਾਣਤਾ ਹੈ ਕਿ ਇਸ ਦਿਨ ਨੂੰ ਕਿਸੇ ਸ਼ੁਭ ਕੰਮ ਨੂੰ ਕਰਨ ਲਈ ਕਿਸੇ ਮਹੂਰਤ ਦੀ ਲੋੜ ਨਹੀਂ ਪੈਂਦੀ। ਗੁਰਦੁਆਰਿਆਂ ਵਿਚ ਬਸੰਤ ਰਾਗ ਵਿਚ ਉਚਾਰੇ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਗਾਇਨ ਕੀਤਾ ਜਾਂਦਾ ਹੈ ਜਿਸ ਨੂੰ ਸੰਗਤ ਅਤੇ ਸ਼ਰਧਾਲੂ ਸ਼ਰਧਾ ਅਤੇ ਆਦਰ ਸਤਕਾਰ ਨਾਲ ਸਰਵਣ ਕਰਦੇ ਹਨ।

ਅਮੀਰ ਖੁਸਰੋ (ਸੰਨ 1253- 1325) ਆਪਣੀ ਇਕ ਰਚਨਾ ਵਿਚ ਬਸੰਤ ਰਿਤੂ ਦੀ ਕੁਦਰਤ ਵਿਚ ਸਭ ਪਾਸੇ ਖਿੱਲਰੀ ਹੋਈ ਸੁੰਦਰਤਾ, ਦਾ ਵਰਣਨ ਕਰਦੇ ਹੋਏ ਲਿਖਦੇ ਹਨ, "ਫ਼ੂਲ ਰਹੀ ਸਰਸੋਂ ਸਕਲ ਬਨ, ਅੰਬਵਾ ਬੌਰੇ, ਟੇਸੂ ਫ਼ੂਲੇ, ਕੋਇਲ ਕੂਕਤ ਡਾਰ ਡਾਰ।" ਪੰਜਾਬੀ ਦਾ ਇਕ ਅਖਾਣ ਬਸੰਤ ਦੇ ਸੋਹਣੇ ਦਿਨਾਂ ਦੀ ਉਦਾਹਰਣ ਦੇਂਦਾ ਸਾਧਾਂ ਦੇ ਨਿਸ਼ਚਿੰਤ, ਅਨੰਦਮਈ ਅਤੇ ਬੇਫ਼ਿਕਰੇ ਜੀਵਨ ਨੂੰ ਬਖਾਣਦਾ ਹੈ, "ਸਦਾ ਦਿਵਾਲੀ ਸਾਧ ਦੀ, ਅੱਠੇ ਪਹਿਰ ਬਸੰਤ।" ਪੰਜਾਬ ਦੇ ਸੱਭਿਆਚਾਰ ਵਿਚ ਬਸੰਤ ਬਾਰੇ ਹੋਰ ਵੀ ਕਈ ਮੁਹਾਵਰੇ, ਅਖਾਣ ਅਤੇ ਸਾਹਿਤਕ ਰਚਨਾਵਾਂ ਮਿਲ ਜਾਣਗੀਆਂ ਕਿਉਂ ਕਿ ਬਸੰਤ ਰਿਤੂ ਸਾਡੇ ਰਹਿਣ ਸਹਿਣ ਵਿਚ ਆਦਿਕਾਲ ਤੋਂ ਭਰਪੂਰਤਾ ਨਾਲ ਰਚੀ ਮਿਚੀ ਹੋਈ ਹੈ।

ਬਸੰਤ ਪੰਚਮੀ ਘਰ ਦੀ ਰਸੋਈ ਵਿਚ ਵੀ ਰੰਗ ਅਤੇ ਮਿਠਾਸ ਭਰਦੀ ਹੈ। ਘਰਾਂ ਵਿਚ ਸੁਆਣੀਆਂ ਆਪਣੇ ਪਰਿਵਾਰ ਲਈ ਚਾਅ ਨਾਲ ਉਚੇਚਾ ਪੀਲੇ ਕੇਸਰੀ

ਰੰਗ ਦੇ ਜ਼ਰਦੇ ਵਰਗੇ ਮਿੱਠੇ ਪਕਵਾਨ ਬਣਾਉਂਦੀਆਂ ਹਨ, ਜਿਨ੍ਹਾਂ ਨੂੰ ਪਰਿਵਾਰ ਦੇ ਛੋਟੇ ਵੱਡੇ ਸਾਰੇ ਚਾਅ ਨਾਲ ਖਾਂਦੇ ਹਨ। ਪੰਜਾਬ ਵਿਚ ਇਸ ਦਿਨ ਵਿਸ਼ੇਸ਼ ਤੌਰ ਤੇ ਗਿਰੀਆਂ, ਮੇਵੇ, ਬਦਾਮ, ਕਿਸ਼ਮਿਸ਼ ਅਤੇ ਕੇਸਰ ਆਦਿ ਪਾ ਕੇ ਜ਼ਰਦੇ ਵਾਲੇ ਮਿੱਠੇ ਚੌਲ ਬਣਾਏ ਜਾਂਦੇ ਹਨ। ਇਹ ਤਿਉਹਾਰ ਪੰਜਾਬ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਸੰਨ 1742 ਦੀ ਬਸੰਤ ਪੰਚਮੀ ਵਾਲੇ ਦਿਨ ਹੀ ਉਸ ਵੇਲੇ ਦੀ ਕੱਟੜ ਹਕੂਮਤ ਵੱਲੋਂ 'ਬਾਲ ਹਕੀਕਤ ਰਾਏ' ਨੂੰ ਲਾਹੌਰ ਵਿਚ ਮੌਤ ਦੀ ਸਜ਼ਾ ਦਿੱਤੀ ਗਈ ਸੀ।

ਬਸੰਤ ਦੇ ਦਿਨਾਂ ਵਿਚ ਹਲਕੀ ਮੱਧਮ ਬਿਆਰੀ ਪੌਣ ਵਗਦੀ ਹੈ। ਇਹ ਗੁੱਡੀਆਂ ਅਤੇ ਪਤੰਗਾਂ ਉਡਾਉਣ ਵਿਚ ਮਦਦ ਕਰਦੀ ਹੈ। ਜਦੋਂ ਪਤੰਗ ਆਕਾਸ਼ ਵਿਚ ਉੱਚੀ ਚੜ੍ਹ ਜਾਂਦੀ ਹੈ ਤਾਂ ਉਪਰ ਉੱਚੇ ਅਸਮਾਨ ਵਿਚ ਬੁੱਲਿਆਂ ਵਾਲੀ ਹਵਾ ਵਗਦੀ ਹੁੰਦੀ ਹੈ ਅਤੇ ਪਤੰਗ ਆਪਣੇ ਆਪ ਉੱਡਦੀ ਹੈ। ਪਤੰਗਾਂ ਉਡਾਉਣ ਦੇ ਸ਼ੌਕੀਨਾਂ ਲਈ ਇਹ ਆਨੰਦ ਨਾਲ ਝੂਮਣ ਦਾ ਮੌਕਾ ਹੁੰਦਾ ਹੈ। ਪਤੰਗਾਂ ਦੇ ਪੇਚੇ ਲਾਏ ਜਾਂਦੇ ਹਨ ਅਤੇ ਜਦੋਂ ਕੋਈ ਪਤੰਗਬਾਜ਼ ਕਿਸੇ ਦੂਸਰੇ ਦੀ ਪਤੰਗ ਦੀ ਡੋਰ ਨੂੰ ਆਪਣੀ ਪਤੰਗ ਦੀ ਡੋਰ ਨਾਲ ਕੱਟ ਦੇਂਦਾ ਹੈ ਤਾਂ ਇਸ ਜਿੱਤ ਦਾ ਐਲਾਨ ਕਰਦੀਆਂ ਉਸ ਦੀਆਂ 'ਬੋ ਕਾਟਾ- ਬੋ ਕਾਟਾ' ਦੀਆਂ ਉੱਚੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਹਨ।

ਬਸੰਤ ਦੇ ਦਿਨ ਨੂੰ ਪਤੰਗਾਂ ਉਡਾਉਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਬਾਜ਼ਾਰਾਂ ਵਿਚ ਦੁਕਾਨਦਾਰ ਤਰ੍ਹਾਂ ਤਰ੍ਹਾਂ ਦੀਆਂ ਰੰਗ ਬਿਰੰਗੀਆਂ ਗੁੱਡੀਆਂ, ਪਤੰਗਾਂ ਅਤੇ ਡੋਰਾਂ ਦਿਆਂ ਪਿੰਨਿਆਂ ਨਾਲ ਦੁਕਾਨਾਂ ਸਜਾਉਂਦੇ ਹਨ। ਲੋਕ ਨਵੀਂ ਰੁੱਤ ਦਾ ਸੁਆਗਤ ਪਤੰਗਾਂ ਉਡਾ ਕੇ ਵੀ ਕਰਦੇ ਹਨ। ਕਈਆਂ ਥਾਵਾਂ ਤੇ ਇਸ ਦਿਨ ਵਿਸ਼ੇਸ਼ ਪਤੰਗਬਾਜ਼ੀ ਦੇ ਮੁਕਾਬਲੇ ਵੀ ਕਰਾਏ ਜਾਂਦੇ ਹਨ ਪਰ ਪਤੰਗਬਾਜ਼ੀ ਖਤਰਨਾਕ ਵੀ ਹੈ। ਇਸ ਨੂੰ ਖੁੱਲਿਆਂ ਮੈਦਾਨਾਂ ਵਿਚ ਹੀ ਕਰਨਾ ਚਾਹੀਦਾ ਹੈ। ਸਮੇਂ ਨਾਲ ਪਤੰਗਬਾਜ਼ੀ ਅਤੇ ਗੁੱਡੀਆਂ ਉਡਾਉਣ ਦਾ ਚਲਨ ਤੇ ਸ਼ੌਕ ਮੱਧਮ ਪੈ ਗਏ ਹਨ। ਇਹਨਾਂ ਦੀ ਥਾਂ ਮੋਬਾਈਲ, ਕੰਪਿਊਟਰ ਵਰਗੇ ਅੱਜ ਦੇ ਸਮੇਂ ਦੇ ਆਧੁਨਿਕ ਨਵਿਆਂ ਰੁਝਾਣਾਂ, ਰੁਝੇਵਿਆਂ ਅਤੇ ਦਿਲ ਪਰਚਾਵਿਆਂ ਨੇ ਲੈ ਲਈ ਹੈ।

ਬਸੰਤ ਰਿਤੂ ਸਾਡੇ ਲਈ ਪ੍ਰਕਿਰਤੀ ਦਾ ਵਰਦਾਨ ਹੈ। ਇਤਿਹਾਸ, ਬਲਿਦਾਨ, ਨੈਤਿਕਤਾ, ਸੁਤੰਤਰਤਾ ਅਤੇ ਪਰੰਪਰਾਵਾਂ ਨਾਲ ਇਸ ਦਾ ਗੂੜ੍ਹਾ ਸੰਬੰਧ ਹੈ। ਬਸੰਤ ਪੰਚਮੀ ਸਾਨੂੰ ਇਹਨਾਂ ਗੁਣਾਂ ਦੀ ਯਾਦ ਕਰਾਉਂਦੀ ਹੈ। ਸਭ ਮਨੁੱਖੀ ਸਭਿਤਾਵਾਂ ਵਿਚ ਬਸੰਤ ਦਾ ਮੌਸਮ ਸਭ ਰਿਤੂਆਂ ਦਾ ਰਾਜਾ ਮੰਨਿਆ ਗਿਆ ਹੈ। ਬਸੰਤ ਪੰਚਮੀ ਵਾਲੇ ਦਿਨ ਸਾਨੂੰ ਸਭ ਨੂੰ ਮਿਲਜੁਲ ਕੇ ਪ੍ਰਕਿਰਤੀ ਲਈ ਸ਼ੁਕਰਾਨੇ ਦੇ ਭਾਵ ਨਾਲ ਪ੍ਰਕਿਰਤੀ ਨਾਲ ਜੁੜਣ ਓਤੇ ਵਾਤਾਵਰਣ ਨੂੰ ਸਵੱਛ ਅਤੇ ਸਵਸਥ ਬਨਾਉਣ ਲਈ ਉਪਰਾਲਿਆਂ ਬਾਰੇ ਸੋਚ ਵਿਚਾਰ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਬਸੰਤ ਰੁੱਤ ਦੇ ਨਾਲ ਨਾਲ ਹਰੇਕ ਰੁੱਤ ਦਾ ਆਨੰਦ ਮਾਣ ਸਕੀਏ।

.............................................................

## ਉਪਦੇਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਗੁਰਬਾਣੀ ਨੇ ਜੀਵਨ ਨੂੰ ਚੰਗੀ ਤਰ੍ਹਾਂ ਕਿਵੇਂ ਜੀਣਾ ਹੈ ਸਾਨੂੰ ਜਾਂਚ ਦੱਸੀ ਹੈ। ਸਾਰੇ ਇਹ ਕਿਰਪਾ ਕਰਿਆ ਕਰੋ ਕਿ ਗੁਰਬਾਣੀ ਪੜ੍ਹਿਆ ਕਰੋ। ਘੱਟ ਤੋਂ ਘੱਟ ਪੰਜ ਬਾਣੀਆਂ ਦਾ ਪਾਠ ਜ਼ਰੂਰ ਕਰਿਆ ਕਰੋ। ਇਕ ਵਾਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਹੁਕਮ ਕੀਤਾ ਕਿ ਕਾਕਾ ਘੱਟ ਤੋਂ ਘੱਟ ਇਕ ਚੌਪਈ ਦਾ ਪਾਠ, ਇਕ ਅਸਟਪਦੀ ਸੁਖਮਨੀ ਸਾਹਿਬ ਵਿੱਚੋਂ ਜ਼ਰੂਰ ਰੋਜ ਪੜ੍ਹਿਆ ਕਰ। ਜਦੋਂ ਬਾਣੀ ਅੰਦਰ ਵੱਸਣ ਲੱਗ ਜਾਂਦੀ ਹੈ ਤਾਂ ਅਸੀਂ ਸੁਖੀ ਵੀ ਹੋਣ ਲੱਗ ਜਾਂਦੇ ਹਾਂ।

ਬੜਾ ਪਿਆਰਾ ਬਚਨ ਹੈ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਿ ਅਸੀਂ ਗੁਰਬਾਣੀ ਨੂੰ ਮੱਥਾ ਟੇਕਦੇ ਹਾਂ ਪਰ ਜਿੰਨਾਂ ਮੈਂ ਆਪਣੇ ਮੁੰਡੇ ਦੀ ਗੱਲ ਤੇ ਵਿਸ਼ਵਾਸ਼ ਕਰ ਲੈਂਦਾ ਹਾਂ, ਅਸੀਂ ਗੁਰਬਾਣੀ ਤੇ ਇੰਨਾ ਵੀ ਵਿਸ਼ਵਾਸ਼ ਨਹੀਂ ਕਰਦੇ। ਮਨ ਨੂੰ ਇਹ ਸਮਝਾਉਣਾ ਹੈ ਕਿ ਗੁਰਬਾਣੀ ਵਿੱਚ ਜੋ ਲਿਖਿਆ ਹੈ ਉਹ ਪ੍ਰਮਾਤਮਾ ਦਾ ਹੁਕਮ ਹੈ।

# ਲੋਕ ਕਾਵਿ ਅਤੇ ਲੋਕ ਜੀਵਨ ਵਿੱਚ ਕੂਕਾ ਲਹਿਰ



ਡਾ. ਲਖਵੀਰ ਸਿੰਘ ਰਾਮਪੁਰਾਫੂਲ
ਨਾਮਧਾਰੀ ਇਤਿਹਾਸ ਲੇਖਕ,
ਮਾਲਵਾ ਪੰਜਾਬੀ ਸੱਥ ਦੇ ਕਨਵੀਨਰ
98768-50680

ਲਕੋਕਤੀਆਂ, ਕਹਾਵਤਾਂ, ਲੋਕਗੀਤ, ਲੋਕ ਬੋਲੀਆਂ ਜਾਂ ਲੋਕ ਕਾਵਿ ਕਿਸੇ ਇਕ ਕਵੀ ਜਾਂ ਲੇਖਕ ਦੀ ਰਚਨਾਂ ਨਹੀਂ ਹੁੰਦੀ ਸਗੋਂ ਇਹ ਮਨੁੱਖ ਦੇ ਜਨਜੀਵਨ, ਸੱਭਿਆਚਾਰ, ਰੀਤੀ-ਰਿਵਾਜਾਂ, ਰਹਿਣ-ਸਹਿਣ, ਪਿਆਰ, ਵਿਛੋੜੇ, ਖੁਸ਼ੀਆਂ, ਗਮੀਆਂ, ਜ਼ਜ਼ਬਿਆਂ, ਮਨੋਭਾਵਾਂ, ਸਮਾਜਿਕ ਵਰਤਾਰਿਆਂ ਜਾਂ ਲੋਕ ਮਨਾਂ ਵਿਚੋਂ ਆਪ ਮੁਹਾਰੇ ਪ੍ਰਗਟਦੇ ਹਨ। ਲੋਕ ਕਾਵਿ ਲੋਕ ਜੀਵਨ ਦੀ ਕੜੀ ਹੀ ਨਹੀਂ ਹੁੰਦਾ ਸਗੋਂ ਇਹ ਸੱਭਿਆਚਾਰ ਦਾ ਪ੍ਰਕਾਸ਼ ਹੁੰਦਾ ਹੈ। ਲੋਕ ਕਾਵਿ ਦਾ ਘੇਰਾ ਸਮੁੰਦਰ ਵਾਂਗ ਵਿਸ਼ਾਲ ਹੈ। ਆਦਿ ਕਾਲ ਤੋਂ ਲੈ ਕੇ ਲੋਕ ਕਾਵਿ ਨੂੰ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਨਿੱਕੇ ਬੱਚੇ ਦੇ ਜਨਮ ਤੋਂ ਲੈ ਕੇ ਲੋਰੀਆਂ, ਅੱਲੜ ਉਮਰ, ਵਿਆਹ ਮੰਗਣੇ, ਮੁਕਲਾਵੇ, ਤਿਉਹਾਰ, ਰੀਤੀ ਰਿਵਾਜਾਂ ਅਤੇ ਆਦਮੀ ਵਲੋਂ ਦੁਨੀਆਂ ਨੂੰ ਅਲਵਿਦਾ ਕਹਿਣ ਤੇ ਕੀਰਨਿਆਂ ਦੇ ਭੰਡਾਰ ਭਰੇ ਪਏ ਹਨ। ਜੇਕਰ ਸੂਰਮਗਤੀ ਦੇ ਲੋਕ ਕਾਵਿ ਦੀ ਗੱਲ ਕਰੀਏ ਤਾਂ ਜਿਥੇ ਦੁੱਲਾ ਭੱਟੀ, ਜੱਗਾ ਜੱਟ, ਸੁੱਚਾ ਸੂਰਮਾਂ, ਜਿਉਣ ਮੌੜ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਵਰਗੇ ਦੇਸ਼ ਭਗਤਾਂ ਦੀਆਂ ਘੋੜੀਆਂ ਅਤੇ ਲੋਕ ਗੀਤ ਲੋਕ ਮਨਾਂ, ਲੋਕ ਜੁਬਾਨਾਂ ਤੇ ਚੜ੍ਹੇ ਹੋਏ ਹਨ ਉਥੇ 1857 ਵਿੱਚ ਸੁਰਜੀਤ ਹੋਏ ਕੂਕਾ ਅੰਦੋਲਨ ਸਬੰਧੀ ਲੋਕ ਕਾਵਿ ਵੀ ਉਭਰਕੇ ਸਾਹਮਣੇ ਆਉਂਦਾ ਹੈ।

ਕੂਕਾ ਅੰਦੋਲਨ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਨੇ ਮੁਰਝਾ ਚੁੱਕੀ ਗੁਰਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ ਭਾਈ ਰਾਏ ਸਿੰਘ ਪਿੰਡ ਮਦੀਹਰ ਨੂੰ ਸ੍ਰੀ ਹਜ਼ੂਰ ਸਾਹਿਬ ਭੇਜਿਆ ਅਤੇ ਉਥੋਂ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ

ਮਰਯਾਦਾ ਮੰਗਵਾਈ। ਉਸ ਰਹਿਤ ਮਰਯਾਦਾ ਮੁਤਾਬਿਕ ਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਈ. ਨੂੰ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ। ਭੈਣੀ ਸਾਹਿਬ ਵਿਖੇ ਗੁਰਸਿੱਖੀ ਦਾ ਪ੍ਰਤੀਕ ਚਿੱਟਾ ਝੰਡਾ ਲਹਿਰਾਇਆ ਅਤੇ ਆਜ਼ਾਦੀ ਦਾ ਅਜਿਹਾ ਬਿਗਲ ਵਜਾਇਆ ਜਿਸਦੀ ਆਵਾਜ਼ ਪੁਰਾਤਨ ਪੰਜਾਬ ਦੇ ਕੋਨੇ ਕੋਨੇ ਵਿੱਚ ਫੈਲ ਗਈ। 1857 ਦੀ ਇਸ ਵਿਸਾਖੀ ਦੀ ਮਹੱਤਤਾ ਬਾਰੇ ਲੋਕ ਮਨਾਂ, ਲੋਕ ਭਾਵਾਂ ਵਿਚੋਂ ਇਸ ਸੱਭਿਆਚਾਰਕ ਬੋਲੀ ਨੇ ਜਨਮ ਲਿਆ-

1857 ਦੇ ਵਿੱਚ ਜਦੋਂ ਵਿਸਾਖੀ ਆਈ
ਦੂਰ ਦੂਰ ਤੋਂ ਘੱਲ ਸੁਨੇਹੇਂ, ਸੰਗਤ ਗੁਰਾਂ ਬੁਲਾਈ।
ਅੰਮ੍ਰਿਤ ਛਕਾ ਖੰਡੇ ਬਾਟੇ ਦਾ, ਗੁਰ ਸਿੱਖੀ ਰੁਸ਼ਨਾਈ।
ਅੰਗਰੇਜ਼ਾਂ ਦਾ ਮਿਲਵਰਤਨ ਛੱਡਕੇ, ਕੂਕਾ ਲਹਿਰ ਚਲਾਈ।
ਰਾਮ ਸਿੰਘ ਸਤਿਗੁਰ ਨੇ......
ਗੋਰਿਆਂ ਨੂੰ ਭਾਜੜ ਪਾਈ.....

1981-82 ਵਿੱਚ ਜਦੋਂ ਮੈਂ ਸਾਡੇ ਪਿੰਡ ਸੈਦੋਕੇ (ਮੋਗਾ) ਸਕੂਲ ਵਿੱਚ ਪੜ੍ਹਦਾ ਸਾਂ ਤਾਂ ਕੂਕਿਆਂ ਦਾ ਮੁੰਡਾ ਹੋਣ ਕਰਕੇ ਅਕਸਰ ਹੀ ਕਈ ਵਾਰ ਵੱਡੀਆਂ ਕਲਾਸਾਂ ਦੇ ਬੱਚੇ ਮੈਨੂੰ ਅਜਿਹੇ ਸ਼ਬਦ ਆਖਕੇ ਛੇੜਦੇ-

ਕੂਕੇ ਬੜੇ ਕਸੂਤੇ, ਪਾਣੀ ਨੀਂ ਪੀਂਦੇ ਬੋਕੇ ਦਾ
ਜਾਂ
ਕੂਕੇ ਬੜੇ ਕਸੂਤੇ ਗੜਵਾ ਨੀ ਦਿੰਦੇ ਨ੍ਹਾਉਣ ਨੂੰ

ਮੈਨੂੰ ਉਸ ਸਮੇਂ ਸੁਣਕੇ ਭਾਵੇਂ ਇਹ ਔਖਾ ਲੱਗਦਾ ਸੀ ਪਰ ਮੈਂ ਅੱਜ ਹੈਰਾਨ ਹੁੰਦਾ ਹਾਂ ਕਿ ਕੂਕਿਆਂ ਦੀ ਰਹਿਤ ਮਰਯਾਦਾ ਦੀ ਸਰਵਉੱਚਤਾ ਬਾਰੇ ਇਹ ਲਕੋਕਤੀਆਂ ਸੈਂਕੜੇ ਸਾਲ ਬਾਅਦ ਵੀ ਪ੍ਰਚੱਲਤ ਸਨ। ਨਾਮਧਾਰੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਅਤੇ ਗੁਰੂ ਰਾਮ ਸਿੰਘ ਜੀ ਦੁਆਰਾ ਮੁੜ ਪ੍ਰਚੱਲਤ ਕੀਤੀ ਮਰਯਾਦਾ ਤੇ ਸਖ਼ਤ ਪਹਿਰਾ ਦਿੰਦੇ ਹਨ। ਸ਼ਰਾਬ ਪੀਣ, ਮਾਸ ਖਾਣ, ਤੰਬਾਕੂ ਵਰਤਣ ਜਾਂ ਹੁੱਕਾ ਪੀਣ ਵਾਲਿਆਂ ਨਾਲ ਖਾਣ-ਪੀਣ ਅਤੇ ਵਰਤ ਵਰਤਾਣੇ ਦੀ ਸਾਂਝ ਨਹੀਂ ਰੱਖਦੇ ਸਨ। ਉਸ ਵਕਤ ਪਾਣੀ ਪ੍ਰਾਪਤ ਕਰਨ ਦਾ ਮੁੱਢਲਾ ਸਰੋਤ ਖੂਹ ਹੀ ਸਨ। ਇਸ ਲਈ ਜਦ ਗੁਰਸਿੱਖੀ ਮਰਯਾਦਾ ਤੋਂ ਹੀਣੇ ਲੋਕੀਂ ਨਾਮਧਾਰੀਆਂ ਤੋਂ ਗੜਵਾ ਮੰਗਦੇ ਹੋਣਗੇ ਤੇ ਨਾਮਧਾਰੀ ਭਲਾਂ ਉਹਨਾਂ ਲੋਕਾਂ ਦੇ ਹੱਥ ਕਿਵੇਂ ਗੜਵਾ ਫੜਾ ਸਕਦੇ ਸਨ। ਗੁਰੂ ਰਾਮ ਸਿੰਘ ਜੀ ਦੀ ਦੱਸੀ ਰਹਿਤ ਮਰਯਾਦਾ ਮੁਤਾਬਿਕ ਨਾਮਧਾਰੀ ਸਵਾ ਪਹਿਰ ਰਹਿੰਦੀ ਰਾਤ ਉਠਦੇ। ਗੜਵਾ ਨਾਲ ਲਿਜਾਕੇ ਪਿੰਡੋਂ ਬਾਹਰ ਮੈਦਾਨ ਜਾਂਦੇ। ਵਾਪਸ ਆਕੇ ਸੱਤ ਵਾਰ ਗੜਵਾ ਰੇਤੇ ਨਾਲ ਮਾਂਜਦੇ, ਕੂਹਣੀਆਂ ਤੱਕ ਬਾਹਾਂ ਅਤੇ ਹੱਥ ਮਾਂਜਦੇ, ਗੋਡਿਆਂ ਤੱਕ ਰੇਤੇ ਨਾਲ ਪੈਰ ਮਾਂਜਦੇ। ਫਿਰ ਲਿਸ਼ਕਦੇ ਗੜਵੇ ਨੂੰ ਡੋਰੀ ਨਾਲ ਬੰਨ੍ਹਕੇ ਖੂਹ 'ਚੋਂ ਪਾਣੀ ਕੱਢਕੇ ਇਸ਼ਨਾਨ ਕਰਦੇ, ਸੁੱਚੇ ਬਸਤਰ ਪਹਿਨਦੇ, ਗੁਰਬਾਣੀ ਦਾ ਪਾਠ ਕਰਦੇ, ਕੀਰਤਨ ਕਰਦੇ, ਉਨ ਦੀ ਚਿੱਟੀ ਮਾਲਾ ਹੱਥ ਵਿੱਚ ਫੜ੍ਹਕੇ ਸਿਮਰਨ ਕਰਦੇ। ਨਾਮਧਾਰੀਆਂ ਦੇ ਅਜਿਹੇ ਗੁਰਮੁੱਖੀ ਪਾਵਨ ਪਵਿੱਤਰ ਰਹਿਣ ਸਹਿਣ ਵਿਚੋਂ ਇਸ ਬੋਲੀ ਨੇ ਜਨਮ ਲਿਆ-

ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿੱਚ ਗੜਵਾ ਰੱਖਦੇ,
ਗਲ ਵਿੱਚ ਉਨ ਦੀ ਮਾਲਾ।
ਗਹਿਣਾ ਗੱਟਾ ਮੂਲ ਨਾ ਪਾਉਂਦੇ,
ਸਿੱਧਾ ਰੱਖਦੇ ਚਾਲਾ।
ਅੰਗਰੇਜ਼ਾਂ ਦੀ ਈਨ ਨਾ ਮੰਨਦੇ,
ਮੰਗਿਆਂ ਦੇਣ ਨਾ ਹਾਲਾ (ਮਾਮਲਾ)
ਰਾਜ ਅੰਗਰੇਜ਼ਾਂ ਦਾ
ਚੰਦ ਰੋਜ਼ ਦਾ ਚਾਲਾ......।

ਪੰਜਾਬੀ ਸਾਹਿਤ ਦੀ ਮਸ਼ਹੂਰ ਕਿਤਾਬ "ਮੇਰਾ ਪਿੰਡ" ਦੇ ਲੇਖਕ ਗਿਆਨੀ ਗੁਰਦਿੱਤ ਸਿੰਘ ਆਪਣੀ ਇਸ ਪੁਸਤਕ ਵਿਚ ਇੰਝ ਵੀ ਲਿਖਦੇ ਹਨ ਕਿ-

"ਗਿੱਧਾ ਪਾਉਣ ਵਾਲੇ ਮੁੰਡਿਆਂ ਨੇ ਆਪਣੀਆਂ ਬੋਲੀਆਂ ਦੇ ਲੋਕ ਕਾਵਿ ਵਿੱਚ ਕੂਕਿਆਂ ਦੀ ਇਹ ਬੋਲੀ ਵੀ ਜੋੜ ਲਈ-

ਪੰਥ ਤਾਂ ਜੱਗ ਤੇ ਬਹੁਤ ਚੱਲੇ ਨੇ,
ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿੱਚ ਗੜਵੇ ਰੱਖਦੇ,
ਗਲ ਵਿੱਚ ਉਨ ਦੀ ਮਾਲਾ।
ਕੱਛੇ, ਡੋਲ, ਵਾਹਿਗੁਰੂ ਬੋਲਣ,
ਟੁੱਭਾ ਲਾਉਣ ਨਿਰਾਲਾ।
ਸਣਕੇਸੀ ਇਸ਼ਨਾਨ ਨੇ ਕਰਦੇ,

ਗੁੜ ਦਾ ਪੀਣ ਪਿਆਲਾ।
ਰਾਜ ਅੰਗਰੇਜ਼ਾਂ ਦਾ, ਚੰਦ ਰੋਜ਼ ਦਾ ਚਾਲਾ।

ਗੁਰੂ ਰਾਮ ਸਿੰਘ ਜੀ ਨੇ ਪੰਜਾਬ ਵਿੱਚ ਗੁਰਸਿੱਖੀ ਦੀ ਅਜਿਹੀ ਰੂਹ ਫੂਕੀ ਕਿ ਪਿੰਡਾਂ ਦੇ ਪਿੰਡ ਲੋਕ ਨਾਮਧਾਰੀ ਸੱਜਣ ਲੱਗੇ। ਇਸ ਲਹਿਰ ਦੇ ਜਿਥੇ ਗੁਰਬਾਣੀ ਅਤੇ ਗੁਰਸਿੱਖੀ ਦਾ ਵਸੀਹ ਪੈਮਾਨੇ ਤੇ (ਪੁਰਤਾਨ ਚੜ੍ਹਦੇ ਲਹਿੰਦੇ ਇਕੱਠੇ ਪੰਜਾਬ ਵਿੱਚ) ਪ੍ਰਚਾਰ ਕੀਤੇ ਉਥੇ ਗੁਲਾਮੀ ਦੀ ਗੂੜ੍ਹੀ ਨੀਂਦ ਵਿੱਚ ਸੁੱਤੇ ਪੰਜਾਬੀਆਂ ਨੂੰ ਹਲੂਣ ਕੇ ਜਗਾਇਆ। ਗੁਰੂ ਰਾਮ ਸਿੰਘ ਦੇ ਪ੍ਰਚਾਰ ਪ੍ਰਸਾਰ ਨਾਲ ਜਿਥੇ ਕਿਰਤੀ ਲੋਕਾਂ ਵਿੱਚ ਗੁਰਸਿਖੀ ਦੀ ਲਹਿਰ ਦਾ ਉਥਾਨ ਹੋਇਆ ਉਥੇ ਲੋਕ ਮਨਾਂ ਵਿੱਚ ਇਨਕਲਾਬ ਦਾ ਵੀ ਪਹੁ ਫੁਟਾਲਾ ਹੋਇਆ। ਉੱਚੀ-ਸੁੱਚੀ ਰਹਿਣੀ-ਬਹਿਣੀ ਵੀ ਪ੍ਰਚਲਤ ਹੋਈ। ਲੋਕੀਂ ਗੁਰਮਤਿ ਅਤੇ ਗੁਰਬਾਣੀ ਨਾਲ ਜੁੜਨ ਲੱਗੇ। ਇਕ ਦੂਜੇ ਨੂੰ ਦੇਖਕੇ ਨਾਮਧਾਰੀ ਸੱਜਣ ਲੱਗੇ। ਉਸ ਸਮੇਂ ਕੂਕਿਆਂ ਦੇ ਰਹਿਣ-ਸਹਿਣ ਦੀ ਤਰਜਮਾਨੀ ਕਰਦਾ ਇਹ ਲੋਕ ਕਾਵਿ ਵੀ ਲੋਕ ਮਨਾਂ ਵਿੱਚ ਉਪਜਿਆ-

ਕੱਛਾ, ਡੋਲ ਤੇ ਵਾਹਿਗੁਰੂ ਬੋਲੀਂ
ਬਣ ਜਾ ਨਾਮਧਾਰੀਆ

ਪੁਰਾਤਨ ਸਮੇਂ ਤੋਂ ਗੁਰਸਿੱਖੀ ਸਿੰਘਾਂ ਵਿੱਚ ਹੀ ਪ੍ਰਚਲੱਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਈਆਂ ਨੂੰ ਅੰਮ੍ਰਿਤ ਨਹੀਂ ਛਕਾਇਆ। 1ਜੂਨ 1863 ਈ. ਨੂੰ ਪਿੰਡ ਸਿਆਹੜ (ਲੁਧਿਆਣਾ) ਵਿਖੇ ਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਕੇ ਸਿੰਘਣੀਆਂ ਸਜਾਇਆ ਅਤੇ ਭਾਈਆਂ ਦੇ ਬਰਾਬਰ ਦਾ ਰੁਤਬਾ ਦਿੱਤਾ। ਸਿਰਦਾਰ ਕਪੂਰ ਸਿੰਘ ਆਈ. ਸੀ. ਐਸ ਆਪਣੀ ਇਕ ਲਿਖਤ ਵਿੱਚ ਲਿਖਦੇ ਹਨ ਕਿ "ਬਾਬਾ ਰਾਮ ਸਿੰਘ ਦਾ ਇਹ ਪ੍ਰਚਾਰ ਕਿ ਔਰਤ ਮਰਦ ਬਰਾਬਰ ਦੇ ਹੱਕਦਾਰ ਹਨ ਉਹਨਾਂ ਨੂੰ ਸੰਸਾਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ ਵਿੱਚ ਖੜ੍ਹਾ ਕਰ ਦਿੰਦਾ ਹੈ।" ਇਸਤਰੀ ਜਾਤੀ ਲਈ ਬਰਾਬਰਤਾ ਦੀ ਲਹਿਰ ਨਾਲ ਔਰਤਾਂ ਵੀ ਨਾਮਧਾਰੀ ਸੱਜਣ ਲੱਗੀਆਂ ਅਤੇ ਸੱਭਿਆਚਾਰਕ ਤੌਰ 'ਤੇ ਅਜਿਹੀਆਂ ਲੋਕ ਬੋਲੀਆਂ ਨੇ ਜਨਮ ਲਿਆ-

1. ਲਾਹਦੇ ਸਿਰੋਂ ਪਰਾਂਦਾ ਕੂਕਣ ਬਣ ਕੁੜੀਏ।
2. ਲਾਹਦੇ ਸਿਰੋਂ ਪਰਾਂਦਾ ਨਾਲੇ ਲਾਹਦੇ ਨੱਥ ਮੱਛਲੀ
3. ਗਲ ਪਾਲੈ ਰਾਮ ਦੀ ਮਾਲਾ ਕੂਕਣ ਬਣ ਕੁੜੀਏ

ਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਨੂੰ ਮਰਦ ਦੇ ਬਰਾਬਰਤਾ ਦੀ ਨੁਮਾਇੰਦਗੀ ਦਿੰਦਿਆਂ 22 ਸੂਬਿਆਂ ਦੀ ਸਥਾਪਨਾ ਦੇ ਨਾਲ ਬੀਬੀ ਹੁਕਮੀ ਨੂੰ ਵੀ ਸੂਬਾ ਥਾਪਿਆ। ਗੁਰੂ ਰਾਮ ਸਿੰਘ ਜੀ ਨੇ ਪੰਡਤ ਪ੍ਰੋਹਤਾਂ ਦੁਆਰਾ ਪ੍ਰਚਲੱਤ ਮਹਿੰਗੀਆਂ ਅਤੇ ਲੋਟੂ ਵਿਆਹ ਰਸਮਾਂ ਵਿਰੁੱਧ ਆਵਾਜ਼ ਉਠਾਈ। ਮੰਗਣੀ, ਮੁਕਲਾਵੇ, ਠਾਕਿਆ, ਲੈਣ-ਦੇਣ, ਕੁੜੀ ਮਾਰਨ, ਵੇਚਣ, ਵੱਟਾ ਕਰਨ ਅਤੇ ਦਾਜ-ਦਹੇਜ ਵਿਰੁੱਧ ਆਵਾਜ਼ ਉਠਾਈ। 3 ਜੂਨ 1863 ਈ. ਨੂੰ ਮੋਗੇ ਜਿਲ੍ਹੇ ਦੇ ਪਿੰਡ ਖੋਟੇ ਵਿਖੇ ਅਨੰਦ ਕਾਰਜ ਦੀ ਰਸਮ ਦਾ ਆਗਾਜ਼ ਕੀਤਾ। ਗੁਰਮਤਿ ਅਨੰਦ ਕਾਰਜ ਦੀ ਨੀਂਹ ਰੱਖੀ। ਇਸ ਅਨੰਦ ਕਾਰਜ ਦੀ ਰਸਮ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ ਜਿਸਨੂੰ ਸਾਡੀਆਂ ਲੋਕ ਬੋਲੀਆਂ ਇੰਝ ਬਿਆਨ ਕਰਦੀਆਂ ਹਨ-

ਬਾਪੂ ਵਿਆਹਦੇ ਕੂਕਿਆਂ ਦੇ
ਜਿਥੇ ਮੰਨਣੇ ਨਾ ਪੈਣ ਜਠੇਰੇ।

ਰਹਿਤ ਮਰਯਾਦਾ ਦੀ ਗੱਲ ਕਰੀਏ ਤਾਂ ਗੁਰਬਾਣੀ ਵਿੱਚ ਗੁਰਸਿੱਖ ਦੀ ਰਹਿਣੀ ਬਹਿਣੀ, ਨਿੱਤ ਕਰਮ ਅਤੇ ਰਹਿਤ ਮਰਯਾਦਾ ਬਾਰੇ ਗੁਰੂ ਰਾਮਦਾਸ ਜੀ ਨੇ ਫ਼ਰਮਾਇਆ ਹੈ-

ਗੁਰ ਸਤਿਗੁਰ ਦਾ ਜੋ ਸਿਖੁ ਅਖਾਵੇ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨ ਕਰੇ ਅੰਮ੍ਰਿਤ ਸਰਿ ਨਾਵੈ॥

ਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਨਾਮਧਾਰੀਆਂ ਨੇ ਗੁਰਸਿੱਖੀ ਜੀਵਨ ਲਈ ਗੁਰਬਾਣੀ ਦੇ ਇਸ ਪਾਵਨ ਸ਼ਬਦ ਮੁਤਾਬਿਕ ਪਹਿਰਾ ਦਿੱਤਾ ਹੋਇਆ ਸੀ। ਗੁਰੂ ਰਾਮ ਸਿੰਘ ਜੀ ਦਾ ਨਾਮਧਾਰੀਆਂ ਨੂੰ ਹੁਕਮ ਹੈ ਕਿ ਸਵਾ ਪਹਿਰ ਰਹਿੰਦੀ ਰਾਤ ਉਠਕੇ ਇਸ਼ਨਾਨ ਕਰਨਾ, ਨਾਮ ਸਿਮਰਨ ਕਰਨਾ, ਕੀਰਤਨ ਕਰਨਾ ਅਤੇ ਗੁਰਬਾਣੀ ਦਾ ਪਾਠ ਕਰਨਾ। ਪੁਰਾਣੇ ਸਮਿਆਂ ਵਿਚ ਘੜੀਆਂ ਤਾਂ ਹੁੰਦੀਆਂ ਹੀ ਨਹੀਂ ਸਨ ਇਸ ਲਈ ਲੋਕੀਂ ਆਪਣੇ ਮਹਿਬੂਬ ਸਤਿਗੁਰੂ ਦਾ ਹੁਕਮ ਮੰਨਦੇ ਹੋਏ ਆਕਾਸ਼ ਵਿੱਚ

ਤਾਰਿਆਂ ਦੇ ਚੜ੍ਹਨ ਅਤੇ ਢਲਨ ਤੋਂ ਅੰਦਾਜ਼ਾ ਲਾ ਕੇ ਉਠਦੇ। ਆਮ ਲੋਕਾਂ ਵਿੱਚ ਕੁੱਕੜ ਦੀ ਬਾਂਗ ਸਵੇਰੇ ਉੱਠਣ ਦੀ ਨਿਸ਼ਾਨੀ ਹੁੰਦੀ। ਉਸ ਸਮੇਂ ਕੂਕਿਆਂ ਦੇ ਸਵੇਰੇ ਜਲਦੀ ਉਠਣ ਸਬੰਧੀ ਪ੍ਰਚੱਲਤ ਹੋਇਆ ਇਕ ਲੋਕ ਕਾਵਿ–

- ਕੂਕੇ ਚੜ੍ਹਕੇ ਚੁਬਾਰੀਂ ਸੌਂਦੇ ਤਾਰੇ ਵੇਖਣ ਨੂੰ
- ਜਦੋਂ ਬਾਂਗ ਕੁੱਕੜ ਨੇ ਦਿੱਤੀ ਕੂਕੇ ਉਠੇ ਮੰਜਿਆਂ ਤੋਂ
- ਤਾਰਾ ਚੜ੍ਹਿਆ ਤੇ ਨਹਾ ਲਿਆ

ਕੂਕੇ ਹਾਲੀਆਂ ਨੇ ਹਲੇ ਜੋੜਲੇ

ਗੁਰੂ ਰਾਮ ਸਿੰਘ ਜੀ ਸੁੱਤੀ ਲੋਕਾਈ ਨੂੰ ਜਗਾਉਣ ਲਈ, ਗੁਰਮਤਿ ਦਾ ਪ੍ਰਚਾਰ ਕਰਨ ਲਈ ਪੁਰਾਤਨ ਪੰਜਾਬ ਦੇ ਹਰ ਕੋਨੇ ਵਿੱਚ ਗਏ। ਰਾਗੀਆਂ, ਰਬਾਬੀਆਂ ਦੁਆਰਾ ਤੰਤੀ ਸਾਜਾਂ ਨਾਲ ਗੁਰਮਤਿ ਕੀਰਤਨ ਵੀ ਹੁੰਦਾ। ਉਨ੍ਹਾਂ ਸਮਿਆਂ ਵਿੱਚ ਕੂਕਿਆਂ ਦਾ ਢੋਲਕ ਛੈਣਿਆਂ ਦਾ ਦੀਵਾਨ ਵੀ ਲੋਕਾਂ ਵਿੱਚ ਮਕਬੂਲ ਹੋਇਆ। ਪਿੰਡ ਪਿੰਡ ਦਿਵਾਨ ਸਜਦੇ। ਕੂਕਿਆਂ ਦਾ ਦੀਵਾਨ ਸੁਨਣ ਲਈ ਲੋਕਾਂ ਨੂੰ ਚਾਅ ਹੁੰਦਾ। ਜਿਸ ਪਿੰਡ ਦਿਵਾਨ ਲੱਗਣਾ ਹੁੰਦਾ ਲੱਗਲੇ ਪਿੰਡਾਂ ਤੋਂ ਲੋਕੀਂ ਵਹੀਰਾਂ ਘੱਤਕੇ ਆਉਂਦੇ। ਜੱਥੇਦਾਰ ਅਤੇ ਪ੍ਰਚਾਰਕ ਵੀ ਦੀਵਾਨ ਸਜਾਉਂਦੇ ਅੰਤਰ ਆਤਮਾ ਤੋਂ ਰੂਹਾਨੀ ਪ੍ਰਚਾਰ ਹੁੰਦਾ। ਅਨੇਕਾਂ ਜਥੇਦਾਰ ਢੋਲਕ, ਛੈਣਿਆਂ ਅਤੇ ਸ਼ਬਦ ਦੇ ਤਾਲ ਤੇ ਨ੍ਰਿਤ ਵੀ ਕਰਦੇ। ਜੱਥੇਦਾਰ ਸਿਰ ਤੇ ਗੜਵਾ ਰੱਖਕੇ ਵੀ ਝੂੰਮਦੇ। ਉਸ ਸਮੇਂ ਸਪੀਕਰ ਤਾਂ ਹੁੰਦੇ ਹੀ ਨਹੀਂ ਸਨ ਆਵਾਜਾਂ ਹੀ ਏਨੀਆਂ ਉੱਚੀਆਂ ਸਨ। ਲੋਕੀਂ ਕਥਾਵਾਂ ਤੇ ਸਾਖੀਆਂ ਸੁਣ ਰੰਗਾਂ ਵਿੱਚ ਰੰਗੇ ਜਾਂਦੇ। ਮਸਤੀ ਵਿੱਚ ਦਿਵਾਨ ਸਜਦੇ। ਸਾਡੀਆਂ ਲੋਕ ਬੋਲੀਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਢੋਲਕ ਨਾਲ ਵੱਜਦੇ ਛੈਣਿਆਂ ਨੂੰ ਵਜਾਉਣ ਲਈ ਅਨੇਕਾਂ ਨਾਮਧਾਰੀਆਂ ਦਾ ਮਨ ਲੋਚਦਾ ਹੋਵੇਗਾ। ਪਰ ਛੈਣੇ ਸੀਮਤ ਹੀ ਹੁੰਦੇ ਹੋਣਗੇ। ਛੈਣੇ ਕਾਂਸੀ ਦੀ ਧਾਤ ਦੇ ਬਣਦੇ ਹਨ ਤੇ ਉਸ ਵਕਤ ਸਟੀਲ ਤਾਂ ਹੈ ਹੀ ਨਹੀਂ ਸੀ, ਘਰਦੀਆਂ ਥਾਲੀਆਂ ਵੀ ਕਾਂਸੀ ਧਾਤ ਦੀਆਂ ਹੁੰਦੀਆਂ। ਉਸ ਸਮੇਂ ਦੇ ਦ੍ਰਿਸ਼ ਨੂੰ ਪੰਜਾਬੀਆਂ ਦੇ ਲੋਕ ਕਾਵਿ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ–

- ਥਾਲੀ ਭੰਨਕੇ ਬਣਾ ਲੈ ਛੈਣੇ ਬੱਲੇ ਬੱਲੇ ਕੂਕਿਆਂ ਦੇ
- ਮੇਰੇ ਛੈਣਿਆਂ ਚੋਂ ਹਰਿ ਹਰਿ ਬੋਲੇ

ਢੋਲਕੀ ਚੋਂ ਰਾਮ ਬੋਲਦਾ

- ਉਹ ਘਰ ਕੂਕਿਆਂ ਦਾ ਜਿਥੇ ਛੈਣੇ ਢੋਲਕੀ ਬੁੜਕਣ
- ਢੋਲਕੀ ਗਲਾਂ ਵਿੱਚ ਪਾਕੇ ਜਲਦੇ ਸਿੰਘ ਕਰਦੇ।
- ਮੈਂ ਹਰਿ ਕੇ ਨਾਮ ਨੂੰ ਗਾਵਾਂ ਗਲ ਵਿੱਚ ਮਾਲਾ ਪਾਕੇ
- ਜਪ ਲੈ ਰਾਮ ਦੀ ਮਾਲਾ ਮੁਕਤੀ ਹੋ ਜਾਊਗੀ

ਕੂਕਿਆਂ ਦਾ ਦਿਵਾਨ ਸੁਣ ਮਸਤੀ ਦੇ ਆਲਮ ਵਿੱਚ ਰੰਗੇ ਅਨੇਕਾਂ ਲੋਕੀ 'ਭਜਨ' ਪੁੱਛਦੇ। ਅੰਮ੍ਰਿਤ ਛਕਦੇ। ਦਿਵਾਨਾਂ ਵਿੱਚ ਮਾਸ ਸ਼ਰਾਬ ਛੱਡਕੇ ਭਜਨ ਪੁੱਛਣ ਵਾਲਿਆਂ ਦੀਆਂ ਲਾਈਨਾਂ ਲੱਗ ਜਾਂਦੀਆਂ। ਧੜਾ-ਧੜ ਲੋਕ ਨਾਮਧਾਰੀ ਸਜਦੇ। ਗੁਰੂ ਰਾਮ ਸਿੰਘ ਜੀ ਦੇ ਇਸ ਗੁਰਸਿਖੀ ਦੇ ਪ੍ਰਚਾਰ ਨਾਲ 10 ਸਾਲਾਂ ਵਿੱਚ 7 ਲੱਖ ਲੋਕੀਂ ਨਾਮਧਾਰੀ ਸਜੇ। ਮਾਲਵੇ ਦੇ ਕਈ ਪਿੰਡਾਂ ਦੇ ਪਿੰਡ ਲੋਕੀਂ ਨਾਮਧਾਰੀ ਸਜ ਗਏ ਜਿਸ ਬਾਰੇ ਸਾਡੀਆਂ ਲੋਕ ਬੋਲੀਆਂ ਇੰਝ ਬਿਆਨ ਕਰਦੀਆਂ ਹਨ–

ਰੁੜਕਾ, ਜਾਂਗਪੁਰ, ਮੋਹੀ ਤਿੰਨ ਪਿੰਡ ਕੂਕਿਆਂ ਦੇ
ਦੋਏ, ਨੰਗਲ, ਜੜ੍ਹਾ ਤੇ ਸਰਾਭਾ ਬਣ ਗਏ ਨਾਮਧਾਰੀਏ
ਬਿਲਾਸਪੁਰ ਤੇ ਹਠੂਰ ਪਿੰਡ ਬੱਸੀਆਂ ਕੂਕੇ ਬਣ ਜਾਣਗੇ

ਨਾਮਧਾਰੀਆਂ ਨੇ ਲੱਚਰਤਾ ਦਾ ਵਿਰੋਧ ਕੀਤਾ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ। ਪੰਜਾਬ ਦੇ ਲੋਕ ਮੇਲਿਆਂ ਵਿੱਚ ਵੀ ਨਾਮਧਾਰੀਆਂ ਦੇ ਢੋਲਕ ਛੈਣਿਆਂ ਦੇ ਦਿਵਾਨ ਸੱਜਦੇ ਅਤੇ ਗੌਣ ਵੀ ਹੁੰਦੇ। ਨਾਮਧਾਰੀਆਂ ਨੇ ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਕਿ ਜਿਹੜੇ ਸਾਡੇ ਧਾਰਮਿਕ ਸਥਾਨ ਨੇ, ਕੌਮ ਲਈ ਕੁਰਬਾਨੀਆਂ ਵਾਲੇ ਇਤਿਹਾਸਕ ਸਥਾਨ ਨੇ ਉਹਨਾਂ ਮੇਲਿਆਂ ਵਿੱਚ ਗੁਰਮਤਿ ਦੀ ਅਤੇ ਇਤਿਹਾਸ ਦੀ ਗੱਲ ਹੀ ਹੋਵੇ। ਨਾਮਧਾਰੀਆਂ ਨੇ ਇਤਿਹਾਸਕ ਪਵਿੱਤਰ ਦਿਹਾੜਿਆਂ ਤੇ ਗੌਣ ਸੁਨਾਉਣ ਅਤੇ ਸੁਨਣ ਤੋਂ ਲੋਕਾਂ ਨੂੰ ਵਰਜਿਆ ਜਿਸਨੂੰ ਸਾਡੀ ਪੰਜਾਬੀ ਲੋਕਧਾਰਾ ਨੇ ਇਸ ਬੋਲੀ ਰਾਹੀਂ ਸਪੱਸ਼ਟ ਕੀਤਾ ਹੈ–

ਕੂਕੇ ਗੌਣ ਲੱਗਣ ਨਾ ਦੇਂਦੇ
ਮੇਲਾ ਮੁਕਸਰ (ਮੁਕਤਸਰ) ਦਾ

ਅਨਸਾਈਕਲੋ ਪੀਡੀਆ ਬ੍ਰਿਟੈਨਿਕਾ ਵਿੱਚ ਲਿਖਿਆ ਹੈ–

"ਗੁਰੂ ਰਾਮ ਸਿੰਘ ਸਿੱਖ ਦਾਰਸ਼ਨਿਕ, ਸੁਧਾਰਕ, ਅੰਗਰੇਜ਼ੀ ਵਪਾਰ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਣ

ਵਾਲਾ ਪਹਿਲਾ ਭਾਰਤੀ ਹੈ। ”

ਭਾਰਤ ਦੇਸ਼ ਦੀ ਆਜ਼ਾਦੀ ਲਈ ਨਾਮਧਾਰੀਆਂ ਨੇ ਅੰਗਰੇਜ਼ ਦੇ ਖੋਲ੍ਹੇ ਸਕੂਲਾਂ, ਕਚਿਹਰੀਆਂ, ਅੰਗਰੇਜ਼ ਦੀਆਂ ਚਲਾਈਆਂ ਰੇਲਾਂ, ਅੰਗਰੇਜ਼ੀ ਨੌਕਰੀਆਂ ਅਤੇ ਡਾਕਖਾਨਿਆਂ ਦਾ ਬਾਈਕਾਟ ਕੀਤਾ। ਗੁਰੂ ਰਾਮ ਸਿੰਘ ਵੱਲੋਂ ਅੰਗਰੇਜ਼ ਦੀਆਂ ਮਿੱਲਾਂ ਦਾ ਕੱਪੜਾ ਛੱਡਕੇ ਘਰ ਦਾ ਬਣਿਆਂ ਜਾਂ ਪੰਜਾਬ ਦੀ ਧਰਤੀ ਨੇ ਪੰਜਾਬੀ ਲੋਕਾਂ ਦੁਆਰਾ ਬਣਿਆਂ ਖੱਦਰ ਪਹਿਨਣ ਦਾ ਪ੍ਰਚਾਰ ਕੀਤਾ ਗਿਆ। ਨਾਮਧਾਰੀਆਂ ਦੇ ਇਸ ਪ੍ਰਚਾਰ ਨਾਲ ਲੋਕਾਂ ਨੇ ਅੰਗਰੇਜ਼ ਦੀਆਂ ਮਿੱਲਾਂ ਦੀਆਂ ਬਣੀਆਂ ਪੁਸ਼ਾਕਾਂ ਨਕਾਰ ਦਿੱਤੀਆਂ। ਲੋਕ ਜੀਵਨ ਵਿਚੋਂ ਅਜਿਹੀਆਂ ਲੋਕ ਬੋਲੀਆਂ ਨੇ ਜਨਮ ਲਿਆ–

ਅਤਲਸਾਂ ਪਾੜ ਸੁੱਟੀਆਂ
ਨਹੀਂ ਖੱਦਰ ਬਿਨਾਂ ਹੱਥ ਲਾਉਣਾ।

ਕੂਕਾ ਲਹਿਰ ਨੇ ਅੰਗਰੇਜ਼ਾਂ ਦੀਆਂ ਰੇਲਾਂ ਦਾ ਬਾਈਕਾਟ ਕਰ ਦਿੱਤਾ। ਅੰਗਰੇਜ਼ ਦੀਆਂ ਬਣਾਈਆਂ ਰੇਲਾਂ ਤੇ ਸਫ਼ਰ ਕਰਨ ਦੀ ਥਾਂ ਨਾਮਧਾਰੀਆਂ ਨੇ ਗੱਡਿਆਂ, ਘੋੜਿਆਂ, ਊਠਾਂ ਤੇ ਹੀ ਸਫ਼ਰ ਕਰਨ ਦਾ ਪ੍ਰਚਾਰ ਕੀਤਾ। ਉਸ ਸਮੇਂ ਲੋਕਾਂ ਵਿੱਚ ਇਹ ਲੋਕ ਬੋਲੀ ਪ੍ਰਚਲੱਤ ਹੋਈ–

ਕੂਕੇ ਰੇਲ ਤੇ ਸਫਰ ਨਾ ਕਰਦੇ ਘੋੜ੍ਹਿਆਂ ਤੇ ਲਾਮੀਂ ਜਾਂਵਦੇ

ਪੁਰਾਤਨ ਸਮੇਂ ਤੋਂ ਸਾਡੀਆਂ ਖਾਣ ਪੀਣ ਵਾਲੀਆਂ ਵਸਤਾਂ ਵਿੱਚ ਮਿੱਠੇ ਦੇ ਤੌਰੇ ਤੇ ਗੁੜ ਅਤੇ ਬੂਰਾ ਖੰਡ ਵਰਤੀ ਜਾਂਦੀ ਸੀ। ਜਦੋਂ ਵਿਦੇਸ਼ੀ ਦਾਣੇਦਾਰ ਖੰਡ ਆਈ ਤਾਂ ਨਾਮਧਾਰੀਆਂ ਨੇ ਉਸਨੂੰ ਵਰਤਣ ਦੀ ਵੀ ਮਨਾਹੀ ਕੀਤੀ। ਨਾਮਧਾਰੀਆਂ ਵੱਲੋਂ ਘੁਲਾੜਿਆਂ ਦਾ ਹੱਥੀਂ ਬਣਿਆਂ ਗੁੜ੍ਹ, ਸ਼ੱਕਰ ਅਤੇ ਬੂਰਾ ਖੰਡ ਹੀ ਵਰਤੀ ਜਾਂਦੀ। ਇਸ ਬਾਰੇ ਲੋਕ ਬੋਲੀਆਂ ਇੰਝ ਦਰਸਾਉਂਦੀਆਂ ਹਨ–

ਨਹੀਂ ਖੰਡ ਦਾ ਸਰਬਤ ਪੀਣਾ ਸਹੁੰ ਖਾਧੀ ਖਾਲਸੇ ਨੇ
ਕੂਕੇ ਗੁੜ ਦਾ ਸਰਬਤ ਪੀਂਦੇ ਮਿੱਠੇ ਮਿੱਠੇ ਬੋਲ ਬੋਲਦੇ

ਕੂਕਾ ਅੰਦੋਲਨ ਦਾ ਪ੍ਰਚਾਰ, ਪ੍ਰਸਾਰ, ਦਿਨੋਂ ਦਿਨ ਵੱਧ ਰਹੀ ਵੱਡੀ ਗਿਣਤੀ, ਹੈਰਾਨ ਕਰ ਦੇਣ ਵਾਲਾ ਅਨੁਸ਼ਾਸ਼ਨ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਲਟ ਲਟ ਬਲਦਾ ਜਜ਼ਬਾ, ਪਿੰਡ ਪਿੰਡ ਦੀਵਾਨਾਂ ਦੀ ਭਰਮਾਰ ਨਾਲ ਅੰਗਰੇਜ਼ ਅੰਦਰ ਤੱਕ ਕੰਬ ਗਿਆ। ਅੰਗਰੇਜ਼ ਨੇ ਪੰਜਾਬ ਦੀ ਧਰਤੀ ਤੇ ਬੁੱਚੜਖਾਨੇ ਖੁਲਵਾ ਦਿੱਤੇ। ਜਿਥੇ ਗਊਆਂ ਅਤੇ ਬਲਦ ਕਤਲ ਕੀਤੇ ਜਾਂਦੇ। ਅੰਗਰੇਜ਼ ਨੇ ਅੰਮ੍ਰਿਤਸਰ ਵਿੱਚ ਤਿੰਨ ਬੁੱਚੜਖਾਨੇ ਖੁਲਵਾਏ ਜਿਨ੍ਹਾਂ ਵਿਚੋਂ ਇਕ ਬੁੱਚੜਖਾਨਾ ਹਰਿਮੰਦਰ ਸਾਹਿਬ ਨੇੜੇ ਖੁਲਵਾ ਦਿੱਤਾ। ਜਿਸ ਨਾਲ ਜਾਨਵਰ ਮਾਸ ਦੀਆਂ ਬੋਟੀਆਂ ਚੁੰਜਾਂ ਵਿੱਚ ਫੜਕੇ ਸਰੋਵਰ ਅਤੇ ਗੁਰੂ ਘਰ ਦੀਆਂ ਦਿਵਾਰਾਂ ਤੇ ਬੈਠ ਕੇ ਮਾਸ ਦੀਆਂ ਬੋਟੀਆਂ ਸੁੱਟ ਦਿੰਦੇ। ਇਸ ਤਰ੍ਹਾਂ ਪਵਿੱਤਰ ਸਰੋਵਰ ਅਤੇ ਗੁਰੂ ਘਰ ਦੀ ਪਵਿੱਤਰਤਾ ਭੰਗ ਹੋਣ ਲੱਗੀ। ਨਾਮਧਾਰੀਆਂ ਨੇ ਇਸ ਅਪਰਾਧ ਨੂੰ ਆੜੇ ਹੱਥੀਂ ਲਿਆ ਤੇ ਬੁੱਚੜਖਾਨਿਆਂ ਤੇ ਹਮਲੇ ਕਰ ਦਿੱਤੇ। ਇਸੇ ਤਰ੍ਹਾਂ ਹੀ ਰਾਏਕੋਟ ਵਿਖੇ ਟਾਹਲੀਆਣਾ ਗੁਰਦੁਆਰਾ ਸਾਹਿਬ ਕੋਲ ਵਾਪਰਿਆ। ਸਿੰਘਾਂ ਨੇ ਉਸ ਬੁੱਚੜਖਾਨੇ ਤੇ ਵੀ ਹੱਲਾ ਬੋਲ ਦਿੱਤਾ। ਗੁਰਮੁੱਖ ਸਿੰਘ ਫਰਵਾਹੀ ਦੀਆਂ ਅੱਖਾਂ ਸਾਹਮਣੇ ਕੋਤਵਾਲੀ ਵਿੱਚ ਬਲਦ ਕਤਲ ਕਰ ਦਿੱਤਾ ਗਿਆ ਜਿਸ ਨੇ ਮਲੇਰਕੋਟਲੇ ਦੀ ਖੂਨੀ ਸਾਕੇ ਨੂੰ ਜਨਮ ਦਿੱਤਾ। ਅੰਗਰੇਜ਼ ਨੇ ਨਾਮਧਾਰੀਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ, ਤੋਪਾਂ ਨਾਲ ਉਡਾ ਦਿੱਤਾ, ਫਾਂਸੀਆਂ ਤੇ ਚੜ੍ਹਾ ਦਿੱਤਾ। ਉਸ ਵਕਤ ਦੇ ਹਾਲਾਤਾਂ ਵਿਚੋਂ ਇਹਨਾਂ ਲੋਕ ਬੋਲੀਆਂ ਦਾ ਜਨਮ ਹੋਇਆ–

– ਤੋਪਾਂ ਚੱਲੀਆਂ ਤੇ ਉਡ ਗਏ ਕੂਕੇ
ਦੇਸ ਦੀ ਆਜ਼ਾਦੀ ਬਦਲੇ
– ਛਾਤੀ ਤਾਣ ਕੇ ਸੂਰਮੇ ਖੜ੍ਹ ਗਏ
ਗੋਰਿਆਂ ਦੀ ਤੋਪ ਬੁੜਕੀ
– ਗੋਰਾ ਮੇਮ ਸਾਹਬ ਸਾਹਿਬ ਨੂੰ ਆਖੇ
ਹਿੰਦੀਆਂ ਦੇ ਜੋਸ਼ ਬੁਰੇ।
–ਸਿੰਘ ਕੋਈ ਨਾ ਤੋਪ ਤੋਂ ਡਰਦਾ
ਹੱਸ ਹੱਸ ਆਏ ਸਾਹਮਣੇ
– ਬੱਲੇ ਬੱਲੇ ਕੂਕਿਆਂ ਦੇ
ਤੋਪਾਂ ਵੇਖਕੇ ਜਰਾ ਨਾ ਘਬਰਾਏ

ਨਾਮਧਾਰੀਆਂ ਨੇ ਚਮੜੇ ਦੇ ਨਕਾਬ ਦੀ ਥਾਂ ਆਪਣੇ ਹੱਥੀਂ ਵੱਟੇ ਰੇਸ਼ਮੀ ਰੱਸੇ ਗਲਾਂ ਵਿੱਚ ਪਾਏ ਸ਼ਹੀਦ ਹੋ ਗਏ। ਨਾਮਧਾਰੀਆਂ ਨੇ ਦੀਵਾਨਾਂ ਵਿੱਚ ਇਹ ਸ਼ਬਦ ਗਾਇਆ ਜੋ ਲੋਕ ਬੋਲੀ ਦਾ ਰੂਪ ਧਾਰਨ ਕਰ ਗਿਆ–

ਸਿੰਘ ਫਾਂਸੀਆਂ ਨੂੰ ਕਰਦੇ ਨੇ ਹਾਸੀਆਂ

ਨਾਲੇ ਗਲ ਤੰਦੀ ਪਾਂਵਦੇ

ਸੈਂਕੜੇ ਨਾਮਧਾਰੀਆਂ ਨੂੰ ਅੰਗਰੇਜ਼ ਨੇ ਜੇਲ੍ਹਾਂ ਵਿੱਚ ਡੱਕ ਦਿੱਤਾ-

ਕੈਦਾਂ ਕੱਟੀਆਂ ਤਸੀਹੇ ਝੱਲੇ
ਸਿੰਘਾਂ ਨਾਮਧਾਰੀਆਂ ਨੇ...

18 ਜਨਵਰੀ 1872 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਨੇ 10 ਸੂਬਿਆਂ ਨੂੰ ਜਲਾਵਤਨ ਕਰ ਦਿੱਤਾ ਗਿਆ। ਜਿਸ ਨਾਲ ਕੂਕੇ ਆਪਣੇ ਪ੍ਰੀਤਮ ਪਿਆਰੇ ਦੇ ਵਿਛੋੜੇ ਵਿਚ ਗਲੋਂ ਬੇਹਾਲ ਹੋ ਗਏ। ਨਾਮਧਾਰੀ ਇਸ ਅਸਹਿ ਅਤੇ ਅਕਹਿ ਵਿਛੋੜੇ ਨੂੰ ਜਰ ਨਾ ਸਕੇ। ਪੰਜਾਬ ਦੀਆਂ ਕੰਧਾਂ ਕੰਬ ਗਈਆਂ ਨਾਮਧਾਰਅੀ ਵਿਰਲਾਪ ਕਰਦੇ ਧਾਹਾਂ ਮਾਰ ਰੋਏ। ਜਿਸ ਵਿੱਚ ਇਹ ਲੋਕ ਕਾਵਿ ਉਪਜਿਆ-

ਟੁੱਟ ਜਾਏਂ ਰੇਲ ਗੱਡੀਏ
ਸੱਚੇ ਗੁਰਾਂ ਦਾ ਵਿਛੋੜਾ ਪਾਇਆ।

ਮਿਸਟਰ ਜੇ. ਡਬਲਯੂ ਕਮਿਸ਼ਨਰ ਅੰਬਾਲਾ ਸਤਿਗੁਰੂ ਰਾਮ ਸਿੰਘ ਜੀ ਤੋਂ ਪ੍ਰਭਾਵਿਤ ਹੋ ਕੇ ਆਪਣੀ ਲਿਖਤ ਵਿੱਚ ਲਿਖਦਾ ਹੈ ਕਿ "ਇਹਦੇ ਇਰਾਦੇ ਸ਼ੁਰੂ ਵਿੱਚ ਭਾਵੇਂ ਕੁਝ ਵੀ ਹੋਣ ਪਰ ਹੁਣ ਇਸ ਦਾ ਨਿਸ਼ਾਨਾ ਰਾਜਨੀਤਿਕ ਹੈ। ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸ਼ੀਅਤ ਵਿੱਚ ਇਹ ਬਰਤਾਨਵੀ ਸਲਤਨਤ ਦਾ ਵੈਰੀ ਹੈ।"

ਗੁਰੂ ਰਾਮ ਸਿੰਘ ਜੀ ਨੇ ਵਿਦੇਸ਼ਾਂ ਨਾਲ ਵੀ ਸਬੰਧ ਸਥਾਪਤ ਕਰ ਲਏ। ਉਹਨਾਂ ਨੇਪਾਲ, ਕਸ਼ਮੀਰ, ਹੈਦਰਾਬਾਦ, ਲਖਨਊ, ਗਵਾਲੀਅਰ ਅਤੇ ਕਸ਼ਮੀਰ ਦੇ ਰਾਜਿਆਂ ਨਾਲ ਵੀ ਸਬੰਧ ਸਥਾਪਿਤ ਕਰ ਲਏ। ਉਹਨਾਂ ਕਸ਼ਮੀਰ ਵਿੱਚ ਸ. ਹੀਰਾ ਸਿੰਘ ਸਢੌਰਾ ਦੀ ਕਮਾਣ ਹੇਠ ਕੂਕਾ ਰਜ਼ਮੈਂਟ ਨਾਂਅ ਦੀ ਇਕ ਫੌਜ਼ ਵੀ ਖੜ੍ਹੀ ਕਰ ਲਈ। ਪੰਜਾਬ ਵਿੱਚ ਲੱਗਦੇ ਦੀਵਾਨਾਂ ਵਿੱਚ ਵੀ ਲੋਕਾਂ ਨੂੰ ਅੰਗਰੇਜ਼ ਪ੍ਰਤੀ ਨਾ ਮਿਲਵਰਤਨ ਅਤੇ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਲਾਮਵੰਦ ਕੀਤਾ ਜਾਂਦਾ। ਨਾਮਧਾਰੀ ਮਸਤੀ ਦੇ ਆਲਮ ਵਿੱਚ ਅਜਿਹੀਆਂ ਧਾਰਨਵਾਂ ਪੜ੍ਹਦੇ ਜਿਸ ਨਾਲ ਲੋਕਾਂ ਵਿੱਚ ਹੋਰ ਜੋਸ਼ ਭਰਦਾ। ਨਾਮਧਾਰੀਆਂ ਦੇ ਉਸ ਵਕਤ ਦੇ ਦੀਵਾਨਾਂ ਦੇ ਸ਼ਬਦ ਸਾਡੇ ਸੱਭਿਆਚਾਰ ਦਾ ਅਤੁੱਟ ਅੰਗ ਬਣ ਗਏ-

ਇਥੋਂ ਚੁੱਕ ਲੈ ਫਰੰਗੀਆ ਡੇਰਾ
ਖਾਲਸੇ ਨੇ ਰਾਜ ਕਰਨਾ।
ਅਸੀਂ ਹਿੰਦ ਵਿੱਚ ਗਦਰ ਮਚਾਉਣਾ
ਕੱਢਣਾ ਫਰੰਗੀਆਂ ਨੂੰ
ਛਾਉਣੀ ਕਰਦੇ ਫ਼ਰੰਗੀਆ ਖਾਲੀ
ਖਾਲਸੇ ਨੇ ਰਾਜ ਕਰਨਾ।

ਭਾਵੇਂ ਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ ਗਿਆ ਪਰ ਆਜ਼ਾਦੀ ਦੀ ਜੋਤ ਉਵੇਂ ਹੀ ਬਲਦੀ ਰਹੀ। ਗੁਰੂ ਰਾਮ ਸਿੰਘ ਜੀ ਨੇ ਰੰਗੂਨ ਸਖਤ ਪੁਲਿਸ ਪਹਿਰੇ ਹੇਠ ਚਿੱਠੀਆਂ ਰਾਹੀਂ ਰੂਸ ਨਾਲ ਸਬੰਧ ਸਥਾਪਤ ਕਰ ਲਏ। ਬੰਗਾਲ ਦੇ ਉਘੇ ਨਾਮਵਰ ਇਤਿਹਾਸਕ ਪੀ.ਸੀ ਗਏ ਉਸ ਖਤ ਦਾ ਹਵਾਲਾ ਦਿੰਦੇ ਹਨ ਜਿਹੜਾ ਖ਼ਤ ਗੁਰੂ ਰਾਮ ਸਿੰਘ ਜੀ ਨੇ ਰੂਸ ਨੂੰ ਲਿਖਿਆ। ਗੁਰੂ ਜੀ ਰੂਸ ਦੇ ਜਾਰ ਕਾਰਡ ਕਮਿਆਨ ਨੂੰ ਲਿਖਦੇ ਹਨ-

"ਸਾਡੇ ਹੱਥ ਵਿਚ 3 ਲੱਖ 15 ਹਜ਼ਾਰ ਫੌਜ਼ ਹੈ ਲੋੜ ਪੈਣ ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਲ ਨਹੀਂ ਹੋਵੇਗੀ" ਲੋਕ ਕਾਵਿ ਨੇ ਉਸ ਵਕਤ ਦੇ ਸਮੇਂ ਨੂੰ ਇੰਝ ਬਿਆਨ ਕੀਤਾ ਹੈ-

-ਚਿੱਠੀਆਂ ਰੂਸ ਨੂੰ ਪਾਈਆਂ
ਸਤਿਗੁਰ ਰਾਮ ਸਿੰਘ ਨੇ

ਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਤੋਂ ਗੱਡੇ ਵਿੱਚ ਬੈਠਕੇ ਜਲਾਵਤਨ ਰਵਾਨਾ ਹੋਣ ਲੱਗਿਆਂ ਆਖਿਆ ਸੀ ਮੈਂ ਆਵਾਂਗਾ- ਮੈਂ ਜ਼ਰੂਰ ਆਵਾਂਗਾ ਤੁਸੀਂ ਆਜ਼ਾਦੀ ਦੀ ਜੋਤ ਨੂੰ ਬਲਦੀ ਰੱਖਿਓ... ਮੈਂ ਅਵੱਸ਼ ਆਵਾਂਗਾ..।" ਤੇ ਅੱਜ ਵੀ ਨਾਮਧਾਰੀ ਆਪਣੇ ਪ੍ਰਦੇਸ਼ੀ ਪ੍ਰੀਤਮ ਦੀਆਂ ਰਾਹਾਂ ਤੱਕਦੇ ਅਜਿਹੇ ਸ਼ਬਦ ਪੜ੍ਹਦੇ, ਵਿਆਕੁਲ ਹੋ ਜਾਂਦੇ, ਵੈਰਾਗੀ ਹੋ ਜਾਂਦੇ ਜਿਵੇਂ ਕੱਲ੍ਹ ਦੀ ਹੀ ਗੱਲ ਹੋਵੇ-

ਤੇਰੀ ਸੰਗਤ ਉਡੀਕਦੀ ਆ
ਫੇਰਾ ਵਤਨਾਂ ਨੂੰ ਪਾ ਮਾਹੀ ਵੇ...।

ਇਹ ਸ਼ਬਦ ਵੀ ਅੱਜ ਨਾਮਧਾਰੀ ਪੰਜਾਬੀ ਲੋਕਧਾਰਾ ਦਾ ਅਟੁੱਟ ਹਿੱਸਾ ਬਣ ਗਿਆ ਹੈ।

.........................................................

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪਾਠਾਂ ਦੇ ਵੇਰਵੇ



ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)
ਸਿੱਖ ਇਤਿਹਾਸ ਦੇ ਖੋਜੀ ਅਤੇ ਵਿਦਵਾਨ
94177-69103

ਕਿਸੇ ਧਾਰਮਿਕ ਗ੍ਰੰਥ ਦਾ ਪਾਠ ਕਰਨਾ ਅਰਥਾਤ ਵਿਧੀ ਅਨੁਸਾਰ ਪਾਠ ਅਖੰਡ ਪਾਠ ਕਰਵਾਉਣਾ ਅਤੇ ਅੰਗ ਸਾਕ ਰਿਸ਼ਤੇਦਾਰ ਬੁਲਾ ਕੇ ਧਰਮ ਅਰਥ ਖੁਸ਼ੀ ਗਮੀ ਦੇ ਕਾਰਜ ਕਰਨ ਨੂੰ ਪੁੰਨ ਦਾ ਕਾਰਜ ਸਮਝਿਆ ਜਾਂਦਾ ਰਿਹਾ ਹੈ। ਪਾਠਕ ਹੈਰਾਨ ਹੋਣਗੇ ਕਿ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਉੱਪਰ ਅੰਗਰੇਜ਼ ਸਰਕਾਰ ਵਲੋਂ ਨਾਮਧਾਰੀ ਪੰਥ ਲਈ ਪਾਬੰਦੀ ਸੀ। ਸਤਿਗੁਰੂ ਰਾਮ ਸਿੰਘ ਜੀ ਤੇ ਅੰਗਰੇਜ਼ ਸਰਕਾਰ ਨੇ 1863 ਈ. ਵਿੱਚ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਸੀ ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਉਹ ਆਪਣੇ ਪ੍ਰਚਾਰ ਦੌਰਿਆਂ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਕਰਵਾਉਂਦੇ ਅਤੇ ਬਾਣੀ ਦਾ ਪ੍ਰਚਾਰ ਕਰਦੇ ਅਤੇ ਮਲੇਸ਼ ਸਰਕਾਰ ਬਸਤੀਵਾਦੀ ਸਰਕਾਰ ਨੂੰ ਚੰਦ ਰੋਜ ਦਾ ਚਾਲਾ ਦੱਸ ਕੇ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦਾ ਪ੍ਰਚਾਰ ਕਰਦੇ ਸਨ।

ਸਰਕਾਰ ਅੰਗਰੇਜ਼ੀ, ਨਾਮਧਾਰੀ ਪੰਥ ਨੂੰ ਖ਼ਤਮ ਕਰਨ ਦੇ ਯਤਨ ਕਰ ਰਹੀ ਸੀ ਪ੍ਰੰਤੂ ਸਤਿਗੁਰੂ ਰਾਮ ਸਿੰਘ ਜੀ ਦੇ ਯਤਨਾਂ ਨਾਲ ਨਾਮਧਾਰੀ ਪੰਥ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਸੀ, ਗਊ ਗਰੀਬ ਦੀ ਰੱਖਿਆ ਅਤੇ ਸੁਣਵਾਈ ਹੋਣ ਲੱਗ ਪਈ ਸੀ। 18 ਜਨਵਰੀ 1871 ਈ. ਨੂੰ ਸਰਕਾਰ ਅੰਗਰੇਜ਼ੀ ਨੇ ਨਾਮਧਾਰੀ ਪੰਥ ਤੇ ਕਹਿਰ ਢਾਹਿਆ। ਮਲੇਰਕੋਟਲੇ ਵਾਲੇ ਸਾਕੇ ਦੀ ਘਟਨਾ ਨੇ ਅੰਗਰੇਜ਼ਾਂ ਨੂੰ ਮੌਕਾ ਦੇ ਦਿੱਤਾ, ਉਹਨਾਂ ਨੇ 17 ਜਨਵਰੀ ਨੂੰ 40 ਸਿੰਘਾਂ ਨੂੰ ਮਲੇਰਕੋਟਲੇ ਦੇ ਰੱਕੜ ਵਿੱਚ ਤੋਪਾਂ ਅੱਗੇ ਖੜੇ ਕਰਕੇ ਸ਼ਹੀਦ ਕਰ ਦਿੱਤਾ ਅਤੇ 18 ਜਨਵਰੀ ਨੂੰ 16 ਸਿੰਘਾਂ ਨੂੰ ਵੀ ਨਾ

ਅਪੀਲ, ਨਾ ਵਕੀਲ ਅਤੇ ਨਾ ਕੋਈ ਦਲੀਲ ਦੇ ਸ਼ਹੀਦ ਕਰ ਦਿੱਤਾ ਗਿਆ। ਉਸ ਦਿਨ ਸਤਿਗੁਰੂ ਰਾਮ ਸਿੰਘ ਜੀ ਨੂੰ ਲੁਧਿਆਣੇ ਬੁਲਾਇਆ ਗਿਆ, ਉਹ ਕਰਮੋ ਵਾਲੀ ਕਾਲੀ ਕੰਬਲੀ ਸਿਰ 'ਤੋਂ ਲੈ ਕੇ ਮਹੰਤ ਗੁਰਦਿੱਤ ਸਿੰਘ ਦੇ ਗੱਡੇ ਤੇ ਬੈਠ ਕੇ ਭਾਈ ਨਾਨੂ ਸਿੰਘ ਗੜ੍ਹਵਈ ਤੇ ਸੂਬਿਆਂ ਨਾਲ ਲੁਧਿਆਣੇ ਵੱਲ ਸਰਕਾਰ ਦੇ ਸੱਦੇ ਤੇ ਗਏ। ਰੋਂਦੀਆਂ ਕੁਰਲਾਦੀਆਂ ਸੰਗਤਾਂ ਛਾਤੀਆਂ ਪਿੱਟ ਰਹੀਆਂ ਸਨ, ਵਾਲ ਖੁੱਲ੍ਹੇ ਹੋਏ ਸਿੰਘ ਦੁਹਥੜਾਂ ਮਾਰ ਰਹੇ ਸਨ ਅਤੇ ਨਾ ਜਾਣ ਦਾ ਵਾਸਤਾ ਸਤਿਗੁਰਾਂ ਨੂੰ ਪਾ ਰਹੇ ਸਨ। ਸਤਿਗੁਰੂ ਜੀ ਗੱਡੇ ਤੇ ਬੈਠ ਕੇ ਸਰਕਾਰ ਦੇ ਸੱਦੇ ਤੇ ਜਾਂਦੇ ਹੋਏ, ਉਚੀ ਬਾਂਹ ਕਰਕੇ ਸੰਗਤ ਨੂੰ ਦਿਲਾਸੇ ਦੇ ਰਹੇ ਸਨ ਕਿ ਅਸੀਂ ਛੇਤੀ ਆਵਾਂਗੇ। ਉਹ ਦਰਦਨਾਕ ਦ੍ਰਿਸ਼, ਸੰਤ ਵਰਿਆਮ ਸਿੰਘ ਮੁਸਵਰ ਦੀ ਤਿਆਰ ਕੀਤੀ ਤਸਵੀਰ ਅੱਜ ਵੀ ਸੰਗਤਾਂ ਨੂੰ ਹਲੂਣ ਕੇ ਰੱਖ ਦੇਂਦੀ ਹੈ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਪੰਥ ਤੇ ਬਹੁਤ ਸਖ਼ਤਾਈ ਕੀਤੀ ਗਈ, ਅੰਗਰੇਜ਼ ਸਰਕਾਰ ਤੇ ਉਸਦੇ ਟਾਉਟਾਂ ਨੇ ਝੂਠੀਆਂ ਤੇ ਸੱਚੀਆਂ ਖ਼ਬਰਾਂ ਨੂੰ ਇਕੱਤਰ ਕਰਕੇ ਸਰਕਾਰ ਦੇ ਦਫ਼ਤਰਾਂ ਵਿੱਚ ਪਹੁੰਚ ਕੇ ਨਾਮਧਾਰੀਆਂ 'ਤੇ ਸਖ਼ਤੀਆਂ ਕੀਤੀਆਂ ਗਈਆਂ ਪ੍ਰੰਤੂ ਨਾਮਧਾਰੀ ਪੰਥ ਦੇ ਸਰਕਾਰ ਦੀ ਈਨ ਨਹੀਂ ਮੰਨੀ ਅਤੇ ਸਤਿਗੁਰੂ ਹਰੀ ਸਿੰਘ ਜੀ ਦਾ ਹੁਕਮ ਮੰਨ ਕੇ ਅਤੇ ਰੰਗੂਨ ਵਲੋਂ ਸਤਿਗੁਰੂ ਜੀ ਨੇ ਸਮੇਂ ਸਮੇਂ ਦੱਸੀ ਪਾਠਾਂ ਦੀ ਮਰਯਾਦਾ ਨੂੰ ਮੰਨਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਕੀਤੇ। ਸੰਤ ਬਿਸ਼ਨ ਸਿੰਘ ਜੀ ਨੰਗਲ ਨੇ ਕੁਝ ਵੇਰਵੇ ਇਕੱਤਰ ਕਰਕੇ ਫਰਵਰੀ 1954 ਦੇ ਸਤਿਜੁਗ ਦੇ ਬਸੰਤ ਅੰਕ- ਪਾਠ ਫੱਗਣ 2010 ਬਿ. ਦੇ ਵਿਸ਼ੇਸ਼ ਅੰਕ ਵਿੱਚ ਪ੍ਰਕਾਸ਼ਤ ਕਰਵਾਏ, ਜੋ ਇਸ ਪ੍ਰਕਾਰ ਸਨ-

ਸੰਤ ਬਿਸ਼ਨ ਸਿੰਘ ਜੀ ਨੰਗਲ ਲਿਖਦੇ ਹਨ- "ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਜਾਣ ਤੋਂ ਪਿਛੋਂ ਅੰਗਰੇਜ਼ ਨੇ ਪਾਠ ਕਰਨ ਦੀ ਮਨਾਹੀ ਕਰ ਦਿੱਤੀ। ਓਹ ਕਹਿੰਦੇ ਸੀ ਕਿ ਪਾਠ ਕਰਨ ਵੇਲੇ ਤੁਹਾਡੀ ਭਾਵਨਾ ਅੰਗਰੇਜ਼ ਰਾਜ ਨੂੰ ਖ਼ਤਮ ਕਰਨ ਦੀ ਰਹਿੰਦੀ ਹੈ ਤੇ ਤੁਹਾਡਾ ਅਰਦਾਸਾ ਤੇ ਅਸਲੋਂ ਬਾਗੀ ਹੈ। ਇਸ ਲਈ ਏਹ ਰਸਮ ਅਦਾ ਕਰਨੀ ਅੰਗਰੇਜ਼ੀ ਰਾਜ ਵਿਰੁੱਧ ਪਹਿਲਾ ਕਦਮ ਹੈ। ਜੋ ਵੀ ਨਾਮਧਾਰੀ ਪਾਠ ਕਰਵਾਉਂਦਾ ਸੀ ਉਸ ਨੂੰ ਬੜੀ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਤੇ ਪਾਠ ਵਿੱਚ ਕਿਸੇ ਕਿਸਮ ਦਾ ਹਿੱਸਾ ਲੈਣ ਵਾਲੇ ਨੂੰ ਵੀ ਸੁੱਕਾ ਨਹੀਂ ਸੀ ਜਾਣ ਦਿੱਤਾ ਜਾਂਦਾ।

ਰਾਇਸਰ- ਸੰਤ ਉੱਤਮ ਸਿੰਘ ਜੀ, ਬਾਬਾ ਚੂਹੜ ਸਿੰਘ ਜੀ ਨੂੰ ਅਖੰਡ ਪਾਠ ਕਰਨ ਦੇ ਜ਼ੁਰਮ ਵਿੱਚ ਮਿਸਟਰ ਨੋਕਲ ਫ਼ਿਰੋਜ਼ਪੁਰ ਨੇ 6-6 ਮਹੀਨੇ ਕੈਦ ਕੀਤਾ। ਇਹਨਾਂ ਦਾ ਮੁਖਬਰ ਝੰਡੇ ਖਾਂ ਸੀ।

ਸਿਆਣਕੇ- ਪਿੰਡ ਵਿੱਚ ਭਾਈ ਜਗਤ ਸਿੰਘ ਨੇ ਆਪਦੇ ਪੁੱਤਰ ਦੇ ਵਿਆਹ ਦੀ ਖੁਸ਼ੀ ਵਿੱਚ ਦਰਬਾਰ ਸਾਹਿਬ ਦਾ ਭੋਗ ਪਵਾਇਆ ਜਿਸ ਕਰਕੇ ਆਪ ਨੂੰ 6 ਮਹੀਨੇ ਕੈਦ 100/- ਰੁਪੈ ਜੁਰਮਾਨਾ ਕੀਤਾ ਗਿਆ।

ਝੋਰੜ- ਪਿੰਡ ਦੇ ਸੰਤ ਪੰਜਾਬ ਸਿੰਘ ਤੇ ਝਾਬਾ ਸਿੰਘ ਜੀ ਨੂੰ ਪਾਠ ਬਦਲੇ ਬੜੇ ਤਸੀਹੇ ਦਿੱਤੇ ਗਏ।

ਬਸੀਆਂ- ਦੇ ਬਾਬਾ ਸਾਹਿਬ ਸਿੰਘ ਜੀ ਮਜ਼੍ਹਬੀ ਨੂੰ ਪਾਠ ਕਰਨ ਬਦਲੇ ਰਾਇਕੋਟ ਦੀ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਘਰ ਬਾਰ ਜ਼ਬਤ ਇਹਨਾਂ ਦੇ ਦੋ ਪੁੱਤਰ ਸੰਤ ਸਿੰਘ ਤੇ ਕਰਨ ਸਿੰਘ ਨੂੰ 6-6 ਮਹੀਨੇ ਸਖ਼ਤ ਕੈਦ।

ਰੁਪਾਣੇ- ਪਿੰਡ ਵਿੱਚ ਪਾਠਾਂ ਦੇ ਭੋਗ ਪੈਣ ਦੇ ਜੁਰਮ ਵਿੱਚ 44 ਸਿੰਘਾਂ ਨੂੰ ਮਿਸਟਰ ਨੋਕਸ ਡਿਪਟੀ ਕਮਿਸ਼ਨਰ ਜ਼ਿਲ੍ਹਾ ਫਿਰੋਜ਼ਪੁਰ ਨੇ 6 ਮਹੀਨੇ ਜ਼ੇਲ੍ਹ ਵਿੱਚ ਰੱਖਿਆ। ਇਸ ਕੈਦ ਵਿੱਚ ਬਾਬਾ ਬਚਿਤਰ ਸਿੰਘ ਕਰਾਈ ਤੇ ਬਾਬਾ ਕੁਸ਼ਾਲ ਸਿੰਘ ਜੰਡਵਾਲੀਏ ਵੀ ਸਨ। ਮੁਖਬਰ ਬੁੱਟਰ ਤੇ ਸੋਢੀਵਾਲੀਏ ਦੇ ਸਨ।

ਖਿਆਲਾ- ਜ਼ਿਲ੍ਹਾ ਅੰਮ੍ਰਿਤਸਰ ਦੇ ਸ. ਗੰਡਾ ਸਿੰਘ ਜੀ ਨੇ 100 ਅਖੰਡ ਪਾਠ ਕਰੌਣ ਦਾ ਹੁਕਮ ਲਿਆ ਸੀ ਪਰ ਕਰਾਇਆ ਪਾਠ ਇਕ ਵਧ ਸੀ ਯਾਨੀ ਇੱਕ ਸੌ ਇੱਕ। ਇਸੇ ਜ਼ੁਰਮ ਵਿੱਚ 6 ਮਹੀਨੇ ਕੈਦ ਸੁਣਾ ਦਿੱਤੀ ਅੰਮ੍ਰਿਤਸਰ ਦੇ ਡਿਪਟੀ ਨੇ।

ਮੁਠੱਡੇ- (ਜਲੰਧਰ) ਵਿੱਚ ਸੰਤ ਕੌਰ ਨੂੰ ਪਾਠ ਕਰਨ ਦੇ ਜ਼ੁਰਮ ਵਿੱਚ 6 ਮਹੀਨੇ ਦੀ ਸਜਾ ਹੋਈ।

ਗੜ੍ਹੀ ਮਹਾਂ ਸਿੰਘ- ਜਲੰਧਰ) ਦੇ ਸੰਤ ਕਾਹਨ ਸਿੰਘ ਜੀ ਅਨੰਦ ਦਾ ਪਾਠ ਕਰਦੇ ਕਰਦੇ ਫੜ੍ਹੇ ਗਏ ਜਿਸਦੇ 6 ਮਹੀਨੇ ਜੇਲ੍ਹ ਦੀ ਹਵਾ ਖਾਣੀ ਪਈ।

ਮਾਂਗਟ- (ਜ਼ਿਲ੍ਹਾ ਲਾਹੌਰ) ਦੇ ਇਕ ਘੁਮਿਆਰ ਸਿੰਘ ਨੇ ਲੜਕੇ ਦੇ ਅਨੰਦ ਤੇ ਭੋਗ ਪਾਇਆ ਜਿਸਦੀ ਸਜਾ 6 ਮਹੀਨੇ ਭੁਗਤਣੀ ਪਈ।

ਅਖੰਡ ਪਾਠ- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਜਾਣ ਤੋਂ ਪਿੱਛੋਂ ਇਕ ਦਿਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਅਕਾਸ਼ਬਾਣੀ ਹੋਈ ਕਿ ਅਖੰਡ ਪਾਠ ਕਰਾਓ ਸਾਡੇ ਨਮਿਤ ਫਿਰ ਸਾਡੇ ਦਰਸ਼ਨ ਛੇਤੀ ਹੋਣਗੇ। ਸ੍ਰੀ ਗੁਰੂ ਹਰੀ ਸਿੰਘ ਜੀ ਨੇ ਪੰਜ ਪਾਠਾਂ ਦਾ ਅਰਦਾਸ ਕਰਕੇ ਪਾਠ ਰਖਾ ਦਿੱਤਾ ਜਿਸ ਵਿੱਚ ਪਾਠੀ ਮਹੰਤ ਗੁਰਦਿੱਤ ਸਿੰਘ ਜੀ ਬਾਬਾ ਰਾਘੋ ਸਿੰਘ, ਲਾਂਗਰੀ ਨਰੈਣ ਸਿੰਘ ਸਿਆਹੜੀਆ, ਬਾਬਾ ਰਾਗਾ ਸਿੰਘ ਜੀ ਨੂੰ ਲਾਇਆ। ਇਕ ਸਿੰਘ ਧੂਪ ਪਾਉਂਦਾ ਰਿਹਾ, ਕੋਲ ਘਿਉ ਦਾ ਦੀਵਾ ਬਲਦਾ ਰਿਹਾ, ਇਕ ਜਲ ਦਾ ਬਰਤਨ ਭੀ ਭਰਕੇ ਕੋਲ ਰੱਖਿਆ ਜਿਸਨੂੰ ਕੁੰਭ ਕਿਹਾ ਜਾਂਦਾ ਹੈ। ਰਾਤ ਨੂੰ ਸਰੋਂ ਦਾ ਦੀਵਾ ਕਰਕੇ ਪਾਠ ਕਰਨਾ ਸਿੰਘ ਇਕ ਰੌਲ ਤੇ ਬਹਿ ਕੇ ਪਾਠ ਕਰਦਾ ਸੀ ਵਾਰੀ ਨਾਲ। ਦਿਨੇ ਸਤਿਗੁਰੂ ਰਾਮ ਸਿੰਘ ਜੀ ਦੇ ਦੋਹਤੇ ਬਸੰਤ ਸਿੰਘ ਹੁਰੀ ਵੀ ਮਦਦ ਕਰ ਦਿੰਦੇ ਸਨ। ਦੋ ਪਾਠ ਹੋ ਗਏ ਸਨ, ਤੀਸਰੇ ਪਾਠ ਵਿੱਚ ਚੁਗਲ ਬਾਰਬਟਨ ਡੀ.ਸੀ. ਲੁਧਿਆਣੇ ਕੋਲ ਜਾ ਕੇ ਸ਼ਕੈਤ ਕੀਤੀ ਕਿ ਕੂਕੇ ਪਾਠ ਦੇ ਪੱਜ ਕੱਠੇ ਹੁੰਦੇ ਹਨ ਕਿਤੇ ਫੇਰ ਨਾ ਰੌਲਾ ਪਾ ਦੇਣ। ਬਾਰਬਟਨ ਰਾਤੋਂ-ਰਾਤ ਚੜ੍ਹ ਆਇਆ ਤੇ ਲੱਗੀ ਮੰਦਰਾਂ ਦੀ ਤਲਾਸੀ ਹੋਣ। ਸਿੰਘਾਂ ਨੇ ਦੁਬਾਰਾ ਉਸੇ ਤਰ੍ਹਾਂ ਪਾਠ ਸ਼ੁਰੂ ਕਰ ਦਿੱਤਾ ਹੇਠਾਂ ਆ ਕੇ। ਇਸੇ ਤਰ੍ਹਾਂ ਪੰਜ ਪਾਠ ਸੰਪੂਰਨ ਕੀਤੇ।...

ਸੰਮਤ 1933 ਦੀ ਮਾਘੀ ਉੱਤੇ ਮੁਕਤਸਰ ਦੀ ਸੰਗਤ ਵਲੋਂ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਪੰਜ ਅਖੰਡ ਪਾਠ ਕਰਵਾਏ ਗਏ।

1934 ਬਿਕਰਮੀ ਦੀ ਵਿਸਾਖੀ ਉੱਤੇ ਦਮਦਮਾ ਸਾਹਿਬ ਵਿੱਚ ਪੰਜ ਅਖੰਡ ਪਾਠ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਏ।

ਸੰਮਤ ਬਿਕਰਮੀ 1932 ਤੋਂ 1950 ਤੱਕ ਹਰ ਹੋਲਾ ਜਾਂ ਮੇਲਾ ਜੋ ਵੀ ਸ੍ਰੀ ਭੈਣੀ ਸਾਹਿਬ ਹੋਇਆ। 101 ਅਖੰਡ ਪਾਠ ਜ਼ਰੂਰ ਹੀ ਹੁੰਦੇ ਰਹੇ।

1951 ਦੀ ਮਾਘੀ ਉੱਤੇ ਮੁਕਤਸਰ ਦੀ ਸੰਗਤ ਨੇ 300 ਸਹਿਜ ਪਾਠਾਂ ਦੇ ਭੋਗ ਪੁਆਏ। ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਇਥੇ ਪਹਿਲੀ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਹਿਬਜ਼ਾਦੇ ਦੀ ਹੈਸੀਅਤ ਵਿੱਚ ਦਰਸ਼ਨ ਦਿੱਤੇ।

1954 (ਬਿਕਰਮੀ) ਵਿੱਚ ਸ. ਕਰਤਾਰ ਸਿੰਘ ਜੀ ਫਿਲੋਕੇ ਨੇ 101 ਅਖੰਡ ਪਾਠ ਸ੍ਰੀ ਭੈਣੀ ਸਾਹਿਬ ਵਿੱਚ ਕਰਵਾਏ ਸ੍ਰੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ। ਇਹ ਸਾਰੇ ਪਾਠ ਮਹਾਂ ਮਲੇਛ ਦਾ ਨਾਸ਼ ਕਰਨ ਤੇ ਸਤਿਗੁਰਾਂ ਦੇ ਦਰਸ਼ਨ ਨਮਿੱਤ ਹੁੰਦੇ ਸਨ। ਸਹਿਜ-ਸੁਭਾਓ ਇਸ ਦਾ ਅਰਥ ਅਕਾਲ ਪੁਰਖ ਤੋਂ ਮੰਗ ਕਰਨੀ ਸੀ ਕਿ ਅੰਗਰੇਜ਼ ਦੀ ਹਿੰਦ ਵਿੱਚ ਜੜ੍ਹ ਪੱਟ ਤੇ ਧਰਮ ਦੀ ਧੁਜਾ ਜਗਤ ਵਿੱਚ ਝੁਲਾ।

1956 ਦਾ ਹੋਲਾ ਰਾਇ ਕੇ ਬੁਰਜ ਵਿੱਚ ਸ. ਕੇਹਰ ਸਿੰਘ ਜੀ ਨੇ ਆਪ ਦੇ ਪਿੰਡ ਕਰਵਾਇਆ ਅਤੇ ਨਾਲੇ 101 ਸਾਧਾਰਨ ਪਾਠਾਂ ਦੇ ਭੋਗ ਪਆਏ।

1958 ਦੀ ਮਾਘੀ ਉੱਤੇ ਮੁਕਤਸਰ ਨੇ 180 ਸਾਧਾਰਨ ਪਾਠਾਂ ਦੇ ਭੋਗ ਪਵਾ ਦੇ ਪਵਾਏ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ।

1960 ਬਿਕਰਮੀ ਵਿੱਚ ਭਾਈ ਬਘੇਲ ਸਿੰਘ ਜੀ ਨੇ 101 ਅਖੰਡ ਪਾਠ ਕਰਵਾਏ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ।

1961 ਦੀ ਮਾਘੀ ਤੇ 130 ਭੋਗ ਪੁਆਏ ਮੁਕਤਸਰ ਸੰਗਤ ਨੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ।

150 ਤੋਂ ਲੈ ਕੇ 1999 ਤੱਕ ਹਰ ਵਿਸਾਖੀ ਸ੍ਰੀ ਅੰਮ੍ਰਿਤਸਰ ਵਿੱਚ ਕਦੇ 10 ਤੇ ਕਦੇ 15 ਜਾਂ 20 ਅਖੰਡ ਪਾਠਾਂ ਦੇ ਭੋਗ ਹਮੇਸ਼ਾ ਪੈਂਦੇ ਰਹੇ।

ਰੁਪਾਣੇ- (ਮੁਕਤਸਰ) ਇੱਕ ਸੌ ਅਖੰਡ ਪਾਠ ਹੋਏ ਤਫਸੀਲ ਨਹੀਂ ਮਿਲੀ।

ਖਿਆਲਾ- ਸੰਤ ਗੰਡਾ ਸਿੰਘ ਜੀ ਨੇ 1970 ਦੇ ਕਰੀਬ 100 ਅਖੰਡ ਪਾਠ ਕਰਵਾਉਣ ਦੀ ਆਗਿਆ ਲਈ ਸੀ ਸਰਕਾਰ ਤੋਂ। ਬਾਬਾ ਜੀ ਕੋਲ ਉਸ ਵੇਲੇ ਇਕ ਦਮੜਾ ਵੀ ਨਹੀਂ ਸੀ ਜੋ ਪੜ੍ਹੇ ਸਾਹਿਬ ਹੇਠ ਰੱਖਿਆ ਜਾਂਦਾ ਹੈ ਪਾਠ ਸ਼ੁਰੂ ਕਰਨ ਤੋਂ ਪਹਿਲੇ। ਬਾਬਾ ਠਾਕਰ ਸਿੰਘ ਜੀ ਤੋਂ 1 ਰੁਪਿਆ ਮਿਲਿਆ ਜੋ ਪੀੜ੍ਹੇ ਹੇਠ ਰੱਖਕੇ ਪਾਠ ਸ਼ੁਰੂ ਕੀਤਾ ਗਿਆ। ਘੋੜਿਆਂ ਨੂੰ ਤੇ ਹੋਰ ਮਾਲ ਨੂੰ ਖਲੀ-ਖਲੋਤੀ ਹਰੀ ਕਣਕ ਹੀ ਵੱਢ-ਵੱਢ ਚਾਰੀ ਗਏ। ਮਿਹਰ ਐਸੀ ਹੋਈ ਕਿ ਓਹ ਵਢੀ ਕਣਕ ਦੁਬਾਰਾ ਫੁਟਕੇ ਬਿਅੰਤ ਦਾਨੇ ਲੈ ਆਈ। ਸੰਤਾਂ ਨੂੰ ਕਿਉਂ ਕਿ ਇਜ਼ਾਜ਼ਤ ਇਕ ਸੌ ਅਖੰਡ ਪਾਠਾਂ ਦੀ ਸੀ ਪਰ ਰਲ ਬੈਠੀ ਸੰਗਤ ਨੇ ਕਿਹਾ ਹੁਣ ਇਕ ਦਾ ਕੀ ਕੱਚ ਰਖਣਾ ਹੈ ਚਲੋ ਇਕੋਤਰ ਸੌ ਪੂਰਾ ਕਰ ਲਓ। ਪਤਾ ਨਹੀਂ ਮੁਖਬਰ ਖੋਰੇ ਚੂਹਿਆਂ ਦੀਆਂ ਖੁੱਡਾਂ ਵਿਚ ਵੜਕੇ ਬੈਠੇ ਰਹਿੰਦੇ ਸਨ। ਝੱਟ ਬਾਬਾ ਜੀ ਦੀ ਸ਼ਕਾਇਤ ਹੋ ਗਈ ਕਿ ਇਹਨਾਂ ਇਕ ਪਾਠ ਵੱਧ ਕਰਾਇਆ ਹੈ। ਅੰਮ੍ਰਿਤਸਰ ਦੇ ਮੈਂ ਮਿਜਸਟਰੇਟ ਨੇ ਛੇ ਮਹੀਨੇ ਦੀ ਸਜਾ ਸੁਣਾ ਦਿੱਤੀ।....

ਬਾਬਾ ਜਵੰਦ ਸਿੰਘ ਜੀ ਕੁਝ ਚਿਰ ਪਿੱਛੋਂ ਉੱਦਮ ਕੀਤੇ ਤੇ ਖਿਆਲੇ ਦੇ ਸਾਰੇ ਪਿੰਡ ਦਾ ਸਾਥ ਲੈ ਕੇ 101 ਅਖੰਡ ਪਾਠਾਂ ਦਾ ਅਰਦਾਸਾ ਸੋਧ ਦਿੱਤਾ। ਦਿਨ ਵਿਸਾਖ ਦੇ ਸਨ ਮੀਂਹ ਬੇਸ਼ੁਮਾਰ ਪੈਣੇ ਸ਼ੁਰੂ ਹੋ ਗਏ। ਮੇਲਾ ਲੱਗਾ ਹੋਇਆ ਸੀ। ਇਕ ਅਖੰਡ ਪਾਠ ਲਈ 14 ਆਦਮੀ ਲੋੜੀਂਦੇ ਹਨ। ਸੋ ਅਖੰਡ ਪਾਠ ਪੂਰਾ ਕਰਨ ਲਈ ਤਾਂ ਯਕੀਨਨ ਬਹੁਤ ਸਾਰੀਆਂ ਬੀੜਾਂ ਦਾ ਪ੍ਰਕਾਸ਼ ਕਰਨਾ ਪਿਆ ਸੀ। ਮੀਹੇ ਦਾ ਜ਼ੋਰ ਹੋਣ ਕਰਕੇ ਦਾਣੇ ਗਾਹੇ ਨਹੀਂ ਸੀ ਜਾ ਸਕਦੇ। ਲੋਕੀਂ ਸੋਟਿਆਂ ਨਾਲ ਕੁੱਟਦੇ ਤੇ ਫਿਰ ਚੱਕੀਆਂ ਤੇ ਪੀਂਹ ਲੈਂਦੇ। ਦਸੋ ਇਨੇ ਵੱਡੇ ਮੇਲੇ ਲਈ ਕੌਣ ਪੀਹ ਕੇ ਦੇਵੇ। ਮੀਂਹ ਕਰਕੇ ਖਰਾਸ ਵੀ ਨਹੀਂ ਸੀ ਚੱਲ ਸਕਦੇ ਤੇ ਨਾ ਹੀ ਏਨੇ ਦਾਣੇ ਕੱਢੇ ਹੋਏ ਸਨ ਜੋ ਪਿਹਾ ਕੇ ਰੱਖੇ ਜਾ ਸਕਦੇ। ਬਾਬਾ ਜੀ ਦਾ ਪਿੰਡ ਵਿੱਚ ਰਸੂਖ ਹੱਦੋਂ ਵੱਧ ਸੀ ਆਪਨੇ ਜਿਸ ਘਰ ਜਾਣਾ ਆਟਾ ਪੀਨ ਪਿਨਾਇਆ ਚੁੱਕ ਲਿਆਉਣਾ ਅਤੇ ਲੰਗਰ ਵਿੱਚ ਪਾ ਦੇਣਾ ਘਰ ਵਾਲਿਆਂ ਹੋਰ ਦਾਣੇ ਕੁੱਟਦੇ ਪੀਹਣੇ।

ਸੁਹੇਵਾ ਸਾਹਿਬ- 1977 ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਿੱਚ ਰਹਿ ਕੇ 111 ਅਖੰਡ ਪਾਠ ਕਰਾਏ।

ਸੁਹੇਵਾ ਸਾਹਿਬ ਸਿੱਖਾਂ ਦਾ ਓਹ ਇਤਿਹਾਸਕ ਥਾਂ ਹੈ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਸਿੱਖਾਂ ਅਰਜ਼ ਕੀਤੀ ਸੀ ਕਿ ਸੱਚੇ ਪਾਤਸ਼ਾਹ ਹੁਣ ਕਮਰਕਸਾ ਖੋਲ੍ਹ ਦਿਓ, ਗੁਰੂ ਜੀ ਕਿਹਾ ਸੀ ਅਜੇ ਨਹੀਂ ਖੋਲ੍ਹਣਾ। ਪਰ ਸਿੱਖਾਂ ਇਸ਼ਨਾਨ ਕਰਕੇ ਕਮਰ ਕੱਸਾ ਖੁੱਲ੍ਹਾ ਦਿੱਤਾ। ਕਮਰਕੱਸਾ ਖੁਲਣਸਾਰ ਵਿਚੋਂ ਇਕ ਸਪੋਲੀਆ ਉਠ ਨਠਿਆ। ਗੁਰੂ ਜਦੋਂ ਕਿਹਾ ਭਾਈ ਫੜ ਲਓ ਇਸ ਨੂੰ ਜਾਣਾ ਨਾ ਪਵੇ। ਇਹ ਕਾਲ ਹੈ। ਸਾਡਾ ਇਰਾਦਾ ਇਸ ਨੂੰ ਦੱਖਣ ਵਿੱਚ ਜਾ ਕੇ ਛੱਡਣ ਦਾ ਸੀ। ਜਦ ਸਿੱਖ ਮਗਰ ਦੌੜੇ ਤਾਂ ਉਹ ਕੋਲ ਖਲੋਤੇ ਜੰਡ ਉੱਤੇ ਚੜ੍ਹ ਗਿਆ। ਗੁਰੂ ਜੀ ਨੇ ਜੰਡ ਉੱਤੇ ਇਕ ਸਿੱਖ ਨੂੰ ਚਾੜ੍ਹਿਆ ਕਿ ਉੱਤੇ ਜਾ ਕੇ ਦੇਖੇ। ਉੱਤੇ ਚੜਕੇ ਸਿੱਖ ਨੇ ਕਿਹਾ ਜੀ ਹੋਰ ਤਾਂ ਏਥੇ ਕੁਝ ਨਹੀਂ, ਜੰਡ ਦੀ ਟੀਸੀ ਉੱਤੇ ਬ੍ਰਾਹਮਣ ਦੇਵਤਾ (ਪਿਪਲ) ਮਿਨ ਭਰਦੇ ਖਲੋਤੇ ਹੈਨ। ਗੁਰੂ ਜੀ ਕਿਹਾ ਜਿਸ ਦਿਨ ਏਹ ਪਿਪਲ ਇਸ ਜੰਡ ਨੂੰ ਖਾ ਜਾਵੇਗਾ ਉਸ ਦਿਨ ਭਾਰਤ ਉੱਤੇ ਭਾਰੀ ਸੰਕਟ ਆਵੇਗਾ। ਉਸ ਤੋਂ ਪਿਛੋਂ ਇਥੇ ਬੇ-ਸ਼ੁਮਾਰ ਫਸਲਾਂ ਹੋਣਗੀਆਂ। ਅੱਜ ਓਹ ਜੰਡ ਤਕਰੀਬਨ ਖਾਧਾ ਗਿਆ ਹੈ ਤੇ ਨਹਿਰਾਂ ਵੀ ਉਸ ਇਲਾਕੇ ਵਿੱਚ ਪੁਟੀਦੀਆਂ ਪਈਆਂ ਹਨ।

ਬੀੜ ਵਿੱਚ ਅਖੰਡ ਪਾਠ- 1978 ਦੇ ਸ਼ੁਰੂ ਵਿੱਚ ਮੁਕਤਸਰ ਦੇ ਮੇਲੇ ਉੱਤੇ ਅਰਜ ਹੋਈ ਕਿ ਉਗਰਾਹੀ ਕਰਕੇ ਸਤਿਗੁਰੂ ਜੀ ਦੀ ਦਰਸ਼ਨ ਨਮਿਤ ਪਾਠ ਕੀਤੇ ਜਾਣ, ਇਹ ਅਰਜ਼ ਮਨਜ਼ੂਰ ਹੋਈ ਤੇ ਪਹਿਲੀ ਜੇਠ ਨੂੰ ਬੀੜ ਵਿੱਚ ਅਖੰਡ ਪਾਠ ਸ਼ੁਰੂ ਹੋ ਗਏ। ਇਹਨਾਂ ਅਖੰਡਾਂ ਪਾਠਾਂ ਦਾ ਸਿਲਸਲਾ ਕਈ ਮਹੀਨੇ ਚਲਦਾ ਰਿਹਾ ਜਿਨ੍ਹਾਂ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਪਾਠ ਕਰਦੇ ਰਹੇ ਅਤੇ 740 ਅਖੰਡ ਪਾਠ ਆਪ ਜੀ ਦੀ ਹਜ਼ੂਰੀ ਵਿੱਚ ਸੰਪੂਰਨ ਹੋਏ।

1933 ਬਿ: ਬਾਬਾ ਜਵੰਦ ਸਿੰਘ ਜੀ ਨੇ ਆਗੂ ਹੋ ਕੇ ਰਾਮ ਤੀਰਥ ਅੰਮ੍ਰਿਤਸਰ 100 ਅਖੰਡ ਪਾਠਾਂ ਦਾ ਬੀੜਾ

ਚੁੱਕਿਆ। ਪਾਠ ਸ਼ੁਰੂ ਕਰਨ ਲੱਗਿਆ ਅਰਦਾਸਾ ਕੀਤਾ ਕਿ ਹੇ ਸਤਿਗੁਰੂ ਰਾਮ ਸਿੰਘ ਜੀ ਜਾਂ ਤਾਂ ਦੇਹ ਕਰਕੇ ਤੁਹਾਡੇ ਦਰਸ਼ਨ ਹੋਣ ਨਹੀਂ ਤਾਂ ਸਾਡਾ ਸਰੀਰ ਚੜ੍ਹ ਜਾਏ। ਬਾਬਾ ਅਖੰਡ ਪਾਠਾਂ ਦੇ ਭੋਗ ਪੈਣ ਤੋਂ ਚਾਰ ਮਹੀਨੇ ਪਿਛੋਂ ਚੜ੍ਹ ਗਏ ਸਨ। ਇਹ ਪਾਠ ਬਾਬਾ ਜੀ ਨੇ ਇਲਾਕੇ ਵਿੱਚ ਉਗਰਾਹੀ ਕਰਕੇ ਸੰਪੂਰਨ ਕੀਤੇ ਸਨ। ਸ੍ਰੀ ਭੈਣੀ ਸਾਹਿਬ ਵਿੱਚ ਸੰਮਤ 1986 ਦਾ ਸਾਲ ਬੜੀ ਮਹਾਨਤਾ ਵਾਲਾ ਹੈ। ਇਸ ਸਾਲ ਇਕ-ਇਕ ਜ਼ਿਲ੍ਹੇ ਵਲੋਂ ਮਹੀਨਾ ਅਖੰਡ ਪਾਠ ਆਉਂਦੇ ਤੇ ਪਿਛੋਂ ਦੂਸਰੇ ਜ਼ਿਲ੍ਹੇ ਦੇ ਪਾਠੀ ਆ ਹਾਜ਼ਰ ਹੁੰਦੇ। ਇਸ ਸਾਲ ਸਾਰੀ ਸੰਗਤ ਵਲੋਂ 400 ਅਖੰਡ ਪਾਠ ਸਾਰੇ ਸਾਲ ਵਿੱਚ ਕੀਤੇ ਗਏ, ਸਮਾਪਤੀ ਹੋਲੇ ਤੇ ਕੀਤੀ ਗਈ।

1983 ਸੰਮਤ ਦੇ ਸ਼ੁਰੂ ਵਿੱਚ ਜੋ ਹੋਲਾ ਸ੍ਰੀ ਭੈਣੀ ਸਾਹਿਬ ਹੋਇਆ ਉਸ ਵਿੱਚ ਤਿੰਨ ਸੌ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਇਹ ਪਾਠ ਸਤਿਗੁਰਾਂ ਨਮਿਤ ਸਾਰੀ ਸੰਗਤ ਨੇ ਆਪਦੀ ਮਰਜ਼ੀ ਅਨੁਸਾਰ ਕਰਕੇ ਲਿਆਉਣੇ।

ਇਸੇ ਹੋਲੇ ਉੱਤੇ ਫੈਸਲਾ ਕੀਤਾ ਗਿਆ ਸੀ ਕਿ ਇਲਾਕੇ ਵਾਰ ਪਾਠਾਂ ਦਾ ਪ੍ਰਵਾਹ ਅਰੰਭਿਆ ਜਾਵੇ ਤੇ ਹਰ ਮਹੀਨੇ ਇਕ ਸੌ ਇਕ ਪਾਠਾਂ ਦੇ ਭੋਗ ਪੈਣ। ਇਸ ਤਰ੍ਹਾਂ ਹੀ ਹੋਇਆ ਤੇ ਸਾਲ ਵਿੱਚ ਸਮੁੱਚੇ ਪੰਥ ਨੇ ਜ਼ਿਲ੍ਹਾ ਵਾਰ ਮਿਲਿਆ ਤੇ 12-12 ਭੋਗ ਪਾਏ ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਦਰਸ਼ਨ ਦਿੰਦੇ ਰਹੇ ਹਰ ਮੇਲੇ ਤੇ 101 ਪਾਠਾਂ ਦੇ ਭੋਗ ਪੈਂਦੇ ਸਨ। ਇਕ ਸੌ ਇਕ ਤੋ ਘੱਟ ਭੋਗ ਕਿਤੇ ਨਹੀਂ ਪਏ ਵੱਧ ਜ਼ਰੂਰ ਪੈਂਦੇ ਰਹੇ ਹਨ।

1988 ਸੌਣ ਤੋਂ ਸ਼ੁਰੂ ਕਰਕੇ 31 ਭਾਦ੍ਰੋਂ ਤੱਕ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੇ 40 ਦਿਨ ਤੱਕ ਨਿਤਨੇਮ ਕੀਤਾ। ਇਸ ਸਵਾ ਮਹੀਨੇ ਵਿੱਚ ਹਰ ਰੋਜ਼ 15 ਭੋਗ ਪੈਂਦੇ ਰਹੇ। ਇਹਨਾਂ ਪਾਠਾਂ ਦੀ ਗਿਣਤੀ 600 ਬਣਦੀ ਹੈ। ਸਾਡੇ ਸਾਲ ਦੀ ਗਿਣਤੀ ਅਸੀਂ ਡਰਦਿਆਂ ਡਰਦਿਆਂ ਘੱਟ ਹੀ ਦੱਸੀ ਹੈ ਪਰ ਪਾਠ ਇਸ ਤੋਂ ਵੱਧ ਹੀ ਹਨ।

1988 ਵਿੱਚ ਇਕ ਸੌ ਇਕ ਤੇ 180 ਭੋਗ ਗੁਜਰਾਵਾਲੇ ਵੱਧ ਪਏ, 48 ਗਿੱਲ ਸੇਖੂਪੁਰਾ ਤੇ 25 ਲਾਹੌਰੀਆਂ ਨੇ ਵੱਧ ਕੀਤੇ। ਬਾਕੀ ਦਾ ਰੀਕਾਰਡ ਨਹੀਂ ਮਿਲਿਆ ਵਰਨਾ ਸਹੀ ਗਿਣਤੀ ਹੋ ਜਾਂਦੀ।

1989 ਵਿੱਚ 44 ਪਾਠਾਂ ਦੇ ਭੋਗ ਮੁਕਤਸਰ ਤੇ ਸ੍ਰੀ ਭੈਣੀ ਸਾਹਿਬ ਪਾਏ ਗਏ ਸਤਿਗੁਰਾਂ ਦੇ ਦਰਸ਼ਨਾਂ ਨਮਿਤ। ਇਹ ਪਾਠ ਬਹਾਵਲ ਪੁਰ ਤੇ ਬੀਕਾਨੇਰ ਦੀ ਸੰਗਤ ਨੇ ਕੀਤੇ ਸਨ।

1991 ਬਿ: ਦੇ ਭਾਦਰੋਂ ਵਿੱਚ 101 ਅਖੰਡ ਪਾਠ ਸ੍ਰੀ ਭੈਣੀ ਸਾਹਿਬ ਹੋਏ ਅਤੇ ਸਤਿਗੁਰਾਂ ਨੇ ਚਾਲੀਆ ਵੀ ਕਟਿਆ। ਸਰਬ ਸੰਪਰਦਾ ਕਾਨਫਰੰਸ ਵੀ ਇਸ ਮੇਲੇ ਤੇ ਹੋਈ।

1992 ਬਿਕਰਮੀ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੇ ਹਰ ਸਾਲ ਕਰਨ ਵਾਲੇ ਚਾਲੀਏ ਤੇ 117 ਅਖੰਡ ਪਾਠ ਹੋਏ ਜਿਨ੍ਹਾਂ ਦੇ ਭੋਗ 5 ਅੱਸੂ ਤੇ ਪਏ। ਇਥੇ ਇਕ ਪਾਠੀ ਅਤੀ ਸੁਧਾਈ ਨਾਲ ਹੋਇਆ।

**ਸਵਾ ਲੱਖ ਪਾਠ–** 1997 ਬਿਕਰਮੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਬਾਲਟੀਆਂ ਨਾਲ ਨਾਤਿਆਂ ਕੁਝ ਨਹੀਂ ਬਣਦਾ ਇਸ ਲਈ ਸਮੁੰਦਰ ਚੁੱਭਾ ਲਾਇਆ ਜਾਵੇ ਤਾਂ ਠੀਕ ਹੈ। ਜੋ ਸਾਰੀ ਸਾਧ ਸੰਗਤ ਨਾਲ ਸਾਲਾਹ ਕਰਕੇ ਸਵਾ ਲੱਖ ਪਾਠਾਂ ਦਾ ਅਰਦਾਸਾ ਸੋਧ ਦਿੱਤਾ ਅਤੇ ਸ੍ਰੀ ਅੰਮ੍ਰਿਤਸਰ ਸ੍ਰੀ ਗ੍ਰੰਥ ਸਾਹਿਬ ਛਪੀਆਂ ਸੈਂਚੀਆਂ ਜਿਨ੍ਹਾਂ ਦੀ ਅਜੇ ਬੀੜ ਨਹੀਂ ਸੀ ਬੰਨ੍ਹੀ ਗਈ ਲਿਆ ਕੇ ਇਕ ਇਕ ਪਤਰਾ ਇਕ ਇਕ ਪ੍ਰਾਣੀ ਨੂੰ ਦਿੱਤਾ ਗਿਆ ਤੇ ਉਸ ਨੂੰ ਹੁਕਮ ਦਿੱਤਾ ਗਿਆ ਕਿ ਰੋਜ਼ਾਨਾ ਇਕ ਪਤਰੇ ਦੇ 100 ਪਾਠ ਵੀ ਕਰੇ ਤੇ ਕੁਝ ਗਿਣਤੀ ਜੋ ਉਸ ਨੂੰ ਕਰਨੀ ਚਾਹੀਦੀ ਹੈ ਦਸ ਦਿੱਤੀ ਜਾਂਦੀ ਸੀ ਜਿਸਨੂੰ ਹਰ ਇਕ ਪਾਠੀ ਪ੍ਰਾਣੀ ਬਾਖ਼ਸ਼ੀ ਮਨਜ਼ੂਰ ਕਰਦਾ ਸੀ। ਇਸ ਵਿੱਚ ਪੜ੍ਹੇ ਹੋਏ ਸਾਧਾਰਣ ਆਦਮੀਆਂ ਵੀ ਵੱਧ ਚੜ੍ਹਕੇ ਹਿੱਸਾ ਲਿਆ ਇਸਦੀ ਗਿਣਤੀ ਮਾਲਾ ਰਾਹੀਂ ਕੀਤੀ ਜਾਂਦੀ ਸੀ। ਇਹ ਪਾਠ ਪਤਰਾ ਪਾਠ ਦੇ ਨਾਮ ਕਰਕੇ ਮਸ਼ਹੂਰ ਹਨ। ਇਹਨਾਂ ਪਾਠਾਂ ਦੇ ਭੋਗ ਵੱਖੋ-ਵੱਖ ਥਾਵਾਂ ਤੇ ਪਾਏ ਗਏ।

ਸੰਮਤ 1997 ਬਿ: ਦੇ ਅਖੀਰ ਵਿੱਚ ਹੋਏ ਹੋਲੇ ਤੇ ਜਿਸਦੀਆਂ ਤਾਰੀਖਾਂ 28-29 ਫੱਗਣ ਤੇ ਇਕ ਚੇਤ੍ਰ ਸੀ

20000 ਪਾਠਾਂ ਦੇ ਭੋਗ ਪਾਏ ਗਏ। ਇਹ ਪਾਠ ਵੀ ਸੰਗਤ ਨੇ ਮਰਜ਼ੀ ਅਨੁਸਾਰ ਕਰਕੇ ਲਿਆਏ ਸਨ। ਸਭ ਸੱਜਣਾਂ ਦੇ ਕੀਤੇ ਸਨ ਜੋ ਪਾਠ ਪਹਿਲਾਂ ਲਿਖ ਲਏ ਸਨ ਤੇ ਇਸਦੇ ਨਾਲ ਹੀ ਇਕ ਰੁਪੈ ਪੰਜ ਆਨੇ ਫੀ ਪਾਠ ਕੜਾਹ ਪ੍ਰਸ਼ਾਦ ਲੈ ਲਏ ਜਾਂਦੇ ਸਨ। ਜੋ ਨਹੀਂ ਦੇ ਸਕਦੇ ਉਹਨਾਂ ਦੇ ਹਿੱਸੇ ਦੇ ਸਤਿਗੁਰਾਂ ਦੇ ਖਜ਼ਾਨੇ ਲੈ ਲਏ ਜਾਂਦੇ ਸਨ। ਜੋ ਨਹੀਂ ਦੇ ਸਕਦੇ ਉਹਨਾਂ ਦੇ ਹਿੱਸੇ ਦੇ ਸਤਿਗੁਰਾਂ ਦੇ ਖਜ਼ਾਨੇ ਵਿਚੋਂ ਮਾਇਆ ਪਾ ਲਈ ਜਾਂਦੀ ਸੀ। ਇਹਨਾਂ ਵਿੱਚ ਕੁਝ ਐਸੇ ਵੀ ਸੱਜਣ ਸਨ ਜਿਹਨਾਂ ਨੇ ਪੰਜ-5, ਦਸ-10, ਤੇ ਵੀਹ-20 ਪਾਠ ਵੀ ਕੀਤੇ ਸਨ।

ਸੰਮਤ 1999 ਦੀ ਇਕ ਸਾਵਣ ਨੂੰ ਮੁਕਤਸਰ ਬਹੁਤ ਵੱਡਾ ਮੇਲਾ ਹੋਇਆ ਜਿਸ ਵਿੱਚ ਨਾਮਧਾਰੀਆਂ ਤੋਂ ਬਿਨਾਂ ਅਕਾਲੀ, ਨਿਹੰਗ ਤੇ ਨਿਰਮਲੇ ਵੀ ਸ਼ਾਮਲ ਹੋਏ। ਇਸ ਵਿੱਚ ਸਿੱਖ ਪੰਥ ਦੇ ਕੁਝ ਮਾਮਲਿਆਂ ਤੇ ਵਿਚਾਰ ਹੋਈ। ਇਕ ਇਹ ਸੀ ਕਿ ਉਦਾਸੀ ਅਤੇ ਨਿਰਮਲਿਆਂ ਦੇ ਡੇਰਿਆਂ ਤੇ ਕਬਜੇ ਨਾ ਕੀਤੇ ਜਾਣ। ਇਥੇ 180 ਪਾਠਾਂ ਦੇ ਭੋਗ ਪਾਏ ਗਏ।

ਸੰਮਤ 1998 ਗੁਰਾਏ (ਸੇਖੂਪੁਰ) ਵਿੱਚ 300 ਪਾਠਾਂ ਦੇ ਭੋਗ ਪਾਏ ਗਏ।

21 ਕੱਤਕ 1999 ਨੂੰ ਗਿੱਲ (ਸੇਖੂਪੁਰ) ਵਿੱਚ 580 ਪਾਠਾਂ ਦੇ ਭੋਗ ਪਾਏ ਗਏ।

10 ਫਰਵਰੀ ਨੂੰ ਸਿਆੜ੍ਹ 101 ਪਾਠਾਂ ਦੇ ਭੋਗ ਪਾਏ ਗਏ।

11 ਫਰਵਰੀ ਨੂੰ ਚੱਕ ਮਲੇਰਕੋਟਲਾ 500 ਪਾਠਾਂ ਦੇ ਭੋਗ ਪਾਏ ਗਏ।

ਇਹ ਸਵਾ ਲੱਖ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੋ ਪੱਤਰਾ ਪਾਠ ਵੀ ਅਕਾਲੀ ਸਿੰਘਾਂ ਵਲੋਂ ਆਖਿਆ ਜਾਂਦਾ ਸੀ ਅਤੇ ਇਸਦੀ ਵਿਰੋਧਤਾ ਕਰਦੇ ਸਨ ਅਤੇ ਮਾਲਵੇ ਦੇ ਇਲਾਕੇ ਵਿੱਚ ਥਾਂ-ਥਾਂ ਨਾਮਧਾਰੀ ਪੰਥ ਦੇ ਖਿਲਾਫ ਕਾਨਫਰੰਸਾਂ ਕਰਦੇ ਸਨ ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਨਾਮਧਾਰੀ ਪੰਥ ਨਾਲ ਮਿਲਵਰਤਣ ਕੀਤਾ ਸੀ। ਇਹ ਸਵਾ ਲੱਖ ਪੱਤਰਾ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸਨ। ਐਸਾ ਯਤਨਾ ਪਹਿਲੀ ਵਾਰ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਨੀ ਹੇਠ ਸਾਧ ਸੰਗਤ ਨੇ ਕੀਤਾ ਸੀ।

ਦੂਜੀ ਵਾਰ ਸਵਾਂ ਲੱਖ ਪਾਠਾਂ ਦਾ ਯਤਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ 1959 ਈ. ਤੋਂ ਪਹਿਲਾਂ ਸ਼ੁਰੂ ਕੀਤਾ ਸੀ ਪ੍ਰੰਤੂ ਦੇਹ ਦਾ ਓਹਲਾ ਕਰ ਜਾਣ ਕਾਰਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਪੂਰਨ ਕੀਤਾ ਸੀ।

ਮਹੰਤ ਆਤਮਾ ਸਿੰਘ ਸਨਖਤ੍ਰਵੀ ਪੁਸਤਕ "ਸ੍ਰੀ ਨਾਨਕ ਰਾਜ" ਪੰਨਾ 382-383 ਤੇ ਇਸ ਪ੍ਰਕਾਰ ਲਿਖਦੇ ਹਨ:

"ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸਵਾ ਲੱਖ ਪਾਠ ਪੂਰੇ ਕਰੋ"

ਦਿੱਲੀ 6 ਜਨਵਰੀ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਦਿੱਲੀ ਦੀ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਆਪ ਨੇ ਉਪਦੇਸ਼ ਦਿੱਤਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸ਼ੁਰੂ ਕੀਤੇ ਗਏ ਪਾਠ ਪੂਰੇ ਕੀਤੇ ਜਾਣ। ਇਹ ਪਾਠਾਂ ਦਾ ਪ੍ਰਵਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਲਾਇਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਬਾਰੇ ਬਚਨ ਕਰਦਿਆਂ ਫਰਮਾਇਆ, "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਜ਼ਰੂਰ ਹੋਣੇ ਹਨ। ਸ੍ਰੀ ਸਤਿਗੁਰੂ ਜੀ ਦੇ 90 ਹੁਕਮ ਪੂਰੇ ਹੋ ਗਏ ਹਨ ਤਾਂ ਬਾਕੀ ਦੇ 10 ਭੀ ਸੱਚ ਮੰਨੋ, ਜ਼ਰੂਰ ਪੂਰੇ ਹੋਣਗੇ। ਸਤਿਗੁਰੂ ਜੀ ਨੇ ਪਾਕਿਸਤਾਨ ਬਣਨ ਸਮੇਂ ਹੁਕਮ ਕੀਤਾ ਕਿ ਰਾਵੀਓ ਪਾਰ ਹੋ ਜਾਓ ਜਿਨ੍ਹਾਂ ਹੁਕਮ ਮੰਨ ਲਿਆ ਉਹਨਾਂ ਦਾ ਨੁਕਸਾਨ ਨਹੀਂ ਹੋਇਆ ਜਿਨ੍ਹਾਂ ਨਹੀਂ ਮੰਨਿਆ ਭਾਵੇਂ ਵੱਡੇ ਸੋਧੀ ਸੀ, ਨਿਤਨੇਮੀ ਮਰਿਯਾਦਾ ਦੇ ਧਾਰਨੀ ਸਨ ਮਲੇਛਾਂ ਹੱਥੋ ਮਾਰੇ ਗਏ ਪੱਤਾਂ ਲੁਹਾਈਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਪਾਠ ਹੋ ਰਹੇ ਹਨ। ਉਸ ਵਿੱਚ ਅਸੀਂ ਆਪਣਾ ਹਿੱਸਾ ਪਾ ਰਹੇ ਹਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਓਹਲਾ ਕਰਨ ਤੋਂ ਮਹੀਨਾ ਕੁ ਪਹਿਲਾ ਸ੍ਰੀ ਭੈਣੀ ਸਾਹਿਬ ਮੈਨੂੰ ਆਪਣੇ ਕੋਲ ਬੁਲਾ ਕੇ

ਚੌਂਕੀ ਤੇ ਬੈਠਾਇਆ ਮਹਾਰਾਜ ਬੀਰ ਸਿੰਘ ਜੀ ਵੀ ਸੇਵਾ ਵਿੱਚ ਹਾਜ਼ਰ ਸਨ। ਹੁਕਮ ਕੀਤਾ "ਬੇਸ਼ੱਕ ਕੋਠੇ ਕੜੀਆਂ ਵਿੱਕ ਜਾਣ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਪਾਠ ਨਾ ਰਹਿ ਜਾਣ।" ਸੋ ਸਾਧ ਸੰਗਤ ਨੇ ਪ੍ਰਦੇਸ਼ ਗਵਨ ਸ਼ਤਾਬਦੀ ਸਮੇਂ ਸੰਨ 1970 ਤੋਂ 1974 ਤੱਕ ਸਵਾ ਲੱਖ ਪਾਠ ਕੀਤੇ ਜਿਨ੍ਹਾਂ ਦਾ ਭੋਗ ਸੰਤ ਨਗਰ (ਸਿਰਸਾ) ਵਿੱਚ ਅੱਸੂ ਦੇ ਮੇਲੇ ਸਮੇਂ ਪਾਇਆ ਗਿਆ। ਹੁਣ ਫਿਰ ਸਾਧ ਸੰਗਤ ਪਾਠ ਕਰ ਰਹੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਤੇ ਮਾਨਵਤਾ ਦੇ ਭਲੇ ਲਈ ਅੱਡੀ ਚੋਟੀ ਦਾ ਤਾਣ ਲਗਾ ਕੇ ਸਵਾ ਲੱਖ ਪਾਠ ਕਰਾਏ, ਚੰਡੀ ਦੀ ਵਾਰ ਦੇ ਯੱਗ ਕਰਵਾਏ, ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅਨੇਕ ਸਾਧਾਰਨ ਪਾਠ ਕਰਵਾਏ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿ) ਸ੍ਰੀ ਭੈਣੀ ਸਾਹਿਬ (ਲੁਧਿਆਣਾ) ਨੇ 1991 ਈ. ਵਿੱਚ "ਸਿੱਖ ਇਤਿਹਾਸ ਦੇ ਚੋਣਵੇਂ ਸਵਾਲ ਜਵਾਬ" ਪੁਸਤਕ ਪ੍ਰਕਾਸ਼ਤ ਕੀਤੀ ਸੀ ਵਿੱਚ ਪੰਨਾ 111 ਤੇ ਉਹ ਸਾਰੀ ਗਿਣਤੀ ਇਸ ਪ੍ਰਕਾਰ ਦਿੱਤੀ ਹੈ-

1 ਅਖੰਡ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ- 10,000

2 ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਸਾਹਿਬ- 1000

3 ਸਾਧਾਰਨ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ- 6,00,000

4 ਚੰਡੀ ਦੀ ਵਾਰ ਦੇ ਹਵਨ ਯੱਗ- ਦੋ ਵਾਰ (ਸਵਾ ਲੱਖ ਪਾਠ ਇਕ ਹਵਨ ਯੱਗ ਵਿੱਚ)

5 ਚੰਡੀ ਦੀ ਵਾਰ ਦੇ ਪਾਠ- 5 ਲੱਖ 25 ਹਜਾਰ (ਸੰਨ 1939 ਦੇ ਨਿਤਨੇਮ ਪ੍ਰਯੋਗ ਸਮੇਂ)

ਸਤਿਜੁਗ ਅਖ਼ਬਾਰ ਦੇ 16 ਤੋਂ 31 ਦਸੰਬਰ 2024 ਦੇ ਅੰਕ ਨੰਬਰ 22 ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠ ਦੀਆਂ ਦੋ ਲੜੀਆਂ ਸੰਪੂਰਨ ਕੀਤੀਆਂ ਅਤੇ ਤੀਜੀ ਲੜੀ ਸ਼ੁਰੂ ਕੀਤੀ ਸੀ ਜੋ ਉਹਨਾਂ ਦੇ ਦੇਹ ਦਾ ਓਹਲਾ ਹੋਣ ਜਾਣ ਕਾਰਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਪੂਰਨ ਕੀਤਾ ਸੀ। ਇਸ ਪ੍ਰਕਾਰ ਹੁਣ ਤੱਕ ਪਿਛਲੇ ਨੌ ਦਹਾਕਿਆਂ ਵਿੱਚ 6 ਲੜੀਆਂ ਦੇ ਭੋਗ ਪੈ ਚੁੱਕੇ ਹਨ। ਸੱਤਵੀਂ ਲੜੀਂ ਦੇ 11 ਹਜ਼ਾਰ ਪਾਠਾਂ ਦੇ ਭੋਗ, ਵਰਤਮਾਨ ਗੁਰੂ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਸਤਿਸੰਗ ਭਵਨ ਵਿਖੇ 14 ਨਵੰਬਰ 2024 ਨੂੰ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸੰਗਤ ਦੇ ਵਿਸ਼ਾਲ ਇਕੱਠ ਵਿੱਚ ਪਾਏ ਗਏ ਅਤੇ ਛੇਤੀ ਤੋਂ ਛੇਤੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ, ਅਰਦਾਸ ਕੀਤੀ ਗਈ।

ਇਸ ਅੰਕ ਵਿੱਚ ਜ਼ਰੂਰੀ ਸੂਚਨਾ ਦਿੱਤੀ ਗਈ ਹੈ 101 ਅਖੰਡ ਪਾਠਾਂ ਦਾ ਪ੍ਰਵਾਹ 1 ਤੋਂ 9 ਮਾਰਚ 2025 ਨੂੰ ਅਰੰਭ ਹੋਵੇਗਾ ਸੰਗਤ ਇਸ ਮਹਾਨ ਸਮਾਗਮ ਵਿੱਚ ਵੱਧ ਚੜ੍ਹਕੇ ਹਿੱਸਾ ਲਵੇ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੇ ਜੀ।

## ਸਹਾਇਕ ਪੁਸਤਕ ਸੂਚੀ


1. ਸਿੰਘ ਸਭਾ ਪੱਤ੍ਰਿਕਾ ਦਾ ਪੱਤਰਾ ਪਾਠ ਵਿਸ਼ੇਸ਼ ਸਪਲੀਮੈਂਟ ਅੰਕ, 1975 ਈ.
2. ਸਤਿਜੁਗ ਅਖ਼ਬਾਰ ਦਾ 80 ਸਾਲਾ ਵਿਸ਼ੇਸ਼ ਅੰਕ, ਬਿ: 2057, 2001 ਈ.
3. ਸਤਿਜੁਗ ਅਖ਼ਬਾਰ ਦਾ ਬਸੰਤ ਅੰਕ ਪਾਠ ਅੰਕ, ਮਾਘ 2010
4. ਸਿੱਖ ਇਤਿਹਾਸ ਦੇ ਚੋਣਵੇਂ ਸਵਾਲ ਜਵਾਬ, 1991 ਈ. ਸਰਬ ਹਿੰਦ ਨਾਮਧਾਰੀ ਵਿੱਦਿਅਕ ਜਥਾ- ਸ੍ਰੀ ਭੈਣੀ ਸਾਹਿਬ
5. ਮਹੰਤ ਆਤਮਾ ਸਿੰਘ ਸਨਖਤ੍ਰਾ: ਸ੍ਰੀ ਨਾਨਕ ਰਾਜ, 1997 ਈ.
6. ਕਰਮ ਸਿੰਘ ਪਟਵਾਰੀ: ਗੁਰ ਇਤਿਹਾਸ ਜਾਣਕਾਰੀ, ਦਿੱਲੀ 1996 ਈ.


..................................................................

# ਆਜ਼ਾਦੀ ਲਈ ਪਹਿਲੀ ਬਗ਼ਾਵਤ - ਕੂਕਾ ਲਹਿਰ



ਜਰਨੈਲ ਸਿੰਘ ਅੱਚਰਵਾਲ

ਲੇਖਕ ਨਾਮਵਰ ਪੰਜਾਬੀ ਵਿਦਵਾਨ ਹਨ। ਅੱਧਾ ਦਰਜਨ ਤੋਂ ਵੱਧ ਪੁਸਤਕਾਂ ਵੱਖ-ਵੱਖ ਵਿਸ਼ਿਆ 'ਤੇ ਲਿਖ ਚੁੱਕੇ ਹਨ। ਇਹ ਆਰਟੀਕਲ ਉਹਨਾਂ ਦੀ ਕਿਤਾਬ "ਕੂਕਾ ਲਹਿਰ ਤੋਂ ਭਗਤ ਸਿੰਘ ਤੱਕ" ਵਿਚੋਂ ਹੈ। ਇਹ ਲੇਖ ਭਾਰਤ ਦੇ ਆਜ਼ਾਦੀ ਸੰਘਰਸ਼ ਵਿੱਚ ਕੂਕਾ ਲਹਿਰ ਦਾ ਸਥਾਨ ਨਿਸਚਿਤ ਕਰਦਾ ਹੈ।

ਸੰਪਾਦਕ

ਕੂਕਾ ਲਹਿਰ ਦੇ ਅੰਦੋਲਨ ਚੱਲੇ ਨੂੰ 150 ਸਾਲ ਹੋ ਚੁੱਕੇ ਹਨ। ਇਸ ਲਈ ਇਸ ਲਹਿਰ ਨੂੰ ਸਮਝਣ ਲਈ ਸਾਨੂੰ ਆਪਣੀਆਂ ਬਿਰਤੀਆਂ 150 ਸਾਲ ਪਿੱਛੇ ਲੈ ਕੇ ਜਾਣੀਆਂ ਪੈਣੀਆਂ ਹਨ ਕਿਉਂਕਿ ਜਦ ਕਿਸੇ ਲਹਿਰ ਨੂੰ ਸਮਝਣਾ ਹੋਵੇ ਤਾਂ ਉਸ ਸਮੇਂ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਹਾਲਾਤਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਸਪੱਸ਼ਟ ਹੈ ਕੂਕਾ ਲਹਿਰ ਸਿੱਖ ਰਾਜ ਦੇ ਖ਼ਾਤਮੇ ਪਿੱਛੋਂ ਅੰਗਰੇਜ਼ ਵਿਰੁੱਧ ਉਠੀ ਪਹਿਲੀ ਜੰਗੇ-ਆਜ਼ਾਦੀ ਦੀ ਲਹਿਰ ਸੀ। ਸਿੱਖ ਰਾਜ 1849 ਵਿਚ ਚੇਲਿਆਂ ਵਾਲਾ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਸਿੱਖਾਂ ਤੇ ਅੰਗਰੇਜ਼ਾਂ ਦੀ ਆਖ਼ਰੀ ਜੰਗ ਵਿਚ ਹਥਿਆਰ ਸੁੱਟਣ ਤੋਂ ਬਾਅਦ ਖ਼ਤਮ ਹੋ ਗਿਆ। ਸਿੱਖ ਰਾਜ ਦਾ ਸੂਰਜ 21 ਦਸੰਬਰ, 1849 ਨੂੰ ਛਿਪ ਗਿਆ। ਸਿੱਖ ਸਰਦਾਰਾਂ ਦੇ ਮਨਾਂ ਅੰਦਰ ਸਿੱਖ ਰਾਜ ਦੇ ਗ਼ਦਾਰਾਂ ਅਤੇ ਅੰਗਰੇਜ਼ਾਂ ਵਿਰੁੱਧ ਰੋਹ ਕੁੜ੍ਹਨ ਲੱਗ ਪਿਆ। ਸ਼ਾਹ ਮੁਹੰਮਦ ਦੀਆਂ ਇਹ ਸਤਰਾਂ ਕੁਚੱਜੇ ਰਾਜ ਪ੍ਰਬੰਧ ਤੇ ਸਿੱਖ ਸਰਦਾਰਾਂ ਦੀ ਮਾਨਸਿਕਤਾ ਨੂੰ ਸਪਸ਼ਟ ਕਰਦੀਆਂ ਹਨ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,  
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।  
ਜਿਨ੍ਹਾਂ ਘਰੀਂ ਹਕੂਮਤਾਂ ਕੀਤੀਆਂ ਨੇ,  
ਔਖਾ ਉਹਨਾਂ ਨੂੰ ਹੋ ਗੁਲਾਮ ਰਹਿਣਾ।  
ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,  
ਸਿਰ ਦੋਹਾਂ ਦੇ ਉਤੇ ਆਫਾਤ ਆਹੀ।  
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,

ਕੋਈ ਨਹੀਂ ਸੀ ਦੂਸਰੀ ਜਾਤ ਆਹੀ।

ਅੰਗਰੇਜ਼ਾਂ ਨੇ ਸਾਰੇ ਹਿੰਦੁਸਤਾਨ ਉਤੇ 200 ਸਾਲ ਰਾਜ ਕੀਤਾ ਪਰ ਪੰਜਾਬ ਉੱਤੇ ਇਕ ਸਦੀ ਰਾਜ ਕਰ ਸਕੇ। ਅੰਗਰੇਜ਼ ਹਿੰਦੁਸਤਾਨ ਵਿਚੋਂ ਜੇ ਡਰਦਾ ਸੀ ਤਾਂ ਸਿਰਫ਼ ਸਿੱਖ ਸ਼ਕਤੀ ਤੋਂ ਡਰਦਾ ਸੀ। ਅੰਗਰੇਜ਼ਾਂ ਨੇ ਪਹਿਲੇ ਸੌ ਸਾਲ ਵਿਚ ਇਹ ਭਾਂਪ ਲਿਆ ਸੀ ਕਿ ਜੇ ਪੰਜਾਬ ਉੱਤੇ ਰਾਜ ਕੀਤਾ ਜਾ ਸਕਦਾ ਹੈ ਤਾਂ ਸਿੱਖ ਸ਼ਕਤੀ ਨੂੰ ਖਿੰਡਾਅ ਕੇ ਕੀਤਾ ਜਾ ਸਕਦਾ ਹੈ। ਇਸ ਲਈ ਅੰਗਰੇਜ਼ਾਂ ਨੇ ਹਮਲਾ ਕਰਨ ਦੀ ਬਜਾਏ ਅੰਦਰੋਂ ਪਾੜ ਲਾਉਣੇ ਸ਼ੁਰੂ ਕੀਤੇ। ਅੰਗਰੇਜ਼ ਆਉਣ ਤੋਂ ਪਹਿਲਾਂ ਜੋ ਬਦੇਸ਼ੀ ਹਮਲਾਵਰ ਇਕ ਹਜ਼ਾਰ ਸਾਲ ਤੋਂ ਉਪਰ ਭਾਰਤ ਨੂੰ ਮਨਮਰਜੀ ਨਾਲ ਲੁੱਟ ਕੇ ਲੈ ਜਾਂਦੇ ਰਹੇ, ਉਸ ਨੂੰ ਰੋਕਣ ਵਾਲੀ ਪੰਜਾਬ ਦੀ ਸਿੱਖ ਸ਼ਕਤੀ ਹੀ ਸੀ ਜਿਸ ਨੇ ਬਦੇਸ਼ੀ ਹਮਲਾਵਰਾਂ ਦੇ ਐਸੇ ਦੰਦ ਖੱਟੇ ਕੀਤੇ ਜੋ ਮੁੜ ਹਿੰਦ ਵੱਲ ਨਾ ਝਾਕ ਸਕੇ। ਜਦ ਤੱਕ ਅੰਗਰੇਜ਼ ਸਿੱਖਾਂ ਤੋਂ ਡਰਦੇ ਰਹੇ ਉਨ੍ਹਾਂ ਨੇ ਆਪਣੀ ਰਾਜਧਾਨੀ ਕਲਕੱਤੇ ਰੱਖੀ, ਜਦ ਪੰਜਾਬ ਤੇ ਕਬਜ਼ਾ ਕਰ ਲਿਆ ਤੇ ਉਨ੍ਹਾਂ ਦੇ ਦਿਮਾਗ ਤੇ ਸਿੱਖ ਸ਼ਕਤੀ ਦਾ ਕੋਈ ਡਰ ਨਾ ਰਿਹਾ ਤਾਂ ਉਹਨਾਂ ਆਪਣੀ ਰਾਜਧਾਨੀ 1911-12 ਵਿਚ ਕਲਕੱਤੇ ਤੋਂ ਬਦਲ ਕੇ ਦਿੱਲੀ ਲੈ ਆਂਦੀ। ਪਹਿਲਾਂ ਦਿੱਲੀ ਪੰਜਾਬ ਦਾ ਹਿੱਸਾ ਹੁੰਦੀ ਸੀ।

ਪੰਜਾਬ ਉੱਪਰ ਅੰਗਰੇਜ਼ ਸਰਕਾਰ ਦਾ ਕਬਜ਼ਾ ਕਰਨ ਦਾ ਢੰਗ ਬੜਾ ਹੀ ਫਰੇਬਾਂ ਭਰਿਆ ਸੀ। ਅੰਗਰੇਜ਼ ਸਿੱਖਾਂ ਨਾਲ ਕੀਤੇ ਹਰ ਸਮਝੌਤੇ ਤੋਂ ਭੱਜਦੇ ਰਹੇ ਤੇ ਪੰਜਾਬ ਤੇ ਆਪਣੀ ਜਕੜ ਪੱਕੀ ਕਰਦੇ ਰਹੇ। ਆਖ਼ਰ ਆਪਣੇ ਮਨਸੂਬੇ ਵਿਚ ਸਫ਼ਲ ਹੋ ਗਏ। ਰਾਜ ਨੂੰ ਆਪਣੇ ਹੱਥ ਲੈਂਦਿਆਂ ਹੀ ਸਿੱਖ ਸਰਦਾਰਾਂ ਦੀਆਂ ਜਗੀਰਾਂ ਤੇ ਜਾਇਦਾਦਾਂ ਜ਼ਬਤ ਕਰ ਲਈਆਂ। ਕਈਆਂ ਨੂੰ ਕੈਦ ਤੇ ਜਲਾਵਤਨ ਕਰ ਦਿੱਤਾ। ਸਿੱਖ ਰੈਜਮੈਂਟਾਂ ਤੋੜ ਦਿੱਤੀਆਂ।

ਪੰਜਾਬ ਦੀਆਂ ਰਿਆਸਤਾਂ ਨੂੰ ਇਕੱਠਾ ਕਰਕੇ ਇਕ ਰਾਜ ਵਿਚ ਪਰੋਣ ਵਾਲਾ ਪੰਜਾਬ ਦਾ ਸ਼ੇਰ ਸ: ਰਣਜੀਤ ਸਿੰਘ 27 ਜੂਨ, 1839 ਨੂੰ ਸਦਾ ਦੀ ਨੀਂਦ ਸੌਂ ਗਿਆ। ਗੱਦੀ ਦੇ ਵਾਰਸਾਂ ਅਤੇ ਡੋਗਰਾ ਸਰਦਾਰਾਂ ਨੇ ਆਪਣੀਆਂ ਨਲਾਇਕੀਆਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਨਿੱਜੀ ਹਿਤ ਭਾਰੂ ਹੋ ਗਏ, ਸਾਜਸ਼ੀ ਵਾਤਾਵਰਨ ਪੈਦਾ ਕਰ ਦਿੱਤਾ ਗਿਆ। ਹਰ ਥਾਂ ਸਾਜ਼ਿਸ਼, ਕਤਲਾਂ ਤੇ ਤਬਾਹੀ ਦਾ ਵਾਤਾਵਰਨ ਪੈਦਾ ਹੋ ਗਿਆ। ਫ਼ੌਜ ਧੜਿਆਂ ਵਿਚ ਵੰਡੀ ਗਈ, ਕਾਨੂੰਨ ਦਾ ਨਾਮੋ-ਨਿਸ਼ਾਨ ਮਿੱਟ ਗਿਆ। ਉਸ ਵੇਲੇ ਦੇ ਇਨ੍ਹਾਂ ਹਾਲਾਤਾਂ ਨੂੰ ਡੋਗਰਾਸ਼ਾਹੀ ਤੇ ਸਿੱਖਾਂਸ਼ਾਹੀ ਦਾ ਨਾਮ ਦਿੱਤਾ ਗਿਆ। ਇਹਨਾਂ ਭੈੜੇ ਹਾਲਤਾਂ ਵੇਲੇ ਕੰਵਰ ਦਲੀਪ ਸਿੰਘ ਦੀ ਉਮਰ ਸਿਰਫ਼ ਪੰਜ ਸਾਲ ਸੀ। ਉਸ ਨੂੰ ਗੱਦੀ ਤੇ ਬਿਠਾਇਆ ਗਿਆ ਤੇ ਮਹਾਰਾਣੀ ਜਿੰਦਾਂ ਨੂੰ ਉਸਦੀ ਸਰਬਰਾਹ ਬਣਾਇਆ ਗਿਆ। ਰਜਵਾੜਾਸ਼ਾਹੀ ਵਿਚੋਂ ਜੇ ਸਿੱਖ ਰਾਜ ਵਰਗੀ ਚੰਗੀ ਉਦਾਹਰਣ ਹੋਰ ਨਹੀਂ ਮਿਲਦੀ ਤਾਂ ਇਹ ਵੀ ਸੱਚ ਹੈ ਕਿ ਸਿੱਖ ਰਾਜ ਦੇ ਖ਼ਾਤਮੇ ਸਮੇਂ ਹੋਰ ਭੈੜੀ ਉਦਾਹਰਣ ਵੀ ਨਹੀਂ ਮਿਲ ਸਕਦੀ। ਲੋਕ ਇਸ ਕੌਮੀ ਗਿਰਾਵਟ ਤੋਂ ਬਹੁਤ ਔਖੇ ਸਨ। ਉਹ ਬੇਵਸ ਹੋਏ ਹਰਖ ਨਾਲ ਆਪਣੇ ਹੀ ਗੁੱਟਾਂ 'ਤੇ ਦੰਦੀਆਂ ਵੱਢ ਰਹੇ ਸਨ। ਲੋਕ ਸੋਚ ਰਹੇ ਸਨ ਕਿ ਕੁਰਬਾਨੀਆਂ ਨਾਲ ਬਣਾਏ ਹੋਏ ਰਾਜ ਨੂੰ ਫਿਰ ਕਿਵੇਂ ਲਿਆਂਦਾ ਜਾਏ। ਇਸ ਕੰਮ ਦਾ ਬੀੜਾ ਭਾਈ ਮਹਾਰਾਜ ਸਿੰਘ ਤੇ ਬਾਬਾ ਰਾਮ ਸਿੰਘ ਨੇ ਚੁੱਕ ਲਿਆ। ਬੇਸ਼ਕ ਕੁਰਬਾਨੀਆਂ ਕਰਨ ਵਿਚ ਭਾਈ ਮਹਾਰਾਜ ਸਿੰਘ ਘੱਟ ਨਹੀਂ ਰਹੇ ਪਰ ਅੰਗਰੇਜ਼ ਵਿਰੁੱਧ ਲਹਿਰ ਉਸਾਰਨ ਵਿਚ ਬਾਬਾ ਰਾਮ ਸਿੰਘ ਹੀ ਕਾਮਯਾਬ ਹੋਏ।

ਬਾਬਾ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਹੀ ਇਕ ਸਿਪਾਹੀ ਸਨ। ਇਸ ਰਜਮੈਂਟ ਨੂੰ ਕੰਵਰ ਨੌਨਿਹਾਲ ਸਿੰਘ ਰੈਜਮੈਂਟ ਕਿਹਾ ਜਾਂਦਾ ਸੀ, ਕਿਉਂਕਿ ਉਸ ਦੀ ਕਮਾਨ ਕੰਵਰ ਨੌਨਿਹਾਲ ਸਿੰਘ ਦੇ ਹੱਥ ਵਿਚ ਸੀ। ਅੰਗਰੇਜ਼ ਰਾਜ ਹੋਣ ਤੇ ਉਨ੍ਹਾਂ ਨੇ ਮਾਲਵੇ, ਦੁਆਬੇ ਦੀਆਂ ਸਭ ਪਲਟਨਾਂ ਤੋੜ ਦਿੱਤੀਆਂ ਤੇ ਬਾਬਾ ਰਾਮ ਸਿੰਘ ਆਪਣੇ ਪਿੰਡ ਭੈਣੀ ਆ ਗਏ। ਆਪਣੇ ਵਿਚਾਰ ਅਨੁਸਾਰ ਬਗ਼ਾਵਤ ਕਰਨ ਦੀ ਠਾਣ ਲਈ। ਉਨ੍ਹਾਂ 1857 ਈ. ਵਿਚ ਜੋ ਜੱਥੇਬੰਦੀ ਬਣਾਈ, ਉਸ ਦਾ ਨਾਂ ਧਾਰਮਿਕ ਵਿਚਾਰ ਨਾਲ 'ਨਾਮਧਾਰੀ' ਰੱਖਿਆ। ਕੂਕ ਕੂਕ ਕੇ ਸ਼ਬਦ ਉਚਾਰਣ ਕਰਕੇ ਕੂਕੇ ਅਖਵਾਣ ਲੱਗੇ। ਸਭ ਤੋਂ ਪਹਿਲਾਂ

# ਯਾਦਗਾਰੀ ਤਸਵੀਰਾਂ















# ਸੰਗੀਤ ਗਤੀਵਿਧੀਆਂ


ਬਸੰਤ ਪੰਚਮੀ
ਸੰਗੀਤ ਸੰਮੇਲਨ


3rd SATGURU JAGJIT SINGH SHASTRIYA SANGEET PRATIYOGITA (2024)

# ਗੁਰ ਤੇ ਸਾਚੀ ਸੇਵਾ ਹੋਇ ॥









# ਖੇਡ ਗਤੀਵਿਧੀਆਂ






ਪੰਜਾਂ ਨੂੰ ਨਾਮ ਦੇ ਕੇ ਅੰਮ੍ਰਿਤ ਛਕਾਇਆ ਤੇ ਸਿੰਘ ਸਜਾਇਆ ਤੇ ਪੰਜ ਸੂਬੇ ਬਣਾਏ ਜਿਨ੍ਹਾਂ ਦੇ ਨਾਂ ਸਨ- ਕਾਹਨ ਸਿੰਘ ਨਿਹੰਗ ਪਿੰਡ ਚੱਕ ਕਲਾਂ, ਰਿਆਸਤ ਮਲੇਰਕੋਟਲਾ; ਲਾਭ ਸਿੰਘ ਰਾਗੀ ਅੰਮ੍ਰਿਤਸਰ, ਆਤਮਾ ਸਿੰਘ ਪਿੰਡ ਆਲੋਮੁਹਾਰ ਜ਼ਿਲ੍ਹਾ ਸਿਆਲਕੋਟ, ਨੈਣਾ ਸਿੰਘ ਪਿੰਡ ਵਰਿਆਹ ਤਹਿਸੀਲ ਤਰਨ ਤਾਰਨ (ਅੰਮ੍ਰਿਤਸਰ); ਸ਼ੁੱਧ ਸਿੰਘ ਮਦੌਰ ਜ਼ਿਲ੍ਹਾ ਅਮਬਾਲਾ।

ਬਾਬਾ ਰਾਮ ਸਿੰਘ ਸਮਝਦੇ ਸਨ ਕਿ ਸਦਾਚਾਰੀ ਗੁਣਾਂ ਵਾਲਾ ਮਨੁੱਖ ਹੀ ਹਰ ਕੁਰਬਾਨੀ ਦੇਣ ਲਈ ਤਿਆਰ ਹੁੰਦਾ ਹੈ। ਉਨ੍ਹਾਂ ਦਾ ਨਿਸ਼ਾਨਾ ਆਜ਼ਾਦੀ ਲਈ ਜ਼ਮੀਨ ਤਿਆਰ ਕਰਨਾ ਸੀ। ਬਾਬਾ ਰਾਮ ਸਿੰਘ ਦਾ ਅਨੁਭਵ ਸੀ ਇਕ ਸਦਾਚਾਰੀ ਮਨੁੱਖ ਹੀ ਸਮਾਜ ਨੂੰ ਮਗਰ ਲਾ ਸਕਦਾ ਹੈ। ਉਨ੍ਹਾਂ 'ਨਾਮਧਾਰੀ' ਲਹਿਰ ਨੂੰ ਸ਼ੁਰੂਆਤ ਵਿਚ ਧਾਰਮਿਕ ਦੇ ਨਾਲ ਨਾਲ ਸਮਾਜ ਸੁਧਾਰਕ ਵੀ ਬਣਾਇਆ। ਉਨ੍ਹਾਂ ਦਾ ਯਤਨ ਰਿਹਾ ਕਿ ਸਮਾਜ ਸੁਧਾਰ ਕਰਨ ਵਾਲਾ ਉਸ ਦਾ ਹਰ ਪ੍ਰਚਾਰਕ ਪਹਿਲਾਂ ਆਪਣੇ ਆਪ ਦੀ ਆਪ ਮਸਾਲ ਬਣੇ, ਕਹਿਣੀ ਕਰਨੀ ਦਾ ਇਕ ਹੋਵੇ। ਖ਼ੁਦ ਬਾਬਾ ਰਾਮ ਸਿੰਘ ਦਾ ਜੀਵਨ ਆਪਣੇ ਆਪ ਵਿਚ ਇਕ ਉਦਾਹਰਣ ਸੀ।

ਬਾਬਾ ਰਾਮ ਸਿੰਘ ਨੇ ਇਕ ਰਹਿਤਨਾਮਾ ਜਾਰੀ ਕੀਤਾ ਜਿਸ ਵਿਚ ਜ਼ਿੰਦਗੀ ਅੰਦਰ ਕੰਮ ਆਉਣ ਵਾਲੀਆਂ ਸਖ਼ਤ ਹਦਾਇਤਾਂ ਸਨ। ਸਵੇਰੇ ਉੱਠ ਕੇ ਕੇਸੀ ਇਸ਼ਨਾਨ ਕਰਨਾ, ਨਿਤਨੇਮ ਤੋਂ ਬਾਅਦ ਸਰੀਰਕ ਚੁਸਤੀ ਲਈ ਕਸਰਤ ਕਰਨਾ, ਹੋ ਸਕੇ ਤਾਂ ਘੋੜ ਸਵਾਰੀ ਤੇ ਗੱਤਕੇ ਦਾ ਅਭਿਆਸ ਕਰਨਾ, ਹਰ ਕਿਸਮ ਦੇ ਨਸ਼ੇ ਦੀ ਮਨਾਹੀ, ਕਿਰਤ ਕਰਨਾ, ਵੰਡ ਛਕਣਾ, ਦੇਸੀ ਘਿਉ, ਦੁੱਧ, ਮੱਖਣ, ਦਾਲ, ਸ਼ਬਜ਼ੀ ਦੀ ਵਰਤੋਂ ਕਰਨਾ।

ਪਹਿਲਾ ਮਰਣ ਕਬੂਲਿ ਕਰ
ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਦੀ ਰੇਣੁਕਾ
ਤਉ ਆਉ ਹਮਾਰੈ ਪਾਸਿ॥

ਕੂਕਿਆਂ ਨੂੰ ਉਪਰੋਕਤ ਲਿਖ਼ਤ 'ਤੇ ਚੱਲਣ ਦਾ ਉਪਦੇਸ਼ ਦਿੱਤਾ ਜਾਂਦਾ ਸੀ। ਸ਼ਰਾਬ ਤੇ ਮਾਸ ਖਾਣ ਦੀ ਸਖ਼ਤ ਮਨਾਹੀ ਸੀ, ਬਦੇਸ਼ੀ ਕੱਪੜੇ ਦਾ ਬਾਈਕਾਟ, ਕੁੜੀ ਵੇਚਣ ਤੇ ਮਾਰਨ ਵਾਲੇ ਦਾ ਬਾਈਕਾਟ, ਪੰਦਰਾਂ ਸਾਲ ਦੀ ਉਮਰ ਤੋਂ ਘੱਟ ਦੇ ਵਿਆਹ ਅਤੇ ਵੱਟੇ ਦੇ ਵਿਆਹ ਦੀ ਮਨਾਹੀ, ਔਰਤਾਂ ਨੂੰ ਬਰਾਬਰ ਦਾ ਹੱਕ, ਵਿਧਵਾ ਵਿਆਹ ਦੀ ਖੁਲ੍ਹ, ਸ਼ਾਹੂਕਾਰਾ ਵਿਆਜ ਦੀ ਮਨਾਹੀ, ਗਊ ਗਰੀਬ ਦੀ ਰੱਖਿਆ, ਸਾਦੇ ਵਿਆਹ ਆਦਿ। ਹਰ ਨਾਮਧਾਰੀ ਲਈ ਹੁਕਮਨਾਮਿਆਂ ਤੇ ਚੱਲਣਾ ਜ਼ਰੂਰੀ ਸੀ। ਇਸ ਰਹਿਤਨਾਮੇ ਤੋਂ ਬਿਨਾਂ ਬਾਅਦ ਵਿਚ ਹੋਰ ਮੱਦਾਂ ਜਿਨ੍ਹਾਂ ਵਿਚ ਅੰਗਰੇਜ਼ੀ ਸੰਸਥਾਵਾਂ ਸਕੂਲਾਂ, ਕਾਲਜਾਂ ਵਿਚ ਪੜ੍ਹਣ ਦੀ ਮਨਾਹੀ, ਅਦਾਲਤਾਂ ਦਾ ਬਾਈਕਾਟ, ਡਾਕ, ਰੇਲਾਂ ਅਤੇ ਅੰਗਰੇਜ਼ੀ ਨੌਕਰੀ ਦਾ ਬਾਈਕਾਟ ਆਦਿ ਵੀ ਇਸ ਰਹਿਤਨਾਮੇ ਵਿਚ ਸ਼ਾਮਲ ਕਰ ਲਈਆਂ।

ਜੇ ਕੋਈ ਕੂਕਾ ਸਿੱਖ ਬਾਬਾ ਰਾਮ ਸਿੰਘ ਦੇ ਹੁਕਮਨਾਮੇ ਦੀ ਪਾਲਣਾ ਨਹੀਂ ਸੀ ਕਰਦਾ ਤਾਂ ਉਸ ਨੂੰ ਲਹਿਰ ਵਿਚੋਂ ਛੇਕ ਦਿੱਤਾ ਜਾਂਦਾ ਸੀ। ਆਮ ਲੋਕਾਂ ਦੇ ਜੀਵਨ ਉਤੇ ਇਸ ਦਾ ਬੜਾ ਚੰਗਾ ਅਸਰ ਹੋਇਆ। ਬਾਬਾ ਰਾਮ ਸਿੰਘ ਦੇ ਵਿਚਾਰ ਸੁਣ ਕੇ ਉਨ੍ਹਾਂ ਦੇ ਵਿਰੋਧੀ ਵੀ ਉਨ੍ਹਾਂ ਦੇ ਹੋ ਕੇ ਰਹਿ ਜਾਂਦੇ ਸਨ। ਸ਼ਹੀਦ ਭਗਤ ਸਿੰਘ ਨੇ 'ਕੂਕਾ ਲਹਿਰ' ਦੇ ਲੇਖ ਵਿਚ ਲਿਖਿਆ ਹੈ, 'ਸਰਕਾਰ ਨੇ ਇਹ ਪਰਖਣਾ ਚਾਹਿਆ ਸੀ, ਕੀ ਇਹ ਗੱਲ ਸੱਚੀ ਹੈ? ਇਕ ਸਬ ਇਨਸਪੈਕਟਰ ਨੂੰ ਬਾਬਾ ਰਾਮ ਸਿੰਘ ਪਾਸ ਘੱਲਿਆ। ਉਹ ਬੜਾ ਖੁਸ਼ ਸੀ ਕਿ ਸਾਰੇ ਭੇਦ ਖੋਲ੍ਹ ਕੇ ਇਨਾਮ ਪ੍ਰਾਪਤ ਕਰੇਗਾ। ਉਸ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਤੇ ਵਾਪਸ ਆ ਗਿਆ ਤੇ ਆਉਂਦਿਆਂ ਹੀ ਅਸਤੀਫ਼ਾ ਦੇ ਦਿੱਤਾ। ਅਫ਼ਸਰਾਂ ਨੇ ਪੁੱਛਿਆ ਅਸਤੀਫ਼ਾ ਕਿਉਂ ਦਿੱਤਾ ਹੈ? ਉੱਤਰ ਦਿੱਤਾ, ਗੁਰੂ ਜੀ ਦਾ ਇਹ ਹੁਕਮ ਹੈ। ਉਹ ਕਹਿੰਦੇ ਹਨ ਬਦੇਸ਼ੀ ਹਾਕਮਾਂ ਦੀ ਨੌਕਰੀ ਨਹੀਂ ਕਰਨੀ।

ਬਾਬਾ ਰਾਮ ਸਿੰਘ ਬਾਰੇ ਆਮ ਗੱਲ ਪ੍ਰਚੱਲਤ ਸੀ ਕਿ ਉਹ ਜਿਸ ਦੇ ਵੀ ਕੰਨ ਵਿਚ ਫ਼ੂਕ ਮਾਰ ਦੇਣ ਭਾਵ ਆਪਣੀ ਸਿੱਖਿਆ ਦਾ ਮੰਤਰ ਪੜ੍ਹ ਦੇਣ ਉਹੀ ਉਨ੍ਹਾਂ ਦਾ ਭਗਤ ਬਣ ਜਾਂਦਾ ਹੈ। ਸ਼ਹੀਦ ਭਗਤ ਸਿੰਘ ਲਿਖਦਾ ਹੈ 'ਇਕ ਵਾਰ ਦੋ ਬਦਮਾਸ਼ ਉਨ੍ਹਾਂ ਦੀ ਸ਼ਕਤੀ ਪਰਖਣ ਗਏ ਤੇ ਜਦ ਵਾਪਸ ਆਏ ਤਾਂ ਉਹ ਬਾਬਾ ਰਾਮ ਸਿੰਘ ਦੇ ਪੱਕੇ

ਭਗਤ ਬਣ ਗਏ ਸਨ। ਇੰਜ ਉਹਨਾਂ ਦੇ ਸਖ਼ਸ਼ੀ ਦੋਸ਼ ਵੀ ਦੂਰ ਹੋ ਗਏ। ਇਸ ਤਰ੍ਹਾਂ ਡਾਕਟਰ ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਉਨ੍ਹਾਂ ਦੀ ਦਾਦੀ ਦਾ ਭਰਾ ਇਕ ਮਾੜੇ ਚਾਲਚਲਣ ਵਾਲਾ ਬੰਦਾ ਸੀ ਅਤੇ ਉਸ ਨੂੰ ਹੁੱਕਾ ਪੀਣ ਦੀ ਆਦਤ ਸੀ। ਸਿਰਫ਼ ਇਕ ਵਾਰ ਹੀ ਗੁਰੂ ਦੇ ਦਰਸ਼ਨ ਨੇ ਉਸ ਦਾ ਜੀਵਨ ਇਕਦਮ ਬਦਲ ਦਿੱਤਾ। ਇਸ ਤਰ੍ਹਾਂ ਇਕ ਹੋਰ ਆਦਮੀ ਜਿਸ ਨੇ ਕਦੇ ਕੋਈ ਕਤਲ ਕੀਤਾ ਸੀ, ਗੁਰੂ ਜੀ ਤੋਂ ਸੁਧਰਿਆ। ਫਿਰ ਉਸ ਨੇ ਕਚਹਿਰੀ ਵਿਚ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਜੱਜ ਨੇ ਹੈਰਾਨ ਹੋ ਕੇ ਪੁੱਛਿਆ, ਤੈਨੂੰ ਤਾਂ ਕੋਈ ਜਾਣਦਾ ਤੱਕ ਵੀ ਨਹੀਂ ਸੀ ਤੇ ਕਤਲ ਬਾਰੇ ਤੇਰੇ ਉੱਤੇ ਕੋਈ ਸ਼ੱਕ ਵੀ ਨਹੀਂ ਸੀ, ਫਿਰ ਤੂੰ ਜੁਰਮ ਮੰਨ ਕੇ ਮੌਤ ਨੂੰ ਸੱਦਾ ਕਿਉਂ ਦਿੱਤਾ? ਤਾਂ ਉਸ ਨੇ ਉੱਤਰ ਦਿੱਤਾ, "ਮੇਰੇ ਗੁਰੂ ਜੀ ਨੇ ਇਹੀ ਆਖਿਆ ਹੈ।"

ਸਰਕਾਰ ਨੂੰ ਸਭ ਤੋਂ ਪਹਿਲੀ ਰਿਪੋਰਟ 1863 ਈ. ਵਿਚ ਡਿਪਟੀ ਕਮਿਸ਼ਨਰ ਸਿਆਲਕੋਟ ਵੱਲੋਂ ਭੇਜੀ ਗਈ ਜਿਸ ਵਿਚ ਲਿਖਿਆ ਗਿਆ ਸੀ 'ਰਾਮ ਸਿੰਘ ਵਡੇਰੀ ਉਮਰ ਦਾ ਆਦਮੀ ਆਪਣੇ 200 ਸੇਵਕਾਂ ਨਾਲ ਫਿਰ ਰਿਹਾ ਹੈ। ਉਹ ਆਪਣੇ ਚੇਲਿਆਂ ਨੂੰ ਬੰਦੂਕ ਦੀ ਥਾਂ ਸੋਟਿਆਂ ਨਾਲ ਕੁਵੈਦ (ਪਰੇਡ) ਕਰਾਉਂਦਾ ਹੈ। ਉਹ ਕਿਸੇ ਹਾਕਮ ਦੀ ਈਨ ਨਹੀਂ ਮੰਨਦਾ। ਬਹੁਤ ਸਾਰੀਆਂ ਇਸਤਰੀਆਂ ਉਸ ਦੇ ਨਾਲ ਹਨ। ਉਸ ਦੇ 5000 ਸ਼ਰਧਾਲੂ ਹੋਰ ਵੀ ਅੰਮ੍ਰਿਤਸਰ ਵਿਸਾਖੀ ਵੇਖਣ ਜਾ ਰਹੇ ਹਨ।

4 ਜੂਨ, 1863 ਨੂੰ ਖੋਟਿਆਂ ਪਿੰਡ, ਜ਼ਿਲ੍ਹਾ ਫਿਰੋਜ਼ਪੁਰ, ਹੁਣ ਮੋਗਾ ਦੇ ਥਾਣਾ ਬਾਘਾਪੁਰਾਣਾ ਵਿਚ ਚੌਂਕੀਦਾਰ ਨੇ ਇਕ ਰਿਪੋਰਟ ਦਿੱਤੀ ਕਿ ਦੋ ਤਿੰਨ ਦਿਨ ਤੋਂ ਰਾਮ ਸਿੰਘ ਨਾਂ ਦਾ ਇਕ ਵਿਅਕਤੀ ਆਪਣੇ ਚਾਰ ਪੰਜ ਸੌ ਬੰਦੇ ਨਾਲ ਲੈ ਕੇ ਠਹਿਰਿਆ ਹੋਇਆ ਹੈ। ਉਸ ਦੇ ਇਰਾਦੇ ਠੀਕ ਨਹੀਂ, ਉਹ ਰਾਜ ਵਿਰੁੱਧ ਗੱਲਾਂ ਕਰਦੇ ਹਨ ਅਤੇ ਇਹ ਵੀ ਆਖਦੇ ਹਨ ਕਿ ਉਨ੍ਹਾਂ ਦਾ ਰਾਜ ਛੇਤੀ ਆਉਣ ਵਾਲਾ ਹੈ। ਉਹ ਫ਼ਸਲ ਦਾ ਪੰਜਵਾਂ ਹਿੱਸਾ ਹਾਲੇ ਦੇ ਰੂਪ ਲਿਆ ਕਰਨਗੇ। ਉਹ ਡਾਂਗਾਂ ਨਾਲ ਆਪਣੇ ਬੰਦਿਆਂ ਨੂੰ ਕੁਵੈਦ ਕਰਾਉਂਦਾ ਹੈ। ਚੌਕੀਦਾਰ ਦੀ ਇਸ ਰਿਪੋਰਟ ਤੋਂ ਬਾਅਦ ਜਲਦੀ ਹੀ ਇਕ ਹੌਲਦਾਰ ਪਿੰਡ ਖੋਟੇ ਪਹੁੰਚਿਆ ਤੇ ਪੜਤਾਲ ਕਰਨ ਤੇ ਸਾਰੀਆਂ ਗੱਲਾਂ ਨੂੰ ਠੀਕ ਮੰਨਿਆ। ਇਸ ਤੋਂ ਬਾਅਦ 6 ਜੂਨ ਨੂੰ ਡਿਪਟੀ ਸੁਪਰਡੈਂਟ ਪੁਲਿਸ ਨੇ ਆਲੇ-ਦੁਆਲੇ ਪਿੰਡਾਂ ਦੇ ਨੰਬਰਦਾਰਾਂ ਤੋਂ ਪੜਤਾਲ ਕੀਤੀ। ਉਸ ਦੀ ਪੜਤਾਲ ਵਿਚ ਵੀ ਚੌਂਕੀਦਾਰ ਦੀ ਰਿਪੋਰਟ ਨੂੰ ਠੀਕ ਮੰਨਿਆ। ਜਦ ਇਹ ਪੜਤਾਲੀਆ ਰਿਪੋਰਟ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮਿਲੀ ਤਾਂ ਉਸ ਨੇ ਕੂਕਿਆਂ ਦੇ ਦੀਵਾਨਾਂ ਤੇ ਪਾਬੰਦੀ ਲਾ ਦਿੱਤੀ ਤੇ ਬਾਬਾ ਰਾਮ ਸਿੰਘ ਨੂੰ ਹੁਕਮ ਦੇ ਕੇ ਉਨ੍ਹਾਂ ਦੇ ਪਿੰਡ ਭੈਣੀ ਪਹੁੰਚਾ ਦਿੱਤਾ।

ਸ੍ਰੀ ਗੰਡਾ ਸਿੰਘ 31 ਮਈ, 1863 ਦੀ ਰਿਪੋਰਟ ਦਾ ਹਵਾਲਾ ਦੇ ਕੇ ਲਿਖਦੇ ਹਨ, ਜੋ ਕੈਪਟਨ ਮੈਨਜ਼ੀਜ਼, ਸੁਪਰਡੈਂਟ ਪੁਲੀਸ, ਅੰਮ੍ਰਿਤਸਰ ਦੀ ਹੈ ਕਿ ਅੰਮ੍ਰਿਤਸਰ ਪੁਲਿਸ ਦੇ ਸਿਪਾਹੀ ਕੂਕੇ ਨੇ ਗੱਲਾਂ ਗੱਲਾਂ ਵਿਚ ਨਰੈਣ ਸਿੰਘ ਇਨਸਪੈਕਟਰ ਪੁਲਿਸ ਲਾਹੌਰ ਕੋਲ ਮੰਨਿਆ ਸੀ ਕਿ ਇਸ ਸਾਲ ਦੀ ਦੀਵਾਲੀ ਮੌਕੇ ਅੰਮ੍ਰਿਤਸਰ ਤੋਂ ਧਾਵਾ ਸ਼ੁਰੂ ਹੋਵੇਗਾ। ਇਸ ਧਾਵੇ ਲਈ ਚਾਲ੍ਹੀ ਹਜ਼ਾਰ ਕੂਕੇ ਤਿਆਰ ਹਨ। ਬਾਬਾ ਰਾਮ ਸਿੰਘ ਨੇ ਕਿਹਾ "ਲੋੜ ਪੈਣ ਤੇ ਤੋਪਾਂ, ਬੰਦੂਕਾਂ ਵੀ ਮਿਲ ਜਾਣਗੀਆਂ।"

ਜਦ ਪੰਜਾਬ ਦੇ ਲਾਟ ਸਾਹਿਬ ਨੂੰ ਬਾਬਾ ਰਾਮ ਸਿੰਘ ਦੀਆਂ ਸਰਕਾਰ ਵਿਰੋਧੀ ਰਿਪੋਰਟਾਂ ਮਿਲੀਆਂ ਤਾਂ ਉਸ ਨੇ ਡਿਪਟੀ ਇਨਸਪੈਕਟਰ ਜਨਰਲ ਲਾਹੌਰ ਨੂੰ ਆਖਿਆ ਕਿ ਉਹ ਵੱਖੋ ਵੱਖਰੇ ਜ਼ਿਲ੍ਹਿਆਂ ਤੋਂ ਆਪਣੇ ਵਸੀਲਿਆਂ ਰਾਹੀਂ ਸਹੀ ਰਿਪੋਰਟ ਇਕੱਠੀ ਕਰਨ।

ਜਲੰਧਰ ਛਾਉਣੀ ਦੇ ਮੈਜਿਸਟ੍ਰੇਟ ਕੈਪਟਨ ਮਿਲਰ ਨੇ ਗੇਂਦਾ ਸਿੰਘ ਨਾਂ ਦਾ ਸਰਕਾਰੀ ਸੂਹੀਆ ਭੈਣੀ ਸਾਹਿਬ ਪਤਾ ਕਰਨ ਲਈ ਘੱਲਿਆ। ਉਸ ਨੇ ਮੁੜ ਜਾ ਦੱਸਿਆ ਕਿ ਭੈਣੀ ਸਾਹਿਬ ਪੰਜਾਹ ਕੁ ਕੂਕੇ ਹਨ ਤੇ ਕੂਕਾ ਸਾਹਿਬ ਸਿੰਘ ਇਨ੍ਹਾਂ ਨੂੰ ਰਾਤ ਨੂੰ ਦੋ ਘੰਟੇ ਡਾਂਗਾਂ ਫੜਾ ਕੇ ਕੁਵੈਦ (ਪਰੇਡ) ਕਰਵਾਉਂਦਾ ਹੈ। ਸੂਹੀਆ ਗੇਂਦਾ ਸਿੰਘ ਪਹਿਲਾਂ ਆਪ ਜਾ ਕੇ ਕੂਕਾ ਸਜ ਗਿਆ ਸੀ ਜਿਸ ਕਾਰਨ ਕੋਈ ਵੀ ਕੂਕਾ ਉਸ ਨੂੰ ਓਪਰਾ ਬੰਦਾ ਨਹੀਂ ਸੀ ਸਮਝਦਾ। ਬਾਬਾ ਰਾਮ ਸਿੰਘ ਉਨ੍ਹੀਂ ਦਿਨੀਂ ਡੇਰਾ ਭੈਣੀ ਸਾਹਿਬ ਤੋਂ ਬਾਹਰ ਗਏ ਹੋਏ ਸਨ, ਜਦ ਗੇਂਦਾ ਸਿੰਘ ਨੇ ਆਪਣੇ ਕੂਕੇ ਸਾਥੀਆਂ ਨੂੰ ਬਾਬਾ ਰਾਮ ਸਿੰਘ ਦੇ ਦਰਸ਼ਨ

ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਕੂਕਿਆਂ ਨੇ ਬਾਬਾ ਰਾਮ ਸਿੰਘ ਦਾ ਟਿਕਾਣਾ ਦੱਸ ਦਿੱਤਾ ਤੇ ਨਾਲ ਉਸ ਕੋਲ ਦੋ ਚਿੱਠੀਆਂ ਵੀ ਲਿਖ ਘੱਲੀਆਂ। ਗੇਂਦਾ ਸਿੰਘ ਨੇ ਇਹ ਚਿੱਠੀਆਂ ਕੈਪਟਨ ਮਿੱਲਰ ਨੂੰ ਆ ਦਿੱਤੀਆਂ ਤੇ ਕੂਕਿਆਂ ਨੂੰ ਚਿੱਠੀਆਂ ਗੁੰਮ ਹੋਣ ਦਾ ਬਹਾਨਾ ਬਣਾ ਦਿੱਤਾ। ਇਹਨਾਂ ਦੋਹਾਂ ਚਿੱਠੀਆਂ ਦੀ ਨਕਲ ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ "ਕੂਕਿਆਂ ਦੀ ਵਿਥਿਆ" ਵਿਚ ਦਰਜ ਕੀਤੀ ਹੈ।

ਬਾਬਾ ਰਾਮ ਸਿੰਘ ਖ਼ੁਦ ਸਾਰੇ ਇਲਾਕੇ ਦਾ ਦੌਰਾ ਕਰਕੇ ਹਾਲਾਤਾਂ ਤੋਂ ਜਾਣੂ ਹੋਏ। ਇਨ੍ਹਾਂ ਪੁਰਾਣੇ ਪੰਜਾਬ ਵਿਚ ਤਿੰਨ ਚੱਕਰ ਲਾਏ ਤੇ ਦੀਵਾਨਾਂ ਵਿਚ ਆਪ ਸਮੂਲੀਅਤ ਕੀਤੀ। ਲੋਕਾਂ ਦੇ ਮਨਾਂ ਨੂੰ ਜਾਣਨਾ ਚਾਹਿਆ ਅਤੇ ਆਪਣੇ ਮੁੱਖ ਆਸੇ ਅੰਗਰੇਜ਼ ਵਿਰੋਧੀ ਸਿੱਧੇ ਅਤੇ ਅਸਿੱਧੇ ਢੰਗ ਨਾਲ ਪ੍ਰੇਰਿਤ ਵੀ ਕੀਤਾ। ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੀਆਂ ਰਿਪੋਰਟਾਂ ਸਰਕਾਰ ਨੂੰ ਜਾਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਰਿਪੋਰਟਾਂ ਦੇ ਆਧਾਰ ਤੇ ਹਕੂਮਤ ਨੇ 1863 ਈ. ਵਿਚ ਉੱਘੇ ਸੂਬਿਆਂ ਨੂੰ ਘਰਾਂ ਅੰਦਰ ਨਜ਼ਰ ਬੰਦ ਕਰ ਦਿੱਤਾ ਤੇ ਨਿਗਰਾਨੀ ਲਈ ਪੁਲਿਸ ਲਾ ਦਿੱਤੀ। ਭੈਣੀ ਸਾਹਿਬ ਚੌਂਕੀ ਬਠਾ ਦਿੱਤੀ। ਹਰ ਪਿੰਡ ਦੇ ਨੰਬਰਦਾਰ ਤੇ ਇਲਾਕੇ ਦੇ ਜ਼ੈਲਦਾਰ ਦੀ ਡਿਊਟੀ ਲਾ ਦਿੱਤੀ ਕਿ ਉਹ ਆਪਣੇ ਆਪਣੇ ਇਲਾਕੇ ਵਿਚ ਵਸਦੇ ਕੂਕਿਆਂ ਦੀ ਨਿਗਰਾਨੀ ਕਰਨ। ਇਹ ਹੁਕਮ ਤਿੰਨ ਸਾਲ ਚਾਲੂ ਰਿਹਾ। ਇਸ ਸਮੇਂ ਦੌਰਾਨ ਅੰਗਰੇਜ਼ ਸਰਕਾਰ ਦੀ ਸਾਖ ਨੂੰ ਧੱਕਾ ਲੱਗਾ ਤੇ ਬਾਬਾ ਰਾਮ ਸਿੰਘ ਦਾ ਸਤਿਕਾਰ ਲੋਕਾਂ ਵਿਚ ਹੋਰ ਵਧ ਗਿਆ।

ਇਨ੍ਹਾਂ ਪਾਬੰਦੀਆਂ ਸਮੇਂ ਕੂਕਾ ਲਹਿਰ ਨੇ ਆਪਣਾ ਕੰਮ ਢੰਗ ਇਸ ਤਰ੍ਹਾਂ ਤਬਦੀਲ ਕਰ ਲਿਆ ਜਿਸ ਦਾ ਸਰਕਾਰ ਨੂੰ ਕੋਈ ਪਤਾ ਨਾ ਲੱਗ ਸਕਿਆ। ਸਾਰੇ ਪੁਰਾਣੇ ਪੰਜਾਬ ਵਿਚ ਖੁਫ਼ੀਆ ਜਥੇਬੰਦੀ ਦਾ ਜਾਲ ਵਿਛਾ ਲਿਆ। ਡਾਕ ਦਾ ਬਾਈਕਾਟ ਕਰ ਦਿੱਤਾ। ਆਪਣੇ ਏਲਚੀਆਂ ਰਾਹੀਂ ਖ਼ਤ ਪੱਤਰ ਭੇਜੇ ਜਾਂਦੇ। ਹਰ ਕਾਰਕੁੰਨ ਹੁਕਮ ਦਾ ਐਨਾ ਪਾਬੰਦ ਸੀ ਜੇ ਉਨ੍ਹਾਂ ਨੂੰ ਰੋਟੀ ਖਾਂਦਿਆਂ ਵੀ ਡਾਕ ਮਿਲ ਜਾਂਦੀ ਤਾਂ ਉਹ ਆਪਣਾ ਖਾਣਾ ਵਿੱਚੇ ਹੀ ਛੱਡ ਡਾਕ ਪਹੁੰਚਾਉਣ ਤੁਰ ਪੈਂਦੇ। ਇਸ ਸਮੇਂ ਦੌਰਾਨ ਕੂਕਿਆਂ ਨੇ ਸਰਕਾਰ ਦਾ ਪੂਰਨ ਬਾਈਕਾਟ ਕਰ ਦਿੱਤਾ। ਕੂਕਿਆਂ ਦਾ ਕੋਈ ਵੀ ਮੈਂਬਰ ਰੇਲ ਦਾ ਸਫ਼ਰ ਨਹੀਂ ਸੀ ਕਰਦਾ। ਡਾਕ ਪਹੁੰਚਾਉਣ ਸਮੇਂ ਨਾ ਇਹ ਸਰਕਾਰੀ ਸੜਕ 'ਤੇ ਤੁਰਦੇ ਸਨ। ਕੂਕਿਆਂ ਦੇ ਤਨੋਂ ਮਨੋਂ ਕੀਤੇ ਬਾਈਕਾਟ ਦੀ ਮਿਸਾਲ ਇਥੋਂ ਤੱਕ ਵੀ ਮਿਲਦੀ ਹੈ ਕਿ ਕੋਈ ਵੀ ਕੂਕਾ ਸੜਕ ਨਾਲ ਖੜ੍ਹੀਆਂ ਸਰਕਾਰੀ ਕਿੱਕਰਾਂ ਨੂੰ ਤੋੜ ਕੇ ਦਾਤਣ ਵੀ ਨਹੀਂ ਸੀ ਕਰਦਾ। ਇਨ੍ਹਾਂ ਇਕ ਤਰ੍ਹਾਂ ਨਾਲ ਅੰਗਰੇਜ਼ ਸਰਕਾਰ ਦੇ ਨਾਲ ਆਪਣੀ ਸਰਕਾਰ ਤਿਆਰ ਕਰ ਲਈ ਸੀ। ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਕੇ ਆਪਣੀਆਂ ਪੰਚਾਇਤਾਂ ਬਣਾ ਫੈਸਲੇ ਕਰਨ ਲਗ ਪਏ। ਬੱਚਿਆਂ ਦੀ ਪੜ੍ਹਾਈ ਲਈ ਵੱਖਰੇ ਸਕੂਲ ਖੋਲ੍ਹ ਦਿੱਤੇ।

1863 ਦੀਆਂ ਪਾਬੰਦੀਆਂ ਤੋਂ ਲੈ ਕੇ 1869 ਤੱਕ ਸਰਕਾਰ ਨੂੰ ਇਹਨਾਂ ਦੀ ਕੋਈ ਵੀ ਕਾਰਵਾਈ ਦਾ ਪਤਾ ਨਾ ਲੱਗ ਸਕਿਆ ਤੇ ਜਦ ਪਤਾ ਲੱਗਿਆ ਤਾਂ ਅੰਗਰੇਜ਼ ਸਰਕਾਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਇਹ ਲਹਿਰ ਅੰਦਰੋਂ ਸਿਆਸੀ ਸੀ ਪਰ ਇਸ ਦਾ ਬਾਹਰਲਾ ਵਿਖਾਵਾ ਧਾਰਮਿਕ ਸੀ ਜਿਸ ਕਾਰਨ ਸਰਕਾਰ ਇਸ ਲਹਿਰ ਨੂੰ ਹੱਥ ਪਾਉਣ ਤੋਂ ਪਹਿਲਾਂ ਬਹੁਤ ਸੋਚ ਵਿਚਾਰ ਕਰ ਰਹੀ ਸੀ। ਅੰਗਰੇਜ਼ ਦੇ ਸਾਹਮਣੇ 1857 ਈ. ਦੇ ਗ਼ਦਰ ਦੀ ਮਿਸਾਲ ਸੀ ਜੋ ਧਾਰਮਿਕ ਵਿਰੋਧ ਵਿਚੋਂ ਪੈਦਾ ਹੋਈ ਸੀ, ਇਸ ਕਰਕੇ ਸਰਕਾਰ ਇਸ ਲਹਿਰ ਨੂੰ ਕੁਚਲਣ ਲਈ ਬੜਾ ਬੋਚ ਬੋਚ ਕੇ ਕਦਮ ਚੁੱਕ ਰਹੀ ਸੀ।

ਸੰਨ 1863 ਦੀ ਵਿਸਾਖੀ ਤੋਂ ਬਾਅਦ ਮਾਰਚ, 1867 ਨੂੰ ਬਾਬਾ ਰਾਮ ਸਿੰਘ ਆਪਣੇ ਪਿੰਡ ਵਿਚ ਹੀ ਨਜ਼ਰਬੰਦ ਸਨ, ਇਨ੍ਹਾਂ ਨੂੰ ਮੁਕਤਸਰ ਮਾਘੀ ਮੇਲੇ ਤੇ ਜਾਣ ਦੀ ਇਜਾਜ਼ਤ ਨਹੀਂ ਮਿਲੀ ਸੀ। ਸਰਕਾਰ ਕੋਲ ਇਸ ਸਮੇਂ ਤੱਕ ਸਰਕਾਰ ਵਿਰੋਧੀ ਕੋਈ ਸ਼ਿਕਾਇਤ ਨਾ ਮਿਲੀ। ਬਾਬਾ ਰਾਮ ਸਿੰਘ ਨੇ ਸਰਕਾਰ ਤੋਂ ਅਨੰਦਪੁਰ ਦਰਸ਼ਨ ਕਰਨ ਲਈ ਬੇਨਤੀ ਕੀਤੀ ਜੋ ਮਨਜ਼ੂਰ ਹੋ ਗਈ।

18 ਮਾਰਚ, 1867 ਨੂੰ ਬਾਬਾ ਰਾਮ ਸਿੰਘ

ਅਨੰਦਪੁਰ ਸਾਹਿਬ ਪੁੱਜੇ। ਉਨਾਂ ਨਾਲ ਇੱਕੀ ਸੂਬੇ ਘੋੜ ਸਵਾਰ ਤੇ 2500 ਆਦਮੀ ਪੈਦਲ ਝੰਡੀਆਂ ਤੇ ਨਗਾਰੇ ਨਾਲ ਸਨ। ਦਾਖ਼ਲੇ ਸਮੇਂ ਬਾਬਾ ਰਾਮ ਸਿੰਘ ਦੀ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਨਾਲ ਮੁਲਾਕਾਤ ਹੋਈ ਜਿਸ ਵਿਚ ਮਿਸਟਰ ਪਰਕਿਨਜ਼ ਨੇ ਦੱਸਿਆ ਕਿ ਇਥੇ ਗੁਰਦੁਆਰੇ ਦਾ ਮਹੰਤ ਹਰੀ ਸਿੰਘ ਤੁਹਾਡੇ ਆਉਣ ਤੇ ਨਾਰਾਜ਼ ਹੈ, ਉਹ ਨਹੀਂ ਚਾਹੁੰਦੇ ਕਿ ਕੂਕੇ ਗੁਰਦੁਆਰੇ ਵਿਚ ਦਾਖ਼ਲ ਹੋਣ ਕਿਉਂਕਿ ਕੂਕੇ ਸ਼ਬਦ ਪੜ੍ਹਦੇ ਪੜ੍ਹਦੇ ਕੂਕਾਂ ਮਾਰਨ ਲੱਗ ਜਾਂਦੇ ਹਨ, ਮਸਤਾਨੇ ਹੋ ਨੱਚਣ ਲੱਗ ਜਾਂਦੇ ਹਨ। ਆਖ਼ਰ ਕੂਕਿਆਂ ਦੇ ਗੁਰਦੁਆਰੇ ਵਿਚ ਦਾਖ਼ਲ ਹੋਣ ਲਈ ਸਹਿਮਤੀ ਹੋਣ ਤੇ ਬਾਬਾ ਰਾਮ ਸਿੰਘ ਆਪਣੇ ਡੇਰੇ ਚਲੇ ਗਏ।

19 ਮਾਰਚ ਨੂੰ ਬਾਬਾ ਰਾਮ ਸਿੰਘ ਇਕ ਸੌ ਕੂਕਿਆਂ ਦੇ ਨਾਲ ਗੁਰਦੁਆਰਾ ਤਖ਼ਤ ਕੇਸਗੜ੍ਹ ਸਾਹਿਬ ਮੱਥਾ ਟੇਕਣ ਗਏ ਤੇ 25 ਰੁਪਏ ਦੀ ਭੇਟਾ ਚੜ੍ਹਾਈ ਪਰ ਪੁਜਾਰੀ ਨੇ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਗੁਰਦੁਆਰੇ ਤੋਂ ਬਾਅਦ ਕੂਕੇ ਗੁਰਦੁਆਰਾ ਗੁਰੂ ਤੇਗ ਬਹਾਦਰ ਦੇ ਦਰਸ਼ਨਾਂ ਨੂੰ ਗਏ ਤੇ ਇਥੇ ਵੀ 25 ਰੁਪਏ ਦੀ ਭੇਟਾ ਚੜ੍ਹਾਈ। ਇਥੇ ਪੁਜਾਰੀ ਨੇ ਅਰਦਾਸ ਵੀ ਕੀਤੀ।

ਸਰਕਾਰ ਨੇ ਮੇਲੇ ਦੀਆਂ ਸੀ. ਆਈ. ਡੀ. ਰਿਪੋਰਟਾਂ ਤੋਂ ਬਾਬਾ ਰਾਮ ਸਿੰਘ ਨੂੰ ਤਾਂ ਠੀਕ ਪਾਇਆ ਪਰ ਕੁਝ ਨੂੰ ਭੈੜੇ ਬੰਦੇ ਦੱਸਿਆ ਗਿਆ।

1863 ਦੀ ਵਿਸਾਖੀ ਤੋਂ ਸਾਢੇ ਚਾਰ ਸਾਲ ਬਾਅਦ 25 ਅਕਤੂਬਰ, 1867 ਦਿਵਾਲੀ ਮੌਕੇ ਨੂੰ ਕੂਕੇ ਬਾਬਾ ਰਾਮ ਸਿੰਘ ਦੇ ਸੱਦੇ 'ਤੇ ਕਰੀਬ ਪੰਜ ਹਜ਼ਾਰ ਦੀ ਗਿਣਤੀ ਵਿਚ ਅੰਮ੍ਰਿਤਸਰ ਇਕੱਠੇ ਹੋਏ! ਕੂਕਿਆਂ ਦੇ ਡੇਰੇ ਵੱਖੋ ਵੱਖਰੇ ਥਾਵਾਂ ਤੇ ਲੱਗੇ ਹੋਏ ਸਨ।

ਇਸ ਇਕੱਠ ਵਿਚ ਸਾਰੇ ਸੂਬੇ ਵੀ ਪਹੁੰਚੇ ਹੋਏ ਸਨ, ਬੀਬੀ ਹੁਕਮੀ, ਸਪੁੱਤਰੀ ਰਤਨ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਜੋ ਇਕ ਸੂਬਾ ਸੀ, ਵੀ ਹਾਜ਼ਰ ਸੀ। ਬਾਬਾ ਰਾਮ ਸਿੰਘ ਨੂੰ ਪੁਲਿਸ ਵੱਲੋਂ ਸਭ ਥਾਵਾਂ ਦੇ ਦਰਸ਼ਨ ਕਰਨ ਦੀ ਆਗਿਆ ਮਿਲ ਗਈ ਪਰ ਨਾਲ ਇਕ ਸ਼ਰਤ ਲਾ ਦਿੱਤੀ ਕਿ ਉਹ ਆਪਣੇ ਨਾਲ ਪੰਜਾਹ ਕੂਕਿਆਂ ਤੋਂ ਵੱਧ ਨਹੀਂ ਲਿਜਾ ਸਕਦੇ। ਸਭ ਤੋਂ ਪਹਿਲਾਂ ਬਾਬਾ ਰਾਮ ਸਿੰਘ ਜੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਏ, ਇਹਨਾਂ ਨਾਲ ਕੂਕਿਆਂ ਦੀ ਗਿਣਤੀ 50 ਤੋਂ ਕਾਫ਼ੀ ਜ਼ਿਆਦਾ ਸੀ। ਦਰਬਾਰ ਸਾਹਿਬ ਤੋਂ ਬਾਅਦ ਝੰਡੇ-ਬੁੰਗੇ ਦਰਸ਼ਨ ਕੀਤੇ। ਦੋਹਾਂ ਥਾਵਾਂ ਤੇ ਬਾਬਾ ਰਾਮ ਸਿੰਘ ਦੇ ਸਤਿਕਾਰ ਲਈ ਦਸਤਾਰ, ਦੁਸ਼ਾਲੇ ਤੇ ਦੁਪੱਟੇ ਦੇ ਸਿਰੋਪੇ ਦਿੱਤੇ ਗਏ ਪਰ ਜਦ ਅਕਾਲ ਤਖ਼ਤ ਸਾਹਿਬ ਹਾਜ਼ਰੀ ਲਗਵਾਈ ਤਾਂ ਉਥੇ ਪੁਜਾਰੀ ਨੇ ਨਾ ਕੋਈ ਅਰਦਾਸ ਕੀਤੀ ਤੇ ਨਾ ਹੀ ਕੋਈ ਸਿਰੋਪਾ ਭੇਂਟ ਕੀਤਾ।

28 ਅਕਤੂਬਰ, 1867 ਨੂੰ ਫੇਰ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਪੁਲਸ ਨੇ ਬਾਬਾ ਰਾਮ ਸਿੰਘ ਨਾਲ 50 ਕੂਕਿਆਂ ਤੋਂ ਵੱਧ ਜਾਣ ਤੇ ਰੋਕ ਲਾ ਦਿੱਤੀ। ਜਦ ਪੁਲਿਸ ਸਾਰਜੈਂਟ ਨੇ ਦੂਸਰਿਆਂ ਨੂੰ ਜਾਣੋਂ ਰੋਕਿਆ ਤਾਂ ਸੂਬਾ ਲੱਖਾ ਸਿੰਘ ਨੇ ਸਾਰਜੈਂਟ ਨੂੰ ਗਾਲ ਕੱਢ ਮਾਰੀ, ਤਲਖੀ ਵਧ ਗਈ ਜਿਸ ਤੇ ਬਾਬਾ ਰਾਮ ਸਿੰਘ ਨੂੰ ਆਪ ਪਸ਼ਚਾਤਾਪ ਕਰਨਾ ਪਿਆ।

ਬਾਬਾ ਰਾਮ ਸਿੰਘ ਦੇ ਸੁਨੇਹੇ ਤੇ ਅੰਮ੍ਰਿਤਸਰ ਤੇ ਭੈਣੀ ਸਾਹਿਬ ਲੋਕ ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋਣ ਲੱਗੇ ਜਿਸ ਤੋਂ ਬਾਬਾ ਰਾਮ ਸਿੰਘ ਜੀ ਇਹ ਤਾਂ ਚੰਗੀ ਤਰ੍ਹਾਂ ਭਾਂਪ ਗਏ ਸਨ ਕਿ ਸਿੱਖਾਂ ਦਾ ਵੱਡਾ ਭਾਗ ਉਨ੍ਹਾਂ ਦੇ ਹੁਕਮਾਂ ਨੂੰ ਕਬੂਲਣ ਲੱਗ ਪਿਆ ਹੈ ਪਰ ਉਹ ਆਪਣੀ ਇਸ ਤਾਕਤ ਨੂੰ ਅੰਗਰੇਜ਼ ਵਿਰੁੱਧ ਲੜਨ ਲਈ ਨਾ ਕਾਫ਼ੀ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਮੁਹਿੰਮ ਨੂੰ ਉਸਾਰਨ ਲਈ ਗਵਾਂਢੀ ਮੁਲਕਾਂ ਨਾਲ ਸਬੰਧ ਜੋੜਨ ਲਈ ਵੱਖ ਵੱਖ ਡਿਊਟੀਆਂ ਲਾਈਆਂ। ਇਸ ਤੋਂ ਪਹਿਲਾਂ ਉਨ੍ਹਾਂ ਪੂਰੇ ਪੰਜਾਬ ਨੂੰ 22 ਹਿੱਸਿਆਂ ਵਿਚ ਵੰਡ ਕੇ 22 ਸੂਬੇ ਨਿਯੁਕਤ ਕਰ ਦਿੱਤੇ ਸਨ, ਇਹਨਾਂ 22 ਸੂਬਿਆਂ ਵਿਚ ਉਹ ਪੰਜ ਸੂਬੇ ਵੀ ਸ਼ਾਮਲ ਸਨ ਜਿੰਨਾਂ ਦੀ ਨਿਯੁਕਤੀ ਨਾਮਧਾਰੀ ਲਹਿਰ ਦੀ ਸਥਾਪਨਾ ਸਮੇਂ ਕਰ ਲਈ ਸੀ। ਆਪਣੇ ਹਿੱਸੇ ਉਤੇ ਹਰ ਸੂਬੇ ਦੀ ਪੂਰੀ ਕਮਾਨ ਚਲਦੀ ਸੀ ਜੋ ਪੰਜਾਬ ਤੋਂ ਬਾਹਰ ਸੂਬੇ ਨਿਯੁਕਤ ਕੀਤੇ ਗਏ ਉਨ੍ਹਾਂ ਦੇ ਨਾਂ ਸਨ- ਭਾਈ ਬਿਸ਼ਨ ਸਿੰਘ ਕਾਬਲ ਵਿਚ, ਭਾਈ ਨਰੈਣ ਸਿੰਘ ਗਵਾਲੀਅਰ ਵਿਚ, ਭਾਈ ਕਾਹਨ ਸਿੰਘ

ਬਨਾਰਸ ਵਿਚ, ਭਾਈ ਨਿਹੰਗ ਸਿੰਘ ਨੇਪਾਲ ਵਿਚ, ਭਾਈ ਹੇਮਾ ਸਿੰਘ ਕਸ਼ਮੀਰ ਵਿਚ। ਅੱਗੇ ਜਾ ਕੇ ਨਾਮਧਾਰੀ ਲਹਿਰ ਦੇ ਬਾਹਰਲੇ ਮੁਲਕਾਂ ਤੋਂ ਸਹਾਇਤਾ ਲੈਣ ਲਈ ਸੂਬਾ ਕਾਹਨ ਸਿੰਘ ਵਰਗੇ ਰੂਸ, ਈਰਾਨ, ਕਾਬਲ ਵਿਚ ਭੇਜੇ।

4 ਨਵੰਬਰ 1871 ਨੂੰ ਅੰਬਾਲਾ ਦੇ ਡਿਪਟੀ ਕਮਿਸ਼ਨਰ ਜੇ. ਡਬਲਯੂ, ਮੈਕਨ ਨੇ ਸਰਕਾਰ ਨੂੰ ਇਕ ਵਿਸ਼ੇਸ਼ ਰਿਪੋਰਟ ਭੇਜੀ ਜਿਸ ਵਿਚ ਕਿਹਾ ਗਿਆ ਹੈ "ਸਿੱਖ ਪੰਥ ਦਾ ਆਗੂ ਰਾਮ ਸਿੰਘ ਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਝ ਵੀ ਹੋਣ ਪਰ ਉਸ ਦਾ ਨਿਸ਼ਾਨਾ ਰਾਜਨੀਤਿਕ ਹੈ। ਪੁਰਾਣੇ ਕਾਗਜ਼ਾਂ ਤੋਂ ਪਤਾ ਲਗਦਾ ਹੈ ਕਿ ਰਾਮ ਸਿੰਘ ਨੂੰ ਸੰਤ ਸਰੂਪ ਨਾਨਕ ਦਾ ਜਾਨਸ਼ੀਨ ਜਾਂ ਅਵਤਾਰ ਸਮਝਿਆ ਹੈ, ਹੁਣ ਉਸ ਨੂੰ ਗੁਰੂ ਗੋਬਿੰਦ ਸਿੰਘ ਦਾ ਰੂਪ ਮੰਨਿਆ ਜਾਂਦਾ ਹੈ। ਇਸ ਲਈ ਉਸ ਦੇ ਉਦੇਸ਼ ਦੀ ਪ੍ਰਾਪਤੀ ਤੋਂ ਰੋਕਣ ਲਈ ਕਿਸੇ ਤਕੜੀ ਕਾਰਵਾਈ ਦੀ ਲੋੜ ਹੈ। ਇਸ ਦੀ ਹਰ ਹਰਕਤ ਇਸ਼ਾਰਾ ਕਰਦੀ ਹੈ ਕਿ ਰਾਮ ਸਿੰਘ ਸੰਤਾਂ, ਫਕੀਰਾਂ ਦੀ ਹੈਸੀਅਤ ਨਹੀਂ ਰੱਖਦਾ। ਉਹ ਤੁਹਾਨੂੰ ਅੱਧੀ ਦਰਜਨ ਘੋੜ ਸਵਾਰਾਂ ਸਮੇਤ ਮਿਲਦਾ ਹੈ, ਅਨੇਕਾਂ ਆਦਮੀ ਪੈਦਲ ਉਸ ਦੇ ਨਾਲ ਹੁੰਦੇ ਹਨ। ਉਹ ਦਰਬਾਰੀ ਆਦਮੀਆਂ ਦੇ ਘੇਰੇ ਵਿਚ ਘਿਰਿਆ ਹੋਇਆ ਹਮੇਸ਼ਾ ਤੁਹਾਡੇ ਕਮਰੇ ਵਿਚ ਇਕ ਬਾਦਸ਼ਾਹ ਦੀ ਸ਼ਾਨ ਨਾਲ ਦਾਖਲ ਹੁੰਦਾ ਹੈ। ਉਹ ਵਿਭਚਾਰ ਕੰਮਾਂ ਤੋਂ ਕਰੜੀ ਮਨਾਹੀ ਕਰਦਾ ਹੈ।

ਉਪਰਲੀਆਂ ਗੱਲਾਂ ਤੋਂ ਜਾਪਦਾ ਹੈ ਕਿ ਇਹ ਲਹਿਰ ਆਰੰਭ ਵਿਚ ਭਾਵੇਂ ਕਿਹੋ ਜਿਹੀ ਸੀ ਪਰ ਹੁਣ ਇਹ ਰਾਜਨੀਤਕ ਹੋ ਗਈ ਹੈ। ਇਹ ਖਾਲਸ ਧਾਰਮਿਕ ਨਹੀਂ। ਉਹ ਉਸ ਪੰਥ ਦਾ ਅਦੁੱਤੀ ਹਾਕਮ ਹੈ ਜਿਸ ਨੇ ਪੰਜਾਬ ਦੇ ਸਾਰੇ ਬੁੱਚੜਾਂ ਨੂੰ ਕਤਲ ਕਰਨ ਦੀ ਵਿਉਂਤ ਬਣਾ ਰੱਖੀ ਹੈ। ਮੈਂ ਸਮਝਦਾ ਹਾਂ ਕਿ ਬੁੱਚੜਾਂ ਦਾ ਕਤਲ ਜੋ ਅੰਗਰੇਜ਼ ਸਰਕਾਰ ਦੀ ਆਗਿਆ ਨਾਲ ਆਪਣਾ ਵਪਾਰ ਚਲਾ ਰਹੇ ਹਨ, ਅੰਗਰੇਜ਼ ਨਾਲ ਸਿੱਧੀ ਟੱਕਰ ਹੈ। ਇਸ ਖ਼ਿਆਲ ਨਾਲ ਦੇਸ਼ ਦੇ ਅੰਦਰੂਨੀ ਅਮਨ ਨੂੰ ਬਹਾਲ ਰੱਖਣ ਵਾਸਤੇ ਰਾਮ ਸਿੰਘ ਨੂੰ ਕਿਸੇ ਐਸੀ ਜਗ੍ਹਾ ਤੇ ਜਲਾਵਤਨ ਕਰਨਾ ਚਾਹੀਦਾ ਹੈ ਜਿਥੇ ਉਸ ਦੇ ਸਿੱਖ ਉਸ ਦਾ ਦਰਸ਼ਨ ਨਾ ਕਰ ਸਕਣ। ਮੇਰੀ ਪੱਕੀ ਰਾਏ ਹੈ ਕਿ ਰਾਮ ਸਿੰਘ ਨੂੰ ਉਮਰ ਭਰ ਲਈ ਕਾਲੇ ਪਾਣੀ ਭੇਜ ਦਿੱਤਾ ਜਾਵੇ। ਜੇ ਸਰਕਾਰ ਉਸ ਦੇ ਵਿਰੁੱਧ ਮੁਕੱਦਮਾ ਨਾ ਚਲਾ ਸਕੇ ਤਾਂ 1818 ਦੇ ਐਕਟ ਦਫ਼ਾ 3 ਅਧੀਨ ਕਾਰਵਾਈ ਕੀਤੀ ਜਾਵੇ। ਮੇਰਾ ਖ਼ਿਆਲ ਹੈ ਕਿ ਉਹ ਲੜਾਈ ਕਰਨ ਦਾ ਯਤਨ ਨਹੀਂ ਕਰੇਗਾ ਅਤੇ ਸੰਮਨ ਨਾਲ ਹਾਜ਼ਰ ਹੋ ਜਾਵੇਗਾ।"

ਇਸ ਤੋਂ ਪਹਿਲਾਂ 1869 ਈ. ਵਿਚ ਵੀ ਸਰਕਾਰੀ ਅਫਸਰਾਂ ਦੀਆਂ ਰਿਪੋਰਟਾਂ ਤੋਂ ਪਤਾ ਲੱਗਿਆ ਸੀ ਕਿ ਕਸ਼ਮੀਰ ਦਾ ਮਹਾਰਾਜਾ ਇਕ ਕੂਕਾ ਪਲਟਨ ਖੜ੍ਹੀ ਕਰ ਰਿਹਾ ਹੈ। ਇਸ ਪਲਟਨ ਵਿਚ ਭਰਤੀ ਹੋਣ ਵਾਲਾ ਹਰ ਨੌਜਵਾਨ ਬਾਬਾ ਰਾਮ ਸਿੰਘ ਤੋਂ ਸਰਟੀਫਿਕੇਟ ਲੈ ਕੇ ਜਾਂਦਾ ਸੀ। ਸਰਕਾਰ ਨੇ 1869 ਈ. ਦੇ ਅਖ਼ੀਰ ਵਿਚ ਇਕ ਥਾਣੇਦਾਰ ਨੂੰ ਜੰਮੂ ਭੇਜਿਆ ਕਿ ਉਹ ਸਭ ਹਾਲਾਤਾਂ ਦਾ ਪਤਾ ਕਰੇ। ਉਸ ਨੇ 1870 ਈ. ਵਿਚ ਆ ਕੇ ਰਿਪੋਰਟ ਪੇਸ਼ ਕੀਤੀ ਸੀ ਕਿ "ਕੋਈ ਛੇ ਸੱਤ ਮਹੀਨੇ ਹੋਏ ਹੀਰਾ ਸਿੰਘ ਅੰਬਾਲਾ, ਤਾਰਾ ਸਿੰਘ ਕਿਲਾ ਦੇਸ਼ਰਾਜ ਜ਼ਿਲ੍ਹਾ ਅੰਮ੍ਰਿਤਸਰ ਅਤੇ ਹੋਰ ਕੂਕੇ ਮਹਾਰਾਜਾ ਕਸ਼ਮੀਰ ਪਾਸ ਨੌਕਰੀ ਲਈ ਗਏ ਸੀ। ਮਹਾਰਾਜ ਨੇ ਉਨ੍ਹਾਂ ਨਾਲ ਇਕਰਾਰ ਕੀਤਾ ਕਿ ਉਹ ਕੂਕਾ ਪਲਟਣ ਬਨਾਉਣ ਲਈ ਤਿਆਰ ਹਨ। ਉਸ ਵਾਸਤੇ ਜੰਮੂ ਸ਼ਹਿਰ ਤੋਂ ਬਾਹਰ ਇਕ ਛਾਉਣੀ ਤਿਆਰ ਕੀਤੀ ਹੈ ਤੇ ਭਰਤੀ ਸ਼ੁਰੂ ਹੋ ਗਈ ਹੈ। ਮੈਂ ਜਦ ਉਥੇ ਗਿਆ ਤਾਂ 150 ਕੂਕਿਆਂ ਦੀ ਨਫਰੀ ਸੀ ਜਿੰਨ੍ਹਾਂ ਵਿਚੋਂ 71 ਮੌਕੇ ਤੇ ਹਾਜ਼ਰ ਸਨ। ਹੀਰਾ ਸਿੰਘ ਨੂੰ ਕੂਕਾ ਪਲਟਣ ਦਾ ਕਮਾਂਡਰ ਨੀਯਤ ਕੀਤਾ ਗਿਆ ਹੈ। ਉਸ ਵੇਲੇ ਉਹ ਵੀ ਹਾਜ਼ਰ ਨਹੀਂ ਸੀ।"

ਸਾਰੀਆਂ ਮਿਲੀਆਂ ਰਿਪੋਰਟਾਂ ਦੇ ਅਧਾਰ ਤੇ ਸਰਕਾਰ ਨੇ ਕੂਕਾ ਲਹਿਰ 'ਤੇ ਫੇਰ ਪਾਬੰਦੀ ਲਾ ਦਿੱਤੀ। ਅੰਗਰੇਜ਼ੀ ਰਾਜ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬੁੱਚੜਖਾਨੇ ਦੀ ਮਨਾਹੀ ਸੀ ਪਰ ਜਦ ਅੰਗਰੇਜ਼ ਦਾ ਰਾਜ ਹੋਇਆ ਤਾਂ ਇਨ੍ਹਾਂ ਤੁਰੰਤ ਬੁੱਚੜਖਾਨੇ ਖੋਲ੍ਹ ਕੇ ਗਊ ਹੱਤਿਆ ਦੀ ਖੁਲ੍ਹ ਦੇ ਦਿੱਤੀ। ਇਹ ਹੁਕਮ ਚਾਲੂ ਵੀ ਅੰਮ੍ਰਿਤਸਰ ਤੋਂ ਹੀ ਕੀਤਾ ਗਿਆ। ਲਾਹੌਰੀ ਗੇਟ ਦਰਵਾਜ਼ੇ

ਤੋਂ ਬਾਹਰ ਬੁੱਚੜਖਾਨਾਂ ਚਾਲੂ ਕਰ ਦਿੱਤਾ, ਅਜਿਹਾ ਕਰਨ ਤੇ ਕਈ ਫ਼ਸਾਦ ਵੀ ਹੋਏ। ਦੂਸਰਾ ਬੁੱਚੜਖ਼ਾਨਾ ਦਰਬਾਰ ਸਾਹਿਬ ਦੀ ਪਰਕਰਮਾ ਨਾਲ ਲਗਦੀ ਕੰਧ ਨਾਲ ਖੋਲ੍ਹ ਦਿੱਤਾ। ਕੂਕਿਆਂ ਤੋਂ ਇਹ ਜਰਿਆ ਨਾ ਗਿਆ, ਉਨ੍ਹਾਂ 14-15 ਜੂਨ ਦੀ ਵਿਚਕਾਰਲੀ ਰਾਤ ਨੂੰ ਦਰਬਾਰ ਸਾਹਿਬ ਦੇ ਪਾਸ ਬੁੱਚੜਖ਼ਾਨੇ ਤੇ ਹਮਲਾ ਕਰ ਦਿੱਤਾ। ਪਹਿਲਾਂ ਕਤਲ ਕਰਨ ਲਈ ਲਿਆਂਦੀਆਂ ਗਊਆਂ ਨੂੰ ਬਾਹਰ ਕੱਢਿਆ ਗਿਆ ਤੇ ਫੇਰ ਬੁੱਚੜਾਂ ਨੂੰ ਮਾਰ ਦਿੱਤਾ ਤੇ ਆਪਣਾ ਰਸਤਾ ਫੜਿਆ। ਪੁਲਿਸ ਨੇ ਪੁਜਾਰੀ ਨਿਹੰਗਾਂ ਨੂੰ ਫੜ ਲਿਆ ਜਦਕਿ ਉਨ੍ਹਾਂ ਨੇ ਹਮਲਾ ਨਹੀਂ ਸੀ ਕੀਤਾ। ਉਹ ਕੁੱਟ ਤੋਂ ਡਰਦੇ ਸਾਰਾ ਕੁਝ ਇਕਬਾਲ ਕਰ ਗਏ। ਅਦਾਲਤਾਂ ਨੇ ਉਨ੍ਹਾਂ ਨੂੰ ਮੌਤ ਦੀਆਂ ਸਜ਼ਾਵਾਂ ਸੁਣਾ ਦਿੱਤੀਆਂ।

ਜਦ ਬੁੱਚੜਾਂ ਨੂੰ ਮਾਰਨ ਵਾਲੇ ਕੂਕੇ ਭੈਣੀ ਸਾਹਿਬ ਆਪਣੇ ਗੁਰੂ ਕੋਲ ਗਏ ਤਾਂ ਉਨ੍ਹਾਂ ਸਾਰੀ ਸਹੀ ਸਹੀ ਗੱਲ ਆਪਣੇ ਗੁਰੂ ਨੂੰ ਦੱਸ ਦਿੱਤੀ ਕਿ ਕਤਲ ਅਸੀਂ ਕੀਤੇ ਹਨ ਪਰ ਅਦਾਲਤ ਨੇ ਪੁਜਾਰੀ ਨਿਹੰਗਾਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਹੈ। ਇਹ ਪਤਾ ਲੱਗਣ ਤੇ ਬਾਬਾ ਰਾਮ ਸਿੰਘ ਨੇ ਉਨ੍ਹਾਂ ਕੂਕਿਆਂ ਨੂੰ ਹੁਕਮ ਦਿੱਤਾ ਕਿ ਜਾਓ ਆਪਣਾ ਜੁਰਮ ਇਕਬਾਲ ਕਰਕੇ ਉਨ੍ਹਾਂ ਬੇਦੋਸ਼ਿਆਂ ਨੂੰ ਮੌਤ ਤੋਂ ਛਡਾਓ। ਉਨ੍ਹਾਂ ਅਜਿਹਾ ਹੀ ਕੀਤਾ। ਇਹ ਕੂਕੇ ਤੁਰੰਤ ਆਪਣੇ ਗੁਰੂ ਦਾ ਹੁਕਮ ਮੰਨਦੇ ਹੋਏ ਅੰਮ੍ਰਿਤਸਰ ਦੀ ਅਦਾਲਤ ਵਿਚ ਪਹੁੰਚੇ ਤੇ ਆਪਣਾ ਦੋਸ਼ ਇਕਬਾਲ ਕਰ ਲਿਆ।

28, 29, 30 ਅਗਸਤ, 1871 ਨੂੰ ਤਿੰਨ ਦਿਨ ਇਨ੍ਹਾਂ ਦਾ ਮੁਕੱਦਮਾ ਚੱਲਿਆ ਤੇ 31 ਅਗਸਤ ਨੂੰ ਫੈਸਲਾ ਸੁਣਾ ਦਿੱਤਾ ਜਿਸ ਵਿਚ ਲਹਿਣਾ ਸਿੰਘ ਪਿੰਡ ਰੰਧਾਵਾ ਪੱਖੋਕੇ, ਜ਼ਿਲ੍ਹਾ ਗੁਰਦਾਸਪੁਰ; ਫਤਹਿ ਸਿੰਘ ਦੁਕਾਨਦਾਰ ਅੰਮ੍ਰਿਤਸਰ; ਹਾਕਮ ਸਿੰਘ ਪਟਵਾਰੀ ਪਿੰਡ ਮੌੜੇ ਜ਼ਿਲ੍ਹਾ ਅੰਮ੍ਰਿਤਸਰ; ਬੀਹਲਾ ਸਿੰਘ ਪਿੰਡ ਨਾਰਲੀ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਚਾਰਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਤੋਂ ਬਿਨਾਂ ਲਹਿਣਾ ਸਿੰਘ ਪੁੱਤਰ ਮੁਸੌਦਾ ਸਿੰਘ, ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ ਤੇ ਲਾਲ ਸਿੰਘ, ਤਿੰਨਾਂ ਨੂੰ ਉਮਰ ਕੈਦ ਕਾਲੇਪਾਣੀ। ਮਿਹਰ ਸਿੰਘ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ, ਝੰਡਾ ਸਿੰਘ ਛੋਟਾ ਜ਼ਿਲ੍ਹਾ ਅੰਮ੍ਰਿਤਸਰ, ਅੜਬੰਗ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਇਹ ਤਿੰਨੇ ਭਗੌੜੇ ਕਰਾਰ ਦਿੱਤੇ ਗਏ।

15 ਸਤੰਬਰ ਨੂੰ ਫ਼ਾਂਸੀ ਵਾਲੇ ਦਿਨ ਅੰਮ੍ਰਿਤ ਵੇਲੇ ਸਰੋਵਰ ਵਿਚ ਇਸ਼ਨਾਨ ਕੀਤਾ, ਕੜਾਹ ਪ੍ਰਸ਼ਾਦ ਵਰਤਿਆ, ਢੋਲਕੀ, ਛੈਣਿਆਂ ਦੀ ਆਗਿਆ ਪ੍ਰਾਪਤ ਕਰ ਲਈ। ਇਸ ਤਰ੍ਹਾਂ ਖ਼ੁਸ਼ੀ ਖ਼ੁਸ਼ੀ ਰਾਮ ਬਾਗ ਦੀ ਡਿਉਡੀ ਦੇ ਬਾਹਰ ਕੂਕਿਆਂ ਨੂੰ ਕਤਲਗਾਹ ਵੱਲ ਵਧਦੇ ਵੇਖ ਲੋਕ ਹੈਰਾਨ ਹੋ ਰਹੇ ਸਨ। ਫ਼ਾਂਸੀ ਮੌਕੇ ਜਦ ਕੂਕਿਆਂ ਤੋਂ ਆਖ਼ਰੀ ਖ਼ਾਹਿਸ਼ ਪੁੱਛੀ ਗਈ ਤਾਂ ਉਨ੍ਹਾਂ ਕਿਹਾ ਅਸੀਂ ਫ਼ਾਹੇ ਦਾ ਰੋਸਾ ਆਪਣੇ ਆਪ ਪਾਵਾਂਗੇ, ਦੂਸਰਾ ਸਾਨੂੰ ਤੰਦੀ (ਚਮੜੇ ਦਾ ਰੋਸਾ) ਨਾਲ ਫ਼ਾਹੇ ਨਾ ਦਿੱਤਾ ਜਾਵੇ। ਦੋਵੇਂ ਖ਼ਾਹਿਸ਼ਾਂ ਮੰਨ ਲਈਆਂ ਗਈਆਂ। ਸਿੰਘਾਂ ਨੇ ਅਰਦਾਸ ਕੀਤੀ ਅਤੇ ਛਾਲਾਂ ਮਾਰਦੇ, ਸਤਿ ਸ੍ਰੀ ਅਕਾਲ ਗਜਾਂਦੇ, ਆਪਣੇ ਹੱਥੀਂ ਆਪਣੇ ਗਲ ਰੱਸਾ ਪਾ ਕੇ ਸ਼ਹੀਦੀਆਂ ਪਾ ਗਏ। ਜੋ ਭਗੌੜੇ ਕਰਾਰ ਦਿੱਤੇ ਸਨ, ਉਨ੍ਹਾਂ ਵਿਚੋਂ ਝੰਡਾ ਸਿੰਘ ਛੋਟੇ ਵਾਲਾ 11 ਅਗਸਤ, 1873 ਨੂੰ ਫੜਿਆ ਗਿਆ। ਇਸ ਨੂੰ ਵੀ ਮੁਕੱਦਮਾ ਚਲਾ ਕੇ ਫ਼ਾਂਸੀ ਦਿੱਤੀ ਗਈ।

ਇਸ ਕਾਂਡ ਨੂੰ ਪੜ੍ਹਦਿਆਂ ਹੈਰਾਨੀ ਹੁੰਦੀ ਹੈ ਕਿ ਸ਼ਹੀਦ ਹਾਕਮ ਸਿੰਘ ਦੀ ਮਾਤਾ ਜੋ ਵਿਧਵਾ ਸੀ ਤੇ ਅੱਤ ਦੀ ਗਰੀਬ ਸੀ ਉਸ ਪਾਸ ਪੁੱਤਰ ਦੀ ਦੇਹ ਸਸਕਾਰ ਕਰਨ ਲਈ ਲੱਕੜ ਲੈਣ ਲਈ ਪੈਸੇ ਵੀ ਨਹੀਂ ਸਨ, ਉਸ ਨੇ ਆਪਣਾ ਘਰ ਉਧੇੜਿਆ ਤੇ ਜੋ ਕੜੀਆਂ, ਸ਼ਤੀਰ ਉਤਾਰੇ ਗਏ ਉਨ੍ਹਾਂ ਨਾਲ ਚਾਰੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

ਬੱਚੜਖ਼ਾਨੇ ਦੇ ਬੁੱਚੜਾਂ ਨੂੰ ਮਾਰਨ ਦੀ ਦੂਜੀ ਘਟਨਾ ਰਾਏਕੋਟ ਜ਼ਿਲ੍ਹਾ ਲੁਧਿਆਣਾ ਵਿਚ ਹੋਈ। ਕੂਕਿਆਂ ਦਾ ਕਰਮ ਖੇਤਰ ਮੁੱਖ ਤੌਰ ਤੇ ਮਾਲਵਾ ਰਿਹਾ ਹੈ। ਸਾਰੇ ਮਾਲਵੇ ਵਿਚ ਹੀ ਇਨ੍ਹਾਂ ਦਾ ਦੂਰ ਦੂਰ ਤੱਕ ਪ੍ਰਭਾਵ ਸੀ। ਭੈਣੀ ਸਾਹਿਬ ਕੂਕਿਆਂ ਦਾ ਮੁੱਖ ਕੇਂਦਰ ਸੀ, ਇਸ ਲਈ ਸੰਗਤਾਂ ਦੀ ਦੂਰੋਂ ਦੂਰੋਂ ਆਵਾਜਾਈ ਬਣੀ ਰਹਿੰਦੀ ਸੀ। ਆਵਾਜਾਈ ਦਾ ਸਾਧਨ ਕੋਈ ਨਹੀਂ ਸੀ। ਸੰਗਤਾਂ ਪੈਦਲ ਹੀ ਸਾਰਾ ਪੈਂਡਾ ਤੈਅ ਕਰਦੀਆਂ ਸਨ। ਇਸ

ਕੇਂਦਰ ਤੋਂ ਰਾਏਕੋਟ ਦੱਖਣ-ਪੱਛਮ ਦੀ ਗੁੱਠ ਵੱਲ ਪੈਂਦਾ ਹੈ। ਰਾਏਕੋਟ ਇਧਰੋਂ ਆਉਣ ਵਾਲੀ ਸੰਗਤ ਦੇ ਪੈਂਡੇ ਵਿਚ ਪੈਂਦਾ ਸੀ। ਸੰਤ ਵਿਸਾਖਾ ਸਿੰਘ ਦੀ ਲਿਖਤ 'ਮਾਲਵਾ ਸਿੱਖ ਇਤਿਹਾਸ' ਭਾਗ ਪਹਿਲੇ ਅਨੁਸਾਰ ਰਾਏਕੋਟ ਜੋ ਹੁਣ ਤਹਿਸੀਲ ਬਣ ਚੁੱਕਾ ਹੈ, ਇਸ ਨੂੰ ਰਾਏ ਕੱਲਾ ਦੇ ਪੁੱਤਰ ਅਹਿਮਦ ਨੇ 1735 ਈ. ਵਿਚ ਤਲਵੰਡੀ ਤੋਂ ਉੱਠ ਕੇ ਬੰਨ੍ਹਿਆ ਸੀ ਅਤੇ ਰਿਆਸਤ ਕਾਇਮ ਕੀਤੀ ਸੀ। ਇਸ ਨੂੰ ਪੜਚੋਲਿਆਂ ਪਤਾ ਲਗਦਾ ਹੈ ਕਿ ਰਾਏ ਕੱਲਾ ਤੇ ਗੁਰੂ ਗੋਬਿੰਦ ਸਿੰਘ ਦੀ ਮਿਲਣੀ ਵੇਲੇ ਇਹ ਸ਼ਹਿਰ ਵਜੂਦ ਵਿਚ ਨਹੀਂ ਸੀ ਜਿਸ ਥਾਂ ਗੁਰਦੁਆਰਾ ਟਾਹਲੀਆਣਾ ਸਾਹਿਬ ਬਣਿਆ ਹੈ ਇਸ ਥਾਂ ਰਾਏਕਿਆਂ ਦਾ ਬਾਗ਼ ਹੁੰਦਾ ਸੀ ਇਸ ਬਾਗ ਵਿਚ ਹੀ ਰਾਏ ਕੱਲੇ ਦੀ ਬੇਨਤੀ ਤੇ ਗੁਰੂ ਜੀ ਨਾਲ ਮਿਲਣੀ ਹੋਈ ਸੀ। ਜਿਸ ਥਾਂ ਇਹ ਗੁਰਦੁਆਰਾ ਸੁਸ਼ੋਭਤ ਹੈ, ਇਸ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਬੁੱਚੜਖਾਨਾ ਖੋਲ੍ਹਿਆ ਗਿਆ ਸੀ। ਬਾਅਦ ਵਿਚ ਇਹ ਬੁੱਚੜਖ਼ਾਨਾ ਗੁਰਦੁਆਰਾ ਸਾਹਿਬ ਤੋਂ ਦੱਖਣ ਵੱਲ ਤਕਰੀਬਨ ਇਕ ਕਿਲੋਮੀਟਰ ਦੀ ਦੂਰੀ ਤੇ ਚਲਿਆ ਗਿਆ ਸੀ।

ਕੂਕਾ ਲਹਿਰ ਸਮੇਂ ਜਦ ਕੂਕੇ ਇਸ ਗੁਰਦੁਆਰੇ ਕੋਲ ਦੀ ਲੰਘਣ ਲੱਗੇ ਤਾਂ ਉਨ੍ਹਾਂ ਨੇ ਗਊਆਂ ਦੇ ਖਿੰਡੇ ਪਏ ਹੱਡ ਤੱਕੇ ਤੇ ਬੇਕਾਰ ਮਾਸ ਦੀ ਬਦਬੂ ਨੇ ਇਨ੍ਹਾਂ ਨੂੰ ਗੁਰੂ ਘਰ ਨੇੜੇ ਬੁੱਚੜਖ਼ਾਨਾ ਹੋਣ ਦਾ ਸਬੂਤ ਦੇ ਦਿੱਤਾ ਜੋ ਇਨ੍ਹਾਂ ਤੋਂ ਬਰਦਾਸ਼ਤ ਨਾ ਹੋਇਆ। ਕੂਕਿਆਂ ਨੇ ਰਾਤ ਦਾ ਪੜਾਅ ਪਿੰਡ ਛੀਨੀਵਾਲ, ਰਿਆਸਤ ਪਟਿਆਲਾ ਹੁਣ ਜ਼ਿਲ੍ਹਾ, ਬਰਨਾਲਾ ਵਿਚ ਕੀਤਾ। ਰਾਤ ਨੂੰ ਇਕ ਮਤਾ ਪਾਸ ਕੀਤਾ ਕਿ ਰਾਏਕੋਟ ਦੇ ਬੁੱਚੜਾਂ ਨੂੰ ਅਗਲੇ ਘਰ ਪਹੁੰਚਾਇਆ ਜਾਵੇ, ਗੁਰਦੁਆਰੇ ਦੀ ਪਵਿੱਤਰਤਾ ਵੀ ਕਾਇਮ ਰਹੇ ਤੇ ਗਊ ਗਰੀਬ ਦੀ ਰੱਖਿਆ ਕਰਨ ਉਤੇ ਵੀ ਅਮਲ ਲਿਆਂਦਾ ਜਾਵੇ। ਇਸ ਪਿੰਡ ਤੋਂ ਤਿੰਨ ਸਿੰਘ-ਮੰਗਲ ਸਿੰਘ, ਸੰਤ ਗੁਰਮੁੱਖ ਸਿੰਘ ਅਤੇ ਸੰਤ ਮਸਤਾਨ ਸਿੰਘ ਅਰਦਾਸ ਕਰਕੇ ਬੁੱਚੜਾਂ ਨੂੰ ਸੋਧਣ ਤੁਰ ਪਏ। 15 ਜੁਲਾਈ, 1871 ਦੀ ਰਾਤ ਨੂੰ 11 ਵਜੇ ਬੁੱਚੜਖ਼ਾਨੇ ਤੇ ਹਮਲਾ ਕਰਕੇ ਬੁੱਚੜ ਮਾਰ ਦਿੱਤੇ।

ਸਰਕਾਰ ਨੇ ਇਸ ਘਟਨਾ ਦੀ ਸੂਹ ਦੇਣ ਵਾਲਿਆਂ ਲਈ ਇਕ ਹਜ਼ਾਰ ਰੁਪਏ ਦਾ ਇਨਾਮ ਰੱਖ ਦਿੱਤਾ। ਲਾਲਚ ਵਿਚ ਛੀਨੀਵਾਲ ਪਿੰਡ ਦਾ ਦਲੂ (ਦਲ ਸਿੰਘ) ਅਤੇ ਮੁੜਾਣੇ ਪਿੰਡ ਦਾ ਗਲਾਬੂ (ਗੁਲਾਬ ਸਿੰਘ) ਆ ਗਏ। ਇਨ੍ਹਾਂ ਨੇ ਮੁਖ਼ਬਰੀ ਕਰਕੇ ਪੰਜ ਕੂਕੇ ਫੜਾ ਦਿੱਤੇ ਜਿਨ੍ਹਾਂ ਦੇ ਨਾਮ-ਸੰਤ ਗਿਆਨ ਸਿੰਘ, ਸੰਤ ਰਤਨ ਸਿੰਘ ਨਾਈਵਾਲਾ, ਮੰਗਲ ਸਿੰਘ, ਮਸਤਾਨ ਸਿੰਘ ਤੇ ਗੁਰਮੁੱਖ ਸਿੰਘ ਸਨ। ਇਨ੍ਹਾਂ ਪੰਜਾਂ ਕੂਕਿਆਂ ਵਿਚੋਂ ਪਹਿਲੇ ਦੋ ਕੂਕੇ ਗਿਆਨ ਸਿੰਘ ਤੇ ਰਤਨ ਸਿੰਘ ਬੇਗੁਨਾਹ ਸਨ। ਦੂਸਰੇ ਤਿੰਨਾਂ ਕੂਕਿਆਂ ਨੇ ਅਦਾਲਤ ਵਿਚ ਆਪਣਾ ਦੋਸ਼ ਇਕਬਾਲ ਕਰਦੇ ਹੋਏ ਇਹ ਬਿਆਨ ਵੀ ਦਿੱਤਾ ਕਿ ਸੰਤ ਗਿਆਨ ਸਿੰਘ ਤੇ ਸੰਤ ਰਤਨ ਸਿੰਘ ਸਾਡੇ ਨਾਲ ਨਹੀਂ ਸਨ। ਪੁਲਿਸ ਨੇ ਸ਼ਰਾਰਤੀ ਢੰਗ ਨਾਲ ਦੋਵੇਂ ਮੁਖਬਰਾਂ ਨੂੰ ਵੀ ਦੋਸ਼ੀਆਂ ਦੀ ਲਿਸਟ ਵਿਚ ਸ਼ਾਮਲ ਕਰ ਲਿਆ ਸੀ। ਅਦਾਲਤ ਵਿਚ ਪੇਸ਼ ਵੀ ਇਨ੍ਹਾਂ ਨੂੰ ਦੂਸਰੇ ਕੂਕਿਆਂ ਵਾਲੇ ਲਿਬਾਸ ਵਿਚ ਕੀਤਾ ਗਿਆ। ਇਨ੍ਹਾਂ ਮੁਖਬਰਾਂ ਦੀ ਵਾਇਦਾ ਮੁਆਫ਼ ਗਵਾਹੀ 'ਤੇ ਦਫਾ 302 ਦੇ ਅਧਾਰ ਤੇ ਮੰਗਲ ਸਿੰਘ, ਮਸਤਾਨ ਸਿੰਘ ਤੇ ਗੁਰਮੁੱਖ ਸਿੰਘ ਨੂੰ 27 ਜੁਲਾਈ 1871 ਨੂੰ ਫਾਂਸੀ ਦੀ ਸਜ਼ਾ ਸੁਣਾਈ ਤੇ 5 ਅਗਸਤ, 1871 ਨੂੰ ਦਰਖ਼ਤ ਤੇ ਲਟਕਾ ਕੇ ਫ਼ਾਂਸੀ ਦੇ ਦਿੱਤਾ। ਮੁਖਬਰਾਂ ਨੂੰ ਬਰੀ ਕਰ ਦਿੱਤਾ।

ਫ਼ਾਂਸੀ ਲਟਕਾਉਣ ਵਾਲੀ ਥਾਂ ਤੇ ਇਤਿਹਾਸਕਾਰ ਇਕਮੱਤ ਨਹੀਂ ਹਨ। ਇਕ ਮੌਤ ਅਨੁਸਾਰ ਤਿੰਨਾਂ ਨੂੰ ਰਾਏਕੋਟ ਦੇ ਨੇੜਲੇ ਪਿੰਡ ਬੱਸੀਆਂ ਦੀ ਕੋਠੀ ਫ਼ਾਹੇ ਲਾ ਦਿੱਤਾ' ਗਿਆ ਤੇ ਦੂਸਰਾ ਇਹ ਆਉਂਦਾ ਹੈ ਕਿ ਇਨ੍ਹਾਂ ਨੂੰ ਰਾਏਕੋਟ ਦੇ ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਕੋਲ ਬੁੱਚੜਖ਼ਾਨੇ ਨੇੜੇ ਫ਼ਾਹੇ ਦਿੱਤਾ ਗਿਆ। ਇਨ੍ਹਾਂ ਵਿਚੋਂ ਦੂਸਰਾ ਮੌਤ ਸਚਾਈ ਦੇ ਵੱਧ ਨੇੜੇ ਲਗਦਾ ਹੈ। ਇਹ ਸੱਚ ਹੈ ਕਿ ਬੱਸੀਆਂ ਦੀ ਕੋਠੀ ਉਸ ਸਮੇਂ ਅੰਗਰੇਜ਼ ਅਫ਼ਸਰਾਂ ਲਈ ਵੱਡੀ ਰਿਹਾਇਸ਼ਗਾਹ ਸੀ। ਮਹਾਰਾਜਾ ਦਲੀਪ ਸਿੰਘ ਨੂੰ ਵੀ ਜਦ ਅੰਗਰੇਜ਼ ਫੜ ਕੇ ਲਾਹੌਰ ਤੋਂ ਇੰਗਲੈਂਡ ਲੈ ਕੇ ਗਏ ਤਾਂ ਇਕ ਰਾਤ ਦੀ ਠਹਿਰ ਇਸੇ ਕੋਠੀ ਵਿਚ ਕੀਤੀ ਗਈ। ਅੱਜ ਵੀ ਕੋਠੀ ਦੀ ਖੜ੍ਹੀ ਪੁਰਾਣੀ ਵੱਡੀ ਇਮਾਰਤ ਵੱਡੇ ਵੱਡੇ ਅਫ਼ਸਰਾਂ ਦੀ ਠਹਿਰਗਾਹ ਹੋਣ ਦੀ

ਗਵਾਹੀ ਭਰਦੀ ਹੈ। ਇਸ ਥਾਂ ਫ਼ਾਹੇ ਲਾਉਣ ਦੀ ਤੁਕ ਮੇਲ ਨਹੀਂ ਖਾਂਦੀ। ਦੂਸਰੇ ਪਾਸੇ ਬੁੱਚੜਖ਼ਾਨੇ ਕੋਲ ਫ਼ਾਹੇ ਲਾਉਣਾ ਇਸ ਕਰਕੇ ਵੀ ਜਚਦਾ ਹੈ ਕਿ ਅਜਿਹਾ ਕਰਨ ਨਾਲ ਬੁੱਚੜਖ਼ਾਨਾ ਚਲਾਉਣ ਲਈ ਦਹਿਸ਼ਤ ਪੈਦਾ ਕਰਨਾ ਸੀ।

ਪੰਜ ਫੜੇ ਦੋਸ਼ੀਆਂ ਵਿਚੋਂ ਤਿੰਨ ਨੂੰ ਤਾਂ ਰਾਏਕੋਟ ਫ਼ਾਂਸੀ ਦੇ ਦਿੱਤੀ ਗਈ ਤੇ ਦੂਸਰੇ ਦੋ ਕੂਕੇ ਸੰਤ ਗਿਆਨ ਸਿੰਘ ਮੰਡੀ ਪਿੱਥੋਂ ਤੇ ਸੰਤ ਰਤਨ ਸਿੰਘ ਨਾਈਵਾਲਾ ਦਫਾ 104-302 ਤਹਿਤ 26 ਅਕਤੂਬਰ, 1871 ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ। ਇਹਨਾਂ ਸਜ਼ਾਵਾਂ ਨੂੰ ਚੀਫ਼ ਕੋਰਟ ਤੋਂ ਤਸਦੀਕ ਕਰਾਉਣਾ ਜ਼ਰੂਰੀ ਸੀ, ਜੋ ਕਰਵਾ ਲਿਆ ਗਿਆ ਸੀ। ਕਾਨੂੰਨੀ ਕਾਰਵਾਈ ਤੋਂ ਬਾਅਦ ਇਹ ਦੋਵੇਂ ਕੂਕਿਆਂ ਨੂੰ 16 ਨਵੰਬਰ 1871 ਨੂੰ ਲੁਧਿਆਣਾ ਜੇਲ੍ਹ ਦੇ ਬਾਹਰ ਦਰੱਖ਼ਤ ਨਾਲ ਫ਼ਾਂਸੀ ਦਿੱਤੀ ਗਈ। ਇਸ ਤਰ੍ਹਾਂ ਪੰਜੇ ਕੂਕੇ ਸ਼ਹੀਦ ਆਪਣੇ ਗੁਰੂ ਰਾਮ ਸਿੰਘ ਦੀ ਸਿੱਖਿਆ ਤੇ ਖਰੇ ਉਤਰਦੇ ਸਦਾ ਲਈ ਅਮਰ ਹੋ ਗਏ।

ਨਾਮਧਾਰੀ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਸ਼ੁਰੂ ਤੋਂ ਰੱਬੀ ਭਗਤੀ ਵਿਚਾਰਾਂ ਦੇ ਸਨ। ਲੋਕਾਂ ਵਿਚ ਇਨ੍ਹਾਂ ਦੀ ਉਪਮਾ ਵੀ ਇਨ੍ਹਾਂ ਵਿਚਾਰਾਂ ਕਾਰਨ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਗਊ ਹੱਤਿਆ ਅਤੇ ਮਨੁੱਖ ਦਾ ਦੋਸ਼ ਸਾਬਤ ਹੋਣ ਤੇ ਫਾਂਸੀ ਦੀ ਮਨਾਹੀ ਸੀ ਪਰ ਜਦ ਅੰਗਰੇਜ਼ ਸਰਕਾਰ ਨੇ ਬੁੱਚੜਖ਼ਾਨੇ ਖੋਲ੍ਹ ਕੇ ਗਊ ਹੱਤਿਆ ਦੀ ਖੁਲ੍ਹ ਦੇ ਦਿੱਤੀ ਤਾਂ ਸਿੱਖਾਂ ਨੇ ਸਿੱਖ ਧਰਮ ਤੇ ਸਿੱਧਾ ਹਮਲਾ ਸਮਝਿਆ। ਬਾਬਾ ਰਾਮ ਸਿੰਘ ਜਲਦੀ ਹੀ ਸਮਝ ਗਏ ਸਨ ਕਿ ਧਾਰਮਿਕ ਆਜ਼ਾਦੀ ਓਨਾ ਚਿਰ ਪ੍ਰਾਪਤ ਨਹੀਂ ਹੋ ਸਕਦੀ ਜਿੰਨਾਂ ਚਿਰ ਅਸੀਂ ਰਾਜਸੀ ਆਜ਼ਾਦੀ ਪ੍ਰਾਪਤ ਨਹੀਂ ਕਰਦੇ। ਇਸ ਲਈ ਉਨ੍ਹਾਂ ਸਾਰਾ ਰੁਝਾਨ ਅੰਗਰੇਜ਼ ਦੇ ਵਿਰੁੱਧ ਜੰਗੀ ਤਿਆਰੀ ਵੱਲ ਲਾ ਦਿੱਤਾ ਹੋਇਆ ਸੀ ਜਿਸ ਦਾ ਉਹਨਾਂ ਦੇ ਆਮ ਸਰਧਾਲੂਆਂ ਨੂੰ ਪਤਾ ਨਹੀਂ ਸੀ। ਇਥੋਂ ਤੱਕ ਸਰਕਾਰ ਦੇ ਗੁਪਤ ਵਿਭਾਗ ਵੀ 1863 ਈ, ਤੱਕ ਉਨ੍ਹਾਂ ਨੂੰ ਧਾਰਮਿਕ ਨੇਤਾ ਹੀ ਸਮਝਦੇ ਰਹੇ।

ਗਊ ਦੀ ਰੱਖਿਆ ਕਰਨਾ ਬਾਬਾ ਰਾਮ ਸਿੰਘ ਦੇ ਮੁੱਖ ਉਦੇਸ਼ਾਂ ਵਿਚੋਂ ਇਕ ਸੀ। ਇਸ ਲਈ ਜਦ ਕੂਕਿਆਂ ਨੂੰ ਬੁੱਚੜ ਮਾਰਨ ਤੇ ਫ਼ਾਂਸੀਆਂ ਦਿੱਤੀਆਂ ਗਈਆਂ ਤਾਂ ਇਸ ਦੇ ਪ੍ਰਤੀਕਰਮ ਵਿਚੋਂ ਕੂਕਿਆਂ ਵਿਚ ਗੁੱਸਾ ਜਾਗਣਾ ਕੁਦਰਤੀ ਸੀ ਖ਼ਾਸ ਤੌਰ ਤੇ ਉਨ੍ਹਾਂ ਦੋ ਸ਼ਹੀਦ ਕੂਕਿਆਂ ਸੰਤ ਗਿਆਨ ਸਿੰਘ ਤੇ ਰਤਨ ਸਿੰਘ ਜੋ ਨਿਰਦੋਸ਼ ਸਨ। ਕੂਕਿਆਂ ਦੇ ਜਾਗੇ ਰੋਹ ਵਿਚ ਮਲੇਰਕੋਟਲੇ ਦੀ ਘਟਨਾ ਨੇ ਧੁੱਖਦੀ ਅੱਗ ਤੇ ਤੇਲ ਪਾ ਦਿੱਤਾ।

ਮਲੇਰਕੋਟਲੇ ਦੀ ਰਿਆਸਤ ਪਿੰਡ ਫਰਵਾਹੀ ਦਾ ਨੰਬਰਦਾਰ ਗੁਰਮੁੱਖ ਸਿੰਘ ਜੋ ਖ਼ੁਦ ਕੂਕਾ ਲਹਿਰ ਤੋਂ ਪ੍ਰਭਾਵਤ ਹੋ ਕੇ ਲਹਿਰ ਨਾਲ ਜੁੜ ਚੁੱਕਾ ਸੀ, ਇਹ ਮਾਮਲਾ ਉਤਾਰਨ ਮਲੇਰਕੋਟਲੇ ਗਿਆ। ਅੱਗੇ ਇਕ ਮੁਸਲਮਾਨ ਜੋ ਗੱਡੇ ਨੂੰ ਬਲਦ ਜੋੜੀ ਲਿਜਾ ਰਿਹਾ ਸੀ। ਗੱਡੇ ਉਪਰ ਭਾਰ ਜ਼ਿਆਦਾ ਸੀ ਪਰ ਬਲਦ ਕਮਜ਼ੋਰ ਸਨ, ਜਿਸ ਕਾਰਨ ਬਲਦ ਹੌਲੀ ਜਾ ਰਿਹਾ ਸੀ। ਅੱਕਿਆ ਮੁਸਲਮਾਨ ਬਲਦਾ ਨੂੰ ਗਾਲਾਂ ਦੇ ਦੇ ਕੁੱਟ ਰਿਹਾ ਸੀ। ਜਦ ਨੰਬਰਦਾਰ ਗੁਰਮੁੱਖ ਸਿੰਘ ਕੋਲ ਦੀ ਲੰਘ ਰਿਹਾ ਸੀ ਤਾਂ ਉਸ ਨੇ ਉਸ ਮੁਸਲਮਾਨ ਨੂੰ ਅਜਿਹਾ ਕਰਨੋਂ ਰੋਕਿਆ। ਜਿਸ ਕਾਰਨ ਇਨ੍ਹਾਂ ਵਿਚਕਾਰ ਝਗੜਾ ਵਧ ਗਿਆ। ਗੱਲ ਗਾਲੀ-ਗਲੋਚ ਤੇ ਕੁੱਟ-ਮਾਰ ਤੱਕ ਪਹੁੰਚ ਗਈ! ਰਿਆਸਤ ਦੀ ਪੁਲਿਸ ਨੇ ਵੀ ਪਾਟੀ ਮੁਸਲਮਾਨ ਦਾ ਪੱਖ ਪੂਰਿਆ। ਹਰਖਿਆ ਨੰਬਰਦਾਰ ਖ਼ਜ਼ਾਨੇ ਮਾਮਲਾ ਜਮਾ ਕਰਵਾਉਣ ਦੀ ਬਜਾਏ ਸਿੱਧਾ ਭੈਣੀ ਸਾਹਿਬ ਨੂੰ ਹੋ ਤੁਰਿਆ ਤੇ ਜਾ ਕੇ ਆਪਣੀ ਹੱਡ-ਬੀਤੀ ਸੁਣਾ ਦਿੱਤੀ।

ਭੈਣੀ ਸਾਹਿਬ ਬਾਬਾ ਰਾਮ ਸਿੰਘ ਦੀ ਧਰਮ ਪਤਨੀ ਮਾਤਾ ਜੱਸਾਂ ਜੋ ਨਵੰਬਰ, 1871 ਨੂੰ ਚਲਾਣਾ ਕਰ ਗਈ ਸੀ, ਉਨ੍ਹਾਂ ਦੀ ਯਾਦ ਵਿਚ ਪਹਿਲੀ ਬਰਸੀ ਤੇ 101 (ਕੋਤਰ ਸੌ) ਪਾਠਾਂ ਦਾ ਭੋਗ ਪੈਣ ਉਪਰੰਤ 11, 12 ਜਨਵਰੀ 1872 ਨੂੰ ਇਕੱਠ ਸੀ। ਇਸ ਇਕੱਠ ਵਿਚ ਸ਼ਹੀਦ ਹੋਏ ਕੂਕਿਆਂ ਦੀ ਰੱਜ ਕੇ ਉਮਮਾ ਕੀਤੀ ਗਈ ਤੇ ਨੰਬਰਦਾਰ ਗੁਰਮੁੱਖ ਸਿੰਘ ਦੀ ਹੋਈ ਬੇਇਜ਼ਤੀ ਨੂੰ ਕੂਕਿਆਂ ਦੀ ਬੇਇਜ਼ਤੀ ਸਮਝਦਿਆਂ ਵੱਧ ਤੋਂ ਵੱਧ ਨਿੰਦਿਆ ਗਿਆ।

ਕੂਕਿਆਂ ਵਿਚ ਰੋਹ ਇਥੋਂ ਤੱਕ ਵੱਧ ਗਿਆ ਕਿ ਮਲੇਰਕੋਟਲੇ ਤੇ ਧਾਵਾ ਕਰਨ ਦੇ ਵਿਚਾਰ ਆਉਣੇ ਸ਼ੁਰੂ ਹੋ

ਗਏ। ਸਕਰੌਂਦੀ ਪਿੰਡ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਵਿਚ ਵੱਖਰਾ ਇਕੱਠ ਹੋ ਗਿਆ ਕਿ ਮਲੇਰਕੋਟਲੇ 'ਤੇ ਧਾਵਾ ਕੀਤਾ ਜਾਵੇ। ਦੋ ਮਾਈਆਂ ਜਿਨ੍ਹਾਂ ਦੇ ਨਾਮ ਮਾਤਾ ਇੰਦ ਕੌਰ ਅਤੇ ਮਾਤਾ ਖੇਮ ਕੌਰ ਸੀ, ਇਨ੍ਹਾਂ ਨੇ ਕੂਕਿਆਂ ਦੇ ਇਕੱਠ ਵਿਚ ਹੱਥਾਂ ਵਿਚ ਝੰਡੇ ਫੜੇ ਤੇ ਲਲਕਾਰ ਕੇ ਕਿਹਾ ਜਿਨ੍ਹਾਂ ਨੇ ਧਰਮ ਵਾਸਤੇ ਸੀਸ ਦੇਣੇ ਹਨ ਉਹ ਤਿਆਰ ਹੋ ਜਾਣ।"

ਇਹ ਖ਼ਬਰਾਂ ਨਾਲ ਦੀ ਨਾਲ ਲੁਧਿਆਣੇ ਸਰਕਾਰ ਪਾਸ ਪੁੱਜ ਰਹੀਆਂ ਸਨ। ਲੁਧਿਆਣੇ ਤੋਂ ਭੈਣੀ ਸਾਹਿਬ ਦਾ ਫ਼ਾਸਲਾ ਬਹੁਤੀ ਦੂਰ ਨਹੀਂ, ਹਰ ਖ਼ਬਰ ਬੜੀ ਅਸਾਨੀ ਨਾਲ ਸ਼ਾਮ ਤੱਕ ਲੁਧਿਆਣੇ ਪਹੁੰਚ ਜਾਂਦੀ ਸੀ। ਇਹ ਖ਼ਬਰਾਂ ਮਿਲਣ ਤੇ ਡਿਪਟੀ ਇਨਸਪੈਕਟਰ ਪੁਲਿਸ ਸਰਫ਼ਰਾਜ਼ ਖ਼ਾਂ 13 ਜਨਵਰੀ ਨੂੰ ਲੁਧਿਆਣੇ ਤੋਂ ਭੈਣੀ ਸਾਹਿਬ ਪਹੁੰਚ ਗਿਆ ਤੇ ਬਾਬਾ ਰਾਮ ਸਿੰਘ ਨੂੰ ਸੰਗਤ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਕਿਹਾ। ਬਾਬਾ ਰਾਮ ਸਿੰਘ ਨੇ ਆਪਣੇ ਸੂਬਾ ਸਾਹਿਬ ਸਿੰਘ ਨੂੰ ਹੀਰਾ ਸਿੰਘ ਤੇ ਲਹਿਣਾ ਸਿੰਘ ਪਾਸ ਘੱਲਿਆ ਤੇ ਕਿਹਾ ਸਭ ਸੰਗਤਾਂ ਨਿਰਵਿਘਨ ਆਪੋ ਆਪਣੇ ਘਰਾਂ ਨੂੰ ਤੁਰ ਜਾਣ। ਅੱਗੋਂ ਹੀਰਾ ਸਿੰਘ ਨੇ ਕਿਹਾ ਸਾਨੂੰ ਤਾਂ ਰਾਤ ਗੁਰੂ ਤੇਗ ਬਹਾਦਰ ਜੀ ਨੇ ਦਰਸ਼ਨ ਦੇ ਕੇ ਕਿਹਾ ਹੈ "ਸਿੰਘੋ ਮਲੇਰਕੋਟਲੇ ਗਊਆਂ ਨੂੰ ਬਚਾਉਣ ਲਈ ਸ਼ਹੀਦੀਆਂ ਦੇਵੋ" ਜਦ ਸੰਗਤ ਭੈਣੀ ਸਾਹਿਬ ਤੋਂ ਤੁਰਨ ਲੱਗੀ ਤਾਂ ਹੀਰਾ ਸਿੰਘ ਨੇ ਤਲਵਾਰ ਨਾਲ ਧਰਤੀ ਤੇ ਲਕੀਰ ਖਿੱਚ ਕੇ ਕਿਹਾ "ਜਿਨ੍ਹਾਂ ਨੇ ਸ਼ਹੀਦੀਆਂ ਦੇਣੀਆਂ ਹਨ ਇਧਰ ਆ ਜਾਵੋ" ਅਜਿਹਾ ਕਹਿਣ ਤੇ ਡੇਢ ਸੌ ਦੇ ਕਰੀਬ ਕੂਕੇ ਉਨ੍ਹਾਂ ਵੱਲ ਹੋ ਗਏ। ਇਨ੍ਹਾਂ ਜੈਕਾਰੇ ਛੱਡ ਕੇ ਮਲੇਰਕੋਟਲੇ ਵੱਲ ਧਾਈ ਪਾ ਦਿੱਤੀ।

ਬਾਬਾ ਰਾਮ ਸਿੰਘ ਜੋ ਅੰਦਰਖਾਤੇ ਅੰਗਰੇਜ਼ਾਂ ਨਾਲ ਲੰਬੀ ਲੜਾਈ ਲੜਨ ਦੀ ਤਿਆਰੀ ਕਰ ਰਹੇ ਸਨ, ਬਾਬਾ ਰਾਮ ਸਿੰਘ ਨੂੰ ਪਤਾ ਸੀ ਕਿ ਚੁਨਾਰ ਦੇ ਕਿਲ੍ਹੇ ਵਿਚੋਂ ਭੱਜਣ ਮਗਰੋਂ ਰਾਣੀ ਜਿੰਦਾਂ ਨੂੰ ਨੇਪਾਲ ਦੇ ਰਾਜੇ ਰਾਣਾ ਜੰਗ ਬਹਾਦਰ ਨੇ ਪਨਾਹ ਦਿੱਤੀ ਸੀ। ਉਨ੍ਹਾਂ ਕਿਸ਼ਨ ਸਿੰਘ ਫਤੇਵਾਲਾ ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਨੇਪਾਲ ਦੇ ਰਾਜੇ ਨਾਲ ਵੀ ਆਪਣੇ ਸਬੰਧ ਜੋੜ ਲਏ ਸਨ। ਨੇਪਾਲ ਦੇ ਰਾਜੇ ਜੰਗ ਬਹਾਦਰ ਨੇ ਚਿੱਠੀ ਪੱਤਰਾਂ ਰਾਹੀਂ ਬਾਬਾ ਰਾਮ ਸਿੰਘ ਨੂੰ ਅੰਗਰੇਜ਼ ਵਿਰੁੱਧ ਲੜਾਈ ਵਿਚ ਸਹਾਈ ਹੋਣ ਦਾ ਬਚਨ ਵੀ ਦਿੱਤਾ ਸੀ। ਨੇਪਾਲ ਵਿਚ ਸੂਬਾ ਕਿਸ਼ਨ ਸਿੰਘ ਦੀ ਲਹਿਰ ਦੇ ਚਾਰ ਦੀ ਡਿਊਟੀ ਲਾਈ ਹੋਈ ਸੀ। ਸੂਬਾ ਗੁਰਚਰਨ ਸਿੰਘ ਰਾਹੀਂ ਰੂਸ ਦੇ ਜ਼ਾਰ ਨਾਲ ਵੀ ਸਬੰਧ ਕਾਇਮ ਕਰ ਲਏ ਸਨ। ਅਜੇ ਅੰਗਰੇਜ਼ ਵਿਰੋਧੀ ਜੰਗ ਲੜਨ ਦੀਆਂ ਤਿਆਰੀਆਂ ਮੁਕੰਮਲ ਨਹੀਂ ਸਨ ਹੋਈਆਂ, ਇਹ ਘਟਨਾ ਵਾਪਰ ਗਈ। ਬਾਬਾ ਰਾਮ ਸਿੰਘ ਨੂੰ ਕੂਕਿਆਂ ਦਾ ਇਸ ਤਰ੍ਹਾਂ ਬਾਗੀ ਹੋ ਕੇ ਜਾਣਾ ਚੰਗਾ ਨਾ ਲੱਗਿਆ। ਉਹ ਦੂਰ ਅੰਦੇਸ਼ੀ ਸਨ, ਉਨ੍ਹਾਂ ਨੂੰ ਪਤਾ ਸੀ, ਇਸ ਤਰ੍ਹਾਂ ਦਾ ਜਜ਼ਬਾਤ ਸਾਰੀ ਸਕੀਮ ਦਾ ਬੇੜਾ ਬਹਾ ਸਕਦਾ ਹੈ। ਉਹ ਹਰ ਹਾਲਤ ਵਿਚ ਇਸ ਨੂੰ ਠੱਲਣਾ ਚਾਹੁੰਦੇ ਸਨ।

ਜਦ ਕੂਕੇ ਭੈਣੀ ਸਾਹਿਬ ਤੋਂ ਜੈਕਾਰੇ ਛੱਡ ਕੇ ਤੁਰੇ ਸਨ ਤਾਂ ਪੁਲਿਸ ਇਨਸਪੈਕਟਰ ਸਭ ਕੁਝ ਆਪ ਤੱਕ ਰਿਹਾ ਸੀ ਪਰ ਫਿਰ ਬਾਬਾ ਰਾਮ ਸਿੰਘ ਜੀ ਨੇ ਆਪ ਵੀ ਪੁਲਿਸ ਇਨਸਪੈਕਟਰ ਨੂੰ ਕਿਹਾ ਕਿ ਇਹ ਮਸਤਾਨੇ ਸਾਡੀ ਆਗਿਆ ਤੋਂ ਬਾਹਰ ਹੋ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਆਪਣੇ ਇਕ ਸੂਬੇ ਲੱਖਾ ਸਿੰਘ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਇਤਲਾਹ ਦੇ ਕੇ ਰੋਕਣ ਲਈ ਕਿਹਾ, ਪਰ ਉਨ੍ਹਾਂ ਸੂਬਾ ਲੱਖਾ ਸਿੰਘ ਨੂੰ ਹੀ ਗ੍ਰਿਫ਼ਤਾਰ ਕਰ ਲਿਆ। ਜੇ ਡੀ. ਸੀ. ਸਾਹਿਬ ਇਨ੍ਹਾਂ ਮਸਤਾਨਿਆਂ ਨੂੰ ਰੋਕਣਾ ਚਾਹੁੰਦੇ ਤਾਂ ਬੜੀ ਆਸਾਨੀ ਨਾਲ ਰੋਕਿਆ ਜਾ ਸਕਦਾ ਸੀ ਪਰ ਸਰਕਾਰ ਤਾਂ ਕੂਕਿਆਂ ਨੂੰ ਹੱਥ ਪਾਉਣ ਦਾ ਬਹਾਨਾ ਲੱਭ ਰਹੀ ਸੀ। ਸੰਨ 1863 ਤੋਂ ਬਾਅਦ ਦੀਆਂ ਸਾਰੀਆਂ ਗੁਪਤ ਰਿਪੋਰਟਾਂ ਹੀ ਕੂਕਿਆਂ ਨੂੰ ਸਰਕਾਰ ਵਿਰੋਧੀ ਹੋਣ ਦੀਆਂ ਮਿਲ ਰਹੀਆਂ ਸਨ।

ਇਸ ਲਈ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਇਨ੍ਹਾਂ ਮਸਤਾਨਿਆਂ ਨੂੰ ਰੋਕਣ ਦੀ ਬਜਾਏ ਨਾਲ ਦੀਆਂ ਰਿਆਸਤਾਂ ਨੂੰ ਇਤਲਾਹ ਦੇ ਦਿੱਤੀ ਕਿ ਕੂਕੇ ਉਨ੍ਹਾਂ ਤੇ ਹਮਲਾ ਕਰਨ ਆ ਰਹੇ ਹਨ। ਇਹ ਨਾਲ ਦੀਆਂ ਰਿਆਸਤਾਂ ਨਾਭਾ, ਮਲੇਰਕੋਟਲਾ, ਪਟਿਆਲਾ ਅਤੇ ਜੀਂਦ ਸਨ।

ਮਲੌਦ ਦਾ ਸਰਦਾਰ ਬਚਨ ਸਿੰਘ ਬਾਬਾ ਰਾਮ ਸਿੰਘ ਦਾ ਉਪਾਸਕ ਸੀ, ਇਕ ਵਾਰ ਉਸ ਨੇ ਬਾਬਾ ਰਾਮ

ਸਿੰਘ ਜੀ ਨੂੰ ਕੋਈ ਸੇਵਾ ਦੱਸਣ ਲਈ ਬੇਨਤੀ ਕੀਤੀ ਸੀ। ਇਸ ਗੱਲ ਦਾ ਹੀਰਾ ਸਿੰਘ ਨੂੰ ਪਤਾ ਸੀ। ਇਸ ਲਈ ਕੂਕਿਆਂ ਨੇ ਸਲਾਹ ਬਣਾਈ ਕਿ ਮਲੇਰਕੋਟਲੇ 'ਤੇ ਹਮਲਾ ਕਰਨ ਲਈ ਇਸ ਸਰਦਾਰ ਤੋਂ ਮਦਦ ਲਈ ਜਾਵੇ। ਇਹ ਸੋਚ ਕੇ ਉਹ ਸਰਦਾਰ ਕੋਲ ਗਏ ਤੇ ਮਦਦ ਦੇਣ ਲਈ ਕਿਹਾ ਪਰ ਸਰਦਾਰ ਨੇ ਜਵਾਬ ਦੇ ਦਿੱਤਾ ਜਿਸ ਤੋਂ ਨਰਾਜ਼ ਹੋ ਕੇ ਕੂਕਿਆਂ ਨੇ ਘੋੜੇ ਤੇ ਸ਼ਸਤਰ ਲੈਣ ਲਈ ਹੱਲਾਂ ਕੀਤਾ। ਸਰਦਾਰ ਦੇ ਬੰਦਿਆਂ ਤੇ ਕੂਕਿਆਂ ਵਿਚਕਾਰ ਲੜਾਈ ਛਿੜ ਪਈ ਜਿਸ ਵਿਚ ਦੋਹਾਂ ਤਰਫਾਂ ਦੇ ਦੋ ਦੋ ਬੰਦੇ ਮਾਰੇ ਗਏ। ਇਹ ਘਟਨਾ 14 ਜਨਵਰੀ, 1872 ਦੀ ਹੈ ਤੇ ਇਸੇ ਰਾਤ ਰਿਆਸਤ ਮਲੇਰਕੋਟਲਾ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਸਾਰੀ ਘਟਨਾ ਦਾ ਪਤਾ ਲੱਗ ਗਿਆ ਤੇ ਉਨ੍ਹਾਂ ਆਪਣੀ ਪੂਰੀ ਤਿਆਰੀ ਕਰ ਲਈ।

ਅਗਲੇ ਦਿਨ 15 ਜਨਵਰੀ ਕੂਕਿਆਂ ਨੇ ਮਲੇਰਕੋਟਲੇ ਦੇ ਉਸ ਮਹੱਲੇ ਤੇ ਹਮਲਾ ਕਰ ਦਿੱਤਾ ਜਿਸ ਮਹੱਲੇ ਵਿਚ ਬੁੱਚੜਾਂ ਦੇ ਘਰ ਸਨ। ਲੋਕਾਂ ਦੀ ਮਦਦ ਲਈ ਸ਼ਹਿਰ ਦੀ ਪੁਲਸ ਤੇ ਫ਼ੌਜ ਵੀ ਪਹੁੰਚ ਗਈ। ਪੂਰੀ ਡਟ ਕੇ ਲੜਾਈ ਹੋਈ ਜਿਸ ਵਿਚ 7 ਕੂਕੇ ਤੇ 8 ਦੂਸਰੀ ਤਰਫ਼ ਦੇ ਬੰਦੇ ਮਾਰੇ ਗਏ। ਇਥੇ ਇਹ ਵੀ ਯਾਦ ਰੱਖਣਯੋਗ ਗੱਲ ਹੈ ਕਿ ਅੰਗਰੇਜ਼ ਰਾਜ ਤੋਂ ਪਹਿਲਾਂ ਪੰਜਾਬ ਵਿਚ ਸਿੱਖਾਂ ਤੇ ਮੁਸਲਮਾਨਾਂ ਵਿਚ ਕੋਈ ਮਜ਼੍ਹਬੀ ਵਿਰੋਧ ਪੈਦਾ ਨਹੀਂ ਸੀ ਹੋਇਆ। ਪੰਜਾਬ ਦਾ ਮੁਸਲਮਾਨ ਬੁੱਚੜਖ਼ਾਨੇ ਖੋਲ੍ਹ ਕੇ ਗਊ ਹੱਤਿਆ ਕਰਨ ਲਈ ਤਿਆਰ ਨਹੀਂ ਸੀ ਪਰ ਅੰਗਰੇਜ਼ ਦੀ ਪਾਲਸੀ ਹੀ 'ਪਾੜੋ ਤੇ ਰਾਜ ਕਰੋ' ਦੀ ਸੀ। ਇਸ ਲਈ ਉਨ੍ਹਾਂ ਨੇ ਸਿੱਖਾਂ ਤੇ ਮੁਸਲਮਾਨਾਂ ਵਿਚ ਪਾੜਾ ਪਾਉਣ ਲਈ ਬੁੱਚੜਖ਼ਾਨੇ ਖੋਲ੍ਹ ਕੇ ਗਊਆਂ ਨੂੰ ਕਤਲ ਕਰਨ ਲਈ ਮੁਸਲਮਾਨ ਯੂ. ਪੀ. ਵਿਚੋਂ ਲਿਆਂਦੇ ਸਨ।

ਹੀਰਾ ਸਿੰਘ ਦੀ ਅਗਵਾਈ ਵਿਚ ਪਟਿਆਲਾ ਰਿਆਸਤ ਦੇ ਪਿੰਡ **ਠਹ** ਦੀ ਜੂਹ ਵਿਚ ਜਾ ਡੇਰਾ ਲਾਇਆ। ਹੀਰਾ ਸਿੰਘ ਦਾ ਲੜਾਈ ਵਿਚ ਗੁੱਟ ਵੱਢਿਆ ਗਿਆ ਸੀ, ਉਸ ਨੇ ਤੇਲ ਦੀ ਕੜਾਹੀ ਵਿਚ ਟੁੰਡ ਤਲਿਆ ਤੇ ਦੂਸਰਿਆਂ ਨੂੰ ਕਿਹਾ ਕਿ ਆਪਣਾ ਮਿਥਿਆ ਕੰਮ ਪੂਰਾ ਹੋ ਗਿਆ ਹੈ, ਇਸ ਲਈ ਜੇ ਕੋਈ ਜਾਣਾ ਚਾਹੁੰਦਾ ਹੈ ਤਾਂ ਜਾ ਸਕਦਾ ਹੈ। ਇਸ ਤੋਂ ਬਾਅਦ ਕੁਝ ਕੂਕੇ ਚਲੇ ਗਏ ਤੇ ਬਾਕੀ 68 ਕੂਕੇ ਰਹਿ ਗਏ ਜਿੰਨਾਂ ਨੂੰ ਅਮਰਗੜ੍ਹ ਰਿਆਸਤ ਪਟਿਆਲਾ ਦੇ ਨਾਇਬ ਨਾਜ਼ਮ ਨਿਆਜ਼ ਅਲੀ ਨੇ ਗ੍ਰਿਫ਼ਤਾਰ ਕਰਕੇ ਸ਼ੇਰਪੁਰ ਕਿਲ੍ਹੇ ਵਿਚ ਬੰਦ ਕਰ ਦਿੱਤਾ।

ਮਿਸਟਰ ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ 17 ਜਨਵਰੀ ਨੂੰ ਮਲੇਰਕੋਟਲੇ ਦਾ ਸਾਰਾ ਜਾਇਜਾ ਲਿਆ ਅਤੇ ਕੂਕਿਆਂ ਨੂੰ ਦੋ ਸ਼ਿਫ਼ਟਾਂ ਵਿਚ ਤੋਪਾਂ ਨਾਲ ਉਡਾ ਦੇਣ ਦਾ ਫੈਸਲਾ ਕਰ ਲਿਆ ਜੋ ਉਸ ਦੇ ਅਧਿਕਾਰ ਖੇਤਰ ਵਿਚ ਨਹੀਂ ਸੀ। ਫੜੇ ਗਏ 68 ਕੂਕਿਆਂ ਵਿਚ ਦੋ ਇਸਤ੍ਰੀਆਂ ਰਿਆਸਤ ਪਟਿਆਲਾ ਦੀਆਂ ਸਨ, ਇਹ ਉਸ ਰਿਆਸਤ ਦੇ ਹਵਾਲੇ ਕਰ ਦਿੱਤੀਆਂ ਗਈਆਂ। ਫੜੇ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾ ਦੇਣ ਦਾ ਹੁਕਮ ਹੋਇਆ ਪਰ ਕੂਕਿਆਂ ਨੇ ਤੋਪਾਂ ਨਾਲ ਬੰਨ੍ਹ ਕੇ ਉਡਾਅ ਦੇਣ ਦੀ ਥਾਂ ਆਪ ਤੋਪਾਂ ਅੱਗੇ ਖੜ੍ਹ ਕੇ ਸ਼ਹੀਦ ਹੋਣ ਦੀ ਪੇਸ਼ਕਸ਼ ਕੀਤੀ ਤੇ ਅਜਿਹਾ ਹੀ ਕੀਤਾ ਗਿਆ।

ਕਹਿੰਦੇ ਹਨ ਇਕ ਕੂਕਾ ਮਧਰਾ ਸੀ ਜੋ ਤੋਪ ਦੇ ਬਰਾਬਰ ਨਹੀਂ ਸੀ ਆ ਰਿਹਾ, ਉਹ ਆਪ ਇੱਟਾਂ ਚੁੱਕ ਕੇ ਲਿਆਇਆ ਤੇ ਆਪਣੇ ਪੈਰਾਂ ਹੇਠ ਰੱਖ ਕੇ ਆਪਣੇ ਆਪ ਨੂੰ ਤੋਪ ਦੇ ਮੂੰਹ ਦੇ ਬਰਾਬਰ ਕਰਕੇ ਤੋਪ ਚਲਾਉਣ ਲਈ ਕਿਹਾ। ਮਲੇਰਕੋਟਲੇ ਦੇ ਬਾਹਰ ਜਮਾਲਪੁਰ ਪਿੰਡ ਦੇ ਰੱਕੜਾਂ ਵਿਚ 49 ਕੂਕੇ ਤੋਪਾਂ ਨਾਲ ਸ਼ਹੀਦ ਹੋ ਗਏ ਤੇ ਪੰਜਾਹਵਾਂ ਇਨ੍ਹਾਂ ਨਾਲ ਇਕ ਬੱਚਾ ਸੀ ਜਿਸ ਨੇ ਮਿਸਟਰ ਕਾਵਨ ਦੀ ਦਾੜ੍ਹੀ ਫੜ ਲਈ ਸੀ। ਕਾਵਨ ਇਕ ਪਾਦਰੀ ਸੀ ਜਿਸ ਦੀ ਦਾੜੀ ਰੱਖੀ ਹੋਈ ਸੀ। ਛੁਡਾਉਣ ਤੇ ਵੀ ਉਸ ਨੇ ਆਪਣੇ ਹੱਥ ਕਾਵਨ ਦੀ ਦਾੜੀ 'ਚੋਂ ਨਾ ਕੱਢੇ, ਜਿਸ ਤੇ ਉਸ ਬਹਾਦਰ ਬੱਚੇ ਨੂੰ ਹੱਥ ਤੇ ਸਰੀਰ ਕੱਟ ਕੇ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ 50 ਕੂਕੇ ਇਨ੍ਹਾਂ ਰੱਕੜਾਂ ਵਿਚ ਸ਼ਹੀਦ ਹੋ ਗਏ।

ਦੂਸਰੇ 16 ਕੂਕਿਆਂ ਨੂੰ 18 ਜਨਵਰੀ, 1872 ਨੂੰ ਤੋਪਾਂ ਨਾਲ ਉਡਾਅ ਕੇ ਸ਼ਹੀਦ ਕੀਤਾ ਗਿਆ। ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਵਿਚ ਰਿਆਸਤ ਮਲੇਰਕੋਟਲਾ, ਜੀਂਦ, ਨਾਭਾ ਅਤੇ ਪਟਿਆਲਾ ਨੇ ਅੰਗਰੇਜ਼ ਸਰਕਾਰ ਦੇ ਹਰ ਹੁਕਮ ਨੂੰ ਮੰਨਦੇ ਹੋਏ ਪੂਰੀ ਮਦਦ ਕੀਤੀ। ਹੁਣ ਇਸ ਥਾਂ ਨੂੰ ਪੱਕੇ ਤੌਰ ਤੇ ਹੀ

ਕੂਕਿਆਂ ਦਾ ਰੱਕੜ ਕਰਕੇ ਜਾਣਿਆ ਜਾਂਦਾ ਹੈ। ਇਸ ਥਾਂ ਸ਼ਹੀਦ ਕੂਕਿਆਂ ਦੀ ਯਾਦ ਵਿਚ ਸਮਾਰਕ ਬਣਾ ਦਿੱਤੀ ਗਈ ਹੈ।

ਸ਼ਹੀਦ ਕੂਕਿਆਂ ਉੱਪਰ ਬੜੀਆਂ ਰਚਨਾਵਾਂ ਲਿਖੀਆਂ ਮਿਲਦੀਆਂ ਹਨ, ਉਨ੍ਹਾਂ ਵਿਚੋਂ ਲੱਖਾ ਸਿੰਘ ਜੌਹਰ ਵੀ ਇਕ ਹਨ, ਜਿਨ੍ਹਾਂ ਨੇ 'ਨਾਮਧਾਰੀ ਸ਼ਹੀਦੀ ਜੰਞ' ਲਿਖੀ।

ਅਨੀ ਚਲੋ ਸਈਓ, ਜ਼ਰਾ ਵੇਖੇ ਆਈਏ,
ਲਾੜੀ ਮੌਤ ਦੇ ਜਾਵੀਂ ਚੜ੍ਹਦਿਆਂ ਨੂੰ।
ਮਾਵਾਂ ਤੋਰਦੀਆਂ ਸ਼ਗਨਾਂ ਦੇ ਬੰਨ੍ਹ ਗਾਨੇ,
ਬੂਹੇ ਗੋਰਾਂ ਉਡੀਕਦੀਆਂ ਵੜਦੀਆਂ ਨੂੰ।
ਮਨਸੂਰ ਹੋਰੀਂ ਸੂਲੀ ਚੜ੍ਹਦਿਆਂ ਨੂੰ,
ਚਲੋ ਵੇਖ ਆਈਏ ਐਨਲਹੱਕ ਪੜ੍ਹਦਿਆਂ ਨੂੰ।
ਅੱਜ ਫ਼ਾਂਸੀਆਂ ਹਾਸੀਆਂ ਕਰਦਿਆਂ ਨੂੰ
ਉੱਤੇ ਲਾਟ ਦੇ ਭੰਮੜਾ ਸੜਦਿਆਂ ਨੂੰ।
ਬੱਚੇ ਸੱਚੀ ਸਰਕਾਰ ਦੀ ਕਾਰ ਅੰਦਰ
ਜਥੇ ਬਾਂਕਿਆਂ ਸ਼ੈਲ ਸਿਪਾਹੀਆਂ ਦੇ।
ਅਨੀ ਆਓ ਅੜੀਓ ਚਰਨ ਚੁੰਮ ਆਈਏ,
ਇਹਨਾਂ ਪ੍ਰੇਮ ਮਾਰਚ ਦੇ ਰਾਹੀਆਂ ਦੇ।

ਤੋਪਾਂ ਨਾਲ ਉਡਾਏ ਜਾਣ ਵਾਲੇ 66 ਕੂਕਿਆਂ ਦੇ ਨਾਵਾਂ ਦਾ ਵੇਰਵਾ ਪੂਰਾ ਸਪਸ਼ਟ ਨਹੀਂ ਮਿਲਦਾ। ਹਰ ਲੇਖਕ ਦਾ ਦੂਸਰੇ ਲੇਖਕ ਨਾਲੋਂ ਫਰਕ ਹੈ। 30 ਮਈ, 2005 ਨੂੰ 'ਅਜੀਤ' ਅਖ਼ਬਾਰ ਵਿਚ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਛਪੇ ਲੇਖ ਵਿਚ ਵੱਧ ਭਰੋਸਾ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਲੇਖ ਵਿਚ ਉਨ੍ਹਾਂ ਆਪਣੀ ਪਹਿਲਾਂ ਛਪੀ ਸੂਚੀ ਨੂੰ ਵੀ ਰੱਦ ਕੀਤਾ ਹੈ ਤੇ ਇਸ ਲੇਖ ਵਿਚ ਵੀ ਜੋ ਨਾਵਾਂ ਦਾ ਵੇਰਵਾ ਪੂਰਾ ਸਪੱਸ਼ਟ ਨਹੀਂ ਹੋਇਆ ਉਹਨਾਂ ਨਾਵਾਂ ਨਾਲ ਉਹਨਾਂ ਅਸ਼ਪਸਟ ਸ਼ਬਦ ਲਿਖਿਆ ਹੈ।

ਪੁਲਿਸ 17 ਜਨਵਰੀ, 1872 ਨੂੰ ਜਿਸ ਦਿਨ ਕੂਕੇ ਮਲੇਰਕੋਟਲੇ ਤੋਪਾਂ ਨਾਲ ਉਡਾਏ ਗਏ, ਉਸ ਦਿਨ ਹੀ ਬਾਬਾ ਰਾਮ ਸਿੰਘ, ਸੂਬਾ ਸਾਹਿਬ ਸਿੰਘ ਤੇ ਚਾਰ ਹੋਰ ਸਾਥੀਆਂ ਨੂੰ ਲੁਧਿਆਣੇ ਲੈ ਗਈ। 18 ਜਨਵਰੀ ਨੂੰ ਸਵੇਰੇ ਚਾਰ ਵਜੇ ਦੀ ਗੱਡੀ ਦਿੱਲੀ ਰਾਹੀਂ ਅਲਾਹਾਬਾਦ ਭੇਜ ਦਿੱਤਾ। ਅਲਾਹਾਬਾਦ ਦੇ ਕਿਲ੍ਹੇ ਵਿਚ ਬਾਬਾ ਰਾਮ ਸਿੰਘ ਨਾਲ ਇਸ ਲਹਿਰ ਦੇ ਪ੍ਰਮੁੱਖ 13 ਆਗੂ (ਸੂਬੇ) ਵੀ ਕੈਦ ਰਹੇ। ਦੋ ਮਹੀਨੇ ਰੱਖਣ ਤੋਂ ਬਾਅਦ ਇਨ੍ਹਾਂ ਨੂੰ ਰੰਗੂਨ (ਬਰਮਾ) ਭੇਜ ਦਿਤਾ। 29 ਦਸੰਬਰ 1885 ਨੂੰ ਮਰਗੋਈ ਜੇਲ੍ਹ ਵਿਚ ਬਾਬਾ ਰਾਮ ਸਿੰਘ ਦੀ ਮੌਤ ਹੋ ਗਈ। ਇਨ੍ਹਾਂ ਦੇ ਨਾਲ ਦੇ ਸਭ ਕੂਕੇ ਵੀ ਇਥੇ ਹੀ ਆਪਣੀਆਂ ਜਾਨਾਂ ਸਮਾਪਤ ਕਰਦੇ ਸ਼ਹੀਦ ਹੋ ਗਏ।

### ਸਹਾਇਕ ਪੁਸਤਕਾਂ


1. ਕੂਕਿਆਂ ਦੀ ਵਿਥਿਆ- ਗੰਡਾ ਸਿੰਘ
2. ਕੂਕਿਆਂ ਬਾਰੇ- ਇੰਦਰ ਸਿੰਘ ਚਕਰਵਰਤੀ
3. ਕੌਮੀ ਆਜ਼ਾਦੀ ਦੇ ਅੰਦੋਲਨ ਦਾ ਸੁਨਿਹਰੀ ਪੰਨਾ ਕੂਕਾ ਲਹਿਰ (ਲੇਖ)- ਡਾ. ਤਾਰਾ ਸਿੰਘ ਸੰਧੂ
4. ਨਾਮਧਾਰੀ ਸੰਪ੍ਰਦਾਇ ਦਾ ਇਤਿਹਾਸ (ਲੇਖ)- ਡਾ. ਕੁਲਦੀਪ ਸਿੰਘ ਧੀਰ
5. ਨਾਮਧਾਰੀ ਲਹਿਰ, ਇਕ ਸਮਾਜ ਵਿਗਿਆਨਿਕ ਦ੍ਰਿਸ਼ਟੀ ਕੋਣ (ਲੇਖ)- ਡਾ. ਹਰਵਿੰਦਰ ਸਿੰਘ ਭੱਟੀ
6. ਬਾਬਾ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ (ਲੇਖ)- ਡਾ. ਗੁਰਦੇਵ ਸਿੰਘ ਭੰਦੋਹਲ
7. ਕੂਕਾ ਲਹਿਰ ਦੇ ਸਮਾਜ ਸੁਧਾਰਕ ਆਦਰਸ਼ (ਲੇਖ)- ਨਿਰਵਰਤਨ ਕਪੂਰ
8. ਨਾਮਧਾਰੀ ਸਤਿਗੁਰੂ ਤੇ ਨਾਰੀ ਉੱਥਾਨ (ਲੇਖ)- ਡਾ. ਬਲਵਿੰਦਰ ਕੌਰ ਜੋਸ਼ੀ
9. ਭਾਰਤੀ ਆਜ਼ਾਦੀ ਵਿਚ ਨਾਮਧਾਰੀਆਂ ਦਾ ਯੋਗਦਾਨ (ਲੇਖ)- ਕੁਲਦੀਪ ਸਿੰਘ
10. ਕੂਕਾ ਲਹਿਰ ਤੇ ਭਾਈ ਰਾਮ ਸਿੰਘ (ਲੇਖ)- ਰੇਖਾ
11. ਸਾਕਾ ਮਲੇਰਕੋਟਲਾ (ਲੇਖ) ਦਲਜੀਤ ਕੌਰ
12. ਨਾਮਧਾਰੀ ਜਾਂ ਕੂਕਾ ਲਹਿਰ ਦਾ ਸੰਖੇਪ ਇਤਿਹਾਸ (ਲੇਖ)- ਗੁਲਜ਼ਾਰ ਸਿੰਘ ਸ਼ੌਂਕੀ
13. 30 ਮਈ 2005 ਅਜੀਤ ਅਖ਼ਬਾਰ ਲੇਖ- ਮਲਵਿੰਦਰਜੀਤ ਸਿੰਘ ਵੜੈਚ


..............................................................

# ਇਕ ਪ੍ਰੇਮ ਭਰੀ ਮੁਲਾਕਾਤ



ਗੁਰਲਾਲ ਸਿੰਘ

ਸੰਪਾਦਕ 'ਸਤਿਜੁਗ'

97800-97898

ਨਵੰਬਰ ਮਹੀਨੇ ਸ੍ਰੀ ਸਤਿਗੁਰੂ ਜੀ ਨੇ ਸਿੱਖ ਸੇਵਕਾਂ ਨੂੰ ਹੁਕਮ ਕੀਤਾ ਕਿ ਇਸ ਵਾਰੀ ਹਜ਼ੂਰ ਸਾਹਿਬ ਜਾਇਆ ਜਾਵੇ। ਇਸ ਦੌਰੇ ਤੋਂ ਪਹਿਲਾਂ ਸੰਤ ਨਿਸ਼ਾਨ ਸਿੰਘ ਜੀ ਨਾਲ ਪਰਮ ਜੋਤ ਸਿੰਘ ਦਿੱਲੀ ਨੂੰ ਹਜ਼ੂਰ ਸਾਹਿਬ ਭੇਜਿਆ ਤਾਂ ਕਿ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ। ਸਤਿਗੁਰੂ ਜੀ ਦੇ ਆਉਣ ਬਾਰੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੂੰ ਅਤੇ ਗਿਆਨੀ ਰਾਮ ਸਿੰਘ ਜੀ ਨੂੰ ਜਦੋਂ ਸੰਤ ਨਿਸ਼ਾਨ ਸਿੰਘ ਜੀ ਨੇ ਦੱਸਿਆ ਤਾਂ ਉਹਨਾਂ ਵੱਡੀ ਖੁਸ਼ੀ ਦਾ ਇਜ਼ਹਾਰ ਕੀਤਾ। ਅੱਜ ਕੱਲ੍ਹ ਤਖਤ ਦੀ ਸੇਵਾ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਕਰ ਰਹੇ ਹਨ ਜਿਨ੍ਹਾਂ ਜਲਦੀ ਸੇਵਾ ਮੁਕਤ ਹੋ ਜਾਣਾ ਹੈ ਇਨ੍ਹਾਂ ਤੋਂ ਬਾਅਦ ਇਹ ਸੇਵਾ ਗਿਆਨੀ ਰਾਮ ਸਿੰਘ ਜੀ ਸੰਭਾਲਣਗੇ। ਤਖਤ ਦੀ ਸੇਵਾ ਇਕ ਕਰੜੀ ਘਾਲ ਹੈ ਜਿਸ ਵਿੱਚ ਕੋਈ ਛੁੱਟੀ ਨਹੀਂ। ਸਵੇਰ ਤੋਂ ਲੈ ਕੇ ਸ਼ਾਮ ਤੱਕ ਸੰਗਤ ਵਿੱਚ ਹੀ ਰਹਿਣਾ ਹੈ। ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਦਾ ਪਿਛਲਾ ਨਗਰ ਰਾਈਆਂ ਹੈ। ਇਨ੍ਹਾਂ ਦੇ ਦਾਦਾ ਜੀ ਦੱਖਣ ਵਿੱਚ ਗਏ ਸੀ। ਨਾਮਧਾਰੀਆਂ ਨਾਲ ਇਹ ਸਾਂਝ ਵੀ ਆਪ ਦੀ ਹੈ, ਇਸ ਕਰਕੇ ਹਜ਼ੂਰ ਸਾਹਿਬ ਗਏ ਹਰ ਨਾਮਧਾਰੀ ਨੂੰ ਆਪ ਉਚੇਚ ਕਰਕੇ ਮਿਲਦੇ ਹੋ। ਸਤਿਗੁਰੂ ਜੀ ਨਾਲ ਆਉਣ ਵਾਲੀ ਸੰਗਤ ਦਾ ਰਹਿਣ ਸਹਿਣ ਦਾ ਪ੍ਰਬੰਧ ਕੀਤਾ ਗਿਆ। ਇਸ ਕਾਰਜ ਨੂੰ ਪੂਰਾ ਕਰਕੇ ਸੰਤ ਜੀ ਜਦੋਂ ਵਾਪਸ ਆਏ ਤਾਂ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਜਾਣ ਵਾਲੇ ਬੰਦਿਆਂ ਦੇ ਨਾਵਾਂ ਦੀ ਲਿਸਟ ਬਣੀ ਪਰ ਹਰ ਘੰਟੇ ਇਸ ਲਿਸਟ ਵਿੱਚ ਇਜ਼ਾਫ਼ਾ ਹੁੰਦਾ ਗਿਆ।

18 ਦਸੰਬਰ ਨੂੰ ਸ੍ਰੀ ਸਤਿਗੁਰੂ ਜੀ ਨੰਦੇੜ ਏਅਰਪੋਰਟ 'ਤੇ ਉਤਰੇ। ਤਕਰੀਬਨ ਗਿਆਰਾਂ ਵਜੇ ਆਪ ਦੀ ਆਮਦ 'ਹਜ਼ੂਰੀ ਟਕਸਾਲ' ਵਾਲੇ ਸਥਾਨ 'ਤੇ ਹੋਈ।

ਇਹ ਹਜ਼ੂਰੀ ਟਕਸਾਲ ਗਿਆਨੀ ਹਰਦੀਪ ਸਿੰਘ ਜੀ ਚਲਾਉਂਦੇ ਸੀ। ਗਿਆਨੀ ਹਰਦੀਪ ਸਿੰਘ ਜੀ ਤੋਂ ਹੀ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਹੁਰਾਂ ਵਿਦਿਆ ਪ੍ਰਾਪਤ ਕੀਤੀ ਹੈ। ਗਿਆਨੀ ਹਰਦੀਪ ਸਿੰਘ ਜੀ ਅੰਤਲੇ ਸਮੇਂ ਸ੍ਰੀ ਭੈਣੀ ਸਾਹਿਬ ਰਹੇ ਉਹਨਾਂ ਦਾ ਡਾਕਟਰੀ ਇਲਾਜ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਹੀ ਚੱਲਿਆ। ਇਹ ਹਜ਼ੂਰੀ ਟਕਸਾਲ ਵਿੱਚ ਬੱਚਿਆਂ ਨੂੰ ਪਾਠ, ਕੀਰਤਨ ਦੀ ਤਾਲੀਮ ਦਿੱਤੀ ਜਾਂਦੀ ਹੈ। ਇਹ ਤਿੰਨ ਮੰਜਲੀ ਟਕਸਾਲ ਦੀ ਦੂਜੀ ਮੰਜਿਲ 'ਤੇ ਨਾਮਧਾਰੀ ਸੰਗਤ ਦਾ ਲੰਗਰ ਸੀ ਅਤੇ ਤੀਜੀ ਮੰਜਿਲ 'ਤੇ ਲਾਂਗਰੀ ਲੰਗਰ ਬਣਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦਾ ਅਤੇ ਸੋਧੀਆਂ ਦਾ ਲੰਗਰ ਵੀ ਤੀਜੀ ਮੰਜਲ 'ਤੇ ਹੀ ਸੀ।

ਇਸ ਤਰ੍ਹਾਂ ਹੀ ਭਾਈ ਦਯਾ ਸਿੰਘ ਨਿਵਾਸ ਵਿੱਚ ਨਾਲ ਗਏ ਸਿੱਖਾਂ ਦੇ ਰਹਿਣ ਲਈ ਪੁਖਤਾ ਪ੍ਰਬੰਧ ਸੀ। ਸਤਿਗੁਰੂ ਜੀ ਵਾਸਤੇ ਨਾਦੇੜ ਤੋਂ ਦਸ ਕਿਲੋਮੀਟਰ ਬਾਹਰ ਹਿੰਗੋਲੀ ਰੋਡ 'ਤੇ ਫਾਰਮ ਹਾਊਸ ਕਰਾਏ 'ਤੇ ਲਿਆ ਸੀ ਜੋ ਬਹੁਤ ਸੁੰਦਰ ਬਣਿਆ ਸੀ।

18 ਦਸੰਬਰ ਤਖ਼ਤ 'ਤੇ ਦਰਸ਼ਨ ਲਈ ਸਤਿਗੁਰੂ ਜੀ ਸਮੇਤ ਸਿਖਾਂ ਸੇਵਕਾਂ ਦੇ ਤੁਰੇ। ਇਸ ਜਥੇ ਵਿੱਚ ਤਿੰਨ ਸਾਢੇ ਤਿੰਨ ਸੌ ਨਾਮਧਾਰੀ ਸਿਖ ਸੀ। ਇਕ ਵਾਰ ਤਾਂ ਗੁਰਦੁਆਰੇ ਦਾ ਬਾਹਰੀ ਆਲਾ ਦੁਆਲਾ ਨਾਮਧਾਰੀ ਦਸਤਾਰਾਂ ਨਾਲ ਭਰ ਗਿਆ। ਸਤਿਗੁਰੂ ਜੀ ਨੂੰ ਤਖਤ 'ਤੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੇ ਬੜੇ ਸਤਿਕਾਰ ਨਾਲ ਸਿਰਪਾਉ ਭੇਟ ਕੀਤਾ। ਨਾਲ ਆਏ ਸਿੰਘਾ ਦੇ ਵੀ ਸਿਰਪਾਉ ਪਾਏ ਗਏ। ਗੁਰਦੁਆਰਾ ਪਰਿਸਰ ਵਿੱਚ ਬਣੇ ਭਾਈ ਧਰਮ ਸਿੰਘ ਅਤੇ ਭਾਈ ਦਯਾ ਸਿੰਘ ਦੇ ਗੁਰਦੁਆਰੇ ਵੀ ਸਤਿਗੁਰੂ ਜੀ ਗਏ। ਇਸ ਤੋਂ ਬਾਅਦ ਸਿੰਘ ਸਾਹਿਬ ਦੇ ਨਿਵਾਸ ਅਸਥਾਨ 'ਤੇ ਸਤਿਗੁਰੂ ਜੀ ਦਾ ਸੋਧ ਦਾ ਲੰਗਰ ਤਿਆਰ ਸੀ ਜਿਥੇ ਸਤਿਗੁਰੂ ਜੀ ਕੁਝ ਸਿਘਾਂ ਨਾਲ ਗਏ।

ਸਿੰਘ ਸਾਹਿਬ ਨੇ ਸਤਿਗੁਰੂ ਜੀ ਨੂੰ ਫਿਰ "ਜੀ ਆਇਆ ਆਖਿਆ" ਤੇ ਕਿਹਾ ਆਪ ਨੇ ਬੜੀ ਕਿਰਪਾ ਕੀਤੀ ਹੈ। " ਸਤਿਗੁਰੂ ਜੀ ਸਿਹਤ ਬਾਰੇ ਪੁਛਿਆ ਤਾਂ ਫਿਰ ਕਿਹਾ "ਆਪ ਦੀ ਕਿਰਪਾ ਨਾਲ ਠੀਕ ਹੈ।"

ਸ. ਸੁਵਰਨ ਸਿੰਘ ਵਿਰਕ (ਜੋ ਇਸ ਮਿਲਣੀ ਸਮੇਂ ਕੋਲ ਬੈਠੇ ਸਨ) ਨੇ ਸਿੰਘ ਸਾਹਿਬ ਨੂੰ ਪੁਛਿਆ ਆਪ ਦੇ ਦਾਦਾ ਜੀ ਰਾਈਆਂ ਤੋਂ ਇਥੇ ਆਏ ਸੀ?"

**ਸਿੰਘ ਸਾਹਿਬ–** ਜੀ ਹਾਂਜੀ, ਉਹਨਾਂ ਦਾ ਨਾਮ ਬਾਬਾ ਮੰਗਲ ਸਿੰਘ ਸੀ। ਉਹ 1902 ਦੇ ਕਰੀਬ ਆਏ।

ਸਤਿਗੁਰੂ ਜੀ– "ਉਸ ਤੋਂ ਬਾਅਦ ਫਿਰ ਦਾਦਾ ਜੀ ਇਥੇ ਹੀ ਰਹਿ ਗਏ?

**ਸਿੰਘ ਸਾਹਿਬ ਜੀ–** "ਜੀ ਮਹਾਰਾਜ ਜੀ ਦਸ਼ਮੇਸ਼ ਪਿਤਾ ਦੇ ਚਰਨਾਂ ਨਾਲ ਪਿਆਰ ਪੈ ਗਿਆ। ਪਿਤਾ ਜੀ ਦਾ ਜਨਮ ਵੀ ਇਥੇ ਹੀ ਹੋਇਆ ਬਾਕੀ ਪਰਿਵਾਰ ਰਾਈਆਂ ਰਹਿੰਦਾ ਹੈ।

**ਸਤਿਗੁਰੂ ਜੀ–** "ਬਾਕੀ ਮਤਬਲ ਚਾਚੇ ਤਾਏ?"

**ਸਿੰਘ ਸਾਹਿਬ ਜੀ–** "ਹਾਂਜੀ ਮਹਾਰਾਜ"

ਜਦੋਂ ਬਾਬਾ ਮੰਗਲ ਸਿੰਘ ਜੀ ਇਥੇ ਆਏ ਤਾਂ ਉਹ ਕੜੇ ਬਣਾਉਂਦੇ ਸੀ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਸੁਣ ਕੇ ਫਿਰ ਕੜਾ ਦੇਣਾ, ਉਹਨਾਂ ਦਾ ਨਿਯਮ ਸੀ, ਪਾਠ ਸੁਣੇ ਬਿਨਾਂ ਕੜਾ ਨਹੀਂ ਦਿੰਦੇ ਸੀ। ਬਸ ਉਨ੍ਹਾਂ ਦੀਆਂ ਬਰਕਤਾਂ ਨੇ ਮਹਾਰਾਜ।

**ਵਿਰਕ ਜੀ–** ਆਪ ਜੀ ਦੇ ਪਿਤਾ ਦਾ ਸ਼ੁੱਭ ਨਾਮ?

**ਸਿੰਘ ਸਾਹਿਬ–** ਬਲਵੰਤ ਸਿੰਘ ਜੀ

**ਗੁਰਲਾਲ ਸਿੰਘ–** ਸਵੇਰ ਤੋਂ ਗਾਗਰ ਆਉਣ ਨਾਲ ਸਿੰਘ ਸਾਹਿਬ ਜੀ ਦੀ ਸੇਵਾ ਆਰੰਭ ਹੋ ਜਾਂਦੀ ਹੈ ਕਰੜੀਘਾਲ ਹੈ ਇਨ੍ਹਾਂ ਦੀ (ਸਤਿਗੁਰੂ ਜੀ ਨੂੰ ਸੰਬੋਧਿਤ ਹੋ ਇਹ ਸ਼ਬਦ ਆਖੇ?

**ਸਿੰਘ ਸਾਹਿਬ–** ਜੀ ਮਹਾਰਾਜ ਸਵੇਰੇ ਗਾਗਰੀਆਂ ਸਿੰਘ ਦੀ ਡਿਊਟੀ ਹੁੰਦੀ ਹੈ ਉਹ ਗਾਗਰ ਲੈ ਕੇ ਤਖਤ 'ਤੇ ਪਹੁੰਚਦਾ ਹੈ।

**ਵਿਰਕ ਜੀ:** ਆਪਣੇ ਵੀ ਰੋਜ ਕੇਸਾਂ ਵਿੱਚ ਜਲ ਪਾਉਣ ਦੀ ਮਰਿਆਦਾ ਹੈ?

**ਸਿੰਘ ਸਾਹਿਬ–** ਜੀ ਮਹਾਰਾਜ

**ਵਿਰਕ ਜੀ–** ਉਹ ਇਥੋਂ ਹੀ ਸ੍ਰੀ ਭੈਣੀ ਸਾਹਿਬ ਗਈ ਹੈ। (ਸਤਿਗੁਰੂ ਜੀ ਨੂੰ ਸੰਬੋਧਿਤ ਹੋ ਕੇ)

**ਸਤਿਗੁਰੂ ਜੀ–** ਅਠਾਰਾਂ ਸੌ ਸੱਠ ਇਕਾਠ ਵਿੱਚ ਭਾਈ ਰਾਏ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਭੇਜਿਆ ਸੀ। ਭਾਈ ਤੂੰ ਜਾ ਹਜ਼ੂਰ ਸਾਹਿਬ ਤੋਂ ਮਰਿਆਦਾ ਲੈ ਕੇ ਆ, ਕਿਉਂਕਿ ਪਸਤਿਗੁਰੂ ਜੀ- (ਮੁਸਕਰਾ ਕੇ) ਇਹ ਮਰਿਆਦਾ ਸਾਡੇ ਕੋਲ ਇਥੋਂ ਹੀ ਗਈ ਹੈ। ਅਸੀਂ ਵੀ ਇਸ ਤਰ੍ਹਾਂ ਹੀ ਕਰਦੇ ਹਾਂ।

**ਸੰਤ ਨਿਸ਼ਾਨ ਸਿੰਘ ਜੀ–** (ਸਤਿਗੁਰੂ ਜੀ ਨੂੰ ਸੰਬੋਧਨ ਹੁੰਦੇ ਹੋਏ) ਗਰੀਬ ਨਿਵਾਜ ਜੀ ਆਪਾਂ ਜਿੰਨੀਆਂ ਬੀੜਾ ਆਦਿ ਜਾਂ ਦਸਮ ਦੀਆਂ ਪ੍ਰਕਾਸ਼ ਕਰਦੇ ਹਾਂ ਓਨੇ ਹੀ ਜਪੁ ਜੀ, ਜਾਪ ਸਾਹਿਬ ਦੇ ਪਾਠ ਨਾਲ ਤੋਰਦੇ ਹਾਂ। ਪਰ

ਇਥੇ ਜੇ ਦਸ ਪਾਠ ਆਦਿ ਗ੍ਰੰਥ ਸਾਹਿਬ ਦੇ ਚਲ ਰਹੇ ਹਨ ਤਾਂ ਇਕ ਹੀ ਪੋਥੀ ਜਪੁ ਜੀ ਸਾਹਿਬ ਦੀ ਰਖੀ ਜਾਂਦੀ ਹੈ ਦਸ ਨਹੀਂ। ਇਸ ਤਰ੍ਹਾਂ ਹੀ ਜਾਪ ਸਾਹਿਬ ਦੀ ਦਸਮ ਬੀੜਾਂ ਨਾਲ ਇਕ ਹੀ।

**ਸਿੰਘ ਸਾਹਿਬ ਜੀ–** ਮਹਾਰਾਜ ਪਹਿਲਾ ਇਥੇ ਵੀ ਇੰਞ ਹੀ ਸੀ। ਇਕ ਅਖੰਡ ਪਾਠ ਨਾਲ ਇਕ ਜਪੁਜੀ ਸਾਹਿਬ ਜਿਨ੍ਹੇ ਅਖੰਡ ਪਾਠ ਓਨੇ ਹੀ ਜਪੁਜੀ ਸਾਹਿਬ ਦੀਆਂ ਪੋਥੀਆਂ ਰਖੀਆਂ ਜਾਂਦੀਆ ਸਨ ਪੰਜਾਬ ਵਿੱਚ ਮਰਿਆਦਾ ਖ਼ਤਮ ਹੋ ਗਈ ਸੀ। ਫੇਰ ਉਹਨਾਂ ਇਹ ਵੀ ਹੁਕਮ ਕੀਤਾ ਓਥੇ ਕੁਝ ਦਿਨ ਰਹਿ ਕੇ ਸਾਰੀ ਮਰਿਆਦਾ ਸਮਝਣੀ ਹੈ, ਰਹਿਰਾਸ ਦਾ ਪਾਠ ਕਿਵੇਂ ਹੁੰਦਾ ਹੈ, ਕੀਰਤਨ ਸੋਹਿਲਾ ਕਿਦਾਂ ਕਰਦੇ ਹਨ, ਆਸਾ ਦੀ ਵਾਰ ਕਿਵੇਂ ਲਾਉਂਦੇ ਹਨ। ਮਹਾਰਾਜ ਦਾ ਅਸਵਾਰਾ ਜਦੋਂ ਬਾਹਰ ਨਿਕਲਦਾ ਹੈ ਉਸ ਦੀ ਮਰਿਆਦਾ ਕੀ ਹੈ, ਫਿਰ ਉਹ ਇਥੇ ਰਹੇ ਜੀ, ਕਥਾ ਕਰਦੇ ਰਹੇ, ਕਥਾ ਕਰਦਿਆਂ-ਕਰਦਿਆਂ ਭੇਟਾ ਚੜ੍ਹ ਗਈ ਵਾਹਵਾ, ਸਤਿਗੁਰੂ ਜੀ ਕਿਹਾ ਸੀ ਗੁਰਦੁਆਰਿਉਂ ਭੇਟਾ ਨਹੀਂ ਲੈਣੀ, ਓਥੇਂ ਤਾਂ ਭੇਟਾ ਦਈਦੀ ਹੈ।

**ਸਿੰਘ ਸਾਹਿਬ–** ਫਿਰ ਉਹ ਇਥੋਂ ਲਿਖ ਕੇ ਲੈ ਗਏ?

**ਸਤਿਗੁਰੂ ਜੀ–** ਹਾਂ ਜੀ ਤਕਰੀਬਨ ਤਿੰਨ ਸਾਢੇ ਤਿੰਨ ਮਹੀਨੇ ਰਹਿ ਕੇ।

**ਸਿੰਘ ਸਾਹਿਬ ਜੀ–** ਸਾਡੀ ਰਹਿਰਾਸ ਵੱਡੀ ਹੈ, ਆਸਾ ਦੀ ਵਾਰ ਲੰਬੀ ਹੈ।

**ਸਤਿਗੁਰੂ ਜੀ–** ਆਸਾ ਦੀ ਵਾਰ ਕਿਵੇਂ ਵੱਡੀ ਹੈ ਕੁਝ ਫ਼ਰਕ ਹੈ?

**ਸਿੰਘ ਸਾਹਿਬ ਜੀ–** ਫਰਕ ਨਹੀਂ ਜੀ ਉਹ ਸ਼ੁਰੂ ਸਾਢੇ ਤਿੰਨ ਹੋ ਜਾਂਦੀ ਹੈ ਤੇ ਸਾਢੇ ਛੇ ਵਜੇ ਤੱਕ ਚਲਦੀ ਹੈ ਵਰਲਡ ਵਾਰ ਹੁੰਦਾ ਹੈ ਰਾਗੀ ਸਿੰਘ ਓਨਾਂ ਸਮਾਂ ਓਥੇ ਹੀ ਬੈਠੇ ਰਹਿੰਦੇ ਹਨ ਬਦਲਦੇ ਨਹੀਂ।

**ਸੰਤ ਨਿਸ਼ਾਨ ਸਿੰਘ ਜੀ–** ਦਰਬਾਰ ਸਾਹਿਬ (ਅੰਮ੍ਰਿਤਸਰ) ਰਾਗੀ ਬਦਲ ਦਿੱਤੇ ਜਾਂਦੇ ਹਨ ਅਨੰਦ ਦੀ ਚੌਂਕੀ ਅਤੇ ਬਿਲਾਵਲ ਦੀ ਚੌਂਕੀ ਲਈ।

**ਸਿੰਘ ਸਾਹਿਬ–** ਇਥੇ ਨਹੀਂ ਬਦਲਦੇ। ਆਸਾ ਦੀ ਵਾਰ ਦੀ ਸਮਾਪਤੀ ਤੇ ਇਕ ਛੰਦ ਅਕਾਲ ਉਸਤਤ 'ਚੋਂ ਇਕ ਸੁਖਮਨੀ ਸਾਹਿਬ ਵਿਚੋਂ।

**ਵਿਰਕ ਜੀ–** ਸਿੰਘ ਸਾਹਿਬ ਜੀ ਭਾਈ ਦਯਾ ਸਿੰਘ ਜੀ ਨੇ ਇਥੇ ਚਲਾਣਾ ਕੀਤਾ ਭਾਈ ਧਰਮ ਸਿੰਘ ਜੀ ਨੇ ਵੀ।

**ਸਿੰਘ ਸਾਹਿਬ–** ਹਾਂਜੀ ਇਥੇ ਹੀ ਅਕਾਲ ਚਲਾਣਾ ਕੀਤਾ।

**ਸਤਿਗੁਰੂ ਜੀ–** ਭਾਈ ਸਾਹਿਬ ਹੁਰੀਂ ਕਿਨ੍ਹਾਂ ਸਮਾਂ ਬਾਅਦ ਚੜ੍ਹਾਈ ਕੀਤੇ।

**ਗਿਆਨੀ ਰਾਮ ਸਿੰਘ ਜੀ–** ਥੋੜਾ ਸਮਾਂ ਹੀ ਬਾਅਦ ਹੀ ਚੜ੍ਹਾਈ ਕਰ ਗਏ ਸੀ। ਮਾਈ ਭਾਗੋ ਜਨਵਾੜੇ ਚੜ੍ਹਾਈ ਕੀਤੀ ਸੀ ਉਹਨਾਂ ਦਾ ਸੰਸਕਾਰ ਵੀ ਇਥੇ ਹੀ ਹੋਇਆ। (ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਈ ਭਾਗੋ ਦੀ ਸਮਾਧੀ ਸਥਲ 'ਤੇ ਗੁਰਦੁਆਰਾ ਤਖਤ ਸਾਹਿਬ ਨਾਲ ਹੀ ਹੈ।)

**ਸਤਿਗੁਰੂ ਜੀ–** ਅਖੰਡ ਪਾਠ ਨਾਲ ਜਪੁਜੀ ਸਾਹਿਬ ਦਾ ਪਾਠ ਚਲਦਾ ਹੈ?

**ਸਿੰਘ ਸਾਹਿਬ ਜੀ–** ਹਾਂ ਜੀ ਮਹਾਰਾਜ ਇਹ ਸ਼ੁਰੂ ਤੋਂ ਹੀ ਮਰਿਆਦਾ ਹੈ। ਦਸਮ ਗ੍ਰੰਥ ਸਾਹਿਬ ਦੇ ਪਾਠ ਨਾਲ ਜਾਪ ਸਾਹਿਬ ਦੇ ਪਾਠ ਹੁੰਦੇ ਹਨ।

**ਸਤਿਗੁਰੂ ਜੀ–** ਠੀਕ... ਸਾਡੇ ਦਸਮ ਦੇ ਅਖੰਡ ਪਾਠ ਚਲਦੇ ਰਹਿੰਦੇ ਹਨ। ਘੱਟ ਜ਼ਰੂਰ ਹੋ ਗਏ ਨੇ ਪਰ ਚਲਦੇ ਹਨ।

**ਸਿੰਘ ਸਾਹਿਬ ਜੀ–** ਮਹਾਰਾਜ ਜੀ ਮਾਸਟਰ ਜੀ (ਮਾਸਟਰ ਦਰਸ਼ਨ ਸਿੰਘ ਜੀ) ਨੇ ਸੋਹਣਾ ਬਣਾਇਆ ਹੈ ਪਾਠ। ਉਹਨਾ ਬਹੁਤ ਮਿਹਨਤ ਕੀਤੀ।

**ਸਤਿਗੁਰੂ ਜੀ–** ਆਪਾਂ ਭੇਜਿਆ ਹੈ ਇਹਨਾਂ ਨੂੰ..?

**ਸੰਤ ਨਿਸ਼ਾਨ ਸਿੰਘ ਜੀ–** ਗਰੀਬ ਨਿਵਾਜ ਜੀ ਇਨ੍ਹਾਂ ਕੋਲ ਰਿਕਾਡਿੰਗ ਹੈ ਪੋਥੀਆਂ ਨਹੀਂ।

**ਸਤਿਗੁਰੂ ਜੀ–** ਪੋਥੀਆਂ ਵੀ ਭੇਜ ਦਈਏ।

**ਸਿੰਘ ਸਾਹਿਬ–** ਪੋਥੀਆਂ ਵੀ ਛਾਪੀਆਂ ਨੇ?

**ਸੰਤ ਨਿਸ਼ਾਨ ਸਿੰਘ ਜੀ–** ਦਰਬਾਰ ਵੀ ਦਸਮ ਦਾ ਛਾਪਿਆ ਹੈ।

**ਸਿੰਘ ਸਾਹਿਬ–** ਲੜੀ ਵਾਰ?

**ਸੰਤ ਨਿਸ਼ਾਨ ਸਿੰਘ ਜੀ–** ਨਹੀਂ ਪਦਛੇਦ। ਲੜੀਵਾਰ ਤਾਂ ਆਪ ਨੇ ਛਾਪਿਆ ਸੀ।

**ਸਿੰਘ ਸਾਹਿਬ–** ਬਹੁਤੇ ਲੋਕ ਲੜੀਵਾਰ ਦੇ ਲਾਗੇ ਨਹੀਂ ਜਾਂਦੇ ਕਹਿੰਦੇ ਹਨ ਬਾਬਾ ਬਦਲ ਕੇ ਲਿਆਉ। (ਇਹ ਬਚਨ ਸੁਣ ਸਾਰੇ ਮੁਸਕਰਾ ਪਏ।)

**ਸਤਿਗੁਰੂ ਜੀ–** ਹਾਂਜੀ, ਪਾਠ ਕਰਨਾ ਔਖਾ ਹੋ

ਗਿਆ ਜੀ ਲੜੀਵਾਰ ਬੀੜ ਤੋਂ, ਹੁਣ ਪਾਠੀ ਨਹੀਂ ਲਭਦੇ ਲੜੀਵਾਰ ਤੋਂ ਪਾਠ ਕਰਨ ਵਾਲੇ।

**ਸੰਤ ਨਿਸ਼ਾਨ ਸਿੰਘ–** ਅਸੀਂ ਓਦੋਂ ਆਏ ਸੀ ਤੁਹਾਡੇ ਕੋਲੋਂ ਲੜੀਵਾਰ ਪੋਥੀਆਂ ਲੈ ਕੇ ਗਏ ਸੀ, ਗਿਆਨੀ ਜੀ ਵਾਲੀਆਂ ਪੋਥੀਆਂ ਦੀ ਪੀ.ਡੀ.ਐਫ਼. ਸਾਡੇ ਕੋਲ ਹੈਗੀ ਸੀ ਜਦੋਂ ਅਸੀਂ ਪੋਥੀਆਂ ਤਿਆਰ ਕਰ ਰਹੇ ਸੀ?

**ਸਿੰਘ ਸਾਹਿਬ–** ਗਿਆਨੀ ਕੌਣ?

**ਸੰਤ ਨਿਸ਼ਾਨ ਸਿੰਘ–** ਆਪ ਦੇ ਵਿਦਿਆ ਦਾਤੇ ਗਿਆਨੀ ਹਰਦੀਪ ਸਿੰਘ ਜੀ।

**ਸਿੰਘ ਸਾਹਿਬ–** ਅੱਛਾ-ਅੱਛਾ ਉਹਨਾਂ ਦੀ ਮਹਾਰਾਜ ਆਪ ਜੀ ਨੇ ਬਹੁਤ ਸੇਵਾ ਕੀਤੀ। (ਸਤਿਗੁਰੂ ਜੀ ਨੂੰ ਸੰਬੋਧਨ ਹੋ ਕੇ ਇਹ ਬਚਨ ਕੀਤਾ)

**ਸਤਿਗੁਰੂ ਜੀ–** ਸੇਵਾ ਉਹ ਪਰਮੇਸ਼ਰ ਆਪੇ ਕਰਨ ਕਰਾਉਣ ਵਾਲਾ ਹੈ ਜੀ।

**ਸਿੰਘ ਸਾਹਿਬ–** ਆਪ ਜੀ ਨੇ ਬਹੁਤ ਸੇਵਾ ਕੀਤੀ, ਸਾਂਭਿਆ ਆਪ ਜੀ ਨੇ, ਆਪ ਦੀ ਵੱਡੀ ਸੇਵਾ ਹੈ ਕਿੰਨਾ ਸਮਾਂ ਮਹਾਰਾਜ ਆਪ ਕੋਲ ਰਹੇ।

**ਸਤਿਗੁਰੂ ਜੀ–** ਥੋੜਾ ਹੀ ਤਿੰਨ ਕੁ ਮਹੀਨੇ ਹੀ, ਬੜੇ ਸਾਦੇ ਸੀ, ਉਂਝ ਹੀ ਬੈਠੇ ਰਹਿਣਾ ਕੋਈ ਇਹ ਨਹੀਂ ਮੇਰਾ ਉਚੇਚ ਹੋਵੇ, ਵਿਦਵਾਨ ਸੱਜਣ ਸਨ।

**ਸੰਤ ਨਿਸ਼ਾਨ ਸਿੰਘ–** ਸਿੰਘ ਸਾਹਿਬ ਜੀ ਗਿਆਨੀ ਜੀ ਬੜੀ ਵਾਰ ਓਥੇ ਬਚਨ ਕਰਨਾਂ ਮੇਰਾ ਹੁਣ ਜਾਣ ਨੂੰ ਜੀ ਨਹੀਂ ਕਰਦਾ ਮੇਰਾ ਜੀਅ ਕਰਦਾ ਮੈਂ ਭੈਣੀ ਸਾਹਿਬ ਰਹਾਂ।

ਗਰੀਬ ਨਿਵਾਜ ਜੀ (ਸਤਿਗੁਰੂ ਜੀ ਨੂੰ ਸੰਬੋਧਿਤ ਹੋ ਕੇ) ਸਿੰਘ ਸਾਹਿਬ ਜੀ ਦੀ ਗਿਆਨੀ ਜੀ ਦੇ ਭੋਗ ਸਮਾਗਮ ਦੀ ਰਿਕਾਡਿੰਗ ਹੈ ਇਨ੍ਹਾਂ ਨੇ ਆਪਣੇ ਵਿਦਿਆ ਗੁਰੂ ਨੂੰ ਬੜੇ ਸਤਿਕਾਰ ਭਰੇ ਸ਼ਬਦ ਕਹੇ ਇਥੋਂ ਤੱਕ ਕਿਹਾ ਮੈਂ ਜੋ ਕੁਝ ਹਾਂ ਵਿਦਿਆ ਦਾਤੇ ਕਰਕੇ ਹਾਂ।

**ਸਿੰਘ ਸਾਹਿਬ–** ਇਹ ਉਹਨਾਂ ਦੀ ਕਿਰਪਾ ਸੀ ਮਹਾਰਾਜ।

**ਸੰਤ ਨਿਸ਼ਾਨ ਸਿੰਘ–** ਗਿਆਨੀ ਰਾਮ ਸਿੰਘ ਜੀ ਵੀ ਉਹਨਾਂ ਤੋਂ ਪੜ੍ਹੇ ਸੀ।

**ਸਿੰਘ ਸਾਹਿਬ–** ਹਾਂਜੀ ਮਹਾਰਾਜ ਉਹਨਾਂ ਕੋਲੋਂ ਹੀ ਪੜ੍ਹੇ।

**ਗੁਰਲਾਲ ਸਿੰਘ–** ਗਰੀਬ ਨਿਵਾਜ ਜੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਤਖਤ 'ਤੇ ਪ੍ਰਕਾਸ਼ ਦਸਮ ਬੀੜ ਦਾ ਹੋਣ ਕਰਕੇ ਬਹੁਤ ਸਾਰੇ ਦਸਮ ਵਿਰੋਧੀਆਂ ਲਈ ਇਹ ਵੱਡਾ ਜਵਾਬ ਹੈ। ਇਹ ਦੋਵੇਂ ਤਖਤ ਦਸਮ ਬਾਣੀ ਦਾ ਪ੍ਰਚਾਰ ਕਰਦੇ ਹਨ। (ਇਸ ਸਮੇਂ ਸਿੰਘ ਸਾਹਿਬ ਜੀ ਨੇ ਸ਼ਬਦਾਰਥ ਦੀਆਂ ਪੋਥੀਆਂ ਸਤਿਗੁਰੂ ਜੀ ਨੇ ਭੇਟ ਕੀਤੀਆਂ ਅਤੇ ਦਸਮ ਬਾਣੀ ਦੇ ਟੀਕਿਆਂ ਬਾਰੇ ਵਿਸਥਾਰ ਨਾਲ ਚਰਚਾ ਸ਼ੁਰੂ ਹੋ ਗਈ। ਕਿਸ ਮਹਾਪੁਰਖ ਨੇ ਕਿਹੜਾ ਟੀਕਾ ਕੀਤਾ ਹੈ।

**ਸਿੰਘ ਸਾਹਿਬ ਜੀ** ਨੇ ਕਿਹਾ ਆਪ ਜੀ ਨਾਲ ਬਹੁਤ ਸੰਗਤ ਆਈ ਰੌਣਕ ਬਣ ਗਈ। ਸਤਿਗੁਰੂ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸ਼ਤਰ ਵੇਖਣ ਦੀ ਇੱਛਾ ਜਾਹਰ ਕੀਤੀ ਤਾਂ ਸਿੰਘ ਸਾਹਿਬ ਜੀ ਕਿਹਾ ਆਪ ਜੀ ਸ਼ਾਮ ਨੂੰ ਸੱਤ ਵਜੇ ਤੱਖਤ 'ਤੇ ਆ ਜਾਣਾ ਅਸੀਂ ਜਗ੍ਹਾ ਰੱਖਾਂਗੇ। ਸ਼ਾਮ ਦੀ ਤਖਤ ਸਾਹਿਬ 'ਤੇ ਕੀਰਤਨ ਹਾਜ਼ਰੀ ਦੀ ਗੱਲ ਚਲੀ ਤਾਂ ਸਿੰਘ ਸਾਹਿਬ ਕਿਹਾ ਸਾਨੂੰ ਖੁਸ਼ੀ ਹੋਵੇਗੀ ਤੁਸੀਂ ਕੀਰਤਨ ਕਰੋ।

ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਪੈਕਟ ਬੰਦ ਮਾਇਆ ਭੇਟ ਕੀਤੀ। ਸਤਿਗੁਰੂ ਜੀ ਇਹ ਕਹਿ ਵਾਪਸ ਕੀਤੀ "ਸਾਡਾ ਤਾਂ ਗੁਰਦੁਆਰੇ ਮਾਇਆ ਦੇਣ ਦਾ ਫ਼ਰਜ ਹੈ ਸਾਨੂੰ ਤਾਂ ਸਤਿਗੁਰੂ ਜੀ ਵਲੋਂ ਇਹ ਹੁਕਮ ਨਹੀਂ ਗੁਰਦੁਆਰਿਉ ਮਾਇਆ ਲੈਣ ਦਾ। ਸਿੰਘ ਸਾਹਿਬ ਜੀ ਕਿਹਾ "ਇਹ ਮਾਇਆ ਨਹੀਂ ਪਿਆਰ ਹੈ ਪ੍ਰਵਾਨ ਕਰੋ" ਸਤਿਗੁਰੂ ਜੀ ਕਿਹਾ ਤੁਸੀਂ ਇਥੇ ਹੀ ਵਰਤੋ ਸਿਰਪਾਉ ਨੂੰ ਹੱਥ ਲਾ ਕਿਹਾ ਇਹ ਹੀ ਠੀਕ ਹੈ। ਸ੍ਰੀ ਸਤਿਗੁਰੂ ਜੀ ਸੋਧ ਦਾ ਪ੍ਰਸ਼ਾਦਾ ਪਾਣੀ ਜੋ ਡੇਰੇ ਤੋਂ ਬਣ ਕੇ ਆਇਆ ਸੀ ਉਹ ਇਥੇ ਸਿੰਘ ਸਾਹਿਬ ਦੇ ਨਿਵਾਸ ਸਥਾਨ 'ਤੇ ਛਕਿਆ।

ਸਿੰਘ ਸਾਹਿਬ ਜੀ ਨੂੰ ਪਤਾ ਸੀ ਕਿ ਸਤਿਗੁਰੂ ਜੀ ਦੀ ਸੋਧ ਹੈ ਨਾਲ ਦੇ ਸਿੰਘ ਵੀ ਮਾਸ ਸ਼ਰਾਬ ਵਰਤਣ ਵਾਲਿਆਂ ਦੇ ਭਾਂਡੇ ਨਹੀਂ ਵਰਤਦੇ ਤਾਂ ਸੰਤ ਨਿਸ਼ਾਨ ਸਿੰਘ ਜੀ ਨੂੰ ਉਹਨਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੋ ਵੀ ਲੰਗਰ ਪਾਣੀ ਦੀ ਰਸਦ ਲਗੇਗੀ ਉਹ ਸਾਡੇ ਵਲੋਂ ਭੇਟ ਕੀਤੀ ਜਾਵੇਗੀ। ਤੁਸੀਂ ਬਿਬੇਕ ਨਾਲ ਬਣਾ ਵਰਤਾ ਛਕਾ ਲਿਉ। ਜਦੋਂ ਸੰਤ ਜੀ ਕਿਹਾ ਇਸ ਤਖਲੀਫ਼ ਦੀ ਲੋੜ ਨਹੀਂ ਤਾਂ ਸਿੰਘ ਸਾਹਿਬ ਜੀ ਕਿਹਾ ਮੈਂ ਗੁਰੂ ਕਲਗੀਧਰ ਨੂੰ ਕੀ ਮੂੰਹ ਦਿਖਾਵਾਂਗਾ। ਜਦੋਂ ਉਹ ਪੁਛਣਗੇ ਮੇਰੇ ਸਿੰਘ ਆਏ ਸੀ ਤੂੰ ਪ੍ਰਸ਼ਾਦ ਪਾਣੀ ਨਹੀਂ ਛਕਾਇਆ ਇਹ ਪਰਸਪਰ ਪ੍ਰੇਮ ਦੀ ਵੱਡੀ ਮਿਸਾਲ ਹੈ।

..............................................................

# ਸਿੱਖ ਜਗਤ ਦੇ ਵੇਦ ਵਿਆਸ–
# ਭਾਈ ਸਾਹਿਬ ਭਾਈ ਗੁਰਦਾਸ ਜੀ




ਡਾ. ਚਰਨਜੀਤ ਸਿੰਘ

ਪ੍ਰਸਿੱਧ ਗ਼ਜ਼ਲਗੋ, ਕਵੀ ਅਤੇ ਲੇਖਕ

9811116003


ਭਾਈ ਸਾਹਿਬ ਭਾਈ ਗੁਰਦਾਸ ਜੀ ਇੱਕ ਮਹਾਨ ਅਤੇ ਉੱਚੀ-ਸੁੱਚੀ ਸ਼ਖਸੀਅਤ ਦੇ ਮਾਲਕ ਸਨ। ਸਿੱਖ ਜਗਤ ਵਿਚ ਇਨ੍ਹਾਂ ਨੂੰ 'ਵੇਦ ਵਿਆਸ' ਕਰਕੇ ਜਾਣਿਆ ਜਾਂਦਾ ਹੈ। ਆਪ ਜੀ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਉੱਘੇ ਵਿਦਵਾਨ ਸਨ। ਆਪ ਜੀ ਵੇਦਾਂ, ਸ਼ਾਸਤਰਾਂ, ਅਤੇ ਪੁਰਾਣਾਂ ਦੇ ਡੂੰਘੇ ਅਧਿਐਨ ਵੇਤਾ, ਗੁਰੂ-ਘਰ ਦੇ ਪ੍ਰਤੀ ਦ੍ਰਿੜ ਨਿਸਚਾ ਰੱਖਣ ਵਾਲੇ ਅਤੇ ਗੁਰਬਾਣੀ ਦੇ ਪ੍ਰੇਮੀ ਸਨ।

ਭਾਈ ਗੁਰਦਾਸ ਜੀ, ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਇਨ੍ਹਾਂ ਦਾ ਪਾਲਨ-ਪੋਸ਼ਣ ਸ੍ਰੀ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਗੋਇੰਦਾਵਾਲ ਸਾਹਿਬ ਵਿਖੇ ਹੋਇਆ। ਇਨ੍ਹਾਂ ਨੇ ਮੁੱਢਲੀ ਪੜ੍ਹਾਈ ਵੀ ਇੱਥੇ ਹੀ ਕੀਤੀ। ਇਨ੍ਹਾਂ ਦੇ ਜੀਵਨ ਉੱਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਬਹੁਤ ਪ੍ਰਭਾਵ ਪਿਆ। ਆਪ ਜੀ ਸੰਸਕ੍ਰਿਤ ਅਤੇ ਵੇਦਾਂਤੀ ਸਿੱਖਿਆ ਗ੍ਰਹਿਣ ਕਰਨ ਲਈ ਕਾਂਸ਼ੀ ਗਏ ਅਤੇ ਉੱਚ-ਕੋਟੀ ਦੀ ਵਿੱਦਿਆ ਗ੍ਰਹਿਣ ਕੀਤੀ।

ਭਾਈ ਸਾਹਿਬ ਦੀ ਵਿਦਵਤਾ ਉਨ੍ਹਾਂ ਦੀਆਂ ਰਚਨਾਵਾਂ- ਵਾਰਾਂ, ਕਬਿੱਤ, ਅਤੇ ਸਵੱਈਏ ਪੜ੍ਹਨ ਤੋਂ ਪਤਾ ਲੱਗਦੀ ਹੈ। ਆਪ ਦੀਆਂ ਰਚਨਾਵਾਂ ਵਿੱਚ ਵੰਨ-ਸੁਵੰਨਤਾ, ਰਸ ਅਤੇ ਅਲੰਕਾਰ ਵੇਖ ਕੇ ਪਤਾ ਲੱਗਦਾ ਹੈ ਕਿ ਆਪ ਮਹਾਨ ਕਵੀ, ਵਿਆਕਰਣ-ਵੇਤਾ, ਅਤੇ ਉੱਘੇ ਚਿੰਤਕ ਸਨ। ਆਪ ਦੀ ਦੂਰਅੰਦੇਸ਼ੀ ਅਤੇ ਵਿਦਵਤਾ ਨੂੰ ਵੇਖਦੇ ਹੋਏ ਗੁਰੂ ਜੀ ਨੇ ਆਪ ਨੂੰ ਪਹਾੜੀ ਇਲਾਕਿਆਂ ਜੰਮੂ ਅਤੇ ਚੰਬੇ ਆਦਿ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਦਾ ਹੁਕਮ ਕੀਤਾ। ਭਾਈ ਸਾਹਿਬ ਜੀ ਨੇ ਇਹ ਸੇਵਾ ਸਿਰ-ਮੱਥੇ ਸਵੀਕਾਰ

ਕਰਕੇ ਕਾਫ਼ੀ ਸਮਾਂ ਉਥੇ ਗੁਜ਼ਾਰਿਆ ਅਤੇ ਚਹੁੰ ਵਰਣਾਂ ਲਈ ਸਾਂਝੇ "ਸਿੱਖ ਧਰਮ" ਦਾ ਪ੍ਰਚਾਰ ਕੀਤਾ।

ਆਪਦੀ ਵਿਲੱਖਣ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਕਈਆਂ ਗੁਰਸਿੱਖੀ ਧਾਰਣ ਕੀਤੀ। ਆਪ ਨੇ ਲੋਕਾਂ ਨੂੰ ਵਹਿਮਾਂ- ਭਰਮਾਂ, ਕਰਮ-ਕਾਂਡਾਂ, ਤੰਤਰਾਂ-ਮੰਤਰਾਂ, ਜਾਦੂ-ਟੂਣਿਆਂ, ਮੜ੍ਹੀਆਂ-ਮਸਾਣਾਂ ਦੇ ਪ੍ਰਭਾਵ ਤੋਂ ਬਚਾਇਆ ਅਤੇ ਇਸ ਦਲਦਲ ਵਿਚੋਂ ਕੱਢ ਕੇ ਇੱਕ ਅਕਾਲ-ਪੁਰਖ ਦੀ ਪੂਜਾ ਵੱਲ ਲਗਾਇਆ। ਇਸ ਤਰ੍ਹਾਂ ਆਪ ਨੇ ਲੋਕਾਂ ਦੀ ਜ਼ਿੰਦਗੀ ਦਾ ਰੁੱਖ਼ ਹੀ ਬਦਲ ਦਿੱਤਾ। ਜੋ ਅਸੂਲ ਆਪ ਨੇ ਆਪਣੇ ਜੀਵਨ ਵਿਚ ਅਪਨਾਏ ਉਹੀ ਲੋਕਾਈ ਸਾਹਮਣੇ ਰੱਖੇ।

ਪਿਛਲ ਰਾਤੀ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜਾਏ।
ਮਿਠਾ ਬੋਲਣ ਨਿਵ ਚਲਣ ਹਥਹੁ ਦੇਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ।
ਘਾਲ ਖਾਇ ਸੁਕ੍ਰਿਤ ਕਰੈ ਵਡਾ ਹੋਇ ਨ ਆਪ ਗਣਾਏ।
ਸਾਧ ਸੰਗਤਿ ਮਿਲ ਗਾਂਵਦੇ ਰਾਤ ਦਿਹੈਂ ਨਿੱਤ ਚਲ ਚੱਲ ਜਾਏ।
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ।
ਆਸਾ ਵਿਚ ਨਿਰਾਸ ਵਲਾਏ॥ ਵਾਰ ੨੮॥੧੫॥

ਆਪ ਉੱਥੋਂ ਦੀਆਂ ਸੰਗਤਾਂ ਨੂੰ ਸਤਿਸੰਗ ਦੁਆਰਾ ਨਿਹਾਲ ਕਰ ਰਹੇ ਸਨ, ਉਧਰੋਂ ਸ੍ਰੀ ਗੁਰੂ ਅਮਰਦਾਸ ਜੀ ਜੋਤੀ-ਜੋਤ ਸਮਾ ਗਏ। ਜਦੋਂ ਆਪ ਜੀ ਨੂੰ ਖ਼ਬਰ ਮਿਲੀ ਤਾਂ ਆਪਦੇ ਨੇਤਰ ਸਜਲ ਹੋ ਗਏ, ਆਪ ਵਾਪਸ ਪਰਤ ਆਏ। ਅੱਗੇ ਸ੍ਰੀ ਗੁਰੂ ਰਾਮਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਸਨ। ਨਮਸਕਾਰ ਕੀਤੀ, ਚਰਣਾਂ ਤੇ ਸਿਰ ਰਖਿਆ। ਅੱਗੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਿਰ ਤੇ ਮਿਹਰ ਭਰਿਆ ਹੱਥ ਰੱਖਿਆ ਤੇ ਬਖਸ਼ਿਸ਼ ਕੀਤੀ। ਮੁਖੋਂ ਬਚਨ ਉਚਾਰਿਆ- "ਭਾਈ ਜੀ! ਤੁਸੀਂ ਤਾਂ ਸ੍ਰੀ ਗੁਰ ਨਾਨਕ ਦੇਵ ਜੀ ਦੀ ਸਿੱਖੀ ਨੂੰ ਪ੍ਰਫੁੱਲਿਤ ਕਰਨਾ ਹੈ, ਆਪ ਰਹਿਣੀ-ਬਹਿਣੀ ਦੇ ਪੱਕੇ, ਗੂੜ੍ਹ ਗਿਆਨੀ ਤੇ ਪ੍ਰਤਿਭਾਸ਼ਾਲੀ ਗੁਣਾਂ ਨਾਲ ਭਰਪੂਰ ਹੋ। ਆਪ ਆਗਰੇ ਅਤੇ ਪੂਰਬ ਵੱਲ ਜਾਓ ਅਤੇ ਸਿੱਖੀ ਦਾ ਪ੍ਰਚਾਰ ਕਰੋ।

ਆਪ ਜੀ ਗੁਰੂ ਜੀ ਦਾ ਹੁਕਮ ਮੰਨ ਕੇ ਝੱਟ ਤਿਆਰ ਹੋ ਗਏ ਤੇ ਆਗਰੇ ਵੱਲ ਚਾਲੇ ਪਾ ਦਿੱਤੇ। ਆਪ ਨੇ ਇੱਥੇ ਪੁੱਜ ਕੇ ਅਣਭੋਲ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਦੱਸੇ ਧਰਮ ਦੇ ਰਸਤੇ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਨਾਮ ਜਪਣ, ਵੰਡ ਛਕਣ, ਅਤੇ ਧਰਮ ਦੀ ਕਿਰਤ ਕਰਨ ਵਾਲੇ ਪਾਸੇ ਪ੍ਰੇਰਿਆ।

ਜਦੋਂ ਸ੍ਰੀ ਗੁਰੂ ਰਾਮਦਾਸ ਜੀ ਜੋਤੀ-ਜੋਤ ਸਮਾ ਗਏ ਤਾਂ ਆਪ ਨੂੰ ਆਗਰੇ ਖ਼ਬਰ ਮਿਲੀ। ਇਹ ਸੁਣ ਕੇ ਪੰਚਮ ਪਾਤਸ਼ਾਹ ਦੇ ਦਰਸ਼ਨ ਕਰਨ ਲਈ ਆਪ ਅੰਮ੍ਰਿਤਸਰ ਆਏ। ਸਾਹਿਬਾਂ ਦੀ ਹਜ਼ੂਰੀ ਵਿਚ ਸੇਵਾ, ਸਿਮਰਨ, ਸਤਿਸੰਗ ਦੇ ਮੰਡਲ ਵਿਚ ਅਨੰਦ ਮਾਣਨ ਲੱਗੇ।

ਤੀਜੀ ਵਾਰ ਫਿਰ ਸਿੱਖੀ ਦੇ ਪ੍ਰਚਾਰ ਲਈ ਆਪ ਨੂੰ ਆਗਰੇ, ਲਾਹੌਰ, ਅਤੇ ਕਾਂਸ਼ੀ ਭੇਜਿਆ ਗਿਆ। ਕਾਂਸੀ ਦੇ ਵਿਦਵਾਨ ਪੰਡਤ ਵੀ ਭਾਈ ਸਾਹਿਬ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਹੋਏ। ਆਪ ਨੇ ਸਿੱਖੀ ਦਾ ਪ੍ਰਚਾਰ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨੀ ਸੀ ਤਾਂ ਭਾਈ ਸਾਹਿਬ ਨੂੰ ਉਨ੍ਹਾਂ ਅਪਣੇ ਪਾਸ ਬੁਲਾ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਚੋਥੀ ਪਾਤਸ਼ਾਹੀ ਤੱਕ ਜੋ ਬਾਣੀ ਉਚਾਰੀ ਜਾ ਚੁੱਕੀ ਸੀ, ਉਸਨੂੰ ਇਕੱਠੀ ਕਰਨ ਲਈ ਭਾਈ ਸਾਹਿਬ ਨੇ ਬੜਾ ਸਹਿਯੋਗ ਦਿੱਤਾ। ਆਪ ਨੂੰ ਬਾਣੀ ਇਕੱਤਰ ਕਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤਰ ਮੋਹਨ ਜੀ ਪਾਸ ਗੋਇੰਦਵਾਲ ਸਾਹਿਬ ਭੇਜਿਆ ਗਿਆ। ਭਾਈ ਸਾਹਿਬ ਬਾਬਾ ਮੋਹਨ ਜੀ ਅੱਗੇ ਬੇਨਤੀ ਕਰਦੇ ਰਹੇ। ਪਰ ਬਾਬਾ ਮੋਹਨ ਜੀ ਅਪਣੇ ਚੁਬਾਰੇ ਵਿਚ ਸਮਾਧੀ ਵਿਚ ਲੀਨ ਸਨ। ਉਨ੍ਹਾਂ ਦੀ ਸਮਾਧੀ ਨਾ ਖੁੱਲੀ। ਆਖ਼ਰ ਭਾਈ ਸਾਹਿਬ ਵਾਪਸ ਪਰਤ ਆਏ। ਮਗਰੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਪੈਦਲ ਚੱਲ ਕੇ ਅੰਮ੍ਰਿਤਸਰ ਤੋਂ ਗੋਇੰਦਵਾਲ ਆਏ। ਅੱਗੇ ਬਾਬਾ ਮੋਹਨ ਜੀ ਦਾ ਦਰਵਾਜ਼ਾ ਬੰਦ ਦੇਖ ਕੇ ਆਪ ਥੜ੍ਹੇ ਉੱਤੇ ਹੀ ਬੈਠ ਗਏ ਅਤੇ ਸਰੰਦੇ ਨਾਲ ਇੱਕ ਸ਼ਬਦ ਪੜ੍ਹਨ ਲੱਗੇ- ਗਉੜੀ ਮਹਲਾ ੫॥

"ਮੋਹਨਿ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥
ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ
ਤਹਾ ਤੁਝਹਿ ਧਿਆਵਹੇ॥

ਕਰ ਦਇਆ ਮਇਆ ਦਇਆਲ ਸੁਆਮੀ
ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਰੇ
ਮਿਲਿ ਦਰਸਨ ਸੁਖ ਸਾਰਾ॥"

ਜਦੋਂ ਇਸ ਸ਼ਬਦ ਦੀ ਧੁੰਨ ਬਾਬਾ ਮੋਹਨ ਜੀ ਦੇ ਕੰਨਾਂ ਵਿਚ ਪਈ ਤਾਂ ਉਨ੍ਹਾਂ ਦੀ ਸਮਾਧੀ ਖੁੱਲ ਗਈ। ਬਾਬਾ ਮੋਹਨ ਜੀ ਚੁਬਾਰੇ ਤੋਂ ਹੇਠਾਂ ਆਏ ਤੇ ਬੜੇ ਅਦਬ ਨਾਲ ਬਾਣੀ ਦੀਆਂ ਪੋਥੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ ਰਾਮਸਰ ਵਾਲੇ ਸਥਾਨ ਨੂੰ ਚੁਣਿਆ। ਸਾਹਿਬਾਂ ਦੇ ਸਨਮੁੱਖ ਬੈਠ ਕੇ ਭਾਈ ਸਾਹਿਬ ਜੀ ਨੇ ਸਮੁੱਚੀ ਬਾਣੀ ਦੀ ਆਪਣੀ ਕਲਮ ਨਾਲ ਲਿਖਾਈ ਕੀਤੀ। ਭਾਈ ਸਾਹਿਬ ਜੀ ਨੇ ਬੜੀ ਮਿਹਨਤ ਨਾਲ ਇਸ ਕਾਰਜ ਨੂੰ ਸਫਲਤਾ ਪੂਰਵਕ ਨਿਭਾਇਆ।

ਇਸ ਤੋਂ ਪਹਿਲਾਂ ਭਾਈ ਸਾਹਿਬ ਜੀ ਨੇ ਅਧਿਆਤਮਿਕ, ਧਾਰਮਿਕ, ਸਦਾਚਾਰਕ, ਅਤੇ ਸਮਾਜਿਕ ਪੱਖੋਂ ਨਿੱਘਰਦੇ ਸਮਾਜ ਨੂੰ ਮੁੱਖ ਰੱਖ ਕੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਸੀ। ਜਿਨ੍ਹਾਂ ਵਿਚ 49 ਵਾਰਾਂ, 556 ਕਬਿੱਤ ਸਵਈਏ ਸਨ। ਪੰਜਾਬੀ ਵਿਚ 40 ਵਾਰਾਂ (ਵਾਰਾਂ ਗਿਆਨ ਰਤਨਾਵਲੀ) ਦਾ ਸੰਗ੍ਰਹਿ ਤਿਆਰ ਕੀਤਾ।

ਜਿਸ ਵੇਲੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਹੋ ਰਹੀ ਸੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਕਿਹਾ, ਆਪਦੀ ਸਮੁੱਚੀ ਬਾਣੀ ਗਿਆਨ ਦਾ ਭੰਡਾਰ ਅਤੇ ਗੁਣਾਂ ਦਾ ਖ਼ਜ਼ਾਨਾ ਹੈ। ਆਪ ਜੀ ਨੇ ਜਿਵੇਂ ਸਮੁੰਦਰ ਨੂੰ ਕੁੱਜੇ ਵਿਚ ਬੰਦ ਕੀਤਾ ਹੈ, ਲਿਆਓ ਤੁਹਾਡੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਈਏ ਤਾਂ ਆਪ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਆਪਦੀ ਬਾਣੀ ਇਲਾਹੀ ਬਾਣੀ ਹੈ। ਮੇਰੀ ਰਚਨਾ ਇਸ ਬਾਣੀ ਅੱਗੇ ਤੁੱਛ ਹੈ।" ਗੁਰੂ ਸਾਹਿਬ ਨੇ ਬਚਨ ਕੀਤਾ, "ਤੁਹਾਡੀ ਰਚਨਾ ਇਸ ਗੁਰਬਾਣੀ ਦੀ ਕੁੰਜੀ ਹੋਵੇਗੀ। ਜਦੋਂ ਤੀਕ ਕੋਈ ਤੁਹਾਡੀ ਬਾਣੀ ਨਹੀਂ ਪੜ੍ਹੇਗਾ, ਇਸ ਗੁਰਬਾਣੀ ਦੀ ਸਮਝ ਨਹੀਂ ਆਵੇਗੀ।

ਭਾਈ ਗੁਰਦਾਸ ਜੀ ਨੇ ਤੀਸਰੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤਕ ਸਤਿਗੁਰਾਂ ਦੇ ਚਰਨ ਪਰਸੇ, ਰੱਜ- ਰੱਜ ਕੇ ਦਰਸ਼ਨ ਦੀਦਾਰ ਕੀਤੇ। ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਗੁਰੂ ਅਤੇ ਸਿੱਖੀ ਦਾ ਬਿਰਤਾਂਤ ਇਓਂ ਵਰਣਿਤ ਕੀਤਾ ਹੈ-

ਧਰਤੀ ਪੈਰਾਂ ਹੇਠ ਹੈ ਧਰਤੀ ਹੇਠ ਵਸੰਦਾ ਪਾਣੀ
ਪਾਣੀ ਚੱਲੈ ਨੀਵਾਨ ਨੋ ਨਿਰਮਲ ਸੀਤਲ ਸੁਧ ਪਰਾਣੀ
ਬਹੁ ਰੰਗੀ ਇਕ ਰੰਗ ਹੈ ਸਭਨਾ ਅੰਦਰ ਇੱਕੋ ਜਾਣੀ
ਤਤਾ ਹੋਵੇ ਧੁਪ ਵਿਚ ਛਾਵੈਂ ਠੰਡਾ ਵਿਰਤੀ ਜਾਣੀ
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ
ਅਗਨਿ ਬੁਝਾਏ ਤਪਤ ਵਿਚ ਠੰਢਾ ਹੋਵੇ ਬਿਲਮੁ ਨ ਆਣੀ
ਗੁਰ ਸਿਖੀ ਦੀ ਏਹ ਨੀਸਾਣੀ"॥੧੩(੨੯ਵੀਂ ਵਾਰ)

ਇੱਕ ਦਿਨ ਭਾਈ ਸਾਹਿਬ ਜੀ ਇਹ ਪਉੜੀ ਪੜ੍ਹ ਰਹੇ ਸਨ-

"ਜੇ ਮਾਂ ਹੋਵੇ ਯਾਰਨੀ ਕਿਉਂ ਪੁਤ ਪਤਾਰੇ
ਗਾਂਈ ਮਾਣਕ ਨਿਗਲਿਆ ਪੇਟ ਪਾੜ ਨਾ ਮਾਰੇ
ਜੇ ਪਿਰ ਬਹੁ ਘਰ ਹੰਢਣਾ ਸਤਿ ਰਖੈ ਨਾਰੇ
ਅਮਰ ਚਲਾਵੇ ਚੰਮ ਦੇ ਚਾਕਰ ਵੇਚਾਰੇ
ਜੇ ਮਦ ਪੀਤਾ ਬਾਹਮਣੀ ਲੋਇ ਲੁਝਣ ਸਾਰੇ
ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨਾ ਹਾਰੇ।"

ਇਹ ਸੁਣ ਕੇ ਪਾਸ ਬੈਠੇ ਗੁਰਸਿੱਖਾਂ ਨੇ ਸਵਾਲ ਕੀਤਾ- 'ਸਿੱਖੀ-ਸਿਦਕ ਦੀ ਰਾਹ ਤੇ ਤਾਂ ਕੋਈ-ਕੋਈ ਅੱਪੜਦਾ ਹੈ। ਗੁਰਸਿੱਖੀ ਬਾਰੀਕ ਹੈ। ਖੰਡੇਧਾਰ ਗਲੀ ਅਤਿ ਭੀੜੀ।' ਭਾਈ ਸਾਹਿਬ ਨੇ ਜਵਾਬ ਦਿੱਤਾ, 'ਗੁਰਸਿਖੀ ਦਾ ਰਸਤਾ ਹੈ ਤਾਂ ਬੜਾ ਔਖਾ, ਪਰ ਜਿਸ ਨੇ ਜਾਣ ਲਿਆ, ਉਹਦੇ ਲਈ ਕੋਈ ਮੁਸ਼ਕਲ ਨਹੀਂ।'

ਆਪ ਹਰ ਸਮੇਂ ਭਜਨ-ਬੰਦਗੀ ਵਿੱਚ ਲੀਨ ਰਹਿੰਦੇ। ਸੇਵਾ-ਸਿਮਰਨ ਕਰਦੇ ਰਹਿੰਦੇ। ਭਾਦੋਂ ਸੁਦੀ 8 ਸੰਮਤ 1694 ਸੰਨ 1637 ਨੂੰ ਭਾਈ ਸਾਹਿਬ 90 ਸਾਲ ਦੀ ਉਮਰ ਭੋਗ ਕੇ ਸੱਚਖੰਡ ਗਮਨ ਕਰ ਗਏ। ਗੁਰੂ-ਘਰ ਪ੍ਰਤੀ ਅਥਾਹ ਸਤਿਕਾਰ ਅਤੇ ਸ਼ਰਧਾ ਕਰਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਸਾਹਿਬ ਦਾ ਸਸਕਾਰ ਅਪਣੇ ਕਰ-ਕਮਲਾਂ ਨਾਲ ਕੀਤਾ।

..............................................................

# 'ਗੁਰਬਾਣੀ' ਅਤੇ 'ਨਮਾਜ਼'




ਡਾ. ਖਲੀਲ ਖਾਨ

ਹਿਸਟਰੀ ਸਕਾਲਰ

9914055472


ਹਰ ਧਰਮ ਦੇ ਸਿਰਜਣਹਾਰੇ ਆਪਣੇ ਪੈਰੋਕਾਰਾਂ ਨੂੰ ਪ੍ਰਮਾਤਮਾ ਜਾਂ ਉਸ 'ਅਦਿੱਖ ਸ਼ਕਤੀ' ਨਾਲ ਜੋੜਣ ਜਾਂ ਉਸ ਦਾ ਸ਼ੁਕਰਨਾ ਕਰਨ ਲਈ ਕੁਝ ਨਿਯਮ ਜਾਂ ਨੁਕਤੇ ਤਹਿ ਕਰਦੇ ਹਨ। ਜਿਸ ਦੇ ਫਲਸਰੂਪ ਉਸ ਦੇ ਪੈਰੋਕਾਰ ਇਹਨਾਂ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਸੰਸਾਰਿਕ ਅਤੇ ਅਧਿਆਤਮਿਕ ਜੀਵਨ ਦਾ ਰਾਹ ਸੁਖਾਲਾ ਕਰਦੇ ਹਨ।ਧਰਮ ਅਧੀਨ ਹੀ ਇਹਨਾਂ ਨਿਯਮਾਂ ਨੂੰ ਨਿਤਨੇਮ ਬਣਾ ਲਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਨਿਯਮ ਆਤਮਿਕ ਸੁੱਖ ਦਾ ਸਾਧਨ ਹੋ ਨਿਬੜਦੇ ਹਨ।ਹਰ ਇੱਕ ਧਰਮ ਦੇ ਆਪਣੇ ਵੱਖਰੇ ਨਿਯਮ ਹਨ ਅਤੇ ਵੱਖਰੇ ਢੰਗ ਨਾਲ ਇਹਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਜੇਕਰ ਅਸੀਂ ਇਸਲਾਮ ਅਤੇ ਸਿੱਖ ਧਰਮ ਦੀ ਗੱਲ ਕਰਦੇ ਹਾਂ ਤਾਂ ਇਹਨਾਂ ਦੇ ਪ੍ਰਮਾਤਮਾ ਨੂੰ ਯਾਦ ਕਰਨ ਦੇ ਢੰਗ ਵੱਖਰੇ ਹਨ ਪਰ ਦੋਵਾਂ ਧਰਮਾਂ ਦਾ ਵਿਸ਼ਵਾਸ਼ ਇੱਕ ਰੱਬ ਭਾਵ 'ਪ੍ਰਮਾਤਮਾ' ਜਾਂ 'ਅਲੱਹ' ਵਿੱਚ ਹੈ। ਇਸੇ ਤਰ੍ਹਾਂ ਇਸਲਾਮ ਧਰਮ ਦੇ ਨਿੱਤਨੇਮ ਵਿੱਚ ਪੰਜ ਨਮਾਜਾਂ ਅਤੇ ਸਿੱਖ ਧਰਮ ਵਿੱਚ ਪੰਜ ਬਾਣੀਆਂ ਦਾ ਸਿਮਰਨ ਸ਼ਾਮਿਲ ਹੈ।

ਜੇਕਰ ਅਸੀਂ ਨਮਾਜ਼ ਦੀ ਗੱਲ ਕਰਦੇ ਹਾਂ ਤਾਂ ਨਮਾਜ਼ ਪਰਸ਼ੀਅਨ ਸ਼ਬਦ ਹੈ, ਜਿਸ ਦਾ ਸ਼ਾਬਦਿਕ ਅਰਥ ਹੈ 'ਸ਼ਰਧਾ'। ਪਰ ਜੋ ਸ਼ਬਦ ਮੂਲ ਰੂਪ ਨਮਾਜ਼ ਦੀ ਥਾਂ ਕੁਰਾਨ ਵਿੱਚ ਦਰਜ਼ ਹੈ ਉਹ ਸ਼ਬਦ ਹੈ 'ਸਲਾਤ'। ਅਰਬੀ ਭਾਸ਼ਾ ਵਿੱਚ 'ਸਲਾਤ' ਦਾ ਸ਼ਾਬਦਿਕ ਅਰਥ ਹੈ, ਅਰਦਾਸ। ਇਸਲਾਮ ਦੇ ਅਨੁਸਾਰ 622 ਈ: ਵਾਲੇ ਸਾਲ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ 'ਇਸਰਾ ਅਤੇ ਮਿਰਾਜ' ਦੇ ਦਿਨ

(ਜੰਨਤ ਵੱਲ ਯਾਤਰਾ ਵਾਲਾ ਦਿਨ) ਅੱਲ੍ਹਾ ਕੋਲੋਂ ਪੰਜ ਨਮਾਜ਼ਾਂ (ਸਲਾਤ) ਦੀ ਬਖਸ਼ਿਸ਼ ਹੋਈ ਸੀ। ਇਸ ਤੋਂ ਬਾਅਦ ਮੁਸਲਮਾਨਾਂ ਵਿੱਚ ਪੰਜ ਨਮਾਜ਼ਾਂ ਦਾ ਨਿਤਨੇਮ ਸ਼ੁਰੂ ਹੋਇਆ ਅਤੇ ਇਹ ਪੰਜ ਨਮਾਜ਼ਾਂ ਇਸਲਾਮ ਧਰਮ ਦੀ ਜਰੂਰੀ ਸ਼ਰਤ ਹੋ ਗਈਆਂ। ਅਰਬ ਦੇਸ਼ਾਂ ਵਿੱਚ ਅੱਜ ਵੀ 'ਨਮਾਜ਼' ਨੂੰ 'ਸਲਾਤ' ਹੀ ਕਿਹਾ ਜਾਂਦਾ ਹੈ। ਇਸਲਾਮ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਨਾਲ ਇਸਲਾਮ ਧਰਮ ਦੇ ਸਿਧਾਂਤ ਅਤੇ ਨਿਯਮ ਹੋਰਨਾਂ ਦੇਸ਼ਾਂ ਅਤੇ ਖੇਤਰਾਂ ਵਿੱਚ ਪਹੁੰਚੇ।

ਇਤਿਹਾਸਕਾਰਾਂ ਅਨੁਸਾਰ 712 ਈ. ਵਿੱਚ ਮੁਹੰਮਦ ਕਾਸਿਮ ਪਹਿਲੇ ਮੁਸਲਿਮ ਹਮਲਾਵਰ ਦੇ ਰੂਪ ਵਿੱਚ ਇਸਲਾਮ ਧਰਮ ਨੂੰ ਨਾਲ ਲੈ ਭਾਰਤ ਪਹੁੰਚਿਆ, ਪਰ ਅਜੋਕੀਆਂ ਇਤਿਹਾਸਿਕ ਖੋਜਾਂ ਵਿੱਚ ਇਹ ਨਿਸਚਿਤ ਹੋਇਆ ਹੈ ਕਿ ਮੁਹੰਮਦ ਕਾਸਿਮ ਤੋਂ ਪਹਿਲਾਂ ਵੀ ਕਈ ਅਰਬ ਦੇ ਮੁਸਲਿਮ ਵਪਾਰੀ ਭਾਰਤ ਆਉਂਦੇ ਰਹੇ, ਜਿਸ ਦੀ ਉਦਹਾਰਨ ਹਜ਼ਰਤ ਮੁਹੰਮਦ ਸਾਹਿਬ ਦੇ ਸਮਕਾਲ ਹੀ 629 ਈ. ਵਿੱਚ ਕੇਰਲਾ (ਭਾਰਤ) ਵਿੱਚ ਬਣੀ 'ਚੇਰਾਮਨ ਜੁੰਮਾ ਮਸਜਿਦ' ਹੈ। ਪਰ ਇਹਨਾਂ ਵਪਾਰੀਆਂ ਦਾ ਧਰਮ ਇਹਨਾਂ ਦੀ ਆਪਣੀ ਨਿੱਜੀ ਜਿੰਦਗੀ ਤੱਕ ਹੀ ਸੀਮਿਤ ਸੀ, ਇਹਨਾਂ ਦਾ ਮਕਸਦ ਧਰਮ ਦਾ ਪ੍ਰਚਾਰ ਕਰਨਾ ਨਹੀਂ ਸਗੋਂ ਆਪਣੇ ਹਿੱਸੇ ਆਏ ਰੋਜ਼ਾਨਾ ਧਾਰਮਿਕ ਕਰਤੱਵਾਂ ਦਾ ਪਾਲਣ ਕਰਨਾ ਸੀ।

ਮੱਧ ਕਾਲ ਵਿੱਚ ਅਸੀਂ ਵੇਖਦੇ ਹਾਂ ਕਿ ਇਸਲਾਮ ਧਰਮ ਦੇ ਪ੍ਰਸਾਰ ਦੀ ਲੋੜ ਵਿਦੇਸ਼ੀ ਹਮਲਾਵਰਾਂ ਨੇ ਜਿੱਤੇ ਹੋਏ ਗੈਰ ਇਸਲਾਮਿਕ ਖੇਤਰਾਂ ਵਿੱਚ ਜਿਆਦਾ ਮਹਿਸੂਸ ਕੀਤੀ ਕਿਉਂਕਿ ਉਹ ਜਾਣਦੇ ਸਨ ਕਿ ਉਹਨਾਂ ਦੇ ਆਪਣੇ ਧਰਮ ਦੇ ਪੈਰੋਕਾਰ ਉਹਨਾਂ ਦੀ ਸੱਤਾ ਦੀ ਹਾਮੀ ਭਰਨ ਲਈ ਬਹੁਤ ਹੀ ਫਾਇਦੇਮੰਦ ਸਨ ਅਤੇ ਧਾਰਮਿਕ ਬਗਾਵਤਾਂ ਦਾ ਅੰਤ ਇਹੀ ਸੀ ਕਿ ਆਪਣੇ ਧਰਮ ਨੂੰ ਪ੍ਰਚਾਰਿਆ ਪ੍ਰਸਾਰਿਆ ਜਾਵੇ। ਜਿੰਨੇ ਜਿਆਦਾ ਲੋਕ ਬਾਦਸ਼ਾਹ ਦੇ ਆਪਣੇ ਧਰਮ ਦੇ ਹੋਣਗੇ ਉਨਾਂ ਹੀ ਬਗਵਤਾਂ ਦਾ ਡਰ ਘਟੇਗਾ, ਹਾਂ ਕੁਝ ਕੱਟੜ ਬਾਦਸ਼ਾਹ ਦਾਰ ਉਲ ਹਰਬ ਦੀ ਥਾਂ ਦਾਰ-ਉਲ-ਇਸਲਾਮ ਦੀ ਸਥਾਪਤੀ ਦੇ ਸਿਧਾਂਤ ਨੂੰ ਮੁੱਖ ਮੰਨ ਕੇ ਇਸਲਾਮਿਕ ਕਬਜੇ ਨੂੰ ਆਪਣਾ ਧਾਰਮਿਕ ਕਰਤੱਵ ਵੀ ਸਮਝਦੇ ਰਹੇ। ਮੱਧਕਾਲ ਸਮੇਂ ਹਾਕਮਾਂ ਦੁਆਰਾ ਜਬਰਦਸਤੀ ਜਾਂ ਇਨਾਮਾਂ ਦੁਆਰਾ ਪਰਜਾ ਨੂੰ ਆਪਣੇ ਧਰਮ ਵਿੱਚ ਸ਼ਾਮਿਲ ਕਰਨਾ ਉਹਨਾਂ ਦੀ ਪਹਿਲਕਦਮੀ ਰਹੀ ਹੈ ਪਰ ਸ਼ੁਰੂਆਤੀ ਹਮਲਾਵਰਾਂ ਦੁਆਰਾ ਇਨਾਮਾਂ ਜਾਂ ਇਸਲਾਮ ਦੀਆਂ ਸਿੱਖਿਆਵਾਂ ਰਾਹੀਂ ਲੋਕਾਂ ਨੂੰ ਇਸਲਾਮ ਵਿੱਚ ਸ਼ਾਮਿਲ ਕੀਤਾ ਗਿਆ, ਔਰੰਗਜ਼ੇਬ ਦੇ ਸਮੇਂ ਜਬਰੀ ਧਰਮ ਕਬੂਲ ਕਰਵਾਉਣ ਦਾ ਪ੍ਰਚਲਣ ਵੀ ਰਿਹਾ ਪਰ ਇਹ ਸਿਰਫ ਸਮਾਜ ਦੇ ਪ੍ਰਭਾਵਕਾਰੀ ਵਿਅਕਤੀਆਂ ਉੱਪਰ ਹੀ ਲਾਗੂ ਕੀਤਾ ਜਾਂਦਾ ਸੀ ਤਾਂ ਜੋ ਉਹਨਾਂ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਨਾਲ ਹੀ ਇਹਨਾਂ ਦੇ ਪ੍ਰਭਾਵ ਅਧੀਨ ਆਉਂਦੇ ਲੋਕਾਂ ਨੂੰ ਸੁਭਾਵਿਕ ਹੀ ਆਪਣੇ ਧਰਮ ਨਾਲ ਜੋੜ ਲਿਆ ਜਾਵੇ।

ਭਾਰਤ ਵਿੱਚ ਇਸਲਾਮ ਦਾ ਪਹਿਲਾ ਵੱਡਾ ਪਸਾਰਾ ਉਮੈਦ ਵੰਸ਼ ਦੇ ਮੁਹੰਮਦ ਕਾਸਿਮ ਦੇ ਸਿੰਧ ਉੱਪਰ ਹਮਲੇ (712 ਈ.) ਨਾਲ ਹੋਇਆ। ਉਸ ਤੋਂ ਬਾਅਦ ਇਹ ਸਿਲਸਿਲਾ ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਦੇ ਭਾਰਤ ਉੱਪਰ 9ਵੀਂ 10ਵੀਂ ਸਦੀ ਦੇ ਹਮਲਿਆਂ ਨਾਲ ਹੋਰ ਜਿਆਦਾ ਤੇਜ਼ ਹੋਇਆ ਅਤੇ ਮੁਗਲਾਂ ਦੇ ਭਾਰਤੀ ਸੱਤਾ ਵਿੱਚ ਆ ਜਾਣ ਤੱਕ ਮੁਸਲਿਮ ਧਰਮ ਦਾ ਪਸਾਰਾ ਕਾਫੀ ਜਿਆਦਾ ਹੋ ਚੁੱਕਾ ਸੀ। 1535 ਈ. ਤੱਕ ਭਾਰਤ ਵਿੱਚ ਮੁਸਲਮਾਨਾਂ ਦੀ ਗਿਣਤੀ 12.8 ਮਿਲੀਅਨ ਸੀ। ਸਿੱਖ ਧਰਮ ਦੀ ਸ਼ੁਰੂਆਤ (15 ਵੀਂ ਸਦੀ) ਤੱਕ ਲੱਗਭਗ 700 ਸਾਲਾਂ ਵਿੱਚ ਮੁਸਲਿਮ ਧਰਮ ਭਾਰਤੀ ਸੰਸਕ੍ਰਿਤੀ ਵਿੱਚ ਆਪਣਾ ਇੱਕ ਵਿਲੱਖਣ ਸਥਾਨ ਬਣਾ ਚੁੱਕਾ ਸੀ। ਭਾਰਤੀ ਖਾਸ ਕਰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿੱਚ ਇਸਲਾਮ ਦੇ ਰੀਤੀ ਰਿਵਾਜਾਂ ਨੂੰ ਜਗ੍ਹਾ ਮਿਲਣੀ ਸ਼ੁਰੂ ਹੋ ਗਈ ਸੀ। ਇਥੋਂ ਤੱਕ ਕਿ 'ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਗੁਰੂਆਂ ਦੁਆਰਾ ਮੁਸਲਿਮ ਰੂਹਾਨੀ ਕਵੀਆਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਅਤੇ ਗੁਰੂ ਨਾਨਕ ਦੇਵ ਜੀ ਸਮੇਤ ਗੁਰੂਆਂ ਅਤੇ ਭਗਤਾਂ ਦੁਆਰਾ ਮੁਸਲਿਮ ਰੀਤਾਂ ਨੂੰ ਲਿਖਤਾਂ ਦਾ ਵਿਸ਼ਾ ਬਣਾਇਆ ਗਿਆ, ਜਿਵੇਂ ਵਜ਼ੂ, ਨਮਾਜ਼, ਰੋਜ਼ਾ, ਹੱਜ, ਆਦਿ। ਗੁਰੂ ਗ੍ਰੰਥ ਸਾਹਿਬ ਵਿੱਚ ਨਮਾਜ਼ ਬਾਰੇ ਬਹੁਤ ਸਾਰੀਆਂ ਤੁਕਾਂ ਵੱਖਰੇ ਵੱਖਰੇ ਸਿਧਾਂਤਾਂ ਨੂੰ ਪੇਸ਼ ਕਰਦੀਆਂ ਮਿਲ ਜਾਂਦੀਆਂ ਹਨ।

ਸਿੱਖ ਧਰਮ ਦਾ ਇਸਲਾਮ ਨਾਲ ਸੰਬੰਧ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨੇ ਦੀ ਦੋਸਤੀ ਨਾਲ ਹੀ ਜੁੜ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਇਸਲਾਮ ਧਰਮ ਦੇ ਸਿਧਾਤਾਂ ਦਾ ਅਧਿਐਨ ਕਰਦੇ ਹਨ ਅਤੇ ਸਮੇਂ ਦੇ ਨਾਲ ਇਸਲਾਮ ਜਗਤ ਵਿੱਚ ਆਈਆਂ ਊਣਤਾਈਆਂ ਉੱਪਰ ਤੰਦ ਵੀ ਕਸ਼ਦੇ ਹਨ ਅਤੇ ਇੱਕ ਸੱਚੇ ਮੁਸਲਮਾਨ ਦੇ ਕਰਤੱਬਾਂ ਦਾ ਵਰਣਨ ਆਪਣੀ ਬਾਣੀ ਰਾਹੀਂ ਕਰਦੇ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂਆਂ ਅਤੇ ਸਿੱਖੀ ਦਾ ਵਾਸਤਾ ਇਸਲਾਮ ਨਾਲ ਰਿਹਾ। ਜਿਸ ਦਾ ਕਾਰਨ ਉਸ ਸਮੇਂ ਰਾਜਨੀਤਿਕ ਸੱਤਾ ਉੱਪਰ ਇਸਲਾਮ ਧਰਮ ਨਾਲ ਸੰਬੰਧਿਤ ਸ਼ਾਸਕਾਂ ਦਾ ਕਬਜਾ ਸੀ। ਜਿੱਥੇ ਜਹਾਂਗੀਰ ਅਤੇ ਔਰੰਗਜੇਬ ਵਰਗੇ ਮੁਗਲ ਬਾਦਸ਼ਾਹ ਆਪਣੇ ਨਿੱਜੀ ਸੁਆਰਥਾਂ ਲਈ ਕ੍ਰਮਵਾਰ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਈ ਜਿੰਮੇਵਾਰ ਸਨ ਉੱਥੇ ਇਸਲਾਮ ਦੇ ਅਸਲ ਸਿਧਾਂਤਾ ਨੂੰ ਸਮਝਣ ਵਾਲੇ ਮਰਦਾਨੇ ਤੋਂ ਲੈ ਕੇ ਪੀਰ ਬੁੱਧੂ ਸ਼ਾਹ, ਗਨੀ ਖਾਨ, ਨਬੀ ਖਾਨ ਹਮੇਸ਼ਾ ਸੱਚ ਵਾਲੇ ਪਾਸੇ ਖੜ੍ਹਦੇ ਰਹੇ। ਕਿਉਂਕਿ ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਹਾਕਮ ਧਿਰ ਆਪਣੇ ਨਿੱਜੀ ਸੁਆਰਥਾਂ ਲਈ ਹਮੇਸਾ ਧਰਮ ਦੇ ਸਿਧਾਂਤਾਂ ਦਾ ਘਾਣ ਕਰਦੀ ਰਹੀ ਹੈ।

ਜਿੱਥੇ ਗੁਰੂ ਸਾਹਿਬਾਨਾਂ ਨੇ ਇਸਲਾਮ ਦਾ ਸਮਾਜਿਕ-ਸੱਭਿਆਚਾਰਕ ਪ੍ਰਭਾਵ ਕਬੂਲਦੇ ਹੋਏ ਇਸਲਾਮ ਧਰਮ ਦੇ ਸਿਧਾਤਾਂ ਨੂੰ ਅਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਉੱਥੇ ਉਹਨਾਂ ਸੱਚੇ ਮੁਸਲਮਾਨ ਹੋਣ ਦੇ ਗੁਣਾਂ ਦਾ ਵਰਣਨ ਕੀਤਾ ਅਤੇ ਰਾਜਸੱਤਾ ਦੇ ਪ੍ਰਭਾਵ ਅਧੀਨ ਆ ਚੁੱਕੇ ਅਖੌਤੀ ਧਾਰਮਿਕ ਆਗੂਆਂ ਦੇ ਕਿਰਦਾਰ ਨੂੰ ਨੰਗਾ ਕੀਤਾ। ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ ਵੀ ਫਰਮਾਇਆ ਸੀ

"ਰਾਜੇ ਸੀਹ ਮੁਕਦਮ ਕੁਤੇ"

ਜਦੋਂ ਅਸੀਂ 'ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਨਮਾਜ਼ ਦਾ ਜ਼ਿਕਰ ਦੇਖਦੇ ਹਾਂ ਤਾਂ ਇੱਕੋ ਗੱਲ ਵਾਰ-ਵਾਰ ਸ਼ਪਸਟ ਹੁੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਅਨੁਸਾਰ ਨਮਾਜ਼ ਦਾ ਮਕਸਦ ਕਿਸੇ ਖਾਸ ਨਿਯਮ ਵਿੱਚ ਬੱਝ ਕੇ ਕੋਈ ਕਰਮ ਕਾਂਡ ਕਰਨ ਦੀ ਪ੍ਰੋੜਤਾ ਕਰਨਾ ਨਹੀਂ ਹੈ ਸਗੋਂ ਦੂਸਰੇ ਪਾਸੇ ਜੋ ਗੱਲ ਸਪਸ਼ਟ ਹੁੰਦੀ ਹੈ ਉਹ ਇਹ ਹੈ ਕਿ ਸਾਡੇ ਲਈ ਕਿਸੇ ਵੀ ਧਾਰਮਿਕ ਨਿਤਨੇਮ ਨੂੰ ਅਪਣਾਉਣ ਦੇ ਨਾਲ-ਨਾਲ ਇਹ ਜਰੂਰੀ ਹੋ ਜਾਂਦਾ ਹੈ ਕਿ ਇਹ ਕਰਮਕਾਂਡ ਕਰਨ ਦੇ ਨਾਲ-ਨਾਲ ਸਾਡਾ ਜੀਵਨ ਆਦਰਸਵਾਦੀ ਹੋਵੇ ਤੇ ਇੱਕ ਸੱਚੇ ਅਤੇ ਸਪੱਸਟ ਮਨੁੱਖ ਵਾਂਗ ਅਸੀਂ ਇਸ ਸੰਸਾਰ ਵਿੱਚ ਆਪਣਾ ਜੀਵਨ ਜੀਵੀਏ। ਗਰੁਬਾਣੀ ਅਨੁਸਾਰ ਅਸੀਂ ਆਪਣੇ ਅੰਦਰ ਅਜਿਹੇ ਗੁਣ ਪੈਦਾ ਕਰੀਏ ਕਿ ਸਾਡਾ ਜੀਵਣ ਦੂਸਰਿਆਂ ਲਈ ਪ੍ਰੇਰਣਾ ਬਣੇ। ਜੇਕਰ ਮਨੁੱਖ ਆਪਣੇ ਜੀਵਨ ਵਿੱਚ ਆਪਣੇ ਆਪ ਨੂੰ ਸੱਚਾ ਅਤੇ ਧਾਰਮਿਕ ਤੌਰ ਤੇ ਆਦਰਸ਼ਵਾਦੀ ਬਣਾਉਣ ਦੀਆਂ ਸੰਭਾਵਨਾਵਾਂ ਨਹੀਂ ਰੱਖਦਾ ਤਾਂ ਉਸ ਦੁਆਰਾ ਪੜ੍ਹੀਆਂ ਨਮਾਜ਼ਾਂ ਦੀ ਕੋਈ ਸਾਰਥਿਕਤਾ ਨਹੀਂ ਰਹਿ ਜਾਂਦੀ। ਸੋ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਨਮਾਜ਼ ਸੰਬੰਧੀ ਵਿਚਾਰਾਂ ਦੀ ਗੱਲ ਕਰਦੇ ਹਾਂ ਤਾਂ ਇੱਕ ਗੱਲ ਮੁਢਲੇ ਰੂਪ ਵਿੱਚ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਨਮਾਜ਼ ਪੜਨ ਤੋਂ ਵੱਧ ਜਰੂਰੀ ਹੈ ਕਿ ਉਸ ਵਿੱਚ ਨਮਾਜ਼ੀ ਹੋਣ ਤੋਂ ਪਹਿਲਾਂ ਇੱਕ ਚੰਗੇ ਇਨਸਾਨ ਹੋਣ ਦੇ ਗੁਣ ਹੋਣੇ ਅਤਿ ਜਰੂਰੀ ਹਨ।

ਹੇਠਾਂ ਅਸੀਂ ਗੁਰਬਾਣੀ ਦੀਆਂ ਕੁਝ ਪੰਗਤੀਆਂ ਰਾਹੀਂ 'ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਿਲ ਨਮਾਜ਼ ਸੰਬੰਧੀ ਵਿਚਾਰਾਂ ਦੀ ਚਰਚਾ ਕਰਦੇ ਹਾਂ:

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਜੋ ਆਦਮੀ ਮੌਤ ਦੇ ਭੈ ਤੋਂ ਪੰਜੇ ਵਕਤ ਨਮਾਜ਼ ਅਤੇ ਕੁਰਾਨ ਆਦਿ ਧਾਰਮਿਕ ਕਿਤਾਬਾਂ ਪੜ੍ਹਦਾ ਹੈ ਉਹ ਕੁਦਰਤ ਦੇ ਵਰਤਾਰੇ ਦੀ ਉਲੰਘਣਾ ਕਰਦਾ ਹੈ। ਨਮਾਜ਼ ਪੜ੍ਹਣ ਨਾਲ ਮੌਤ ਤੋਂ ਬਚਿਆ ਨਹੀਂ ਜਾ ਸਕਦਾ ਕਿਉਂਕਿ ਮੌਤ ਵੀ ਕੁਦਰਤ ਦੇ ਵਰਤਾਰੇ ਦਾ ਇੱਕ ਅਹਿਮ ਪੜਾਅ ਹੈ:

ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥
ਨਾਨਕੁ ਆਖੈ ਹੋਰ ਸਦੇਈ ਰਹਿਓ ਪੀਣਾ ਖਾਣਾ॥
(ਪੰਨਾ 24)

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ- ਕਿ ਇੱਕ ਸੱਚੇ ਮੁਸਲਮਾਨ ਲਈ ਇਹ ਗੱਲਾਂ ਵੀ ਜਰੂਰੀ ਹਨ ਕਿ ਉਸ ਦੇ ਚਰਿੱਤਰ ਵਿੱਚ ਉੱਚੇ ਗੁਣ ਹੋਣੇ ਚਾਹੀਦੇ ਹਨ, ਇੱਕ ਸੱਚੇ ਮੁਸਲਮਾਨ ਦਾ ਉੱਚਾ ਆਚਰਣ ਕਾਬਾ ਹੋਵੇ, ਅੰਦਰੋਂ ਬਾਹਰੋਂ ਇਕੋ ਜਿਹੇ ਰਹਿਣਾ ਭਾਵ ਸੱਚਾ ਮਨੁੱਖ ਹੋਣਾ ਪੀਰ

ਹੋਵੇ, ਨੇਕ ਅਮਲਾਂ ਦੀ ਨਿਮਾਜ਼ ਤੇ ਕਲਮਾ ਬਣੇ।

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥

ਗੁਰੂ ਨਾਨਕ ਦੇਵ ਜੀ ਨਮਾਜ਼ ਦੀ ਬਹੁਤ ਹੀ ਦਿਲ ਖਿਚਵੀਂ ਵਿਆਖਿਆ ਕਰਦੇ ਹੋਏ ਇਸ ਦੇ ਪੰਜਾਂ ਪ੍ਰਕਾਰਾਂ ਦੀ ਆਪਣੀ ਸਵਤੰਤਰ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਉਹਨਾਂ ਦੀ ਨਜ਼ਰ ਵਿੱਚ ਅਸਲ ਮੁਸਲਮਾਨ ਉਹ ਹੈ ਜੋ ਹੇਠ ਲਿਖੀਆਂ ਨਮਾਜ਼ਾਂ ਨੂੰ ਆਪਣੀ ਰੋਜ਼ਾਨਾ ਜਿੰਦਗੀ (ਨਿੱਤਨੇਮ) ਵਿੱਚ ਸ਼ਾਮਿਲ ਕਰਦਾ ਹੈ।ਗੁਰੂ ਨਾਨਕ ਦੇਵ ਜੀ ਅਨੁਸਾਰ ਪਹਿਲੀ ਨਮਾਜ਼ 'ਸੱਚ' ਹੈ। ਹੱਕ-ਹਲਾਲ ਦੀ ਕਾਮਈ ਖਾਣਾ ਦੂਸਰੀ ਨਮਾਜ਼ ਹੈ।ਇਸ ਜਗਤ ਵਿੱਚ ਸਭ ਦੀ ਖੈਰ ਮੰਗਣਾ ਤੀਸਰੀ ਨਮਾਜ਼ ਹੈ।ਚੌਥੀ ਨਮਾਜ਼ ਦੀ ਨੀਅਤ ਧਰਨ ਦਾ ਮਤਲਬ ਮਨ ਨੂੰ ਸ਼ਾਫ ਰਖਣਾ ਹੈ।ਅਤੇ ਪੰਜਵੀਂ ਨਮਾਜ਼ ਪ੍ਰਮਾਤਮਾ ਦੀ ਸਿਫਤ ਸਲਾਹ ਅਤੇ ਵਡਿਆਈ ਕਰਨਾ ਹੈ।ਆਪਣੇ ਚੰਗੇ ਕਰਮ (ਚੰਗਾ ਆਚਰਨ) ਰੂਪੀ ਕਲਮਾ ਪੜ੍ਹ ਕੇ ਹੀ ਕੋਈ ਮੁਸਲਮਾਨ ਅਖਵਾ ਸਕਦਾ ਹੈ।ਜੋ ਇਸ ਤੋਂ ਬਿਨਾਂ ਸਭ ਕੂੜ ਕਰ ਕੇ ਕੂੜ ਵਿੱਚ ਹੀ ਪਾ ਦੇਣਾ ਹੈ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥੩॥
(ਪੰਨਾ 141)

ਗੁਰੂ ਨਾਨਕ ਦੇਵ ਜੀ ਉਸ ਵੇਲੇ ਦੇ ਹਾਕਮਾਂ ਅਤੇ ਅੱਤਿਆਚਾਰ ਕਰਨ ਵਾਲੇ ਰਾਜ ਅਧਿਕਾਰੀਆਂ ਬਾਰੇ ਗੱਲ ਕਰਦੇ ਹੋਏ ਉਹਨਾਂ ਨੂੰ ਮਾਣਸ ਖਾਣੇ ਕਹਿੰਦੇ ਹਨ ਅਤੇ ਨਾਲ ਹੀ ਫਰਮਾਉਂਦੇ ਹਨ ਕਿ ਇਹ ਮਾਣਸ ਖਾਣੇ ਆਪਣੀ ਮਾਨਸਿਕ ਸੰਤੁਸ਼ਟੀ ਲਈ ਨਮਾਜ਼ਾਂ ਦਾ ਸਹਾਰਾ ਲੈਂਦੇ ਹੈ ਜੋ ਕਿ ਸਭ ਵਿਅਰਥ ਹੈ।

ਮਾਣਸ ਖਾਣੇ ਕਰਹਿ ਨਿਵਾਜ॥ (ਪੰਨਾ 471-472)

ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਰੋਜ਼ਾ ਰੱਖਿਆਂ ਜਾਂ ਨਮਾਜ਼ ਗੁਜਾਰਨ ਨਾਲ ਜੰਨਤ ਨਹੀਂ ਮਿਲ ਜਾਂਦੀ। ਭਗਤ ਜੀ ਫਰਮਾਉਂਦੇ ਹਨ ਕਿ ਸਾਡੇ ਅੰਦਰ ਹੀ ਕਾਬਾ ਹੈ ਜੇਕਰ ਅਸੀਂ ਇਸ ਨੂੰ ਪਛਾਣ ਲਈਏ।ਸਭਨਾ ਨਾਲ ਨਿਆਂ ਕਰਨਾ ਹੀ ਨਮਾਜ਼ ਹੈ ਆਪਣੀ ਅਕਲ ਨਾਲ ਪ੍ਰਮਾਤਮਾ ਨੂੰ ਜਾਣ ਲੈਣਾ ਹੀ ਕਲਮਾ ਹੈ।

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ॥
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥੨
(ਪੰਨਾ 480)

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਨਾਮ ਸੱਚ ਹੈ ਇਹ ਹੀ (ਹੇ ਮਨੁੱਖ) ਤੇਰੀ ਨਮਾਜ਼ ਹੋਣੀ ਚਾਹੀਦੀ ਹੈ ਅਤੇ ਪ੍ਰਮਾਤਮਾ ਉੱਪਰ ਭਰੋਸਾ ਨਮਾਜ਼ ਪੜ੍ਹਣ ਵਾਲੇ ਮੁਸੱਲੇ (ਨਮਾਜ਼ ਪੜ੍ਹਣ ਲਈ ਵਿਛਾਈ ਜਾਣ ਵਾਲੀ ਚਟਾਈ) ਵਾਂਗ ਹੋਣਾ ਚਾਹੀਦਾ ਹੈ।

ਸਚੁ ਨਿਵਾਜ ਯਕੀਨ ਮੁਸਲਾ॥ (ਪੰਨਾ 1083)

ਜਿਵੇਂ ਅਸੀਂ ਪਹਿਲਾਂ ਜਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੀ ਦੋਸਤੀ ਨੇ ਹਿੰਦੂ ਮੁਸਲਮਾਨ ਰਿਸਤਿਆਂ ਦਾ ਮੁੱਢ ਬੰਨ੍ਹਿਆਂ ਅਤੇ ਉਹਨਾਂ ਦੁਆਰਾ ਮੱਕੇ ਦੀ ਯਾਤਰਾ ਨੇ ਇਸ ਰਿਸਤੇ ਨੂੰ ਹੋਰ ਪਕੇਰਿਆਂ ਕੀਤਾ, ਜਿਸ ਕਾਰਨ ਅੱਜ ਵੀ ਮੁਸਲਿਮ ਬਾਬਾ ਨਾਨਕ ਨੂੰ ਰੂਹਾਨੀ ਫ਼ਕੀਰ ਵਜੋਂ ਮਾਨਤਾ ਦਿੰਦੇ ਹਨ। ਜਦੋਂ ਅਸੀਂ ਗੁਰੂ ਕਾਲ ਸਮੇਂ ਪੰਜਾਬ ਦੀ ਗੱਲ ਤੋਰਦੇ ਹਾਂ ਤਾਂ ਉਸ ਸਮੇਂ ਮੁਸਲਿਮ ਧਰਮ ਦਾ ਹੀ ਬੋਲਬਾਲਾ ਸੀ।ਇਸ ਲਈ ਉਸ ਸਮੇਂ ਦੀ ਕੋਈ ਵੀ ਧਾਰਮਿਕ, ਰਾਜਨੀਤਿਕ, ਸਮਾਜਿਕ ਲਿਖਤ ਮੁਸਲਮਾਨੀ ਧਾਰਮਿਕ ਪ੍ਰਭਾਵ ਤੋਂ ਸੱਖਣੀ ਨਾ ਰਹਿ ਸਕੀ।ਪੰਜਾਬ ਵਿੱਚ ਭਾਵੇਂ ਸਿੱਖ ਅਤੇ ਮੁਸਲਿਮ ਧਰਮ ਕਦੇ ਪੂਰਨ ਤੌਰ ਤੇ ਇੱਕ ਦੂਸਰੇ ਵਿੱਚ ਨਾ ਸਮਾ ਸਕੇ ਪਰ ਸਮਾਜਿਕ ਤੌਰ ਤੇ ਜਦੋਂ ਅਸੀਂ ਪੰਜਾਬ ਦੀ ਗੱਲ ਕਰਦੇ ਹਾਂ ਤਾਂ ਇਹਨਾਂ ਦੋਹਾਂ ਧਰਮਾਂ ਨੂੰ ਪੂਰਨ ਤੌਰ ਤੇ ਵੱਖਰੇ ਕਰ ਕੇ ਪੰਜਾਬੀ ਸੱਭਿਆਚਾਰ ਦਾ ਅਧਿਐਨ ਨਹੀਂ ਕੀਤਾ ਜਾ ਸਕਦਾ।

ਜੇਕਰ ਅਸੀਂ ਇਸਲਾਮ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਦਾ ਜਿਕਰ ਕਰੀਏ ਤਾਂ ਬਹੁਤ ਹੱਦ ਤੱਕ ਇਹ ਆਪਸ ਵਿੱਚ ਮੇਲ ਵੀ ਖਾਂਦੀਆਂ ਹਨ ਅਤੇ ਕਈ ਥਾਂ ਵਿਰੋਧਭਾਸ ਵੀ ਮਿਲ ਜਾਂਦੇ ਹਨ। ਇਸਲਾਮ ਅਤੇ ਸਿੱਖ ਧਰਮ ਵਿੱਚ ਮੜੀਆਂ ਮਸਾਣੀਆਂ ਦੀ ਪੂਜਾ ਦਾ ਵਿਰੋਧ ਕੀਤਾ ਗਿਆ ਹੈ। ਦੋਵੇਂ ਧਰਮ ਆਪਣੇ ਧਾਰਮਿਕ ਗ੍ਰੰਥਾਂ

'ਪਵਿੱਤਰ ਕੁਰਾਨ' ਅਤੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਅਟੁੱਟ ਵਿਸਵਾਸ਼ ਰਖਦੇ ਹਨ। ਦੋਹਾਂ ਧਰਮਾਂ ਵਿੱਚ 'ਦਸਵੰਧ' ਅਤੇ 'ਜਕਾਤ' ਦੇ ਨਾਮ ਤੇ ਆਪਣੀ ਕਮਾਈ ਵਿੱਚੋਂ ਧਰਮ ਹਿੱਤ ਦਾਨ ਦੇਣ ਦੀ ਨਸ਼ੀਹਤ ਮਿਲਦੀ ਹੈ। ਦੋਹਾਂ ਧਰਮਾਂ ਦਾ ਇੱਕ ਹੀ ਰੱਬ ਵਿੱਚ ਯਕੀਨ ਇਹਨਾਂ ਨੂੰ ਫਿਰ ਤੋਂ ਇਕੱਠਿਆਂ ਕਰ ਦਿੰਦਾ ਹੈ।

ਨਮਾਜ਼ 'ਅਲਾਹ ਅਕਬਰ' ਤੋਂ ਸ਼ੁਰੂ ਹੁੰਦੀ ਹੈ, ਜਿਸ ਦਾ ਅਰਥ ਹੈ ਅੱਲਾਹ ਸਭ ਤੋਂ ਵੱਡਾ ਹੈ। ਇਸਲਾਮ ਵਿੱਚ ਇੱਕ ਰੱਬ ਦੇ ਸੰਕਲਪ ਉੱਪਰ ਹੀ ਸਾਰੀ ਫਿਲਾਸਪੀ ਨਿਰਧਾਰਿਤ ਹੈ। ਰੱਬ ਤੋਂ ਵੱਡਾ ਕੋਈ ਨਹੀਂ ਹੈ ਅਤੇ ਨਾ ਹੀ ਕੋਈ ਉਸ ਦੇ ਬਰਾਬਰ ਦਾ ਹੈ ਭਾਵ ਉਸ ਦਾ ਕੋਈ ਸ਼ਰੀਕ ਨਹੀਂ ਹੈ।

ਗੁਰਬਾਣੀ ਵਿੱਚ ਵੀ '੧ਓ' ਦਾ ਸੰਕਲਪ ਵੀ ਰੱਬ ਦੇ ਇੱਕੋ ਹੋਣ ਦੀ ਧਾਰਨਾ ਦਾ ਪ੍ਰਤੀਪਾਲਣ ਕਰਦਾ ਹੈ। ਭਾਵ ਪ੍ਰਮਾਤਮਾ ਇੱਕ ਹੈ, ਨਾ ਕੋਈ ਇਸ ਵਰਗਾ ਦੂਸਰਾ ਹੈ ਅਤੇ ਅਤੇ ਨਾ ਹੀ ਕੋਈ ਇਸ ਦੇ ਬਰਾਬਰ ਦਾ ਹੈ।

ਇਸ ਤਰ੍ਹਾਂ ਇਸਲਾਮ ਅਤੇ ਸਿੱਖ ਧਰਮ ਦਾ ਮੂਲ ਸਿਧਾਂਤ ਇੱਕ ਰੱਬ ਦੀ ਧਾਰਨਾ ਉੱਪਰ ਟਿਕਿਆ ਹੋਇਆ ਹੈ।

-ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ॥
-ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥

**ਅੱਗੇ ਨਮਾਜ਼ ਦੀ ਸ਼ੁਰੂਆਤ 'ਸੂਰਤ ਫ਼ਾਤਿਹਾ' ਨਾਲ ਹੁੰਦੀ ਹੈ। ਜਿਸ ਦੇ ਅਰਥ ਇਸ ਤਰ੍ਹਾਂ ਹਨ:**

ਮੈਂ ਅਤੀ ਦਿਆਲੂ ਅਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ। ਹਰੇਕ ਉਪਮਾ ਦਾ ਅਧਿਕਾਰੀ ਸਾਰੇ ਜਹਾਨਾਂ ਦਾ ਸਿਰਜਨਹਾਰ ਤੇ ਪਾਲਨਹਾਰ ਅਲੱਾਹ ਹੀ ਹੈ, ਜੋ ਅਤਿ ਦਿਆਲੂ ਅਤੇ ਕਿਰਪਾਲੂ ਹੈ। ਉਹ ਲੇਖੇ ਦੇ ਦਿਨ ਦਾ ਵੀ ਮਾਲਕ ਹੈ। (ਹੇ ਪ੍ਰਭੂ) ਅਸੀਂ ਕੇਵਲ ਤੇਰਾ ਹੀ ਨਾਮ ਜਪਦੇ ਹਾਂ ਤੇ ਤੇਰੇ ਤੋਂ ਹੀ ਸਹਾਇਤਾ ਮੰਗਦੇ ਹਾਂ। ਤੂੰ ਸਾਨੂੰ ਸਿੱਧੇ ਮਾਰਗ ਵੱਲ ਲਗਾਈ ਰੱਖ, ਉਹਨਾਂ ਧਰਮੀਆਂ ਦੇ ਮਾਰਗ ਵੱਲ, ਜੋ ਤੇਰੀ ਕਿਰਪਾ ਦੇ ਪਾਤਰ ਬਣੇ। ਉਹਨਾਂ ਦੇ ਮਾਰਗ ਵੱਲ ਨਹੀਂ, ਜੋ ਤੇਰੀ ਕਿਰਪਾ ਦੇ ਭਾਗੀ ਬਣੇ, ਜਾਂ ਤੈਥੋਂ ਦੂਰ ਚਲੇ ਗਏ, ਤੂੰ ਅਜਿਹਾ ਹੀ ਕਰ।

ਗੁਰਬਾਣੀ ਵਿੱਚ ਵੀ ਵਾਰ-ਵਾਰ ਇਹ ਜਿਕਰ ਆਉਂਦਾ ਹੈ ਕਿ ਪ੍ਰਮਾਤਮਾ ਦਿਆਲੂ ਹੈ ਅਤੇ ਸਭ ਤੇ ਕਿਰਪਾ ਕਰਨ ਵਾਲਾ ਹੈ।

-ਜਿਸ ਕਾ ਦਇਆਲੁ ਕੈਸੀ ਮੋਹਿ ਰਾਮਿ ਰਤਾ ਰੈ॥
-ਹਰਿ ਕੀ ਦਇਆ ਹੋਇ ਪੁਰਾਣੀ ਸਦਾ ਸਦਾ ਰਹੈ ਸੁਖਵਾਨੀ।
ਹਰਿ ਦੀਆ ਦੁਆਰਾ ਸਦੈਵ ਦਇਆਲੁ।
-ਸਚਾ ਸਚਾ ਕਿਆ ਰੱਬੁ ਦਇਆਲੁ ਹੈ ਜਿਹਦਾ ਕਦੇ ਨਾ ਹੁਹੈ।

**ਇਸ ਤੋਂ ਬਾਅਦ ਆਮ ਤੌਰ ਤੇ 'ਸੂਰਤ ਇਖ਼ਲਾਸ' ਪੜ੍ਹੀ ਜਾਂਦੀ ਹੈ। ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ:**

ਇਹ ਐਲਾਨ ਕਰ ਦਿਓ ਕਿ ਅੱਲਾਹ ਇੱਕ ਹੈ, ਉਹ ਕਿਸੇ ਦਾ ਮੁਹਤਾਜ ਨਹੀਂ ਹੈ, ਸਭ ਉਸ ਦੇ ਮੁਹਤਾਜ ਹਨ। ਉਹ ਮਾਤਾ-ਪਿਤਾ ਅਤੇ ਧੀਆਂ-ਪੁੱਤਾਂ ਤੋਂ ਰਹਿਤ ਹੈ। ਉਸ ਜਿਹਾ ਹੋਰ ਕੋਈ ਵੀ ਨਹੀਂ ਹੈ, ਉਹ ਆਪਣੇ ਜਿਹਾ ਇੱਕੋ ਇੱਕ ਆਪ ਹੀ ਹੈ।

-ਨਾਨਕੁ ਏਕੋ ਜਹਾਨੀ ਜਿ ਮਾਂ ਬਾਪੁ ਰਖਿਆ॥
-ਨਾਨਕ ਓਹ ਬੇਅੰਤੁ ਬੈਪੁ, ਜਿ ਮਾਂ ਬਾਪੁ ਰਖੇ॥
-ਨ ਬਾਪੁ ਨ ਮਾਂ ਪੇਖੀਅਹਿ ਨ ਬੰਧਨਿ ਨ ਜਾਇ॥
-ਨ ਮਾਂ ਨ ਬਾਪੁ ਨ ਕੋਇ।
-ਨਾਨਕ ਨਾਮੁ ਅਰਾਧਿ ਲੀਜੈ, ਜਿਨਿ ਮਾਂ ਬਾਪੁ ਨ ਪਾਈ॥

ਹੇਠਾਂ ਬੈਠਣ ਸਮੇਂ ਨਮਾਜ਼ ਦਾ ਜੋ ਹਿੱਸਾ ਪੜ੍ਹਿਆ ਜਾਂਦਾ ਹੈ ਉਸ ਨੂੰ 'ਤਸ਼ਹੱਦ' ਕਹਿੰਦੇ ਹਨ। ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ:

ਸਾਰੇ ਜਪ ਤਪ ਤੇ ਦਾਨ-ਪੁੰਨ ਅੱਲਾਹ ਵਾਸਤੇ ਹੀ ਯੋਗ ਹਨ (ਅਰਥਾਤ ਅੱਲਾਹ ਤੋਂ ਛੁੱਟ ਹੋਰ ਕਿਸੇ ਵੀ ਵਿਅਕਤੀ ਦੀ ਭਜਨ ਬੰਦਗੀ ਨਹੀਂ ਕਰਨੀ ਚਾਹੀਦੀ) ਹੇ ਨਬੀ! (ਹਜਰਤ ਮੁਹੰਮਦ ਸਾਹਿਬ) ਤੇਰੇ ਉੱਪਰ ਅਤੇ ਸਾਡੇ ਉੱਪਰ ਸਲਾਮਤੀ, ਰਹਿਮਤ ਤੇ ਬਰਕਤ ਹੋਵੇ ਅਤੇ ਅਲੱਹ ਦੇ ਸਾਰੇ ਭਲੇ-ਪੁਰਸ਼ਾਂ ਉੱਤੇ ਵੀ ਸਲਾਮਤੀ ਹੋਵੇ। ਮੈਂ ਗਵਾਹੀ ਦਿੰਦਾ ਹਾਂ ਕਿ ਅੱਲਾਹ ਤੋਂ ਛੁੱਟ ਕੋਈ ਵੀ ਇਸ਼ਟ ਨਹੀਂ ਉਹ ਇੱਕੋ ਇੱਕ ਹੈ ਅਤੇ ਮੈਂ ਇਹ ਗਵਾਹੀ ਵੀ ਦਿੰਦਾ ਹਾਂ ਕਿ ਹਜ਼ਰਤ ਮੁਹੰਮਦ (ਸਾਹਿਬ) ਉਸ ਦੇ ਸਾਜੇ ਹੋਏ ਰਸੂਲ ਅਤੇ ਬੰਦੇ ਹਨ (ਮਤਲਬ ਰੱਬ ਨਹੀਂ ਹਨ)।

ਗੁਰਬਾਣੀ ਅਨੁਸਾਰ ਪ੍ਰਮਾਤਮਾ ਤੋਂ ਬਿਨਾਂ ਕੋਈ ਵੀ ਬੰਦਗੀ ਦੇ ਯੋਗ ਨਹੀਂ ਹੈ। ਪ੍ਰਮਤਾਮਾ ਤੋਂ ਛੁੱਟ ਕਿਸੇ ਦੀ

ਵੀ ਬੰਦਗੀ ਨਹੀਂ ਕਰਨੀ ਚਾਹੀਦੀ।

ਕਿਵ ਨ ਆਰਾਧੀਐ ਜਿਨਿ ਸੇਵਾ ਸੁਆਮੀ ਕੀ॥

ਪ੍ਰਮਾਤਮਾ ਇੱਕੋ ਹੀ ਹੈ ਅਤੇ ਇਸ ਦੇ ਬਰਾਬਰ ਦਾ ਕੋਈ ਵੀ ਨਹੀਂ ਹੈ। ਕਿਉਂਕਿ ਉਹ ਜਨਮ ਅਤੇ ਮਰਨ ਤੋਂ ਪਾਰ ਹੈ।

ਸਾਂਝੀ ਨ ਪਾਈਐ ਕਿਤੈ ਨਾਲਿ,<br>ਅਜੋਨੀ ਅਪਾਰਾ ਹੈ ਸਾਰਾ॥

**ਇਸ ਤੋਂ ਬਾਅਦ ਬੈਠੇ ਬੈਠੇ ਹੀ ਦਰੂਦ ਸ਼ਰੀਫ਼ ਵੀ ਪੜਿਆ ਜਾਂਦਾ ਹੈ। ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ–**

ਹੇ ਅੱਲਾਹ! ਤੂੰ ਹਜ਼ਰਤ ਮੁਹੰਮਦ (ਸਾਹਿਬ) ਅਤੇ ਆਪ ਦੇ ਅਨੁਯਾਈਆਂ ਉੱਤੇ ਮਿਹਰ ਕਰ। ਜਿਵੇਂ ਕਿ ਤੂੰ ਹਜ਼ਰਤ ਇਬਰਾਹੀਮ ਅਤੇ ਉਸ ਦੇ ਅਨੁਯਾਈਆਂ ਉੱਤੇ ਮਿਹਰ ਕੀਤੀ ਸੀ। ਤੂੰ ਹੀ ਹਰ ਉਪਮਾ ਦਾ ਅਧਿਕਾਰੀ ਅਤੇ ਬਲਵਾਨ ਹੈਂ।

ਹੇ ਅੱਲਾਹ! ਤੂੰ ਹਜ਼ਰਤ ਮੁਹੰਮਦ (ਸਾਹਿਬ) ਅਤੇ ਆਪ ਦੇ ਅਨੁਯਾਈਆਂ ਬਰਕਤ ਦੇ, ਜਿਵੇਂ ਕਿ ਤੂੰ ਹਜ਼ਰਤ ਇਬਰਾਹੀਮ ਅਤੇ ਉਸ ਦੇ ਅਨੁਯਾਈਆਂ ਨੂੰ ਬਰਕਤ ਦਿੱਤੀ ਸੀ। ਤੂੰ ਹੀ ਹਰ ਉਪਮਾ ਦਾ ਅਧਿਕਾਰੀ ਅਤੇ ਬਲਵਾਨ ਹੈਂ।

**ਇਸ ਤੋਂ ਬਾਅਦ ਦੁਆ ਪੜ੍ਹੀ ਜਾਂਦੀ ਹੈ। ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ:**

ਹੇ ਅੱਲਾਹ ਮੈਂ ਆਪਣੀ ਜਾਨ ਤੇ ਅਨੇਕਾਂ ਜ਼ੁਲਮ ਕੀਤੇ ਹਨ। ਤੇਰੇ ਤੋਂ ਇਲਾਵਾ ਕੋਈ ਵੀ ਬਖ਼ਸ਼ਣਹਾਰ ਨਹੀਂ ਹੈ। ਤੂੰ ਆਪਣੀ ਮਿਹਰ ਨਾਲ ਬਖ਼ਸ਼ ਲੈ। ਤੂੰ ਹੀ ਵੱਡਾ ਬਖ਼ਸ਼ਣਹਾਰ ਤੇ ਮਿਹਰਬਾਨ ਹੈਂ।

**ਦੂਸਰੀ ਦੁਆ ਇਸ ਤਰ੍ਹਾਂ ਹੈ**

ਹੇ ਅੱਲਾਹ! ਮੈ ਤੇਰੇ ਕੋਲੋਂ ਹਰੇਕ ਦੁੱਖ-ਸੁੱਖ ਸਮੇਂ ਪਨਾਹ ਮੰਗਦਾ ਹਾਂ। ਤੇਰੇ ਤੋਂ ਕਾਇਰਤਾ ਅਤੇ ਕੰਜੂਸੀ ਤੋਂ ਵੀ ਪਨਾਹ ਮੰਗਦਾ ਹਾਂ ਤੇ ਇਸੇ ਤਰ੍ਹਾਂ ਮੈਂ ਤੇਰੇ ਕੋਲੋਂ ਇਸ ਗੱਲ ਦੀ ਪਨਾਹ ਮੰਗਦਾ ਹਾਂ ਕਿ ਕਿਤੇ ਇਹ ਨਾ ਹੋਵੇ ਕਿ ਮੈਂ ਆਪਣੇ ਕਾਰਜ਼ਾਂ ਦੀ ਸਿੱਧੀ ਲਈ ਸਾਧਨ ਪ੍ਰਾਪਤ ਨਾ ਕਰ ਸਕਾਂ ਤੇ ਇਸ ਗੱਲ ਦੀ ਵੀ ਕੀ ਕਿਤੇ ਇਹ ਨਾ ਹੋਵੇ ਕਿ ਸਾਧਨਾ ਦੇ ਹੁੰਦਿਆਂ ਉਹਨਾਂ ਤੋਂ ਕੰਮ ਨਾ ਲੈ ਸਕਾਂ, ਮੈਂ ਇਹ ਵੀ ਪਨਾਹ ਮੰਗਦਾਂ ਹਾਂ ਕਿ ਕਿਤੇ ਮੈਂ ਅਜਿਹਾ ਕਰਜ਼ਾਈ ਨਾ ਹੋ ਜਾਵਾਂ ਕਿ ਉਹ ਕਰਜ਼ ਉਤਾਰ ਨਾ ਸਕਾਂ ਅਤੇ ਇਸ ਗੱਲ ਦੀ ਵੀ ਪਨਾਹ ਮੰਗਦਾ ਹਾਂ ਕਿ ਕਿਤੇ ਮੇਰੀ ਆਜ਼ਾਦੀ ਨਾ ਜਾਂਦੀ ਰਹੇ ਅਤੇ ਕੋਈ ਵੱਡਾ ਜਾਬਰ ਮੇਰੇ ਉੱਪਰ ਹਕੂਮਤ ਕਰਨ ਲੱਗ ਪਵੇ।

**ਦੁਆ ਇਸ ਤਰ੍ਹਾਂ ਹੈ**

ਹੇ ਅੱਲਾਹ! ਮੈਨੂੰ ਨਮਾਜ਼ ਪੜ੍ਹਦੇ ਰਹਿਣ ਦਾ ਬਲ ਬਖ਼ਸ਼ ਤੇ ਮੇਰੀ ਸ਼ੰਤਾਨ ਨੂੰ ਵੀ। ਹੇ ਮੇਰੇ ਸਾਜਨਹਾਰ ਤੇ ਪਾਲਨਹਾਰ! ਮੇਰੀ ਇਹ ਅਰਦਾਸ ਪਰਵਾਨ ਕਰ। ਹੇ ਮੇਰੇ ਸਾਜਨਹਾਰ ਤੇ ਪਾਲਨਹਾਰ! ਲੇਖੇ ਦੇ ਦਿਨ ਮੇਰੇ ਮਾਪਿਆਂ, ਮੋਮਨਾਂ (ਅਲੱਹ ਵਿੱਚ ਵਿਸ਼ਵਾਸ ਰੱਖਣ ਵਾਲਾ), ਅਤੇ ਸਾਰੇ ਸਾਕ ਸੰਬੰਧੀਆਂ ਨੂੰ ਬਖ਼ਸ਼ ਦੇਣਾ।

**ਹਵਾਲੇ**


1. ਇਸਲਾਮ ਧਰਮ ਅਨੁਸਾਰ ਇਸ ਦਿਨ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਜੰਨਤ ਵੱਲ ਯਾਤਰਾ ਕਰ ਕੇ ਵਾਪਿਸ ਆਏ ਸਨ।

2. Bradlow, Khadija (18 August 2007). "A night journey through Jerusalem", Times Online, Retrieved, 27 March, 2011.

3. Ron Geaves, *Islam and Britain: Muslim Mission in an Age of Empire,* 2018, USA.

4. Raziuddin Aquil, *Lovers of God: Sufism and the Politics of Islam in Medieval India,* Delhi, 2017, p. 38.

5. K.S. Lal, *Growth of Muslim Population in Medieval India, AD 1000–1800,* (Delhi: Research Publications in Social Sciences, 1973) cited in Schwartzberg, p. 201.


.....................................................

# ਬਾਬਾ ਬੰਦਾ ਸਿੰਘ ਬਹਾਦੁਰ



ਸੰਤ ਸਿੰਘ ਸੋਹਲ
ਪੰਜਾਬੀ ਕਵੀ
93166-25738

ਜਿਸ ਕੌਮ ਦੀ ਸਾਜਨਾ ਖੰਡੇ ਦੀ ਧਾਰ ਤੋਂ ਹੋਈ ਹੋਵੇ ਉਹ ਕੌਮ ਕਿੰਨੀ ਕੁ ਮਹਾਨ ਅਤੇ ਸੂਰਬੀਰ ਹੋਏਗੀ ਇਸ ਦਾ ਅੰਦਾਜਾ ਤਾਂ ਉਸਦੇ ਇਤਿਹਾਸ ਨੂੰ ਪੜ੍ਹਿਆ ਹੀ ਲਗਾਇਆ ਜਾ ਸਕਦਾ ਹੈ ਜਿਸ ਦੇ ਇਤਿਹਾਸ ਦਾ ਹਰ ਪੰਨਾ ਧਰਮ ਵਤਨ ਅਤੇ ਮਜਲੂਮਾਂ ਦੀ ਰਾਖੀ ਕਰਦਿਆਂ ਕੁਰਬਾਨ ਹੋਣ ਵਾਲੇ ਸੂਰਬੀਰਾਂ ਦੀ ਬੀਰਤਾ ਦੀ ਗਵਾਹੀ ਭਰਦਾ ਹੋਵੇ। ਬਾਬਾ ਬੰਦਾ ਸਿੰਘ ਬਹਾਦੁਰ ਉਹ ਮਹਾਨ ਸਿੱਖ ਜਰਨੈਲ ਸੀ ਜਿਸਨੇ ਖੰਡੇ ਬਾਟੇ ਦੀ ਪਾਹੁਲ ਪਾ ਪੰਜਾਬ ਦੀ ਧਰਤੀ 'ਤੇ ਉਦੋਂ ਪੈਰ ਧਰਿਆ ਜਦੋਂ ਇੱਥੇ ਜੰਗਲ ਰਾਜ ਸੀ, ਰਾਜੇ ਜ਼ਾਲਮ ਅਤੇ ਉਨ੍ਹਾਂ ਦੇ ਨਿਯੁਕਤ ਕੀਤੇ ਹਾਕਮ ਪ੍ਰਬੰਧਕ ਲੁਟੇਰੇ ਜੋ ਜਬਰੀ ਇਨਸਾਨਾਂ ਦਾ ਜਾਨਵਰਾਂ ਦੀ ਤਰਾਂ ਸ਼ਿਕਾਰ ਕਰਦੇ ਉਹਨਾਂ ਦੇ ਮੂੰਹੋਂ ਨਿਕਲਿਆ ਸ਼ਬਦ ਕਾਨੂੰਨ ਹੁੰਦਾ। ਪਬਲਿਕ ਗ਼ਰੀਬ ਅਤੇ ਨਿਤਾਣੀ, ਹਾਕਮ ਜ਼ੋਰਾਵਰ ਜਿਸ ਨੂੰ ਚਾਹੁੰਦੇ ਲੁੱਟ ਮਾਰ ਲੈਂਦੇ। ਔਰਤ ਜਾਤੀ ਦੀ ਦਸ਼ਾ ਬਦ ਤੋਂ ਬਦਤਰ ਸੀ। ਅਜਿਹੇ ਵਿੱਚ ਬਾਬਾ ਬੰਦਾ ਸਿੰਘ ਜੀ ਦੀ ਆਮਦ ਉਨ੍ਹਾਂ ਗ਼ਰੀਬ ਨਿਆਸਰੇ ਲੋਕਾਂ ਲਈ ਇੱਕ ਵਰਦਾਨ ਸੀ ਜਿਸਨੇ ਲੋਕਾਂ ਨੂੰ ਆਪਣੇ ਹੱਕ ਲਈ ਖੜ੍ਹੇ ਹੋਣ ਦਾ ਬਲ਼ ਹੀ ਨਹੀਂ ਬਖਸ਼ਿਆ ਬਲਕਿ ਉਹਨਾਂ ਦੇ ਮਨਾਂ ਅੰਦਰ ਇੱਕ ਸਵੈਮਾਨ ਇਕ ਜਿੰਦਗੀ ਜਿਉਣ ਦੀ ਸ਼ਕਤੀ ਭਰ ਦਿੱਤੀ। ਜੋ ਅਗਾਹਾਂ ਮਿਸਲਾਂ ਤੋਂ ਸਿੱਖ ਰਾਜ ਵਿਸਥਾਰ ਵੱਲ ਵੱਧਦੀ ਮਹਾਰਾਜਾ ਰਣਜੀਤ ਦੇ ਸਿੱਖ ਰਾਜ ਸਥਾਪਨਾ ਤੱਕ ਪਹੁੰਚੀ

ਬਾਬਾ ਬੰਦਾ ਸਿੰਘ ਬਹਾਦੁਰ ਦੇ ਜੀਵਨ ਵਿੱਚ ਤਿੰਨ ਵੱਡੇ ਬਦਲਾਅ ਆਏ ਉਹ ਇੱਕ ਸਧਾਰਨ ਪਰਿਵਾਰ ਵਿੱਚ ਪੈਦਾ ਹੋਏ ਜਿਥੇ ਮਾਪਿਆਂ ਨੇ ਉਸ ਨੂੰ ਲਛਮਣ ਦਾਸ ਨਾਮ

ਦਿੱਤਾ। ਬਚਪਨ ਵਿੱਚ ਸ਼ਿਕਾਰ ਦੇ ਸ਼ੌਕ ਨੇ ਉਸਨੂੰ ਇੱਕ ਪਰਪੱਕ ਨਿਸ਼ਾਨੇਬਾਜ਼ ਬਣਾ ਦਿੱਤਾ ਅਤੇ ਇਵੇਂ ਇੱਕ ਹਿਰਨੀ ਦੇ ਸ਼ਿਕਾਰ ਤੋਂ ਬਾਅਦ ਉਸਦੇ ਮਨ ਅੰਦਰ ਅਜਿਹਾ ਵੈਰਾਗ਼ ਜਾਗਿਆ ਕਿ ਉਹਨਾਂ ਨੇ ਮੁੜ ਜ਼ਿੰਦਗੀ ਵਿਚ ਮਾਸ ਦਾ ਸੇਵਨ ਨਹੀਂ ਕੀਤਾ ਅਤੇ ਬੈਰਾਗੀ ਸਾਧੂਆਂ ਨਾਲ਼ ਜੀਵਨ ਬਤੀਤ ਕੀਤਾ ਅਤੇ ਸਾਧੂ ਮੰਡਲੀ ਦੇ ਮੁਖੀ ਜਾਨਕੀ ਦਾਸ ਨੇ ਉਨ੍ਹਾਂ ਦਾ ਨਾਂ ਮਾਧੋ ਦਾਸ ਰੱਖਿਆ। ਤੀਜਾ ਸਭ ਤੋਂ ਵੱਡਾ ਬਦਲਾਅ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਖੰਡੇ ਵਾਟੇ ਦੀ ਪਾਹੁਲ ਪ੍ਰਾਪਤ ਕਰ ਸਿੰਘ ਸਜੇ ਅਤੇ ਸਤਿਗੁਰਾਂ ਨੇ ਉਨ੍ਹਾਂ ਨੂੰ ਗੁਰਬਖਸ਼ ਸਿੰਘ ਦਾ ਨਾਂ ਦੇ ਨਿਵਾਜਿਆ ਪ੍ਰੰਤੂ ਉਹ ਸਨ ਕਿ ਉਨ੍ਹਾਂ ਆਪਣੇ ਆਪ ਨੂੰ ਹਮੇਸ਼ਾਂ ਗੁਰੂ ਦਾ ਬੰਦਾ ਹੀ ਸਮਝਿਆ ਅਤੇ ਇਸੇ ਨਾਂਵੇਂ ਪ੍ਰਵਾਨ ਚੜ੍ਹੇ। ਗੁਰੂ ਜੀ ਤੋਂ ਥਾਪੜਾ ਲੈ ਪੰਜਾਬ ਦੀ ਧਰਤੀ ਉੱਤੇ ਪਹੁੰਚ ਜ਼ਾਬਰ ਰਾਜ ਪ੍ਰਬੰਧ ਬਦਲ ਸਿੱਖੀ ਰਾਜ ਦੀ ਸਥਾਪਨਾ ਕੀਤੀ ,ਜਿਸ ਨੇ ਉਨ੍ਹਾਂ ਨੂੰ ਉਨ੍ਹਾਂ ਮਹਾਨ ਸੂਰਬੀਰਾਂ ਦੀ ਕਤਾਰ ਵਿਚ ਲਿਆ ਖੜ੍ਹਾ ਕਰ ਦਿੱਤਾ ਜੋ ਸਿੱਖੀ ਸਿਧਾਂਤਾਂ ਦੇ ਧਾਰਨੀ ਧਰਮ ਲਈ ਹੱਸ ਹੱਸ ਜਾਨਾਂ ਵਾਰ ਗਏ।

ਇਤਿਹਾਸਕਾਰਾਂ ਮੁਤਾਬਕ ਉਨ੍ਹਾਂ ਦਾ ਕੱਦ ਦਰਮਿਆਨਾ ਜਿਸਮ ਸੰਢੌਲ, ਨਜ਼ਰ ਤੇਜ਼, ਅੱਖਾਂ ਚਮਕੀਲੀਆਂ, ਸਬਰ ਸਿਦਕ ਤੇ ਸਿਰੜ ਦੇ ਪਰਪੱਕ ਜੋ ਦਿਨਾਂ ਵਧੀ ਭੁੱਖਿਆਂ ਰਹਿ ਘੋੜੇ ਦੀ ਪਿੱਠ ਤੇ ਸਵਾਰ ਰਹਿ ਸਕਦੇ ਸਨ। ਸਫ਼ਲ ਤੀਰ ਨਿਸ੍ਹਾਨਚੀ ਅਤੇ ਤੇਗ਼ ਦੇ ਧਨੀ ਤਪਸਵੀ ਬੀਰ ਯੋਧਾ ਜੋ ਹਾਰਨ ਨਾਲੋਂ ਨਾ ਲੜਨਾ ਬੇਹਤਰ ਸਮਝਦੇ ਅਤੇ ਸਮੇਂ ਦੀ ਨਜ਼ਾਕਤ ਨੂੰ ਸਮਝ ਪਾਸਾ ਵੱਟ ਅਗਾਂਹ ਹੋ ਤੁਰਦੇ ਅਤੇ ਸਮਾਂ ਪੈਣ ਤੇ ਦੁਸ਼ਮਣ 'ਤੇ ਇਉਂ ਝਪਟ ਪੈਂਦੇ ਕਿ ਦੁਸ਼ਮਣ ਨੂੰ ਹਾਰ ਦਾ ਮੂੰਹ ਦੇਖਣਾ ਪੈਂਦਾ ਅਤੇ ਉਹ ਹਮੇਸ਼ਾ ਜਿੱਤ ਹਾਸਲ ਕਰਦੇ ਜਿਸ ਦਾ ਪ੍ਰਮਾਣ ਬਹਿਰਾਮ ਦੀ ਉਹ ਜੰਗ ਹੈ ਜਿਸ ਵਿੱਚ ਉਨ੍ਹਾਂ ਨੇ ਸ਼ਮਸ਼ ਖਾਂ ਅਤੇ ਬਜ਼ੀਦ ਖਾਨ 'ਤੇ ਜਿੱਤ ਪ੍ਰਾਪਤ ਹੀ ਨਹੀਂ ਕੀਤੀ ਸਗੋਂ ਸ਼ਮਸ਼ ਖਾਂ ਨੂੰ ਮੌਕੇ ਤੇ ਮਾਰ ਮੁਕਾਇਆ ਅਤੇ ਬਜ਼ੀਦ ਖਾਨ ਦੀ ਜਾਂਦਿਆਂ ਰਸਤੇ ਵਿਚ ਮੌਤ ਹੋ ਗਈ ਸੀ ।ਇਸ ਤਰਾਂ ਉਨ੍ਹਾਂ ਦੇ ਜਾਦੂਗਰ ਹੋਣ ਦਾ ਭਰਮ ਜ਼ਾਬਰ ਦੇ ਮਨਾਂ ਤੇ ਹੋਰ ਵੀ ਗਹਿਰਾ ਹੋ ਗਿਆ ਸੀ ਅਤੇ ਮੁਗ਼ਲ ਸ਼ਾਸਕ ਉਨ੍ਹਾਂ ਨੂੰ ਜਾਦੂਗਰ ਸਮਝਦੇ ਸਨ।

ਉਹਨਾਂ ਦੀ ਯੁੱਧ ਨੀਤੀ ਅਤੇ ਸਿਆਣਪ ਦਾ ਅਹਿਸਾਸ ਉਨ੍ਹਾਂ ਦੀਆਂ ਮੁੱਢਲੀਆਂ ਜਿੱਤਾਂ ਤੋਂ ਹੁੰਦਾ ਹੈ ਕਿਵੇਂ ਉਨ੍ਹਾਂ ਨੇ ਸੂਬਾ ਸਰਹੰਦ ਦੀ ਉਸ ਸ਼ਕਤੀ ਨੂੰ ਪਹਿਲਾਂ ਹੀ ਨਸ਼ਟ ਕਰ ਦਿੱਤਾ ਸੀ, ਜੋ ਸਰਹੰਦ ਦੀ ਜਿੱਤ ਵਿੱਚ ਸੂਬੇ ਦੀ ਸਹਾਇਕ ਹੋ ਉਨ੍ਹਾਂ ਦੇ ਮਿਸ਼ਨ ਵਿੱਚ ਰੁਕਾਵਟ ਬਣ ਸਕਦੀ ਸੀ। ਉਹ ਆਮ ਅਵਾਮ ਦੇ ਦੁੱਖਾਂ ਵਿਚ ਜਿਵੇਂ ਸਹਾਇਕ ਬਣ ਖੜ੍ਹੇ। ਜਨ ਹਿੱਤ 'ਚ ਕੀਤੇ ਕਾਰਜ਼ਾਂ ਕਰਕੇ ਇੱਕ ਵੱਡਾ ਤਬਕਾ ਉਨ੍ਹਾਂ ਦੇ ਨਾਲ਼ ਹੋ ਤੁਰਿਆ। ਇਉਂ ਮੁੱਠੀ ਭਰ ਸਿੰਘਾਂ ਤੋਂ ਸਰਹੰਦ ਤੱਕ ਪਹੁੰਚਦਿਆਂ ਇਹ ਕਾਫ਼ਲਾ ਐਡਾ ਵੱਡਾ ਹੋ ਗਿਆ ਕਿ ਸੂਬੇ ਸਰਹੰਦ ਜਿਹਾ ਤਾਕਤਵਰ ਲੱਖ ਛਲ ਕਪਟ ਵਰਤ ਵੀ ਉਸਦਾ ਸਾਹਮਣਾ ਨਾ ਕਰ ਸਕਿਆ। ਆਖ਼ਰ ਮਾਰਿਆ ਗਿਆ ਅਤੇ ਇਸ ਤਰ੍ਹਾਂ ਜਿੱਥੇ ਬਾਬਾ ਬੰਦਾ ਬਹਾਦਰ ਨੇ ਗੁਰਾਂ ਦਾ ਬੰਦਾ ਹੋਣ ਦਾ ਫਰਜ਼ ਅਦਾ ਕੀਤਾ ਉੱਥੇ ਗੁਰਾਂ ਨਾਲ ਕੀਤੇ ਕੌਲ ਨੂੰ ਵੀ ਨਿਬਾਇਆ। ਇਸ ਤਰਾਂ ਉਨ੍ਹਾਂ ਦੀ ਇਹ ਲਾਸਾਨੀ ਜਿੱਤ ਉਸ ਇਤਿਹਾਸ ਦੀ ਸਿਰਜਕ ਬਣੀ ਜਿਸਨੇ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਲੋਕ ਮਨਾਂ ਅੰਦਰ ਸਵੈਮਾਨ ਦੀ ਉਹ ਜੁਆਲਾ ਪੈਦਾ ਕਰ ਦਿੱਤੀ ਕਿ ਆਜ਼ਾਦ ਵਤਨ ਦੇ ਝੰਡਾ ਬਰਦਾਰ ਬਣ ਮੈਦਾਨ ਵਿੱਚ ਕੁੱਦ ਪਏ। ਜਿਸ ਦੀ ਮਿਸਾਲ ਮਾਝੇ ਅਤੇ ਦੁਆਬੇ ਦੇ ਸਿੱਖਾਂ ਵੱਲੋਂ ਅਰਦਾਸਾ ਸੋਧ ਦੁਆਬੇ ਅੰਦਰ ਆਪਣੇ ਥਾਣੇ ਤੇ ਤਹਿਸੀਲਾਂ ਸਥਾਪਿਤ ਕਰਨਾ ਹੈ ਉਸ ਸਮੇਂ ਬਾਬਾ ਬੰਦਾ ਸਿੰਘ ਜਮੁਨਾ ਤੋਂ ਪਾਰ ਫ਼ੌਜਦਾਰ ਜਲਾਲੁੱਦੀਨ ਖਾਂ ਨਾਲ਼ ਸਿੰਘਾਂ ਦੀ ਆਜ਼ਾਦੀ ਲਈ ਲੜ ਰਹੇ ਸਨ ਅਤੇ ਇਧਰ ਮਾਝੇ ਤੇ ਦੁਆਬੇ ਦੇ ਸਿੰਘਾਂ 'ਤੇ ਅਚਾਨਕ ਸ਼ਮਸ ਖਾਨ ਦੀ ਚੜ੍ਹਾਈ ਉਪਰੰਤ ਸਹਾਇਤਾ ਲਈ ਉਨ੍ਹਾਂ ਨੂੰ ਖ਼ਤ ਲਿਖੇ ਸਨ। ਸਰਹੰਦ ਨੂੰ ਜਿੱਤ ਜਿੱਥੇ ਬਾਬਾ ਜੀ ਨੇ ਬਾਜ਼ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਮਾਲੀ ਸਿੰਘ ਨੂੰ ਨਾਇਬ ਥਾਪਿਆ ਉੱਥੇ ਫ਼ਤਿਹ ਸਿੰਘ ਨੂੰ ਸੂਬੇਦਾਰ ਸਮਾਣਾ ਅਤੇ ਰਾਮ ਸਿੰਘ ਨੂੰ ਥਾਨੇਸਰ ਦਾ ਸੂਬੇਦਾਰ ਥਾਪ ਬਿਨੋਦ ਸਿੰਘ ਨੂੰ ਨਾਇਬ ਨਿਯੁਕਤ ਕੀਤਾ। ਲੋਹਗੜ੍ਹ ਰਾਜਧਾਨੀ ਸਥਾਪਨਾ ਉਪਰੰਤ ਜਿੱਥੇ ਉਹ ਬਾਦਸ਼ਾਹ ਸਨ ਉੱਥੇ ਉਨ੍ਹਾਂ ਦੇ ਸਹਾਇਕ ਸਿੱਖ ਜਰਨੈਲ ਸਾਰੇ ਰਾਜ ਪ੍ਰਬੰਧਕ

ਸਿੰਘ ਜਰਨੈਲ ਸਨ। ਸਿੱਖ ਰਾਜ ਸਥਾਪਨਾ ਉਪਰੰਤ ਉਨ੍ਹਾਂ ਨੇ ਇਸ ਜੰਗੀ ਸਿੱਖ ਰਾਜ ਦਾ ਗੁਰੂਆਂ ਦੇ ਨਾਮ ਤੇ ਸਿੱਕਾ ਚਾਲੂ ਕੀਤਾ।

ਸਿੱਕਾ (ਫ਼ਾਰਸੀ ਵਿਚ)

"ਸਿੱਕਾ ਜ਼ਦ ਬਰ ਹਰ ਦੋ ਆਲਮ
ਤੇਗ਼ਿ ਨਾਨਕ ਵਾਹਿਬ ਅਸਤ
ਫ਼ਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਂ
ਫ਼ਾਜ਼ਲਿ ਸੱਚਾ ਸਾਹਿਬ ਅਸਤ"

ਤੇ ਦੂਜੇ ਪਾਸੇ ਸਿੱਕੇ ਦੇ ਅੱਖਰ ਸਨ–

"ਜ਼ਰਬ ਬਾ ਅਮਾਨੁੱਦਹਿਰ ਮਸੱਵਰਤ
ਸ਼ਹਿਰ ਜ਼ੀਨਤੁੱਤਖ਼ਤਿ ਮੁਬਾਰਕ ਬਖ਼ਤ"

ਉਥੇ ਉਨ੍ਹਾਂ ਵੱਲੋਂ ਬਣਾਈ ਗਈ ਮੋਹਰ ਜੋ ਗੁਰਾਂ ਨੂੰ ਸਮਰਪਿਤ ਹੈ ਡਾ: ਗੰਡਾ ਸਿੰਘ ਦੀ ਪੁਸਤਕ (ਬੰਦਾ ਸਿੰਘ ਬਹਾਦਰ) ਵਿੱਚ ਇਵੇਂ ਅੰਕਿਤ ਹੈ:

ਦੇਗ ਉ ਤੇਗ ਉ ਫ਼ਤਹਿ ਉ ਨੁਸਰਤ ਬੇਦਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਅੱਜ ਵੀ ਡੇਰਾ ਬਾਬਾ ਬੰਦਾ ਸਿੰਘ ਰਿਆਸਤ ਜੰਮੂ ਕਸ਼ਮੀਰ ਵੱਲੋਂ ਲਿਖੇ ਜਾਂਦੇ ਹੁਕਮਨਾਮਿਆਂ ਦੀ ਮੁੱਖ ਹੈ। ਜਿਸ ਨੂੰ ਬਦਲਣ ਦਾ ਕਿਸੇ ਨੂੰ ਅਧਿਕਾਰ ਨਹੀਂ ਬਾਬਾ ਬੰਦਾ ਸਿੰਘ ਬਹਾਦੁਰ ਨੇ ਆਪਣੇ ਰਾਜ ਪ੍ਰਬੰਧ ਹੇਠ ਜੋ ਕੰਮ ਕੀਤੇ ਉਨ੍ਹਾਂ ਵਿਚ ਵੱਡੇ ਜਿਮੀਦਾਰਾਂ ਤੋਂ ਜ਼ਮੀਨੀ ਹੱਕ ਖੋਹ ਕੇ ਹਲ਼ ਵਾਹਕਾ ਕਿਰਤੀਆਂ ਦੇ ਨਾਂ ਕਰਨਾ ਜੋ ਕਿਸੇ ਵੀ ਰਾਜ ਪ੍ਰਬੰਧਕ ਸ਼ਾਸਕ ਵੱਲੋਂ ਨਹੀਂ ਕੀਤੇ ਗਿਆ ਸੀ। ਇਸ ਤਰ੍ਹਾਂ ਜਿੱਥੇ ਕਿਰਤੀਆਂ ਨੂੰ ਉਨ੍ਹਾਂ ਦੇ ਜ਼ਮੀਨੀ ਹੱਕ ਮਿਲੇ ਉੱਥੇ ਸਿੱਖੀ ਵਿੱਚ ਵੀ ਚੌਖਾ ਵਾਧਾ ਹੋਇਆ। ਉਨ੍ਹਾਂ ਦੇ ਰਾਜ ਦੌਰਾਨ ਹਰ ਸਿੱਖ ਬਾਦਸ਼ਾਹ ਸੀ। ਜਦੋਂ ਵੀ ਕੋਈ ਕੰਮੀ ਭੰਗੀ ਦੁਰਕਾਰਿਆ ਹੋਇਆ ਸਿੰਘਾਂ ਦੇ ਦਰਬਾਰ ਆ ਸਿੰਘ ਸਜਦਾ ਬੰਦਾ ਸਿੰਘ ਉਸ ਨੂੰ ਪਿੰਡ ਜਾਂ ਇਲਾਕੇ ਦਾ ਮੁਖੀ ਬਣਾ ਦਿੰਦਾ। ਇਸ ਤਰਾਂ ਵੱਡੇ ਅਮੀਰ ਸ਼ਾਹੂਕਾਰ ਵੀ ਆ ਉਸ ਦੇ ਸਵਾਗਤ ਲਈ ਖੜ੍ਹੇ ਹੁੰਦੇ। ਹਿੰਦੂਆਂ ਦੇ ਨਾਲ ਮੁਸਲਮਾਨ ਵੀ ਉਨ੍ਹਾਂ ਦੇ ਸ਼ਰਧਾਲੂ ਬਣ ਸਿੰਘ ਸਜ ਗਏ। ਜਿਵੇਂ ਦੀਨਦਾਰ ਖਾਨ ਦੀਨਦਾਰ ਸਿੰਘ ਅਤੇ ਨਸੀਰੂਦੀਨ ਖਾਂ ਨਸੀਰ ਸਿੰਘ ਬਣ ਗਿਆ। ਬਹੁਤੇ ਅਜਿਹੇ ਲੋਕ ਵੀ ਸਨ ਜੋ ਹਿੰਦੂਵਾਦ ਦੀਆਂ ਕੱਟੜ ਨੀਤੀਆਂ ਤੋਂ ਤੰਗ ਆ ਕੇ ਮੁਸਲਮਾਨ ਬਣੇ ਸਨ ਅਤੇ ਬਹੁਤੇ ਅਜਿਹੇ ਜਿਨ੍ਹਾਂ ਔਰੰਗਜ਼ੇਬ ਦੇ ਜਾਬਰ ਪ੍ਰਬੰਧ ਤੋਂ ਡਰਦਿਆਂ ਇਸਲਾਮ ਕਬੂਲਿਆ ਸੀ ਉਹ ਵੀ ਸਿੱਖ ਧਰਮ ਵਿੱਚ ਆ ਸਿੰਘ ਸੱਜ ਗਏ। ਕਿਉਂਕਿ ਹਿੰਦੂ ਧਰਮ ਵਿੱਚ ਵਾਪਸੀ ਦਾ ਵਿਧਾਨ ਨਹੀਂ ਸੀ। ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਅਜਿਹਾ ਕੋਈ ਕੰਮ ਨਹੀਂ ਕੀਤਾ ਜੋ ਸਿੱਖੀ ਸਿਧਾਂਤਾਂ ਦੇ ਖ਼ਿਲਾਫ਼ ਹੋਵੇ। ਗੁਰਸਿੱਖੀ ਵਿੱਚ ਗ੍ਰਹਿਸਥ ਜੀਵਨ ਨੂੰ ਵਿਸ਼ੇਸ਼ ਮਾਨਤਾ ਹੈ ਇਸ ਲਈ ਗੁਰੂ ਸਾਹਿਬ ਵੱਲੋਂ ਕੋਈ ਹੁਕਮਨਾਮਾ ਜਾ ਮਨਾਹੀ ਦੀ ਗੱਲ ਮੰਨਣ ਯੋਗ ਨਹੀਂ। ਦੂਜਾ ਜੰਗੇ ਮੈਦਾਨ ਅੰਦਰ ਉਨ੍ਹਾਂ ਦੁਆਰਾ ਦਿੱਤਾ ਗਿਆ "ਫ਼ਤਿਹ ਦਰਸ਼ਨ" ਦਾ ਨਾਹਰਾ ਸਿੰਘਾਂ ਵੱਲੋਂ ਨਕਾਰੇ ਜਾਣ ਤੋਂ ਬਾਅਦ ਉਨ੍ਹਾਂ ਨੇ ਨਾ ਹੀ ਪ੍ਰਚਲਤ ਕੀਤਾ ਤੇ ਨਾ ਉਸ ਪ੍ਰਤੀ ਕੋਈ ਵਿਵਾਦ ਮਿਲਦਾ ਹੈ ਕਿ ਉਨ੍ਹਾਂ ਨੇ ਕੋਈ ਜਿੱਦ ਕੀਤੀ ਹੋਵੇ ਨਾ ਹੀ ਮਾਤਾ ਸੁੰਦਰੀ ਜੀ ਅਤੇ ਫ਼ਰਖ਼ਸੀਅਰ ਵਿਚਕਾਰ ਕੋਈ ਅਜਿਹੀ ਚਿੱਠੀ ਪੱਤਰ ਜਿਸ ਵਿਚ ਉਨ੍ਹਾਂ ਪ੍ਰਤੀ ਕੁਝ ਲਿਖਿਆ ਜਾ ਵਿਚਾਰਿਆ ਜ਼ਾਰੀ ਕੀਤਾ ਹੋਵੇ। ਜਦ ਕਿ ਮਾਤਾ ਸੁੰਦਰੀ ਜੀ ਵੱਲੋਂ ਆਪਣੇ ਮੂੰਹ ਬੋਲੇ ਪੁੱਤਰ ਰਣਜੀਤ ਸਿੰਘ (ਅਜੀਤ) ਵੱਲੋਂ ਇੱਕ ਸਾਧੂ ਨੂੰ ਕਤਲ ਕਰਨ ਤੇ ਉਸਦੀ ਬੇਦਖਲੀ ਦੇ ਸਬੂਤ ਮਿਲਦੇ ਹਨ। ਮਨਘੜ੍ਹਤ ਘਾੜ੍ਹਤਾਂ ਦੇ ਬਲਬੂਤੇ ਤੇ ਉਨ੍ਹਾਂ ਨੂੰ ਗੁਰੂ ਤੋਂ ਬੇਮੁਖ ਨਹੀਂ ਕਿਹਾ ਜਾ ਸਕਦਾ ਉਹ ਗੁਰੂ ਦੇ ਇੱਕ ਮਹਾਨ ਸਿੱਖ ਹਨ, ਜੋ ਹਮੇਸ਼ਾ ਹੀ ਆਪਣੇ ਆਪ ਨੂੰ ਗੁਰਾਂ ਦਾ ਬੰਦਾ ਭਾਵ ਗ਼ੁਲਾਮ ਸਮਝਦੇ ਅਤੇ ਉਹ ਕਦੇ ਅੰਮ੍ਰਿਤਸਰ ਗਏ ਹੀ ਨਹੀਂ। ਇਵੇਂ ਗੱਦੀ ਲਾਉਣਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹਨਾਂ ਦੇ ਜੀਵਨ ਕਾਲ ਤੋਂ ਬਾਅਦ ਦੀਆਂ ਕਹਾਣੀਆਂ ਨਾਲ਼ ਉਨ੍ਹਾਂ ਦਾ ਕੋਈ ਵਾਹ ਵਾਸਤਾ ਕਿਵੇਂ ਜੋੜਿਆ ਜਾ ਸਕਦਾ ਹੈ

ਜਿੱਥੋਂ ਤੱਕ ਪੱਤਰਕਾਰਾਂ ਜਾਂ ਇਤਿਹਾਸਕਾਰਾਂ ਦਾ ਸਵਾਲ ਹੈ। ਉਸ ਬਾਬਤ ਅਸੀਂ ਸਾਰੇ ਹੀ ਦੇਖ ਰਹੇ ਹਾਂ ਕਿ ਕੀ ਕੁਝ ਵਾਪਰ ਰਿਹਾ ਹੈ, ਬਹੁਤੀ ਦੂਰ ਨਾ ਜਾਈਏ ਸੰਨ 2022 ਵਿੱਚ ਕਿਸਾਨ ਅੰਦੋਲਨ ਵੱਲ ਹੀ ਝਾਤੀ ਮਾਰ ਲਈਏ ਕਿਵੇਂ ਸਰਕਾਰੀ ਮੀਡੀਏ ਨੇ ਕੌਮ ਨੂੰ ਅੱਤਵਾਦੀ ਵੱਖਵਾਦੀ ਆਖ ਭੰਡਿਆ ਕੀ ਕੁਝ ਕੁਫ਼ਰ ਨਹੀਂ ਤੋਲਿਆ। ਉਸ ਸਮੇਂ ਦੀ ਗੱਲ ਕਰਨੀ, ਉਹ ਵੀ ਜੋ ਆਪਣੀ ਆਜ਼ਾਦੀ

ਲਈ ਹਕੂਮਤ ਖ਼ਿਲਾਫ਼ ਉੱਠ ਖੜ੍ਹੇ ਹੋਏ ਉਹਨਾਂ ਲੋਕਾਂ ਨੂੰ ਉਹਨਾਂ ਵੱਲੋਂ ਚੋਰ ਉਚੱਕੇ ਡਾਕੂ ਆਖ ਪ੍ਰਚਾਰਨਾ ਕੋਈ ਵੱਡੀ ਗੱਲ ਨਹੀਂ ਉਨ੍ਹਾਂ ਨੂੰ ਜ਼ਾਲਮ ਆਖਣਾ ਕਿਥੋਂ ਤੱਕ ਜਾਇਜ਼ ਹੈ ਹਾਂ ਸਰਹੰਦ ਵਿਚ ਜੋ ਕੁਝ ਹੋਇਆ ਉਸ ਪ੍ਰਤੀ ਗ਼ੁਸਾ ਕੁਝ ਹੱਦ ਤੱਕ ਜਾਇਜ਼ ਵੀ ਹੈ ਕਿਉਂਕਿ ਗੁਰੂ ਲਾਲਾਂ ਉੱਤੇ ਹੁੰਦੇ ਅਤਿਆਚਾਰ ਪ੍ਰਤੀ ਕੋਈ ਨਹੀਂ ਬੋਲਿਆ ਸੀ। ਜੇਕਰ ਕਿਸੇ ਜਾਬਰ ਨੂੰ ਮਾਰਨਾ ਗਲਤ ਹੈ ਤਾਂ ਜਲਾਲਾਬਾਦ ਮਾਰੇ ਗਏ ਬੇਕਸੂਰ ਸਿੰਘਾਂ ਦਾ ਕੀ ਦੋਸ਼ ਸੀ ਅਤੇ ਸੂਬੇ ਸਰਹੰਦ ਵੱਲੋਂ ਮਾਸੂਮ ਬੱਚਿਆਂ ਨੂੰ ਦੀਵਾਰ ਵਿਚ ਚਿਣਨਾ ਕਿਥੋਂ ਦਾ ਇਨਸਾਫ਼, ਉਨ੍ਹਾਂ ਵਲੋਂ ਮਾਰੇ ਗਏ ਲੋਕ ਜ਼ਾਲਮ ਦਰੇਂਦੇ ਸਨ। ਉਨ੍ਹਾਂ ਵੱਲੋਂ ਨਾ ਤਾਂ ਕਿਸੇ ਮੰਦਿਰ ਜਾਂ ਮਸਜਿਦ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਨਾ ਹੀ ਕਿਸੇ ਪਰਾਈ ਔਰਤ ਨੂੰ ਬੇਪਤ ਕੀਤਾ ਬਲਕਿ ਉਹ ਤਾਂ ਔਰਤਾਂ ਨੂੰ ਸਤਿਕਾਰ ਦਿੰਦੇ ਸਨ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਔਰਤਾਂ ਦਾ ਸਤਿਕਾਰ ਕਰਨ ਲਈ ਸਖ਼ਤ ਹਦਾਇਤਾਂ ਕੀਤੀਆਂ ਸਨ ।ਉਸ ਵਕਤ ਸਿੱਖਾਂ ਦਾ ਕੋਈ ਇਤਿਹਾਸਕਾਰ ਹੈ ਹੀ ਨਹੀਂ ਸੀ ਕਾਫ਼ੀ ਖਾਂ ਜਿਹੇ ਮੁਸਲਮਾਨ ਇਤਿਹਾਸਕਾਰ ਉਦੋਂ ਉਨ੍ਹਾਂ ਨਾਲ ਇਨਸਾਫ਼ ਕਿਵੇਂ ਕਰਦੇ ਇਸ ਦਾ ਅੰਦਾਜ਼ਾ ਸਹਿਜ ਹੀ ਲਗਾਇਆ ਜਾ ਸਕਦਾ ਹੈ। ਜਿਨ੍ਹਾਂ ਦੀਆਂ ਲੀਹਾਂ ਤੇ ਚੱਲ ਸਾਡੇ ਕੁਝ ਵਿਦਵਾਨਾਂ ਨੇ ਵੀ ਬਿਨਾਂ ਖੋਜ ਪੜਤਾਲ ਤੋਂ ਬਾਬਾ ਬੰਦਾ ਸਿੰਘ ਜੀ ਨੂੰ ਬਦਨਾਮ ਕਰਨ ਦੀ ਕਸਰ ਨਹੀਂ ਛੱਡੀ ਜਿਨ੍ਹਾਂ ਦੁਆਰਾ ਪਾਈਆਂ ਗਲਤ ਧਾਰਨਾਵਾਂ ਨੂੰ ਡਾਕਟਰ ਗੰਡਾ ਸਿੰਘ ਗਿਆਨੀ ਸੋਹਣ ਸਿੰਘ ਸੀਤਲ ਡਾਕਟਰ ਸੁਖਦਿਆਲ ਸਿੰਘ ਅਤੇ ਡਾ. ਹਰਚੰਦ ਸਿੰਘ ਸਰਹੰਦੀ ਹੋਰਾਂ ਨੇ ਘੋਖ ਪੜਤਾਲ ਕਰ ਅੰਗਰੇਜ਼ ਲਿਖਾਰੀਆਂ ਕੁਝ ਮੁਸਲਮਾਨਾਂ ਤੇ ਕਰਮ ਸਿੰਘ ਹੋਰਾਂ ਆਦਿ ਦੀਆਂ ਲਿਖਤਾਂ ਅਤੇ ਉਸ ਸਮੇਂ ਦੇ ਲਿਖੇ ਚਿੱਠੀ ਪੱਤਰਾਂ, ਇੱਥੋਂ ਤੱਕ ਕਿ ਸੂਬਾ ਸਰਹੰਦ ਵੱਲੋਂ ਲਿਖੀਆਂ ਦਿੱਲੀ ਦਰਬਾਰ ਨੂੰ ਚਿੱਠੀਆਂ ਦੇ ਆਧਾਰ ਤੇ ਡਾ. ਸੁਖਦਿਆਲ ਸਿੰਘ ਜੀ ਨੇ ਉਹਨਾਂ ਧਾਰਨਾਵਾਂ ਨੂੰ ਨਕਾਰਿਆ ਹੈ।

ਜਿੱਥੋਂ ਤੱਕ ਮਤਭੇਦ ਦੀ ਗੱਲ ਹੈ ਉਹਨਾਂ ਦਾ ਕਦੇ ਵੀ ਸਿੰਘਾਂ ਨਾਲ ਕਿਸੇ ਗੱਲ ਨੂੰ ਲੈ ਕੇ ਕੋਈ ਮਤਭੇਦ ਨਹੀਂ ਹੋਇਆ, ਸਿਰਫ ਗੜ੍ਹੀ ਗੁਰਦਾਸ ਨੰਗਲ ਵਿੱਚ ਬਾਬਾ ਬਿਨੋਦ ਸਿੰਘ ਨਾਲ ਗੜ੍ਹੀ ਛੱਡਣ ਪ੍ਰਤੀ ਕੁਝ ਤਕਰਾਰ ਜ਼ਰੂਰ ਹੋਇਆ ਜਿਸ ਨੂੰ ਬਾਬਾ ਕਾਹਨ ਸਿੰਘ ਪੁੱਤਰ ਬਾਬਾ ਬਿਨੋਦ ਸਿੰਘ ਜੀ ਨੇ ਵਿੱਚ ਪੈ ਕੇ ਨਿਪਟਾ ਦਿੱਤਾ ਸੀ ਅਤੇ ਬਾਬਾ ਵਿਨੋਦ ਸਿੰਘ ਗੜ੍ਹੀ ਛੱਡ ਗਏ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਹਿਰਨੀ ਦੇ ਸ਼ਿਕਾਰ ਪਿੱਛੋਂ ਅੰਮ੍ਰਿਤ ਪਾਨ ਕਰਨ ਉਪਰੰਤ ਵੀ ਕਦੇ ਮਾਸ ਨਹੀਂ ਖਾਧਾ ਅਤੇ ਨਾ ਹੀ ਕਦੇ ਕੋਈ ਨਫ਼ਰਤ ਕੀਤੀ। ਇਥੋਂ ਤੱਕ ਕਿ ਅੰਨ ਦੀ ਤੋਟ ਉਪਰੰਤ ਭਾਵੇਂ ਸਿੰਘਾਂ ਨੇ ਲੋਹਗੜ੍ਹ ਜਾਂ ਗੜ੍ਹੀ ਗੁਰਦਾਸ ਨੰਗਲ ਘੋੜਿਆਂ ਤਾਈਂ ਝਟਕਾ ਕੇ ਖਾਧਾ ਉਨ੍ਹਾਂ ਨੇ ਕਦੇ ਨਫ਼ਰਤ ਨਹੀਂ ਕੀਤੀ। ਸਿੰਘਾਂ ਵਿੱਚ ਲੰਗਰ ਨੂੰ ਲੈ ਕੇ ਪਹਿਲਾਂ ਹੀ ਦੋ ਪੰਗਤਾਂ ਮਾਸਾਹਾਰੀ ਤੇ ਘਾਸਾਹਾਰੀ ਭਾਵ (ਵੈਸ਼ਨੋ) ਚਾਲੂ ਹੋ ਚੁੱਕੀਆਂ ਸਨ। ਇਥੋਂ ਤੱਕ ਕਿ ਭੁੱਖੇ ਪਿਆਸੇ ਸਿੰਘਾਂ ਨੂੰ ਦਿੱਲੀ ਵਿੱਚ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ ਕਿਸੇ ਵੀ ਉਨ੍ਹਾਂ ਦਾ ਸਾਥ ਨਹੀਂ ਛੱਡਿਆ ਭਾਵੇਂ ਉਹ ਜ਼ਕਰੀਆ ਖ਼ਾਨ ਦੁਆਰਾ ਰਸਤੇ ਵਿੱਚੋਂ ਹੀ ਕਿਉਂ ਨਹੀਂ ਫੜੇ ਗਏ ਸਨ। ਸਾਰਿਆਂ ਖਿੜ੍ਹੇ ਮੱਥੇ ਸ਼ਹਾਦਤਾਂ ਦਿੱਤੀਆਂ ਕਿਸੇ ਨੇ ਵੀ ਆਪਣੇ ਜਰਨੈਲ ਤੋਂ ਮੂੰਹ ਨਹੀਂ ਮੋੜਿਆ। ਧੰਨ ਹੈ ਉਹ ਗੁਰੂ ਦਾ ਸਿੱਖ ਜਿਸ ਦੀ ਗੋਦ ਵਿੱਚ ਉਸਦੇ ਮਾਸੂਮ ਬੱਚੇ ਨੂੰ ਜ਼ਿਬਾਹ ਕਰ ਉਸ ਦੇ ਸਰੀਰ ਦੇ ਟੁਕੜੇ ਕਰ ਉਸਦੇ ਮੂੰਹ ਤੇ ਮਾਰੇ ਗਏ ਪੁੱਤ ਦਾ ਕਲੇਜਾ ਮੂੰਹ ਵਿੱਚ ਤੁੰਨਿਆ ਗਿਆ ਨਾ ਉਹ ਟੁੱਟਿਆ ਨਾ ਉਹ ਝੁਕਿਆ ਜਮੂਰਾਂ ਨਾਲ ਬੋਟੀ ਬੋਟੀ ਮਾਸ ਖਿੱਚਿਆ ਗਿਆ ਅੱਖਾਂ ਕੱਢ ਦਿੱਤੀਆਂ ਗਈਆਂ ਹੱਥ ਤੇ ਪੈਰ ਵੱਢ ਦਿੱਤੇ ਗਏ ਅਤੇ ਆਖ਼ਰ ਕਤਲ ਕਰ ਪਾਵਨ ਸਰੀਰ ਟੁਕੜੇ ਟੁਕੜੇ ਕਰ ਦਿੱਤਾ ਗਿਆ ਅਜਿਹੇ ਸਿਦਕੀ ਅਤੇ ਸਿਰੜੀ ਹਠੀ ਗੁਰੂ ਦੇ ਸਿੱਖ ਅੱਗੇ ਸੀਸ ਝੁਕਦਾ ਹੈ। ਜਿਸਨੇ ਗੁਰੂ ਦੀ ਬਖਸ਼ਿਸ਼ ਕੀਤੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਅਤੇ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ 'ਤੇ ਪਹਿਰਾ ਦਿੱਤਾ ਮੱਥੇ ਵੱਟ ਨਹੀਂ ਪਾਇਆ ਭੁੱਖਾ ਪਿਆਸਾ ਰਹਿ ਗੁਰਾਂ ਦੇ ਚਰਨਾਂ ਵਿੱਚ ਜੀਵਨ ਲਾ ਦਿੱਤਾ ਧੰਨ ਸੀ ਉਹ ਗੁਰੂ ਦਾ ਸਿੱਖ ਧਨ ਸੀ ਉਸਦੀ ਘਾਲਣਾ। ਇਹ ਸਭੇ ਕੁਝ ਪੜ੍ਹਿਆ ਜਾਣਿਆਂ ਪਤਾ ਲਗਦਾ ਹੈ ਕਿ ਉਹ ਇਕ ਗੁਰਾਂ ਦਾ ਸਿਦਕੀ ਪੱਕਾ ਸਿੱਖ ਸੀ।

..........................................................

# ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ




ਮਹਿੰਦਰ ਸਿੰਘ ਕੂਕਾ

ਨਾਮਧਾਰੀ ਲੇਖਕ

ਫਰੀਦਾਬਾਦ

9599120028


ਉਕਤ ਸਿਰਲੇਖ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਸਿਰੀ ਰਾਗੁ ਅੰਦਰ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਲਿਆ ਗਿਆ ਹੈ।

ਦਰਅਸਲ, ਪੰਨਾ 16 ਉੱਪਰ ਦਰਜ ਵਧੇਰੇ ਪ੍ਰਸਿੱਧ ਤੇ ਵਿਸਤਰਿਤ ਸ਼ਬਦ '**ਬਾਬਾ ਸੋ ਖਾਣਾ ਖੁਸੀ ਖੁਆਰ...**' ਦੇ ਠੀਕ ਆਰੰਭ ਵਿਚ ਹੀ ਤਿੰਨ ਤੁਕਾਂ ਵਾਲਾ ਇੱਕ ਸ਼ਬਦ ਅੰਕਿਤ ਹੈ ਜਿਸਦੀ ਪੂਰੀ ਇਬਾਰਤ ਇਸ ਤਰ੍ਹਾਂ ਹੈ: **ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥1॥**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ ਸਾਹਿਬ' ਅਥਵਾ ਜਪੁਜੀ ਸਾਹਿਬ ਅੰਦਰ ਨਾਮ-ਬਾਣੀ 'ਧਿਆਨ ਪੂਰਵਕ' ਸੁਣਨ ਦੇ ਉਪਦੇਸ਼ ਨੂੰ ਚਾਰ ਪਉੜੀਆਂ (ਅਠਵੀਂ ਤੋਂ ਗਿਆਰ੍ਹਵੀਂ ਪਉੜੀ) ਅੰਦਰ ਬਿਆਨ ਕਰਕੇ ਅਗਲੀਆਂ ਚਾਰ ਪਉੜੀਆਂ ਰਾਹੀਂ ਉਸਨੂੰ ਮੰਨਣ ਦੀ ਮਹਾਨਤਾ ਵੀ ਦ੍ਰਿੜ੍ਹ ਕਰਵਾਈ ਹੈ। ਕਿਉਂਕਿ ਉਪਰੋਕਤ ਅੰਕਿਤ ਸ਼ਬਦ ਦੀ ਪਹਿਲੀ ਤੁਕ ਵੀ ਸਤਿਗੁਰੂ ਦੇ ਉਪਦੇਸ਼ ਨੂੰ ਸੁਣਨ ਤੇ ਮੰਨਣ ਦੀ ਮਹਾਨਤਾ ਦਾ ਹੀ ਉਲੇਖ ਕਰ ਰਹੀ ਹੈ, ਬੇਹਤਰ ਹੋਵੇਗਾ ਕਿ ਅਸੀਂ ਪਹਿਲਾਂ ਜਪੁਜੀ ਸਾਹਿਬ ਅੰਦਰ ਆਈਆਂ ਨਾਮ-ਬਾਣੀ ਅਥਵਾ 'ਗੁਰ-ਉਪਦੇਸ਼' ਨੂੰ ਸੁਣਨ ਤੇ ਮੰਨਣ ਦੀ ਮਹਾਨਤਾ' ਨੂੰ ਦਰਸਾਉਂਦੀਆਂ ਅੱਠ ਪਉੜੀਆਂ ਨੂੰ ਵੀ ਵਿਚਾਰ ਲਈਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਥਮ ਬਾਣੀ-ਰਚਨਾ ਰਾਗੁ ਆਸਾ ਵਿਚ 'ਆਸਾ ਮਹਲਾ 1 ਪਟੀ ਲਿਖੀ' ਮੰਨੀ

ਜਾਂਦੀ ਹੈ। ਬਚਪਨ ਵਿਚ ਪਾਂਧੇ ਪਾਸ ਪੜ੍ਹਨ ਗਏ ਹੋਇਆ ਆਪ ਜੀ ਨੇ ਇਹ ਰੱਬੀ ਬਾਣੀ ਉਚਾਰ ਕੇ ਪਾਂਧੇ ਨੂੰ ਹੀ ਅਸਲੀ ਵਿੱਦਿਆ ਦਾ ਸਬਕ ਪੜ੍ਹਾ ਕੇ ਹੈਰਾਨ ਕਰ ਦਿੱਤਾ ਸੀ। ਆਪ ਜੀ ਦੀ ਮੁੱਖ ਬਾਣੀ 'ਜਪੁਜੀ ਸਾਹਿਬ' ਸੁਲਤਾਨਪੁਰ ਲੋਧੀ ਵਿਖੇ ਆਪ ਦੇ ਨਿਵਾਸ ਸਮੇਂ ਦੀ ਮੰਨੀ ਗਈ ਹੈ। ਇਹ ਬਾਣੀ, ਅਤੀ ਸੰਖੇਪ ਤੇ ਵਚਿੱਤਰ ਹੋਣ ਦੇ ਨਾਲ-ਨਾਲ ਸਾਰੀ ਸ੍ਰਿਸ਼ਟੀ ਦੀ ਹੋਂਦ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ ਅਤੇ ਕਰਤਾਪੁਰਖੁ 'ਨਿਰਾਕਾਰ' ਪਾਰਬ੍ਰਹਮ-ਪਰਮੇਸਰ ਦੇ 'ਵਿਰਾਟ ਦਰਸ਼ਨ' ਕਰਵਾਉਂਦੀ ਹੋਈ 'ਜਗਿਆਸੂ' ਨੂੰ ਉਸਦੀ ਅਸਲੀ ਮੰਜ਼ਿਲ 'ਸਚਖੰਡ' ਤੱਕ ਪਹੁੰਚਣ ਦਾ ਸਹੀ ਮਾਰਗ ਦੱਸਦੀ ਹੈ- ਸੱਚੇ ਸਤਿਗੁਰੂ ਦੀ ਚਰਨ-ਸ਼ਰਨ ਵਿਚ ਜਾ ਕੇ, ਉਸ ਪਾਸੋਂ 'ਨਾਮ' ਦਾਨ ਪ੍ਰਾਪਤ ਕਰਨ ਉਪਰੰਤ, ਉਹਦੇ ਹੁਕਮ ਵਿੱਚ ਰਹਿੰਦੇ ਹੋਏ, ਨਿਰੰਤਰ ਪ੍ਰੇਮਾ-ਭਗਤੀ ਸਹਿਤ ਨਾਮ ਸਿਮਰਨ ਕਰਕੇ ਅਕਾਲ ਪੁਰਖ ਨਾਲ ਇੱਕ-ਮਿੱਕ ਹੋ ਜਾਣਾ।

ਜਗਿਆਸੂ ਬਿਰਤੀ ਦੇ ਮਨੁੱਖਾਂ ਵਿੱਚ 'ਉੱਤਮ' ਸ਼੍ਰੇਣੀ 'ਗੁਰ-ਉਪਦੇਸ਼' ਨੂੰ ਸੁਣਦੇ-ਸੁਣਦੇ ਹੀ ਗਿਆਨ ਪ੍ਰਾਪਤ ਕਰਨ ਦੇ ਯੋਗ ਹੁੰਦੀ ਹੈ ਜਦਕਿ 'ਮੱਧਮ'ਸ਼੍ਰੇਣੀ ਦੇ ਲੋਕ ਸੁਣੇ ਹੋਏ ਉਪਦੇਸ਼ ਉੱਪਰ ਹੌਲੀ-ਹੌਲੀ ਅਮਲ ਕਰਦਿਆਂ ਹੋਇਆਂ ਸਮੇਂ ਨਾਲ ਗਹਿਰਾ ਗਿਆਨ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਂਦੇ ਹਨ। ਸਤਿਗੁਰੂ ਨਾਨਕ ਦੇਵ ਜੀ ਦਾ ਵਾਹ ਹਰ ਤਰ੍ਹਾਂ ਦੇ ਲੋਕਾਂ ਨਾਲ ਪਿਆ, ਜਿਨ੍ਹਾਂ ਨਾਲ ਆਪ ਜੀ ਵਿਸ਼ਵ ਦੀ ਅਗੰਮੀ ਸ਼ਕਤੀ 'ਪਾਰਬ੍ਰਹਮ' ਬਾਰੇ ਭਿੰਨ-ਭਿੰਨ ਵਿਚਾਰ ਕਰਦੇ-ਸੁਣਦੇ ਰਹਿੰਦੇ ਸਨ। ਜਪੁਜੀ ਸਾਹਿਬ ਅੰਦਰ ਆਈਆਂ ਉਪਰੋਕਤ 'ਸੁਣਨ' ਨਾਲ ਸੰਬੰਧਤ ਪਉੜੀਆਂ ਅੰਦਰ ਉਨ੍ਹਾਂ ਸੰਵਾਦਾਂ ਉਪਰੰਤ ਆਪਣੇ ਅਨੁਭਵਾਂ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਕੀਤਾ ਹੈ।

ਹੁਣ ਅਸੀਂ, ਇਨ੍ਹਾਂ ਚਾਰੇ ਪਉੜੀਆਂ ਦੀ ਇੱਕ-ਇੱਕ ਤੁਕ ਅੰਦਰ ਵਿਅਕਤ ਕੀਤੇ ਗਏ ਵਿਚਾਰ/ਅਨੁਭਵ ਦੇ ਅਰਥ/ਭਾਵ-ਅਰਥ ਤੱਕ ਪਹੁੰਚਣ ਦਾ ਯਤਨ ਕਰਾਂਗੇ। ਸੁਆਮੀ ਬਲਬੀਰ ਸਿੰਘ ਜੀ ਦੁਆਰਾ ਕੀਤੇ ਗਏ ਜਪੁਜੀ ਸਾਹਿਬ ਦੇ ਟੀਕੇ ਅਨੁਸਾਰ ਇਨ੍ਹਾਂ ਪਉੜੀਆਂ/ਪੰਕਤੀਆਂ ਦੇ ਅਰਥ ਨਿਮਨ-ਲਿਖਿਤ ਕੀਤੇ ਗਏ ਹਨ ਜੋ ਅਸਲੀਅਤ ਦੇ ਅਸਲੋਂ ਕਰੀਬ ਹਨ:

**ਸੁਣਿਐ ਸਿਧ ਪੀਰ ਸੁਰਿ ਨਾਥ॥ –** ਪ੍ਰਮਾਤਮਾ ਦੇ ਨਾਮ ਨੂੰ ਸੁਣ ਕੇ ਸਿੱਧ,ਪੀਰ,ਨਾਥ ਤੇ ਦੇਵਤੇ ਏਨੀ ਉੱਚੀ ਅਵਸਥਾ ਨੂੰ ਪ੍ਰਾਪਤ ਹੋਏ **ਸੁਣਿਐ ਧਰਤਿ ਧਵਲ ਆਕਾਸ॥ –** ਇਨ੍ਹਾਂ ਸਾਰਿਆਂ ਨੂੰ ਧਰਤੀ, ਆਕਾਸ਼, ਪਾਤਾਲ 'ਚ ਨਿਰਾਕਾਰ ਪ੍ਰਭੂ ਦਾ ਹਰ ਥਾਂ ਅਨੁਭਵ ਹੋਣ ਲੱਗਾ। **ਸੁਣਿਐ ਦੀਪ ਲੋਅ ਪਾਤਾਲ॥ –** ਨਿਰੰਕਾਰ ਪ੍ਰਮਾਤਮਾ ਸਭ ਥਾਵਾਂ ਤੇ ਦਸੇ ਦਿਸ਼ਾਵਾਂ ਵਿੱਚ ਵਿਆਪਕ ਤੌਰ ਤੇ ਪਸਰਿਆ ਹੋਇਆ ਹੈ। **ਸੁਣਿਐ ਪੋਹਿ ਨ ਸਕੈ ਕਾਲ॥ –** ਜਿਨ੍ਹਾਂ ਪਿਆਰਿਆਂ ਨੇ ਪ੍ਰਾਣਾਂ ਨਾਲ ਰੋਮ-ਰੋਮ 'ਚੋਂ ਨਾਮ ਸੁਣਿਆ, ਉਹ ਕਾਲ-ਭੈਆ ਤੋਂ ਮੁਕਤ ਹੋ ਗਏ। **ਨਾਨਕ ਭਗਤਾ ਸਦਾ ਵਿਗਾਸ॥ ਸੁਣਿਐ ਦੂਖ ਪਾਪ ਕਾ ਨਾਸ॥8॥ –**

ਗੁਰੂ ਜੀ ਪਾਸ ਜੋ ਵੀ ਜਗਿਆਸੂ ਸਾਧਕ ਆਉਂਦੇ ਸਨ, ਉਪਰੋਕਤ ਅੰਤਿਮ ਪੰਕਤੀ ਉਨ੍ਹਾਂ ਦੇ ਪ੍ਰਸ਼ਨਾਂ ਦਾ ਉੱਤਰ ਹੈ।

**ਪ੍ਰਸ਼ਨ –** ਐਸਾ ਜੋ ਪ੍ਰਮੇਸ਼ਰ ਆਪ ਕਹਿੰਦੇ ਹੋ, ਉਸਦਾ ਨਿਵਾਸ ਕਿੱਥੇ ਹੈ? ਕਿਸ ਜਗ੍ਹਾ ਤੋਂ ਉਸਨੂੰ ਲੱਭਿਆ ਜਾਵੇ?

**ਅਰਥ –** ਗੁਰੂ ਜੀ ਕਹਿੰਦੇ ਹਨ ਕਿ ਜੋ ਲੋਕ ਉਸਦੀ ਭਗਤੀ ਕਰਦੇ ਹਨ, ਉਨ੍ਹਾਂ ਦੇ ਹਿਰਦਿਆਂ ਵਿਚ ਉਹ ਪ੍ਰਮੇਸ਼ਰ ਆਪ ਬਿਰਾਜਮਾਨ ਹੁੰਦਾ ਹੈ ਅਤੇ ਉਨ੍ਹਾਂ ਹੀ ਪਿਆਰਿਆਂ ਤੋਂ ਪ੍ਰਮਾਤਮਾ ਬਾਰੇ ਸੁਣ ਕੇ, ਦੁੱਖ ਅਤੇ ਪਾਪ ਦੂਰ ਹੋ ਜਾਂਦੇ ਹਨ।

**ਸੁਣਿਐ ਈਸਰੁ ਬਰਮਾ ਇੰਦੁ॥**
**ਸੁਣਿਐ ਮੁਖਿ ਸਾਲਾਹਣ ਮੰਦੁ॥**

**ਅਰਥ –** ਪਰਮਾਤਮਾ ਦੇ ਨਾਮ ਨੂੰ ਸੁਣ ਕੇ ਹੀ ਇੰਨੇ ਵੱਡੇ ਸ਼ਿਵ, ਬ੍ਰਹਮਾ ਅਤੇ ਇੰਦਰ ਵਰਗੇ ਦੇਵਤੇ ਬਣ ਗਏ।'ਮੱਧਮ' ਬੁੱਧੀ ਦੇ ਲੋਕਾਂ ਨੇ ਵੀ ਜਦੋਂ ਉਸ ਪ੍ਰਮਾਤਮਾ ਦੇ ਨਾਮ ਨੂੰ ਰੋਮ-ਰੋਮ ਕਰਕੇ ਸੁਣਿਆ ਤਾਂ ਲੋਕਾਂ ਵਿਚ ਉਹਨਾਂ ਦਾ ਵੀ ਜੱਸ ਹੋਣ ਲੱਗਾ।

**ਸੁਣਿਐ ਜੋਗ ਜੁਗਤਿ ਤਨਿ ਭੇਦ॥**
**ਸੁਣਿਐ ਸਾਸਤ ਸਿਮ੍ਰਿਤਿ ਵੇਦ॥**

**ਅਰਥ –** ਨਾਮ ਨੂੰ ਸੁਣਨ ਨਾਲ ਪ੍ਰਮਾਤਮਾ ਦੇ

ਮਿਲਣ ਦੀਆਂ ਸਾਰੀਆਂ ਜੋਗ-ਜੁਗਤੀਆਂ ਅਤੇ ਸਾਡੇ ਸਰੀਰ ਅੰਦਰਲੇ (6) ਚੱਕਰਾਂ ਨੂੰ ਵਿੰਨ੍ਹ ਕੇ ਆਪਣੇ ਧਿਆਨ ਨੂੰ ਦਸਮ ਦੁਆਰ ਵਿੱਚ ਕਿਵੇਂ ਲੈ ਕੇ ਜਾਣਾ ਹੈ- ਇਹ ਸਾਰੀ ਸੋਝੀ ਅੰਦਰੋਂ ਆਪਣੇ ਆਪ ਆ ਜਾਂਦੀ ਹੈ।

ਪ੍ਰਮਾਤਮਾ ਦੇ ਨਾਮ ਨੂੰ 'ਧਿਆਨ ਪੂਰਵਕ' ਸੁਣਨ ਨਾਲ (ਛੇ) ਸ਼ਾਸਤਰ, (ਸਤਾਈ) ਸਿਮ੍ਰਤੀਆਂ ਅਤੇ (ਚਾਰ) ਵੇਦ ਆਦਿਕ ਧਾਰਮਿਕ ਗ੍ਰੰਥਾਂ ਵਿੱਚ ਜੋ ਤੱਤ ਸਿਧਾਂਤ ਲਿਖਿਆ ਹੋਇਆ ਹੈ, ਉਹ ਸਭ ਸਹਿਜੇ ਹੀ ਸਮਝ ਆਉਣ ਲੱਗ ਜਾਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ॥**
**ਸੁਣਿਐ ਦੂਖ ਪਾਪ ਕਾ ਨਾਸੁ॥**

**ਅਰਥ –** ਗੁਰੂ ਜੀ ਕਹਿੰਦੇ ਹਨ ਕਿ ਜੋ ਲੋਕ ਉਸ ਪ੍ਰਭੂ ਦੇ ਪਿਆਰੇ ਹਨ, ਉਨ੍ਹਾਂ ਵਿਚ ਉਸ ਪ੍ਰਭੂ ਦਾ ਵਾਸਾ ਹੁੰਦਾ ਹੈ। ਇਨ੍ਹਾਂ ਪਿਆਰਿਆਂ ਤੋਂ ਪ੍ਰਮੇਸ਼ਰ ਦੇ ਗੁਣਾਂ ਨੂੰ ਸੁਣਨ ਨਾਲ ਦੁੱਖ ਅਤੇ ਪਾਪ ਦੂਰ ਹੋ ਜਾਂਦੇ ਹਨ।

**ਸੁਣਿਐ ਸਤੁ ਸੰਤੋਖੁ ਗਿਆਨੁ॥**
**ਸੁਣਿਐ ਅਠਸਠਿ ਕਾ ਇਸਨਾਨੁ॥**

**ਅਰਥ –** 'ਉੱਤਮ' ਕਿਸਮ ਦੇ ਜਗਿਆਸੂ ਪ੍ਰਮਾਤਮਾ ਦੇ ਨਾਮ ਨੂੰ ਸੁਣਦੇ ਹੀ ਪ੍ਰਮਾਤਮਾ ਵਿੱਚ ਲੀਨ ਹੋ ਗਏ ਜਿਸ ਨਾਲ ਉਹਨਾਂ ਅੰਦਰੋਂ ਸਬਰ-ਸੰਤੋਖ ਜੈਸੇ ਦੈਵੀ ਗੁਣ ਪ੍ਰਗਟ ਹੋ ਗਏ ਅਤੇ ਗੁਣਾਂ ਦੀ ਪ੍ਰਾਪਤੀ ਹੋਣ ਨਾਲ ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਹੋ ਗਈ। ਪ੍ਰਭੂ ਦਾ ਨਾਮ ਸੁਣਨ ਨਾਲ ਉਹ ਲੋਕ ਅਠਾਹਠ ਤੀਰਥਾਂ ਦੀ ਤਰ੍ਹਾਂ ਪਵਿੱਤਰ ਸਮਝੇ ਜਾਣ ਲੱਗੇ।

**ਸੁਣਿਐ ਪੜਿ ਪੜਿ ਪਾਵਹਿ ਮਾਨੁ॥**
**ਸੁਣਿਐ ਲਾਗੈ ਸਹਜਿ ਧਿਆਨੁ॥**

**ਅਰਥ –** ਜੋ ਮਾਣ ਵਡਿਆਈ ਧਾਰਮਿਕ ਗ੍ਰੰਥਾਂ ਦੇ ਪੜ੍ਹਨ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ, ਉੱਤਮ ਜਗਿਆਸੂਆਂ ਨੂੰ ਉਹ ਵਡਿਆਈ ਸਿਰਫ ਪ੍ਰਭੂ ਦਾ ਨਾਮ ਸੁਣਨ ਨਾਲ ਹੀ ਪ੍ਰਾਪਤ ਹੋ ਗਈ ਕਿਉਂਕਿ ਉਨ੍ਹਾਂ ਨੂੰ ਸੁਣ ਕੇ ਦੂਜੇ ਲੋਕ ਵੀ ਸਹਿਜੇ ਹੀ ਧਿਆਨ ਵਿਚ ਜਾਣ ਲੱਗ ਪਏ।

**ਨਾਨਕ ਭਗਤਾ ਸਦਾ ਵਿਗਾਸੁ॥**
**ਸੁਣਿਐ ਦੂਖ ਪਾਪ ਕਾ ਨਾਸੁ॥10॥**

**ਅਰਥ** - ਗੁਰੂ ਜੀ ਕਹਿੰਦੇ ਹਨ, ਐਸਾ ਪ੍ਰਮੇਸ਼ਰ ਸਦਾ ਹੀ ਭਗਤਾਂ ਦੇ ਹਿਰਦੇ ਵਿੱਚ ਪ੍ਰਗਟ ਤੌਰ ਤੇ ਵਸਦਾ ਹੈ, ਜਿਸ ਬਾਰੇ ਉਹਨਾਂ ਗੁਰਮੁਖਾਂ ਤੋਂ ਸੁਣ ਕੇ ਦੁੱਖ ਅਤੇ ਪਾਪ ਦੂਰ ਹੋ ਜਾਂਦੇ ਹਨ।

**ਸੁਣਿਐ ਸਰਾ ਗੁਣਾ ਕੇ ਗਾਹ॥**
**ਸੁਣਿਐ ਸੇਖ ਪੀਰ ਪਾਤਿਸਾਹ॥**

**ਅਰਥ –** ਸ਼ੇਖ ਪੀਰ ਅਤੇ ਬਾਦਸ਼ਾਹ, ਜਿਨ੍ਹਾਂ ਨੇ ਵੀ ਪੂਰੇ ਉਤਸ਼ਾਹ ਅਤੇ ਧਿਆਨ ਨਾਲ ਉਸਨੂੰ ਸੁਣਿਆ, ਸੁਣਦੇ ਸਾਰ ਹੀ ਉਨ੍ਹਾਂ ਨੇ ਸਰਬ ਗੁਣ ਸੰਪੰਨ ਪ੍ਰਮਾਤਮਾ ਨੂੰ ਪ੍ਰਾਪਤ ਕਰ ਲਿਆ।

**ਸੁਣਿਐ ਅੰਧੇ ਪਾਵਹਿ ਰਾਹੁ॥**
**ਸੁਣਿਐ ਹਾਥ ਹੋਵਹਿ ਅਸਗਾਹੁ॥**

**ਅਰਥ –** ਜਿਨ੍ਹਾਂ ਨੂੰ ਸਾਰੇ ਲੋਕ ਅਕਲ ਦੇ ਅੰਨ੍ਹੇ ਕਹਿੰਦੇ ਸਨ, ਪੂਰੀ ਨਿਸ਼ਠਾ ਨਾਲ ਪ੍ਰਮਾਤਮਾ ਦਾ ਨਾਮ ਸੁਣਦੇ ਹੀ ਉਹ ਪ੍ਰਮਾਤਮਾ ਦੇ ਰਸਤੇ ਤੇ ਚੱਲਣ ਲੱਗ ਪਏ। ਉਨ੍ਹਾਂ ਲੋਕਾਂ ਤੋਂ ਵੀ ਉਸ ਪ੍ਰਭੂ ਬਾਰੇ ਸੁਣਿਆ ਹੈ। ਜੋ ਲੋਕ ਤੁਰਤ-ਫੁਰਤ ਹੀ ਸਭ ਕੁਝ ਪ੍ਰਤੱਖ ਸਿੱਧ ਕਰ ਦੇਂਦੇ ਹਨ, ਐਸੇ ਲੋਕਾਂ ਪਾਸੋਂ ਵੀ ਉਸੇ ਪ੍ਰਮਾਤਮਾ ਦੀ ਹੀ ਤਾਰੀਫ ਸੁਣੀ ਹੈ।

**ਨਾਨਕ ਭਗਤਾ ਸਦਾ ਵਿਗਾਸੁ॥**
**ਸੁਣਿਐ ਦੂਖ ਪਾਪ ਕਾ ਨਾਸੁ॥**

**ਅਰਥ –** ਗੁਰੂ ਜੀ ਕਹਿੰਦੇ ਹਨ ਕਿ ਐਸਾ ਪ੍ਰਮੇਸ਼ਰ ਸਦਾ ਹੀ ਭਗਤਾਂ ਦੇ ਮਨਾਂ ਵਿੱਚ ਪ੍ਰਗਟ ਤੌਰ ਤੇ ਵਸਦਾ ਹੈ। ਉਨ੍ਹਾਂ ਭਗਤਾਂ ਪਾਸੋਂ ਜਿਸ ਵੇਲੇ ਉਹਦੇ ਬਾਰੇ ਸੁਣਦੇ ਹਾਂ ਤਾਂ ਸਰੀਰ ਦੇ ਸਾਰੇ ਦੁੱਖ ਤੇ ਮਨ ਵਿਚਲੇ ਪਾਪਾਂ-ਭਰੇ ਖਿਆਲ ਤੁਰੰਤ ਖਤਮ ਹੋ ਜਾਂਦੇ ਹਨ।

ਇਨ੍ਹਾਂ ਚਾਰ ਪਉੜੀਆਂ ਵਿੱਚ ਸੁਣਨ ਦੇ ਮਹਾਤਮ ਨੂੰ ਗੁਰੂ ਜੀ ਨੇ ਵਿਸਥਾਰ ਸਹਿਤ ਵਰਨਣ ਕੀਤਾ ਹੈ। ਮੱਧਮ ਸ਼੍ਰੇਣੀ ਅਥਵਾ ਘੱਟ ਬੁੱਧੀ ਵਾਲੇ ਜਗਿਆਸੂ ਇਹਨਾਂ ਪਉੜੀਆਂ ਦੇ ਭਾਵ ਨੂੰ ਬਾਰ-ਬਾਰ ਸੁਣ ਕੇ, ਪਰਮਾਤਮਾ ਦੇ ਰਸਤੇ ਵੱਲ ਕਦਮ ਪੁੱਟਣਾ ਸ਼ੁਰੂ ਕਰ ਦਿੰਦੇ ਹਨ। ਹੌਲੀ ਹੌਲੀ ਚਲਦੇ ਹੋਏ ਓਨ੍ਹਾਂ ਭਾਵ-ਅਰਥਾਂ ਨੂੰ ਮਨ ਵਿੱਚ ਵਸਾ ਕੇ, ਉਹ ਵੀ ਪ੍ਰਭੂ ਵਿੱਚ ਅਭੇਦ ਹੋ ਜਾਂਦੇ ਹਨ।

ਹੁਣ ਅਸੀਂ 'ਮੰਨੈ' ਅਥਵਾ ਨਾਮ/ਉਪਦੇਸ਼ ਨੂੰ 'ਮੰਨਣ' ਦੇ ਸਿਧਾਂਤ ਨਾਲ ਸੰਬੰਧਤ ਚਾਰ ਪਉੜੀਆਂ ਨੂੰ

ਸਮਝਣ ਦਾ ਯਤਨ ਕਰਦੇ ਹਾਂ। ਗੁਰੂ ਜੀ ਨੇ ਇਸ ਮਹੱਤਵਪੂਰਨ ਸਿਧਾਂਤ ਨੂੰ ਕਾਫੀ ਵਿਸਥਾਰ ਪੂਰਵਕ ਬਿਆਨ ਕੀਤਾ ਹੈ। ਜਦੋਂ ਕਿਸੇ ਵਸਤੂ ਜਾਂ ਪ੍ਰਾਣੀ ਬਾਬਤ ਬਹੁਤ ਸੁਣ ਲਿਆ ਜਾਂਦਾ ਹੈ ਤਾਂ ਸੁਭਾਵਿਕ ਹੀ ਮਨ ਵਿਚ ਉਸਨੂੰ ਮਿਲਣ ਦੀ ਤੜਪ ਪੈਦਾ ਹੋ ਜਾਂਦੀ ਹੈ। ਮਨ ਵਿਚ ਵਾਰ-ਵਾਰ ਓਹੀ ਖਿਆਲ ਆਉਂਦੇ ਰਹਿੰਦੇ ਹਨ। ਉਸਨੂੰ ਪ੍ਰਾਪਤ ਕਰਨ ਵਾਸਤੇ ਸੁਭਾਵਿਕ ਹੀ ਉਸ ਰਸਤੇ ਤੇ ਚੱਲਣਾ ਜ਼ਰੂਰੀ ਹੋ ਜਾਂਦਾ ਹੈ ਜਿਸ ਰਸਤੇ ਨੂੰ ਗੁਰੂ ਜੀ ਨੇ 'ਮੰਨਣਾ' ਕਿਹਾ ਹੈ। ਵਿਚਾਰਕਾਂ ਅਨੁਸਾਰ ਕਿਸੇ ਵਿਧੀ ਨੂੰ, ਮਨ ਵਿੱਚ ਯਾਦ ਰੱਖਣ ਨੂੰ ਹੀ 'ਮੰਨਣ' ਕਿਹਾ ਗਿਆ ਹੈ। ਇਸੇ ਲਈ ਪਹਿਲੀਆਂ ਚਾਰ ਪਉੜੀਆਂ 'ਸੁਣਨ', ਅਗਲੀਆਂ ਚਾਰ 'ਮੰਨਣ' ਤੇ ਉਸ ਤੋਂ ਅਗਲੀਆਂ ਚਾਰ ਪਉੜੀਆਂ ਨੂੰ 'ਨਿਧਿਆਸਣ' ਵਜੋਂ ਦਰਸਾਇਆ ਗਿਆ ਹੈ। ਏਥੇ 'ਨਿਧਿਆਸਣ' ਤੋਂ ਭਾਵ ਹੈ- ਕਿਸੇ ਸੂਤਰ ਨੂੰ ਜੀਵਨ ਵਿਚ ਅਮਲੀ ਰੂਪ ਵਿੱਚ ਉਤਾਰਨਾ। ਜੇ 'ਮੰਨੈ ਦੀਆਂ ਪਉੜੀਆਂ ਨੂੰ ਧਿਆਨ ਨਾਲ ਸਮਝਿਆ ਜਾਵੇ ਤਾਂ 'ਮੰਨਣ' ਤੇ ਨਿਧਿਆਸਣ' ਇੱਕੋ ਸਿੱਕੇ ਦੇ ਦੋ ਪਹਿਲੂ ਨਜ਼ਰ ਆਉਂਦੇ ਹਨ।

'ਮੰਨੈ' ਤੋਂ ਭਾਵ ਉਸ ਸਿਧਾਂਤ ਨੂੰ ਅਮਲੀ ਰੂਪ ਦੇਣ ਦਾ ਨਾਂ ਹੈ। ਤਦੇ ਹੀ ਹਰ ਪਉੜੀ ਦੀ ਆਖਰੀ ਪੰਗਤੀ ਵਿਚ 'ਮੰਨਿ ਜਾਣੈ ਮਨਿ ਕੋਇ' ਤੇ ਜ਼ੋਰ ਦੇ ਕੇ ਇਸ ਨੂੰ ਸਿੱਧ ਕੀਤਾ ਗਿਆ ਹੈ।

**ਮੰਨੇ ਕੀ ਗਤਿ ਕਹੀ ਨ ਜਾਇ॥**
**ਜੇ ਕੋ ਕਹੈ ਪਿਛੈ ਪਛੁਤਾਇ॥**

**ਅਰਥ –** 'ਮੰਨਣ' ਦੀ ਅਵਸਥਾ ਨੂੰ ਬੋਲ ਜਾਂ ਲਿਖ ਕੇ ਨਹੀਂ ਸਮਝਾਇਆ ਜਾ ਸਕਦਾ, ਇਸ ਰਾਹ ਤੇ ਚੱਲ ਕੇ ਹੀ ਸਮਝਿਆ ਜਾ ਸਕਦਾ ਹੈ। ਜੇ ਕੋਈ ਸ਼ਬਦਾਂ ਰਾਹੀਂ ਇਸ ਨੂੰ ਸਮਝਾਉਣ ਦਾ ਯਤਨ ਕਰੇਗਾ ਤਾਂ ਉਸ ਦੇ ਪੱਲੇ ਪਛਤਾਵਾ ਹੀ ਪਵੇਗਾ।

**ਕਾਗਦਿ ਕਲਮ ਨ ਲਿਖਣਹਾਰੁ॥**
**ਮੰਨੇ ਕਾ ਬਹਿ ਕਰਨਿ ਵੀਚਾਰੁ॥**

(ਮੰਨੇ- ਹਿਰਦੇ, ਵੀਚਾਰੁ- ਯਾਦ, ਬਹਿ- ਸਥਿਤ)

**ਅਰਥ** - ਉਸਦੇ ਮਨ ਦੀ ਅੰਦਰੂਨੀ ਅਵਸਥਾ ਨੂੰ ਜਿੰਨਾ ਵੀ ਕਾਗਜ਼ ਉੱਪਰ ਕਲਮ ਰਾਹੀਂ ਲਿਖ ਦਿੱਤਾ ਜਾਵੇ, ਉਸਦੀ ਮਹਿਮਾ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਕਿਉਂਕਿ ਉਹ ਗੁਰਮੁਖ ਉਸ ਪ੍ਰਭੂ ਵਿੱਚ ਮਿਲ ਕੇ, ਉਸਦਾ ਹੀ ਰੂਪ ਹੋ ਚੁੱਕਾ ਹੈ। ਜਿਵੇਂ ਪ੍ਰਮੇਸ਼ਰ ਦੇ ਬਾਰੇ ਲਿਖ-ਲਿਖ ਕੇ ਉਸ ਦੇ ਰੂਪ ਨੂੰ ਵਰਨਣ ਕਰਦੇ ਥੱਕ ਜਾਂਦੇ ਹਾਂ, ਫਿਰ ਵੀ ਉਸ ਬਾਰੇ ਸੰਪੂਰਨ ਤੌਰ ਤੇ ਨਹੀਂ ਲਿਖਿਆ ਜਾ ਸਕਦਾ।

ਅਗਰ ਉਸ ਗੁਰਮੁਖ ਦੀ ਅੰਦਰਲੀ ਅਵਸਥਾ ਨੂੰ ਸਮਝਣਾ ਹੋਵੇ ਤਾਂ ਸਾਨੂੰ ਆਪ ਵੀ ਹਿਰਦੇ ਵਿੱਚ ਪ੍ਰਭੂ ਨੂੰ ਵਸਾ ਕੇ, ਵਾਰ-ਵਾਰ ਅਗੰਮੀ ਸ਼ਕਤੀ ਦੀ ਆਵਾਜ਼ ਵਿੱਚ ਸਥਿਤ ਹੋਣਾ ਪਵੇਗਾ। ਕਾਗਜ਼ਾਂ ਤੇ ਉਸ ਅਵਸਥਾ ਨੂੰ ਲਿਖ ਕੇ ਅਸੀਂ ਬਿਆਨ ਨਹੀਂ ਕਰ ਸਕਦੇ ਅਤੇ ਦੂਜੇ ਨੂੰ ਉਸ ਅਵਸਥਾ ਬਾਬਤ ਨਹੀਂ ਸਮਝਾਇਆ ਜਾ ਸਕਦਾ। ਜਿਵੇਂ ਗੁਰਬਾਣੀ ਵਿੱਚ ਜ਼ਿਕਰ ਹੈ ਕਿ- **ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ॥** ਇਸ ਸ਼ਬਦ ਦਾ **ਭਾਵ** ਇਹ ਹੈ ਕਿ ਮਨ ਦੀ ਹਾਲਤ ਨੂੰ ਮਨ ਹੀ ਜਾਣ ਸਕਦਾ ਹੈ। ਜਿਸਨੇ ਉਸ ਪ੍ਰਮਾਤਮਾ ਨੂੰ ਜਾਣ ਲਿਆ, ਉਸ ਅੱਗੇ ਕੀ ਕਹਿਣਾ? (ਕਹਿਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਕਿਉਂਕਿ ਉਹ ਖੁਦ ਅੰਦਰੋਂ ਪ੍ਰਮਾਤਮਾ ਨੂੰ ਜਾਣਦਾ ਹੈ।)

**ਐਸਾ ਨਾਮੁ ਨਿਰੰਜਨ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥**

(ਮੰਨਿ- ਹਿਰਦੇ, ਮਨਿ- ਵਸਾ ਲਵੇ, ਜਾਣੈ- ਜਾਣ ਲਵੇ)

**ਅਰਥ –** ਉਹ ਨਾਮ ਐਸਾ ਹੈ ਜੇਕਰ ਕਿਸੇ ਨੇ ਆਪਣੇ ਹਿਰਦੇ ਵਿਚ ਵਸਾ ਕੇ ਅਨੁਭਵ ਕਰ ਲਿਆ ਤਾਂ ਉਹ ਵੀ ਨਿਰੰਜਨ (ਬ੍ਰਹਮ) ਹੀ ਹੋ ਹੁੰਦਾ ਹੈ। ਓਹੀ ਗਿਆਨ ਆਪਣਾ/ਨਿੱਜੀ ਹੁੰਦਾ ਹੈ ਜਿਹੜਾ ਜੀਵਨ ਵਿਚ ਘਟਿਆ (ਉਤਰਿਆ) ਹੋਵੇ ਅਤੇ ਉਸ ਗਿਆਨ ਨੂੰ ਆਪਣੇ ਜੀਵਨ ਵਿਚ ਜੀਅ ਕੇ ਦੇਖਿਆ ਹੋਵੇ। ਜਿਨ੍ਹਾਂ ਗੁਰਮੁਖਾਂ ਨੂੰ ਇਸ ਬਾਰੇ ਅਨੁਭਵ ਹੋਇਆ, ਉਨ੍ਹਾਂ ਨੇ ਆਪਣੇ ਅਨੁਭਵ ਨੂੰ ਅੱਖਰਾਂ/ਸ਼ਬਦਾਂ ਵਿੱਚ ਪਰੋ ਕੇ ਗ੍ਰੰਥਾਂ ਵਿੱਚ ਲਿਖ ਦਿੱਤਾ। ਜਿੰਨੀ ਕਿਸੇ ਦੀ ਭਾਸ਼ਾ ਤੇ ਪਕੜ ਸੀ, ਓਨਾ ਹੀ ਉਸਨੇ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪ੍ਰਮੇਸ਼ਰ ਚਿੰਨ੍ਹ ਮਾਤਰ ਰਹਿ ਗਿਆ। ਸਾਰੇ ਧਰਮ ਗ੍ਰੰਥਾਂ ਵਿਚ ਉਸ ਪ੍ਰਮੇਸ਼ਰ ਬਾਬਤ ਇਸ਼ਾਰੇ ਹਨ ਜਿਨ੍ਹਾਂ ਨੂੰ ਸਮਝ ਕੇ ਉਸ ਦਿਸ਼ਾ ਵੱਲ ਜਾਣ ਵਾਸਤੇ ਇਕ ਗਵਾਹੀ ਮਿਲਦੀ ਹੈ ਜੋ ਉਸ

ਰਸਤੇ ਤੇ ਚੱਲਣ ਵੇਲੇ ਬਹੁਤ ਮਦਦ ਕਰਦੀ ਹੈ ਤੇ ਸਾਡਾ ਹੌਸਲਾ ਬਣਾਈ ਰੱਖਦੀ ਹੈ।

**ਮੰਨੈ ਸੁਰਤਿ ਹੋਵੈ ਮਨਿ ਬੁਧਿ॥ –** ਪ੍ਰਭੂ ਨੂੰ ਹਿਰਦੇ ਵਿਚ ਵਸਾ ਲੈਣ ਨਾਲ, ਮਨ ਅਤੇ ਬੁੱਧੀ ਧਿਆਨ ਵਿਚ ਬਦਲ ਜਾਂਦੀਆਂ ਹਨ। ਇਹ ਪੰਗਤੀ ਬਹੁਤ ਹੀ ਗੁੱਝੇ ਭੇਦਾਂ ਨੂੰ ਖੋਲ੍ਹਦੀ ਹੈ। ਵਾਰ-ਵਾਰ ਤੇ ਭਿੰਨ-ਭਿੰਨ ਪ੍ਰਕਾਰ ਦੇ ਫੁਰਨੇ ਉਠਾਉਣਾ ਮਨ ਦਾ ਸੁਭਾਅ ਹੈ ਅਤੇ ਬੁੱਧੀ ਦਾ ਸੁਭਾਅ ਹੈ ਉਨ੍ਹਾਂ ਫੁਰਨਿਆਂ ਨੂੰ ਦੋ ਹਿੱਸਿਆਂ ਵਿਚ ਵੰਡਣਾ- ਸਹੀ ਜਾਂ ਗਲਤ। ਬੁੱਧੀ ਇਸ ਕੰਮ ਨੂੰ ਕੀਤੇ ਬਿਨਾਂ ਨਹੀਂ ਰਹਿੰਦੀ ਅਤੇ ਮਨ ਫੁਰਨਿਆਂ ਤੋਂ ਬਿਨਾਂ ਜ਼ਿੰਦਾ ਨਹੀਂ ਰਹਿੰਦਾ। ਸਾਰੇ ਸੰਸਾਰ ਨੂੰ ਇਹ ਦੋਵੇਂ- ਮਨ ਤੇ ਬੁੱਧੀ ਹੀ ਦੌੜਾਈ ਫਿਰਦੇ ਹਨ। ਜੇਕਰ ਇਨ੍ਹਾਂ ਦੋਹਾਂ ਨੂੰ ਪ੍ਰੇਰਿਤ ਕਰਕੇ ਧਿਆਨ (CONTEMPLATION) ਉੱਤੇ ਕੇਂਦਰਤ ਕਰ ਦਿੱਤਾ ਜਾਵੇ ਤਾਂ ਮਨ ਅਤੇ ਬੁੱਧੀ (MIND and INTELLIGENCE) ਹੌਲੀ-ਹੌਲੀ ਸਾਡੇ ਵੱਸ ਵਿਚ ਆ ਕੇ ਪ੍ਰਭੂ ਦੇ ਧਿਆਨ (ਸੁਰਤਿ/ਲਿਵ ਅਥਵਾ ਸੁਰਤੀ) ਵਿਚ ਹੀ ਮਿਲ ਜਾਂਦੇ ਹਨ। ਇਨ੍ਹਾਂ ਦੇ ਲੀਨ ਹੋਣ ਤੇ ਅੰਦਰੋਂ ਇਕ ਅਨੁਭਵ ਪੈਦਾ ਹੁੰਦਾ ਹੈ ਜਿਸ ਨੂੰ ਵਿਵੇਕ/ਬਿਬੇਕ (INTUITION) ਜਾਂ 'ਸਹਿਜ ਬੋਧ' ਕਹਿੰਦੇ ਹਨ।

**ਮੰਨੈ ਸਗਲ ਭਵਣ ਕੀ ਸੁਧਿ॥ –** ਪ੍ਰਮੇਸ਼ਰ ਨੂੰ ਮਨ ਵਿਚ ਵਸਾਉਣ ਨਾਲ ਸਾਰੇ ਭਵਨਾਂ ਦੀ ਸੋਝੀ ਆ ਜਾਂਦੀ ਹੈ।

ਇੱਥੇ 'ਭਵਣ' ਸ਼ਬਦ ਦਾ ਭਾਵ ਬਹੁਤ ਵਿਸ਼ਾਲ ਤੇ ਗਹਿਰਾ ਹੈ।ਗੁਰੂ ਜੀ ਕਹਿ ਰਹੇ ਹਨ ਕਿ ਜਿਸ ਵਕਤ ਪ੍ਰਮੇਸ਼ਰ ਸਾਡੇ ਹਿਰਦੇ ਵਿਚੋਂ ਪ੍ਰਗਟ ਹੋ ਜਾਂਦਾ ਹੈ ਤਾਂ ਓਦੋਂ ਸਗਲੀ ਧਰਤੀ, ਆਕਾਸ਼, ਜਲ ਥਲ, ਪਰਬਤ, ਸਾਰੀ ਬਨਸਪਤੀ ਤੇ ਸਭ ਜੀਵ-ਜੰਤੂਆਂ ਅੰਦਰ, ਭਾਵ ਕਿ ਸਭਨੀ ਥਾਈਂ, ਉਸ ਨਿਰਾਕਾਰ ਪ੍ਰਭੂ ਦੀ ਮੌਜੂਦਗੀ ਦਾ ਹੀ ਅਨੁਭਵ ਹੁੰਦਾ ਹੈ।

**ਮੰਨੈ ਮੁਹਿ ਚੋਟਾ ਨ ਖਾਇ॥**
**ਮੰਨੈ ਜਮ ਕੈ ਸਾਥਿ ਨ ਜਾਇ॥**

**ਅਰਥ –** ਜਿਸ ਪ੍ਰਾਣੀ ਨੇ ਵੀ ਉਸ ਪ੍ਰਭੂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ, ਉਸ ਨੂੰ ਕਦੇ ਵੀ ਹਾਰ ਨਹੀਂ ਖਾਣੀ ਪਈ ਅਤੇ ਜੋ ਵਿਕਾਰਾਂ ਰੂਪੀ ਜਮ ਹਨ, ਉਨ੍ਹਾਂ ਦੀ ਮਾਰ ਨਹੀਂ ਖਾਣੀ ਪਈ, ਉਨ੍ਹਾਂ ਦੇ ਨਾਲ ਨਹੀਂ ਜਾਣਾ ਪਿਆ।

ਇਨ੍ਹਾਂ ਪੰਗਤੀਆਂ ਵਿਚ ਗੁਰੂ ਜੀ ਨੇ ਦੱਸਿਆ ਹੈ ਕਿ ਸੰਸਾਰ ਵਿਚ ਵਿਚਰਦੇ ਹੋਏ ਸਭ ਲੋਕ ਮਨ ਅਤੇ ਬੁੱਧੀ ਦੇ ਗੁਲਾਮ ਹੋ ਕੇ ਅਸ਼ਾਂਤ ਰਹਿੰਦੇ ਹਨ। ਮਨ 'ਪੰਜ ਗਿਆਨ ਇੰਦਰੀਆਂ' ਤੇ 'ਪੰਜ ਕਰਮ ਇੰਦਰੀਆਂ' ਰਾਹੀਂ ਸਰੀਰ ਨੂੰ ਦੌੜਾਈ ਫਿਰਦਾ ਹੈ।ਸਰੀਰਕ ਵਿਸ਼ਿਆਂ ਨੂੰ ਭੋਗ-ਭੋਗ ਕੇ ਮਨ ਥੱਕ ਜਾਂਦਾ ਹੈ ਤੇ ਪਿੱਛੋਂ ਉਦਾਸ ਹੋ ਕੇ ਪਛਤਾਉਂਦਾ ਹੈ।ਪਰੰਤੂ, ਜਿਨ੍ਹਾਂ ਨੇ ਉਸ ਨਿਰਾਕਾਰ ਹਸਤੀ-ਸ਼ਕਤੀ ਨੂੰ ਜਾਣ ਲਿਆ, ਉਹ ਬੁੱਧੀ ਅਤੇ ਮਨ ਦੇ ਵਿਚਾਰਾਂ-ਫੁਰਨਿਆਂ ਤੋਂ ਉੱਪਰ ਉੱਠ ਗਏ ਅਤੇ ਪਰਮ-ਆਨੰਦ ਵਿਚ ਲੀਨ ਹੋ ਗਏ।

ਦੂਸਰੀ ਪੰਗਤੀ ਦਾ ਭਾਵ ਹੈ ਕਿ ਸਰੀਰ ਦੇ ਸਭ ਵਿਕਾਰ ਜਮਾਂ ਦੇ ਸਮਾਨ/ਤੁੱਲ ਹਨ। ਸਰੀਰ ਨੂੰ ਵਿਕਾਰਾਂ ਨੇ ਹੀ ਪਕੜ-ਜਕੜ ਕੇ ਰੱਖਿਆ ਹੋਇਆ ਹੈ।ਮਨ ਉੱਪਰ ਵਿਕਾਰਾਂ ਦਾ ਸਥਾਈ ਪ੍ਰਭਾਵ ਪੈਣ ਕਰਕੇ, ਇਹ ਵਿਕਾਰ ਅੰਦਰੋਂ ਜਮਾਂ ਦੇ ਰੂਪ ਵਿਚ ਦਿਖਾਈ ਦੇਣਾ ਸ਼ੁਰੂ ਕਰ ਦੇਂਦੇ ਹਨ।ਪਰ ਜਿਸ ਵੇਲੇ ਮਨ ਅਤੇ ਬੁੱਧੀ 'ਧਿਆਨ' ਵਿਚ ਲੀਨ ਹੋ ਜਾਂਦੇ ਹਨ ਤਾਂ ਸਾਰੇ ਵਿਕਾਰਾਂ ਦੀ ਪਕੜ ਛੁੱਟ ਜਾਂਦੀ ਹੈ। ਮਨੁੱਖ ਨਿਰ-ਵਿਕਾਰ ਤੇ ਨਿਰ-ਵਿਚਾਰ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਸਹਿਜ ਅਵਸਥਾ ਵਿਚ ਆਉਣ ਨਾਲ ਜ਼ਿੰਦਗੀ ਜਿਊਣ ਦਾ ਢੰਗ ਆ ਜਾਂਦਾ ਹੈ ਤੇ ਜੀਵਨ ਆਨੰਦ ਤੋਂ ਪਰਮ-ਆਨੰਦ ਵਿਚ ਪ੍ਰਵੇਸ਼ ਕਰ ਜਾਂਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥**

**ਅਰਥ –** ਉਹ ਨਾਮ ਐਸਾ ਹੈ, ਜੇਕਰ ਕਿਸੇ ਨੇ ਆਪਣੇ ਹਿਰਦੇ ਵਿਚ ਵਸਾ ਕੇ ਅਨੁਭਵ ਕਰ ਲਿਆ ਤਾਂ ਉਹ ਵੀ 'ਨਿਰੰਜਨ' ਅਕਾਲ ਪੁਰਖ ਦਾ ਹੀ ਰੂਪ ਹੋ ਜਾਂਦਾ ਹੈ।

**ਮੰਨੈ ਮਾਰਗਿ ਠਾਕ ਨ ਪਾਇ॥**
**ਮੰਨੈ ਪਤਿ ਸਿਉ ਪਰਗਟੁ ਜਾਇ॥**

(ਪਤਿ ਸਿਉ- ਪਤੀ ਪ੍ਰਮੇਸ਼ਰ ਸੰਗ, ਪੂਰੇ ਮਾਣ-ਸਤਿਕਾਰ ਨਾਲ, ਪਰਗਟੁ ਜਾਇ- ਖਾਸ ਜਗ੍ਹਾ, ਰੁਤਬਾ, ਸਿੰਘਾਸਨ)

**ਅਰਥ** – ਪ੍ਰਭੂ ਨੂੰ ਹਿਰਦੇ 'ਚ ਟਿਕਾਉਣ ਨਾਲ,

ਜ਼ਿੰਦਗੀ ਜਿਊਣ ਦੇ ਰਸਤੇ ਵਿਚ ਕੋਈ ਵੀ ਵਿਘਨ ਨਹੀਂ ਪੈਂਦਾ। ਜੋ ਵੀ ਮਨੁੱਖ ਹਿਰਦੇ ਵਿਚ ਨਾਮ ਨੂੰ ਧਾਰ ਲੈਂਦਾ ਹੈ, ਉਸਨੂੰ ਪਤੀ ਪਰਮੇਸ਼ਰ ਨਾਲ ਮਿਲ ਕੇ, ਪ੍ਰਤੱਖ ਰੂਪ ਵਿਚ ਉਸ ਅਵਸਥਾ ਦਾ ਪਤਾ ਲੱਗ ਜਾਂਦਾ ਹੈ।

ਪ੍ਰਭੂ ਨੂੰ ਪ੍ਰਾਪਤ ਕਰਨ ਵਾਸਤੇ ਅਤੀ ਜ਼ਰੂਰੀ ਨਾਮ-ਸਿਮਰਨ ਕਰਨ ਦੇ ਮਾਰਗ ਵਿਚ ਸਭ ਤੋਂ ਵੱਡੀ ਰੁਕਾਵਟ ਸਾਡੇ ਮਨ, ਬੁੱਧੀ ਅਤੇ ਵਿਕਾਰਾਂ ਦੀ ਹੈ। ਧਿਆਨ-ਸਿਮਰਨ ਕਰਦਿਆਂ ਇਹ ਵਿਕਾਰ ਹੀ ਸਾਡੇ ਮਨ ਨੂੰ ਘੁਮਾਉਂਦੇ ਰਹਿੰਦੇ ਹਨ। ਸੈਂਕੜੇ ਕੋਸ਼ਿਸ਼ਾਂ ਦੇ ਬਾਵਜੂਦ ਸਾਡੇ ਮਨ ਅੰਦਰ ਬੜੇ ਵੇਗ ਨਾਲ ਫੁਰਨਿਆਂ ਦੀ ਉਥਲ-ਪੁਥਲ ਜਾਰੀ ਰਹਿੰਦੀ ਹੈ ਜੋ ਸਾਨੂੰ ਪ੍ਰੇਸ਼ਾਨ ਕਰਦੀ ਹੈ। ਵਿਚਾਰਾਂ-ਫੁਰਨਿਆਂ ਨੂੰ ਧੱਕੇ ਨਾਲ ਰੋਕਣ ਕਾਰਨ ਸਾਡੇ ਸ਼ਰੀਰ ਦੀ ਸ਼ਕਤੀ ਖਤਮ ਹੁੰਦੀ ਹੈ ਤੇ ਪਿੱਛੋਂ ਅਸੀਂ ਪਛਤਾਉਂਦੇ ਹਾਂ। ਵਿਚਾਰਾਂ ਦੇ ਉਲਟ ਚੱਲਣ ਦੀ ਥਾਂ ਉਨ੍ਹਾਂ ਦੇ ਸੁਭਾਅ ਨੂੰ ਸਮਝ ਕੇ, ਸੰਜਮ ਅਤੇ ਤਰਤੀਬ ਨਾਲ ਚੱਲਣ ਦੀ ਜ਼ਰੂਰਤ ਹੈ। ਧਰਤੀ ਦੀ ਖਿੱਚ/ਗੁਰਤਾ ਸ਼ਕਤੀ ਦੇ ਵਿਰੁੱਧ ਚੱਲਣ ਵਾਂਗ, ਜ਼ੋਰ ਵੀ ਜ਼ਿਆਦਾ ਲੱਗੇਗਾ ਤੇ ਨੁਕਸਾਨ ਵੀ ਝੱਲਣਾ ਪਵੇਗਾ। ਵਿਚਾਰ ਤੇ ਫੁਰਨੇ ਵਗਦੇ ਪਾਣੀ ਉੱਪਰ ਉੱਠਦੀਆਂ ਲਹਿਰਾਂ ਵਾਂਗ ਹਨ ਜੋ ਆਪੇ ਹੰਭ-ਹੁੱਟ ਕੇ ਖਤਮ ਹੋ ਜਾਣਗੀਆਂ। ਇਨ੍ਹਾਂ ਵਿਰੁੱਧ ਲੜ ਕੇ ਆਪਣੀ ਸ਼ਕਤੀ ਜ਼ਾਇਆ ਨਾ ਕਰੀਏ, ਸਗੋਂ ਸਹਿਜ ਅਵਸਥਾ ਵਿਚ ਵਿਚਰਦੇ ਹੋਏ ਆਪਣੇ ਧਿਆਨ-ਧੁਰੇ ਨਾਲ ਨਿਰੰਤਰ ਜੁੜੇ ਰਹਿਣ ਦਾ ਹੀ ਯਤਨ ਕਰੀਏ। ਮੰਜ਼ਿਲ ਅਵੱਸ਼ ਹੀ ਮਿਲੇਗੀ।

ਸਾਡੀ ਜ਼ਿੰਦਗੀ ਵਾਸਤੇ 'ਆਤਮ-ਗਿਆਨ' ਹੀ ਸਭ ਤੋਂ ਵੱਡੀ ਸ਼ੌਗਾਤ ਹੈ। ਦੂਸਰਿਆਂ ਪਾਸੋਂ ਸਨਮਾਨ ਦੀ ਇੱਛਾ ਰੱਖਣ ਨਾਲੋਂ ਆਤਮ-ਸੰਮਾਨ ਦੀ ਭਾਵਨਾ ਨੂੰ ਕਾਇਮ ਰੱਖਣਾ ਵਧੇਰੇ ਕੀਮਤੀ ਹੁੰਦਾ ਹੈ। ਜੋ ਮਨੁੱਖ ਪਰਮਾਤਮਾ ਵਿਚ ਲੀਨ ਰਹਿੰਦੇ ਹਨ ਉਨ੍ਹਾਂ ਅੰਦਰ ਦੂਸਰਿਆਂ ਪਾਸੋਂ ਆਪਣਾ ਸਨਮਾਨ ਕਰਵਾਉਣ ਦੀ ਇੱਛਾ ਵੀ ਖ਼ਤਮ ਹੋ ਜਾਂਦੀ ਹੈ ਕਿਉਂਕਿ ਇਹ ਵੀ ਤਾਂ ਇਕ ਵਾਸਨਾ ਹੈ। ਵਾਸਨਾਵਾਂ ਤੋਂ ਉਤਾਂਹ ਉੱਠ ਕੇ ਹੀ ਅਸੀਂ ਪ੍ਰਭੂ ਦੀ ਹੋਂਦ ਨੂੰ ਅਨੁਭਵ ਕਰ ਸਕਦੇ ਹਾਂ ਤੇ ਉਹਦਾ ਨਿੱਘ-ਭਰਿਆ ਸੰਗ-ਸਾਥ ਮਾਣ ਸਕਦੇ ਹਾਂ। ਗੁਰਮੁਖ ਸਦਾ ਬੇਪਰਵਾਹ ਰਹਿ ਕੇ ਸੰਸਾਰ ਵਿਚ ਵਿਚਰਦੇ ਹਨ। ਲੋਕ ਅਗਰ ਉਨ੍ਹਾਂ ਨੂੰ ਸਿਰ-ਮੱਥੇ ਤੇ ਬਿਠਾਉਂਦੇ ਹਨ ਤਾਂ ਉਸਨੂੰ ਵੀ ਉਹ ਸਵੀਕਾਰ ਕਰਕੇ, ਲੋਕਾਂ ਦਾ ਸਨਮਾਨ ਕਰਦੇ ਹਨ। ਸਾਰਾ ਸੰਸਾਰ ਗੁਰਮੁਖਾਂ ਦੇ ਨਕਸ਼ੇ-ਕਦਮਾਂ ਤੇ ਚੱਲਦਾ ਹੈ। ਸੰਸਾਰ ਅੰਦਰ ਵੀ ਤੇ ਪ੍ਰਮਾਤਮਾ ਦੇ ਦਰਬਾਰ ਅੰਦਰ ਵੀ ਉਨ੍ਹਾਂ ਦਾ ਰੁਤਬਾ ਸਦਾ ਉੱਚਾ ਤੇ ਮਾਣ-ਸਤਿਕਾਰ ਭਰਪੂਰ ਕਾਇਮ-ਦਾਇਮ ਰਹਿੰਦਾ ਹੈ।

**ਮੰਨੈ ਮਗੁ ਨ ਚਲੈ ਪੰਥੁ॥**
**ਮੰਨੈ ਧਰਮ ਸੇਤੀ ਸਨਬੰਧੁ॥**

**ਅਰਥ –** ਪ੍ਰਭੂ ਨੂੰ ਮਨ ਵਿਚ ਵਸਾਉਣ ਨਾਲ ਜਗਿਆਸੂ ਛੋਟੀਆਂ ਪਗਡੰਡੀਆਂ ਤੇ ਨਹੀਂ ਚਲਦਾ, ਉਹਦੇ ਲਈ ਵੱਡਾ ਰਸਤਾ ਖੁੱਲ੍ਹ ਜਾਂਦਾ ਹੈ। ਉਸ ਦਾ ਧਰਮ ਦੇ ਨਾਲ ਸੰਬੰਧ ਕਾਇਮ ਹੋ ਜਾਂਦਾ ਹੈ।

**ਭਾਵ** –ਅਧਿਆਤਮ ਤੇ ਚੱਲਣ ਵਾਸਤੇ ਅਨੇਕਾਂ ਹੀ ਰਸਤੇ ਹਨ, ਕੁਝ ਲੰਮੇਰੇ, ਕੁਝ ਛੋਟੇ। ਜਿਨ੍ਹਾਂ ਢੰਗਾਂ ਰਾਹੀਂ ਸਾਧਕ ਹੌਲੀ-ਹੌਲੀ ਮੰਜ਼ਿਲ ਵੱਲ ਵਧਦੇ ਹਨ, ਉਨ੍ਹਾਂ ਨੂੰ ਬਾਣੀ ਵਿਚ ਇੱਥੇ 'ਮਗੁ' ਕਿਹਾ ਹੈ। ਪਰ ਕੁਝ ਢੰਗ-ਤਰੀਕੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਕਰਨ ਵਿਚ ਸਮਾਂ ਘੱਟ ਲੱਗਦਾ ਹੈ ਤੇ ਮੰਜ਼ਿਲ ਉੱਤੇ ਬਹੁਤ ਜਲਦੀ ਪਹੁੰਚ ਸਕਦੇ ਹੈ। ਇਸੇ ਰਸਤੇ ਨੂੰ ਹੀ ਗੁਰੂ ਜੀ ਨੇ 'ਪੰਥੁ' ਕਿਹਾ ਹੈ।

ਦੂਸਰੀ ਪੰਗਤੀ ਵਿਚ 'ਧਰਮ' ਸ਼ਬਦ ਤੋਂ ਭਾਵ ਹੈ- ਸੁਭਾਅ ਦਾ ਨਿੱਜ ਸਰੂਪ ਵਿਚ ਸਥਿਤ ਹੋ ਜਾਣਾ। ਗੁਰਬਾਣੀ ਵਿਚ ਗੁਰੂ ਜੀ ਨੇ 'ਧਰਮ' ਨੂੰ ਦੋ ਅਰਥਾਂ ਵਿਚ ਲਿਖਿਆ ਹੈ। ਇਕ ਹੈ 'ਸੁਭਾਅ' ਤੇ ਦੂਜਾ ਹੈ 'ਨਿਯਮ'। ਇਥੇ ਦੂਜੀ ਪੰਗਤੀ ਵਿਚ, 'ਧਰਮ' ਨੂੰ 'ਸੁਭਾਅ' ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਹਰ ਇਕ ਪ੍ਰਾਣੀ ਦਾ ਸੁਭਾਅ ਹੈ- ਜਿਸ ਨਿਰਗੁਣ ਸਰੂਪ ਵਿਚੋਂ ਸਾਰੀ ਸ੍ਰਿਸ਼ਟੀ ਪ੍ਰਗਟ ਹੋਈ ਹੈ, ਮੁੜ ਉਸੇ ਸਰੂਪ ਵਿਚ ਲੀਨ ਹੋਣਾ। ਇਸੇ ਨੂੰ ਧਰਮ ਦਾ ਰਿਸ਼ਤਾ-ਨਾਤਾ ਕਿਹਾ ਹੈ।

**ਐਸਾ ਨਾਮੁ ਨਿਰੰਜਨੁ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥**

**ਅਰਥ –** ਉਹ ਨਾਮ ਐਸਾ ਹੈ ਕਿ ਜੇਕਰ ਕਿਸੇ ਨੇ ਆਪਣੇ ਹਿਰਦੇ ਵਿਚ ਵਸਾ ਕੇ ਅਨੁਭਵ ਕਰ ਲਿਆ ਤਾਂ

ਉਹ ਵੀ 'ਨਿਰੰਜਨੁ' ਅਕਾਲ-ਪੁਰਖ ਦਾ ਹੀ ਰੂਪ ਹੋ ਜਾਂਦਾ ਹੈ।

**ਮੰਨੈ ਪਾਵਹਿ ਮੋਖੁ ਦੁਆਰੁ॥**

**ਅਰਥ –** ਪ੍ਰਮਾਤਮਾ ਵਿਚ ਜਿਸ ਵਿਅਕਤੀ ਨੇ ਆਪਣੇ-ਆਪ ਨੂੰ ਲ਼ੀਨ ਕਰ ਲਿਆ, ਉਸ ਨੂੰ ਮੁਕਤੀ ਦਾ ਦਰਵਾਜ਼ਾ ਮਿਲ ਗਿਆ।

'ਮੋਖੁ' ਮੁਕਤੀ, ਸਵਰਗ, ਨਰਕ, ਸੱਚਖੰਡ, ਰੱਬ, ਬਹਿਸ਼ਤ ਆਦਿਕ ਕਿਸੇ ਸਤਵੇਂ ਅਸਮਾਨ ਤੇ ਹੋਣ ਦੇ ਭੁਲੇਖੇ ਪਾਏ ਗਏ ਹਨ। ਜੋ ਮੁਕਤੀ ਆਮ ਲੋਕਾਂ ਨੇ ਸਮਝ ਰੱਖੀ ਹੈ, ਇਸ ਤਰ੍ਹਾਂ ਦੀ ਨਾ ਹੀ ਕੋਈ ਮੁਕਤੀ ਹੈ ਅਤੇ ਨਾ ਹੀ ਕੋਈ ਰੱਬ। ਇਸੇ ਕਾਰਨ ਕਬੀਰ ਸਾਹਿਬ ਨੇ ਇਸ ਤਰ੍ਹਾਂ ਦੀ ਮੁਕਤੀ ਦਾ ਖੰਡਨ ਕੀਤਾ ਹੈ- **ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ ਭਾਵ–** ਉਹ ਗਿਆਨਵਾਨ ਲੋਕ, ਜਿਨ੍ਹਾਂ ਨੇ ਉਸ ਪ੍ਰਮੇਸ਼ਰ ਦਾ ਅਨੁਭਵ ਕੀਤਾ, ਉਹ ਇਸ ਵਿਚਾਰੀ ਮੁਕਤੀ ਦਾ ਵੀ ਤਿਆਗ ਕਰ ਦਿੰਦੇ ਹਨ। ਇਸੇ ਤਰ੍ਹਾਂ ਭਗਤ ਨਾਮਦੇਵ ਜੀ ਨੇ ਵੀ ਕਿਹਾ ਹੈ- **ਮੂਏ ਹੂਏ ਜਉ ਮੁਕਤਿ ਦੇਹੁਗੇ ਮਕਿਤਿ ਨ ਜਾਨੈ ਕੋਇਲਾ॥** ਭਾਵ- ਮਰਨ ਤੋਂ ਬਾਅਦ ਮਿਲਣ ਵਾਲੀ ਮੁਕਤੀ ਨੂੰ ਮੈਂ ਮੁਕਤੀ ਨਹੀਂ ਸਮਝਦਾ। ਹਰ ਭਗਤ, ਹਰ ਗੁਰੂ-ਪੀਰ ਨੇ ਇਸ ਤਰ੍ਹਾਂ ਦੀ ਮੁਕਤੀ ਦਾ ਖੰਡਨ ਹੀ ਕੀਤਾ ਹੈ। ਅਸਲੀ ਮੁਕਤੀ ਤਾਂ ਉਹ ਹੈ ਜੋ ਜਿਊਂਦੇ-ਜੀਅ ਆਪਣੇ ਰਹਿਬਰ ਦਾ ਹੁਕਮ ਮੰਨਣ ਸਦਕਾ ਉਹਦੀ ਕਿਰਪਾ ਨਾਲ ਸਾਨੂੰ ਪ੍ਰਾਪਤ ਹੋ ਜਾਵੇ- ਆਪਣੇ ਵਿਕਾਰਾਂ ਅਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਅਸਨਾਂ ਤੋਂ ਮੁਕਤੀ।

**ਮੰਨੈ ਪਰਵਾਰੈ ਸਾਧਾਰ॥**

**ਮੰਨੈ ਤਰੈ ਤਾਰੇ ਗੁਰੁ ਸਿਖ॥**

(ਪਰਵਾਰੈ- ਚਾਰ-ਚੁਫੇਰੇ ਵਿਦਮਾਨ/ਬੇਅੰਤ, ਸਾਧਾਰੁ- ਉਸੇ ਪ੍ਰਭੂ ਨੂੰ ਧਾਰਨ ਕਰਕੇ, ਗੁਰੁ-ਸਿਖ- ਸ੍ਰੇਸ਼ਠ ਸਿੱਖਿਆ)

**ਅਰਥ –** ਜਿਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਨਿਰਾਕਾਰ, ਬੇਅੰਤ ਬ੍ਰਹਮ ਨੂੰ ਆਪਣੇ ਹਿਰਦੇ ਵਿਚ ਵਸਾਉਣ ਨਾਲ, ਗੁਰਮੁਖ ਜਗਿਆਸੂ ਉਸ ਪ੍ਰਭੂ ਨੂੰ ਸਭ ਜਗ੍ਹਾ, ਹਰ ਥਾਂ ਅਨੁਭਵ ਕਰਦਾ ਹੈ। ਇਸ ਉੱਤਮ ਸਿਖਿਆ ਨੂੰ ਹਿਰਦੇ ਵਿਚ ਵਸਾ ਕੇ ਪ੍ਰਾਣੀ ਆਪ ਵੀ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਦਿੰਦਾ ਹੈ।

**ਭਾਵ–** ਪੂਰਨ ਗੁਰੂ ਦਾ ਇਹ ਗੁਣ ਹੈ ਕਿ ਉਹਦੀ ਮੌਜੂਦਗੀ ਵਿਚ ਆਪਣੇ ਆਪ ਹੀ ਸਭ ਕੁਝ ਹੋ ਜਾਂਦਾ ਹੈ। ਗੁਰੂ ਦੇ ਆਭਾ-ਮੰਡਲ ਕਾਰਣ ਆਪਣੇ ਆਪ ਹੀ ਬਦਲਾਅ ਹੋਣਾ ਸ਼ੁਰੂ ਹੋ ਜਾਂਦਾ ਹੈ। **'ਸੋਇ ਭੀ ਚੰਦਨ ਹੋਇ ਰਹੈ ਬਸੈ ਜੋ ਚੰਦਨ ਪਾਸ॥'** ਅਨੁਸਾਰ ਗੁਰੂ ਦੀ ਸੰਗਤ ਕਰਦੇ ਜੋ ਸਿੱਖ-ਸੇਵਕ ਹਨ, ਉਨ੍ਹਾਂ ਵਿਚ ਵੀ ਗੁਰੂ ਵਾਲੇ ਗੁਣ ਆਪਣੇ-ਆਪ ਆਉਣਾ ਸ਼ੁਰੂ ਹੋ ਜਾਂਦੇ ਹਨ। ਜਿਨ੍ਹਾਂ ਦਾ ਗੁਰੂ ਪ੍ਰਤੀ ਕੋਈ ਸਮਰਪਣ ਨਹੀਂ, ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ। ਜਦ ਤਕ ਗੁਰੂ ਵਿੱਚ ਗੁਰੂ ਦੀਆਂ ਵਿਸ਼ੇਸ਼ਤਾਵਾਂ ਅਤੇ ਸ਼ਿਸ਼ ਵਿਚ ਸਿੱਖ ਦੇ ਸਾਰੇ ਗੁਣ ਨਹੀਂ ਹੋਣਗੇ, ਤਦ ਤਕ ਇਹ ਘਟਨਾ ਘੱਟ ਨਹੀਂ ਸਕਦੀ।

**ਮੰਨੈ ਨਾਨਕ ਭਵਹਿ ਨ ਭਿਖ॥**

**ਅਰਥ –** ਐਸਾ ਮਨੁੱਖ ਜੋ ਮਨ ਕਰਕੇ ਪ੍ਰਭੂ ਨਾਲ ਇੱਕ-ਮਿੱਕ ਅਥਵਾ ਲੀਨ ਹੈ, ਉਸ ਨੂੰ ਭਿਖਾਰੀਆਂ ਦੀ ਤਰ੍ਹਾਂ ਭਟਕਣਾ ਨਹੀਂ ਪੈਂਦਾ।

**ਭਾਵ** - ਐਸਾ ਨਹੀਂ ਕਿ ਜੋ ਰੱਬ ਵਿਚ ਲੀਨ ਹੋ ਗਿਆ, ਉਹ ਆਰਥਿਕ ਪੱਖੋਂ ਅਮੀਰ ਹੋ ਜਾਵੇਗਾ। ਗੁਰੂ ਜੀ ਦੇ ਇਸ ਕਥਨ ਦਾ ਭਾਵ ਇਹ ਹੈ ਕਿ ਪ੍ਰਭੂ ਦਾ ਪਿਆਰਾ ਦੂਸਰੇ ਲੋਕਾਂ ਦੀ ਤਰ੍ਹਾਂ ਆਪਣੀਆਂ ਇੱਛਾਵਾਂ ਦੀ ਪੂਰਤੀ ਵਾਸਤੇ ਏਧਰ-ਓਧਰ ਨਹੀਂ ਭਟਕਦਾ, ਵਾਸ਼ਨਾਵਾਂ ਪਿੱਛੇ ਨਹੀਂ ਦੌੜਦਾ। ਰੱਬ ਦੇ ਪਿਆਰੇ ਲੋਕ ਬਹੁਤ ਮਿਹਨਤੀ ਅਤੇ ਦੂਰ-ਅੰਦੇਸ਼ੀ ਹੁੰਦੇ ਹਨ। ਜ਼ਿੰਦਗੀ, ਚੀਜ਼ਾਂ-ਵਸਤਾਂ ਅਤੇ ਦੁਨੀਆਂ ਨੂੰ ਸਮਝਣ-ਦੇਖਣ ਦਾ ਨਜ਼ਰੀਆ ਇਨ੍ਹਾਂ ਲੋਕਾਂ ਦਾ ਆਮ ਲੋਕਾਂ ਨਾਲੋਂ ਅਲੱਗ ਤੇ ਵਿਚਿੱਤਰ ਹੁੰਦਾ ਹੈ। ਅਜਿਹਾ ਇਕ ਵਿਚਿੱਤਰ ਨਜ਼ਰੀਆ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਹੋਏ ਨਿਮਨ-ਲਿਖਿਤ ਸ਼ਬਦ ਵਿਚ ਸਪਸ਼ਟ ਪ੍ਰਗਟ ਕੀਤਾ ਗਿਆ ਹੈ:-

**ਭਸਤਾ ਤੂਟੀ ਝੁੰਪੜੀ ਚੀਰ ਸਭ ਛਿੰਨਾ॥**
**ਜਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥**
**ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ॥**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥**

**ਭਾਵ**- ਅਤਿ ਮਾੜੇ ਹਾਲਾਤ ਵਿਚ ਵੀ, ਇਕ ਰੱਬ ਦਾ ਪਿਆਰਾ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ ਕਿਉਂਕਿ ਉਹ

ਪ੍ਰਭੂ ਦੇ ਨਾਮ ਵਿਚ ਭਿੱਜਾ ਹੋਇਆ ਹੈ, ਖੁਸ਼ ਹੈ, ਨਿਸ਼ਚਿੰਤ ਹੈ ਤੇ ਆਪਣੇ ਪ੍ਰੀਤਮ ਦੀ ਰਜ਼ਾ ਵਿਚ ਰਾਜ਼ੀ ਹੈ- **ਜਿਉ ਤੂ ਰਖੈ ਰਖਾਵੈ ਸੁਆਮੀ ਸਾ ਮਸਲਤਿ ਪ੍ਰਵਾਣ॥** ਗੁਰੂ ਗੋਬਿੰਦ ਸਿੰਘ ਜੀ ਹਰ ਦੁਨਿਆਵੀ ਦੌਲਤ, ਸ਼ਾਨੋ-ਸ਼ੌਕਤ ਤੇ ਆਪਣੇ ਸਾਰੇ ਪਰਿਵਾਰ ਤੋਂ ਵੰਚਿਤ ਹੋ ਜਾਣ ਪਿੱਛੋਂ ਮਾਛੀਵਾੜੇ ਦੇ ਜੰਗਲ ਵਿਚ ਇਕੱਲੇ ਕਹਿਰੇ ਫਕੀਰਾਂ ਦੀ ਹਾਲਤ ਵਿਚ ਪਹੁੰਚਣ ਉਪਰੰਤ ਵੀ ਆਪਣੇ ਪ੍ਰੀਤਮ-ਪਿਆਰੇ ਅਕਾਲ-ਪੁਰਖ ਨੂੰ ਹੀ ਯਾਦ ਕਰਦੇ ਹਨ।

**ਐਸਾ ਨਾਮੁ ਨਿਰੰਜਨੁ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥**

**ਅਰਥ-** ਉਹ ਨਾਮ ਅਜਿਹਾ ਹੈ ਜੇਕਰ ਕਿਸੇ ਨੇ ਆਪਣੇ ਹਿਰਦੇ ਵਿਚ ਵਸਾ ਕੇ ਅਨੁਭਵ ਕਰ ਲਿਆ ਤਾਂ ਉਹ ਵੀ ਅਕਾਲ ਪੁਰਖ ਦਾ ਹੀ ਰੂਪ ਹੋ ਜਾਂਦਾ ਹੈ।

ਪ੍ਰਮੇਸ਼ਰ ਦੇ ਨਾਮ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਹਰ ਜਗਿਆਸੂ ਪਾਰਬ੍ਰਹਮ ਵਿਚ ਮਿਲ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਬ੍ਰਹਿਮੰਡ ਅੰਦਰ ਸਭ ਤਰ੍ਹਾਂ ਦੇ ਜੀਵ, ਪ੍ਰਾਣੀ, ਵਸਤੂਆਂ ਆਦਿ ਉਸੇ ਪ੍ਰਭੂ ਵਿਚ ਹੀ ਸਥਿਤ ਹਨ। ਕਿਉਂਕਿ ਪ੍ਰਭੂ ਦੀ ਨਿਰਗੁਣ ਜੋਤ ਸਭ ਜਗ੍ਹਾ ਅਤੇ ਸਭਨਾਂ ਵਿਚ ਬਿਰਾਜਮਾਨ ਹੈ, ਇਸ ਲਈ ਹਿਰਦਾ ਸ਼ੁਧ ਹੋਣ ਉਪਰੰਤ ਮਨ ਅੰਦਰ ਜਦੋਂ ਇਸ ਤਰ੍ਹਾਂ ਦ੍ਰਿੜ੍ਹ ਨਿਸ਼ਚਾ ਹੋ ਜਾਂਦਾ ਹੈ ਤਾਂ ਰੱਬੀ ਅਨੁਭਵ ਦੀ ਅੰਦਰੋਂ ਝਲਕ ਆਉਣੀ ਸ਼ੁਰੂ ਹੋ ਜਾਂਦੀ ਹੈ। ਸਭ ਗੁਰਮੁਖ ਇਸੇ ਸਥਿਤੀ ਵਿਚ ਵਿਚਰਦੇ ਹਨ। ਇਸ ਵਾਸਤੇ ਹੀ 'ਮੰਨੈ' ਦੀ ਹਰ ਇਕ ਪਉੜੀ ਦੇ ਅਖੀਰ ਵਿਚ "ਜੇ ਕੋ ਮੰਨਿ ਜਾਣੈ ਮਨਿ ਕੋਇ" ਵਾਰ-ਵਾਰ ਦੁਹਰਾਇਆ ਗਿਆ ਹੈ। 'ਮੰਨਿ' ਸ਼ਬਦ ਦਾ ਅਰਥ ਹੀ ਇਹੋ ਹੈ ਕਿ ਪ੍ਰਮੇਸ਼ਰ ਦੇ ਨਾਮ ਨੂੰ ਹਿਰਦੇ ਅੰਦਰ 'ਪ੍ਰਪੱਕ' ਕਰ ਲਿਆ ਜਾਵੇ ਤਾਂਕਿ ਜਗਿਆਸੂ ਆਪਣੇ ਜੀਵ ਭਾਵ ਨੂੰ ਛੱਡ ਕੇ, ਪ੍ਰਮਾਤਮਾ ਦੀ ਝਲਕ ਪ੍ਰਾਪਤ ਕਰਕੇ ਸਹਿਜੇ-ਸਹਿਜ ਉਸੇ ਵਿਚ ਲੀਨ ਹੋ ਜਾਵੇ।

ਹੁਣ ਅਸੀਂ ਹਥਲੇ ਲੇਖ ਦੇ ਸਿਰਲੇਖ ਵਾਲੇ ਸ਼ਬਦ ਵੱਲ ਪਰਤਦੇ ਹਾਂ। ਇਸ ਸ਼ਬਦ ਨੂੰ ਵੀ ਜਪੁਜੀ ਸਾਹਿਬ ਵਿਚਲੀਆਂ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਦੀ ਉਪਰੋਕਤ ਕੀਤੀ ਵਿਆਖਿਆ ਦੀ ਰੌਸ਼ਨੀ ਵਿਚ ਸਮਝਣਾ ਸਹਿਜ ਤੇ ਆਸਾਨ ਹੋਵੇਗਾ।

**ਸਭ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥**

ਕਿਉਂਕਿ ਇਹ ਸ਼ਬਦ ਵੀ ਜਪੁਜੀ ਸਾਹਿਬ ਵਾਂਗ ਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਰਚਨਾ ਹੀ ਹੈ, ਇਸਨੂੰ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਅੰਦਰ ਬਿਆਨ ਕੀਤੇ ਗਏ ਅਨੁਭਵਾਂ ਦਾ ਹੋਰ ਵਧੇਰੇ ਖੁਲਾਸਾ ਅਥਵਾ 'ਪਸਾਰ' ਹੀ ਸਮਝਿਆ ਜਾਣਾ ਚਾਹੀਦਾ ਹੈ। ਛੱਤੀ ਪ੍ਰਕਾਰ ਦੇ ਭੋਜਨ ਛਕਣ, ਬਹੁਤ ਕੀਮਤੀ ਤੇ ਰੰਗ-ਬੇਰੰਗੇ ਵਸਤਰ ਪਹਿਨਣ ਅਤੇ ਕੋਮਲ ਕਲਾਵਾਂ ਰਾਹੀਂ ਪ੍ਰਸਤੁਤ ਕੀਤੀਆਂ ਕਲਾ-ਕ੍ਰਿਤੀਆਂ ਦਾ ਲੁਤਫ ਉਠਾਉਣ ਦਾ ਸਿੱਧਾ ਸੰਬੰਧ ਰਸਾਂ ਨਾਲ ਤੇ ਉਨ੍ਹਾਂ ਰਸਾਂ ਤੋਂ ਪੈਦਾ ਹੋਏ ਅਨੰਦ ਨਾਲ ਹੁੰਦਾ ਹੈ। ਇਸੇ ਤਰ੍ਹਾਂ ਸਾਧੂ-ਸੰਤਾਂ, ਭਗਤਾਂ ਤੇ ਗੁਰੂਆਂ ਦੇ ਨਾਮ-ਬਾਣੀ ਨਾਲ ਲਬਰੇਜ਼ ਉਪਦੇਸ਼ ਵੀ ਸਾਨੂੰ ਕਈ ਤਰ੍ਹਾਂ ਦੇ ਵਿਚਿੱਤਰ ਰਸ ਅਤੇ ਅਨੰਦ ਦਿੰਦੇ ਹਨ ਜਿਨ੍ਹਾਂ ਦੀ ਵਿਭੂਤੀ ਸਾਨੂੰ ਉਚੇਰੇ ਅਧਿਆਤਮਿਕ ਮੰਡਲਾਂ ਵਿਚ ਲੈ ਜਾਂਦੀ ਹੈ ਤੇ ਸਦੀਵੀ ਆਨੰਦ ਪ੍ਰਦਾਨ ਕਰਦੀ ਹੈ। ਵਿਚਾਰ-ਅਧੀਨ ਸ਼ਬਦ ਰਾਹੀਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਪਾਸੋਂ ਸੁਣੇ ਗਏ ਨਾਮ-ਬਾਣੀ ਦੇ ਪਵਿੱਤਰ ਉਪਦੇਸ਼ ਸਲੂਣੇ ਅਥਵਾ ਨਮਕੀਨ ਭੋਜਨ ਦੀ ਨਿਆਈਂ ਸਾਨੂੰ ਇਤਨਾ ਤ੍ਰਿਪਤ ਕਰ ਦੇਂਦੇ ਹਨ ਕਿ ਸਾਡੀ ਸਦੀਆਂ ਦੀ ਭੁੱਖ ਮਿਟ ਜਾਂਦੀ ਹੈ ਤੇ ਭਵਿੱਖ ਦੀਆਂ ਭੁੱਖਾਂ ਵੀ ਅਲੋਪ ਹੋ ਜਾਂਦੀਆਂ ਹਨ। ਜੇਕਰ ਅਸੀਂ ਸਤਿਗੁਰੂ ਵੱਲੋਂ ਬਖਸ਼ੇ 'ਸਤਿ ਉਪਦੇਸ਼' ਰੂਪੀ ਭੋਜਨ ਨੂੰ ਮਿੱਠਾ ਕਰਕੇ ਭੁੰਚਣ ਅਥਵਾ ਮੰਨਣ ਦੀ ਵਧੀਆ ਆਦਤ ਅਥਵਾ ਸੁਭਾਅ ਬਣਾ ਲਈਏ ਤਾਂ ਰੋਜ਼-ਰੋਜ਼ ਮਿੱਠੇ ਭੋਜਨ ਛਕਣ ਦੀ ਤ੍ਰਿਸ਼ਨਾ ਹੀ ਮਿਟ ਜਾਂਦੀ ਹੈ। ਸਦੀਵੀ ਸੱਚ ਨੂੰ ਵਾਰ-ਵਾਰ ਸੁਣਨ ਤੇ ਮਾਨਣ ਦੇ ਰਸਾਂ ਸਾਹਵੇਂ ਨਮਕੀਨ ਤੇ ਮਿੱਠੇ ਰਸਾਂ ਵਾਲੇ ਸਭ ਭੋਜਨ ਵੀ ਫਿੱਕੇ ਪੈ ਜਾਂਦੇ ਹਨ।

**ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥**

(ਖਟ- ਖੱਟੇ, ਤੁਰਸੀ- ਮਿਰਚ ਦੀ ਤਰ੍ਹਾਂ ਤਿੱਖੇ-ਕੌੜੇ, ਮੁਖਿ ਬੋਲਣਾ- ਮੂੰਹੋਂ ਨਿਕਲੇ ਬੋਲ, ਮਾਰਣ- ਕੀਮਤੀ ਧਾਤਾਂ ਨੂੰ ਕੁਸ਼ਤਾ ਕਰਨ ਵਾਸਤੇ ਵਰਤੀ ਜਾਂਦੀ ਵਸਤੂ ਅਥਵਾ ਉਹ 'ਮਸਾਲਾ' ਜੋ ਕਿਸੇ ਸਖਤ ਚੀਜ਼ ਨੂੰ ਪਕਾਉਣ ਸਮੇਂ ਗਾਲ ਦੇਂਦਾ ਹੈ, ਨਾਦ- ਸੰਗੀਤ)

**ਬਾਕੀ ਸਫ਼ਾ ਨੰ 117'ਤੇ**

# ਬੀਤੇ ਵਰ੍ਹੇ ਦੀਆਂ ਘਟਨਾਵਾਂ ਵੱਲ ਪੰਛੀ ਝਾਤ




ਗੁਰਦੇਵ ਸਿੰਘ ਚੀਮਾ
ਵਿੱਦਿਅਕ ਜਥੇ ਦੇ ਪ੍ਰਧਾਨ
9417715380


ਸ੍ਰੀ ਸਤਿਗੁਰੂ ਜੀ ਦੀ ਯੋਗ ਰਹਿਨੁਮਾਈ ਅਧੀਨ ਨਾਮਧਾਰੀ ਪੰਥ ਨੇ ਬੀਤੇ ਵਰ੍ਹੇ ਅੰਦਰ ਹਰ ਪੱਖ ਤੋਂ ਉੱਨਤੀ ਕੀਤੀ ਹੈ। ਪਿਛਲੇ ਸਾਲ ਕਈ ਇਤਿਹਾਸਕ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਜ਼ਿਕਰ ਇਸ ਲੇਖ ਵਿੱਚ ਕੀਤਾ ਜਾ ਰਿਹਾ ਹੈ। ਇਨ੍ਹਾਂ ਸਰਗਰਮੀਆਂ ਨੂੰ ਸਿਲਸੇਵਾਰ ਲਿਖਣ ਦਾ ਯਤਨ ਕਰ ਰਹੇ ਹਾਂ।

ਨਾਮ ਸਿਮਰਨ- ਨਾਮਧਾਰੀ ਦਾ ਅਰਥ ਹੀ 'ਨਾਮ ਨੂੰ ਧਾਰਨ ਵਾਲੇ' ਤੋਂ ਹੈ। ਗੁਰਸਿਖੀ ਵਿੱਚ 'ਨਾਮ' ਮੁੱਢਲਾ ਅਸੂਲ ਹੈ। ਆਦਿ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਵਿੱਚ 'ਨਾਮ' ਦੀ ਬੇਅੰਤ ਸਿਫ਼ਤ ਕੀਤੀ ਹੈ। ਗੁਰੂ ਨਾਨਕ ਦੇਵ ਜੀ ਇਸ ਧਰਤੀ 'ਤੇ ਆਏ ਮਨੁੱਖਾਂ ਦੇ ਬਾਕੀ ਸਾਰੇ ਕੰਮਾਂ ਨੂੰ ਵਿਅਰਥ ਦੱਸਦੇ ਹੋਏ ਕਹਿੰਦੇ ਹਨ ਸਿਰਫ਼ 'ਨਾਮ' ਹੀ ਤੇਰਾ ਅਸਲੀ ਮਕਸਦ ਹੈ-

ਭਈ ਪਰਾਪਤਿ ਮਨੁਖ ਦੇਹੁਰੀਆ
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ
ਅਵਰਿ ਕਾਜ ਤੇਰੈ ਕਿਤੈ ਨ ਕਾਮ
ਮਿਲ ਸਾਧ ਸੰਗਤਿ ਭਜੁ ਕੇਵਲ ਨਾਮ।

ਇਸ ਕਰਕੇ ਆਪਣੇ-ਆਪਣੇ ਸਮੇਂ ਵਿੱਚ ਹਰ ਗੁਰੂ ਸਾਹਿਬਾਨ ਨੇ ਜੋਰ ਦੇ ਕੇ ਸਿੱਖਾਂ ਤੋਂ ਨਾਮ ਜਪਵਾਇਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਾਮ ਜਪਣ ਵਾਲੇ ਮਨ ਰੂਪੀ ਸ਼ੀਸ਼ੇ ਨੂੰ ਸਾਫ਼ ਕਰਨ ਲਈ ਸਿੱਖ ਸੰਗਤਾਂ ਨੂੰ ਬਾਰ-ਬਾਰ ਉਪਦੇਸ਼ ਦਿੱਤਾ ਕਿ ਉਹ ਕੁਝ ਸਮਾਂ ਬਿਲਕੁੱਲ ਅਡੋਲ ਹੋ ਕੇ ਬੈਠਣ। ਸਵਾਸਾਂ ਰਾਹੀਂ ਨਾਮ ਜੱਪਣ ਦਾ ਅਭਿਆਸ ਕਰਨ। ਸਾਰੀ ਸੰਗਤ ਵੱਡਿਆਂ ਮੇਲਿਆਂ ਜਾਂ ਹਰੀ ਮੰਦਰ ਨਾਮ

ਸਿਮਰਨ ਦੌਰਾਨ ਪਹਿਲਾਂ ਅੱਧਾ ਘੰਟਾ ਚੁੱਪ ਬੈਠ ਅੰਤਰ ਸਮਾਧੀ ਲੀਨ ਹੁੰਦੀ ਹੈ ਇਸ ਕ੍ਰਿਆ ਨੂੰ ਸਤਿਗੁਰੂ ਜੀ ਨੇ ਪਿਛਲੇ ਸਮੇਂ ਤੋਂ ਕਾਫੀ ਦ੍ਰਿੜਾਇਆ ਹੈ। ਇਸ ਨਾਲ ਨਾਮ ਸਿਮਰਨ ਅੰਦਰ ਬੈਠਣ ਵਾਲਿਆ ਦੇ ਮਨਾਂ ਅੰਦਰ ਇਕ ਟਿਕਾਅ ਤੇ ਸਹਿਜ ਉਤਪਨ ਹੋਇਆ ਹੈ। ਨਾਮ ਸਿਮਰਨ ਦੀ ਹੋਰ ਕ੍ਰਿਆਵਾਂ ਤੋਂ ਜਾਣੂ ਕਰਵਾਉਣ ਲਈ ਸੰਤ ਬਲਵੀਰ ਸਿੰਘ ਦੇ ਕੈਂਪ ਵੀ ਸ੍ਰੀ ਭੈਣੀ ਸਾਹਿਬ ਲੱਗੇ ਹਨ।

**ਕੀਰਤਨ 10 ਸੰਗੀਤਕ ਮੁਕਾਬਲੇ**- ਰਬਾਬ ਦੀ ਸੁਰ ਨਾਲ ਹੀ ਗੁਰਬਾਣੀ ਦੀ ਆਮਦ ਇਸ ਧਰਤੀ 'ਤੇ ਹੋਈ। ਕਹਿੰਦੇ ਹਨ ਰੱਬ ਦਾ ਆਹਾਰ ਵੀ ਰਾਗ ਹੈ। ਸਾਰੀ ਗੁਰਬਾਣੀ ਰਾਗ ਬੱਧ ਹੈ ਇਸ ਕਰਕੇ ਕੀਰਤਨ ਦਾ ਦਰਜਾ ਸਿੱਖ ਧਰਮ ਵਿੱਚ ਬਹੁਤ ਉੱਚਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਲਾਸੀਕਲ ਸੰਗੀਤ ਅਤੇ ਗੁਰਮਤਿ ਸੰਗੀਤ ਨੂੰ ਇਕ ਬਿੰਦੂ 'ਤੇ ਮਿਲਾਇਆ। ਇਹ ਬਿੰਦੂ ਖੁਦ ਸਤਿਗੁਰੂ ਜਗਜੀਤ ਸਿੰਘ ਜੀ ਸਨ। ਆਪ ਨੇ ਨਾਮਧਾਰੀ ਸਿਖਿਆਰਥੀਆਂ ਨੂੰ ਭਾਰਤ ਦੇ ਨਾਮਵਰ ਉਸਤਾਦਾਂ ਕੋਲ ਸੰਗੀਤ ਸਿੱਖਣ ਭੇਜਿਆ। ਉਹਨਾਂ ਦੇ ਕੀਤੇ ਯਤਨਾਂ ਸਦਕਾ ਅੱਜ ਨਾਮਧਾਰੀ ਗੁਰਮਤਿ ਸੰਗੀਤ ਬਹੁਤ ਅਮੀਰ ਹੈ। ਇਸ ਨੂੰ ਹੋਰ ਵੀ ਵਿਸਾਹ ਅਤੇ ਚਮਕਾਉਣ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੱਤਪਰ ਹਨ। ਆਪ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ 'ਤੇ ਸੰਗੀਤ ਸੰਮੇਲਨ ਆਰੰਭ ਕੀਤੇ ਜੋ ਹਰ ਸਾਲ ਨਵੰਬਰ ਮਹੀਨੇ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸੰਗੀਤ ਦਾ ਮਹਾਕੁੰਭ ਹੁੰਦਾ ਹੈ। ਜਿਸ ਵਿੱਚ ਦੁਨਿਆਂ ਭਰ ਦੇ ਨਾਮ ਵਰ ਕਲਾਕਾਰ ਆਪਣੀ ਕਲਾਕਾਰੀ ਪੇਸ਼ ਕਰਦੇ ਹਨ। ਇਸ ਨਾਲ ਹੀ ਪਿਛਲੇ ਦੋ ਸਾਲਾਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਮੁਕਾਬਲੇ ਹੋ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਭਾਰਤ ਦੀਆਂ ਸਾਰੀਆਂ ਸਟੇਟਾਂ ਵਿਚੋਂ ਸਾਸਤਰੀ ਸੰਗੀਤ ਦੇ ਵਿਦਿਆਰਥੀ ਭਾਗ ਲੈਂਦੇ ਹਨ ਫਾਈਨਲ ਮੁਕਾਬਲੇ ਤੋਂ ਪਹਿਲਾਂ ਇਹ ਆਡੀਸ਼ਨ ਮੁਕਾਬਲੇ ਕੱਲਕੱਤੇ, ਪੂਨੇ, ਮੁੰਬਈ, ਦਿੱਲੀ ਆਦਿ ਸ਼ਹਿਰਾ ਵਿੱਚ ਹੁੰਦੇ ਹਨ। ਇਸ ਮੁਕਾਬਲੇ ਵਿੱਚ ਸਤਿਗੁਰੂ ਜੀ ਵੱਲੋਂ ਲੱਖਾਂ ਦੇ ਇਨਾਮ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਲਈ ਦਿੱਤੇ ਜਾਂਦੇ ਹਨ।

**ਸਰਬ ਧਰਮ ਸੰਮੇਲਨਾਂ ਦੀ ਲੜੀ**- ਜਿਵੇਂ ਮਨੁੱਖੀ ਹਉਮੈ ਦਾ ਪਸਾਰਾ ਵੱਧ ਰਿਹਾ ਹੈ ਧਰਤੀ 'ਤੇ ਸਭ ਤਰ੍ਹਾਂ ਦਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਆਪਸੀ ਵੈਰ-ਵਿਰੋਧ, ਈਰਖਾ ਜਿਥੇ ਰਾਜਨੀਤਿਕ ਲੋਕਾਂ ਅੰਦਰ ਪੈਰ ਜਮਾ ਚੁੱਕੀ ਹੈ। ਓਥੇ ਧਾਰਮਿਕ ਲੋਕ ਵੀ ਇਸ ਤੋਂ ਸੱਖਣੇ ਨਹੀਂ ਰਹੇ। ਧਰਮ ਦੇ ਨਾਂ ਉੱਤੇ ਹੋਣ ਵਾਲੇ ਦੰਗੇ, ਹੱਤਿਆਵਾਂ, ਬੇਅਦਬੀਆਂ ਵਿੱਚ ਦੋਸ਼ੀ ਦੂਜੇ ਧਰਮ ਵਾਲੇ ਨੂੰ ਸਮਝਿਆ ਜਾ ਠਹਿਰਾਇਆ ਜਾਂਦਾ ਹੈ। ਮਨੁੱਖੀ ਮਨ ਅੱਜ ਕਈ ਸੰਕਟਾਂ ਕਾਰਨ ਅਸਮੰਜਸ ਅਤੇ ਭਟਕਣ ਵਿੱਚ ਹੈ। ਸੰਸਾਰ ਨੂੰ ਸ਼ਾਂਤੀ ਦਾ ਉਪਦੇਸ਼ ਦੇਣਾ ਗੁਰੂ ਨਾਨਕ ਦੇ ਘਰ ਦਾ ਮੁੱਖ ਫ਼ਰਜ ਹੈ ਇਸ ਫ਼ਰਜ ਨੂੰ ਨਿਭਾਉਂਦੇ ਹੋਏ ਸਤਿਗੁਰੂ ਉਦੇ ਸਿੰਘ ਜੀ ਨੇ ਪਹਿਲਾ 2023 ਦੇ ਹੋਲੇ 'ਤੇ ਸਰਬ ਧਰਮ ਸੰਮੇਲਨ ਕੀਤਾ ਫਿਰ ਅਸਟ੍ਰੇਲੀਆ, ਇੰਗਲੈਂਡ, ਕਨੈਡਾ ਅਤੇ 2024 ਦੇ ਅੱਸੂ ਦੇ ਮੇਲੇ 'ਤੇ ਸ੍ਰੀ ਭੈਣੀ ਸਾਹਿਬ ਦੁਬਾਰਾ ਵੱਖ-ਵੱਖ ਧਰਮਾਂ ਦੇ ਮੁਖੀਆਂ ਨੂੰ ਬੁਲਾਇਆ। ਸੰਸਾਰ ਭਰ ਵਿੱਚ ਜੋ ਬਦਅਮਨੀ ਦਾ ਮਾਹੌਲ ਹੈ ਅਤੇ ਧਾਰਮਿਕ ਲੋਕਾਂ ਦੇ ਬਣਦੇ ਫਰਜਾਂ 'ਤੇ ਵਿਚਾਰ ਚਰਚਾ ਹੋਈ। ਸਤਿਗੁਰੂ ਜੀ ਲਗਾਤਾਰ ਇਸ ਕਾਰਜ ਲਈ ਯਤਨਸ਼ੀਲ ਹਨ ਕਿ ਧਾਰਮਿਕ ਮੁਖੀ ਆਪਣੇ ਨਾਲ ਜੁੜੀਆਂ ਸੰਗਤਾਂ ਨੂੰ ਇਹ ਸਦ ਉਪਦੇਸ਼ ਦੇਣ ਕਿ ਕੋਈ ਕਿਸੇ ਦੀ ਨਿੰਦਿਆ ਨਾ ਕਰੇ। ਆਪ ਜੀ ਪਿਆਰ ਮੁਹੱਬਤ ਦਾ ਸੰਦੇਸ਼ ਹੀ ਅਸਲ ਪ੍ਰਚਾਰ ਹੈ।

**ਧਾਰਮਿਕ ਅਸਥਾਨਾਂ ਦੀ ਯਾਤਰਾ**- ਸ੍ਰੀ ਸਤਿਗੁਰੂ ਜੀ ਨੇ ਬੀਤੇ ਵਰ੍ਹੇ ਪੁਰਾਤਨ ਗੁਰੂ ਧਾਮਾਂ ਦੇ ਦਰਸ਼ਨ ਸੰਗਤ ਸਮੇਤ ਜਾ ਕੀਤੇ। ਆਪ ਜੀ ਨੇ ਦਿੱਲੀ ਰਕਾਬ ਗੰਜ, ਬੰਗਲਾ ਸਾਹਿਬ ਗੁਰਦੁਆਰੇ ਸੰਗਤ ਸਮੇਤ ਪੁੱਜੇ। ਜਿਥੇ ਪ੍ਰਬੰਧਕਾਂ ਨੇ ਆਪ "ਜੀ ਆਇਆ" ਕਹਿਆ। ਇਸ ਤਰ੍ਹਾਂ ਹੀ ਆਪ ਜੀ 18 ਦਸੰਬਰ 2024 ਨੂੰ ਨਾਦੇੜ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਛੁਹ ਪ੍ਰਾਪਤ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਪਹੁੰਚੇ। ਜਿਥੇ ਆਪ ਜੀ ਨੇ ਤਖਤ ਸਾਹਿਬ ਤੇ ਸਸਤਰਾਂ ਦੇ ਦਰਸ਼ਨ ਕੀਤੇ ਅਤੇ ਹੋਰ ਨਜਦੀਕ ਗੁਰਦੁਆਰਿਆਂ ਵਿੱਚ ਮਗੀਨਾਘਾਟ, ਬੰਦਾ ਘਾਟ, ਸ਼ਿਕਾਰ ਘਾਟ, ਹੀਰਾ ਘਾਟ, ਮਾਲ ਟੇਕੜੀ ਸਾਹਿਬ ਵੀ ਦਰਸ਼ਨ ਦੀਦਾਰੇ ਕੀਤੇ।

ਭਗਤ ਨਾਮ ਦੇਵ ਜੀ ਦੇ ਜਨਮ ਅਸਥਾਨ ਨਰਸੀ ਅਤੇ ਔਂਡਾ ਨਾਗਨਾਥ ਵੀ ਗਏ। ਜਿਥੇ ਉਨ੍ਹਾਂ ਨੇ ਸ਼ਿਵ ਮੰਦਰ ਦਾ ਮੂੰਹ ਬਦਲ ਦਿੱਤਾ ਸੀ ਜਿਸ ਦਾ ਜ਼ਿਕਰ ਗੁਰਬਾਣੀ ਵਿੱਚ ਵੀ ਹੈ।

**ਗੁਰਬਾਣੀ ਪਾਠ–** 17 ਨਵੰਬਰ ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਗਿਆਰਾਂ ਹਜ਼ਾਰ ਸਹਿਜ ਪਾਠ ਦੇ ਭੋਗ ਪਾਏ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਹੋ ਰਹੇ ਸਵਾ ਲੱਖ ਪਾਠਾਂ ਦੀ ਛੇਵੀਂ ਲੜੀ ਦੇ ਪਹਿਲੇ ਗਿਆਰਾਂ ਹਜਾਰ ਪਾਠ ਹਨ। ਨਾਮਧਾਰੀ ਪੰਥ ਨੂੰ ਘਰ ਪ੍ਰਤੀ ਇਕ ਪਾਠ ਆਦਿ ਜਾਂ ਦਸਮ ਗ੍ਰੰਥ ਸਾਹਿਬ ਦੇ ਕਰਨ ਦਾ ਹੁਕਮ ਹੈ। ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰੇ ਪੰਥ ਨੂੰ ਗੁਰਬਾਣੀ ਨਾਲ ਜੋੜਿਆ ਹੋਇਆ ਹੈ। 1 ਮਾਰਚ ਤੋਂ 9 ਮਾਰਚ 2025 ਈ. ਵਿੱਚ ਸ੍ਰੀ ਭੈਣੀ ਸਾਹਿਬ ਅਖੰਡ ਪਾਠ ਲੜੀ ਚਲੀ ਜਿਸ ਵਿੱਚ 101 ਅਖੰਡ ਪਾਠ ਕੀਤੇ ਗਏ ਅਤੇ ਇਸਤਰੀਆਂ ਨੇ ਸਹਿਜ ਪਾਠ ਕੀਤੇ।

**ਯਾਦਗਾਰੀ ਸਿੱਕਾ ਜਾਰੀ–** ਸਤਿਗੁਰੂ ਰਾਮ ਸਿੰਘ ਜੀ ਦੇ 200 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 200 ਰੁਪਏ ਦਾ ਯਾਦਗਾਰੀ ਸਿੱਕਾ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਪਿਛਲੇ ਸਾਲ ਜਾਰੀ ਕੀਤਾ ਗਿਆ ਇਸ ਦੇ ਨਾਲ ਹੀ 10 ਰੁਪਏ ਦਾ ਚਲਨ ਸਿੱਕਾ ਜਾਰੀ ਹੋਇਆ। ਭਾਰਤ ਸਰਕਾਰ ਦੀ ਵਿਦੇਸ਼ ਮੰਤਰੀ ਸ੍ਰੀਮਤੀ ਮੀਨਾਕਸ਼ੀ ਲੇਖੀ ਨੇ ਇਹ ਸਤਿਗੁਰੂ ਉਦੇ ਸਿੰਘ ਜੀ ਨੂੰ ਇਹ ਦੋਵੇਂ ਯਾਦਗਾਰੀ ਸਿੱਕੇ ਭੇਟ ਕੀਤੇ। ਇਹ ਇਕ ਵੱਡਾ ਕਾਰਜ ਸੰਪੰਨ ਹੋਇਆ।

**ਨਾਮਧਾਰੀ ਦਰਬਾਰ ਦੇ ਨਵੇਂ ਪ੍ਰਧਾਨ–** 31 ਦਸੰਬਰ ਹੰਸਪਾਲ ਜੀ ਦੇ ਭੋਗ ਸਮਾਗਮ ਵਾਲੇ ਦਿਨ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੂੰ ਬਣਾਇਆ।

**ਨਵੀਆਂ ਉਸਾਰੀਆਂ–** ਨਾਮਧਾਰੀ ਸਮਾਗਮ ਵਿੱਚ ਲੁਧਿਆਣੇ ਦੇ ਸਮਾਗਮ ਦੀ ਨਵੀਂ ਦਿੱਖ ਦਾ ਉਦਘਾਟਨ ਪਿਛਲੇ ਵਰ੍ਹੇ ਵਿੱਚ ਹੋਇਆ ਅਕਾਲ ਬੁੰਗੇ ਦੀ ਨਵੀਂ ਉਸਾਰੀ ਹੋਈ ਅਤੇ ਹੋਰ ਕਈ ਧਰਮਸ਼ਾਲਾ ਵਿੱਚ ਨਵੀਆਂ ਇਮਾਰਤਾ ਬਣੀਆ।

.........................................................

## ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ

**ਅਰਥ** - ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਆਪਣੇ ਮੂੰਹੋਂ ਖੱਟੇ, ਤਿੱਖੇ ਤੇ ਕੌੜੇ ਬੋਲ ਬੋਲਣੇ ਸੋਨੇ ਉੱਪਰ ਸੁਹਾਗਾ ਧੂੜਨ ਦੇ ਤੁੱਲ ਹੁੰਦਾ ਹੈ ਜੋ ਸੋਨੇ ਵਰਗੀ ਕੀਮਤੀ ਵਸਤੂ ਦੇ ਬਣੇ ਹੋਏ ਸੁੰਦਰ ਗਹਿਣੇ ਨੂੰ ਵੀ ਗਾਲ ਕੇ ਰੱਖ ਦੇਂਦਾ ਹੈ ਪਰ ਸੁਹਣੇ, ਸਨਿਮਰ, ਕੀਮਤੀ ਬੋਲਾਂ ਅੰਦਰਲੀ ਮਿਠਾਸ ਉਨ੍ਹਾਂ ਬੋਲਾਂ ਨੂੰ ਕੁਸ਼ਤੇ ਵਰਗੀ, ਸੇਵਨ ਕਰਨ ਦੇ ਯੋਗ, ਤਾਕਤ ਤੇ ਹੌਸਲਾ ਪ੍ਰਦਾਨ ਕਰਨ ਵਾਲੀ ਵਸਤੂ ਬਣਾ ਦੇਂਦੀ ਹੈ। ਏਨਾ ਹੀ ਨਹੀਂ, ਮਿੱਠੀ ਬੋਲ-ਬਾਣੀ, ਸੁਣਨ ਵਾਲੇ ਦੀ ਧੁਰ ਰੂਹ ਤਕ ਸਰਸ਼ਾਰ ਤੇ ਪ੍ਰਸੰਨ ਕਰਨ ਵਾਲਾ ਸੰਗੀਤ ਬਣ ਕੇ ਬਹੁੜਦੀ ਹੈ। **ਛਤੀਹ ਅੰਮ੍ਰਿਤ ਭਾਉ ਏਕ ਜਾ ਕਉ ਨਦਰਿ ਕਰੇਇ॥** (ਭਾਉ- ਪ੍ਰੇਮ, ਨਦਰਿ- ਦੈਵੀ ਕਿਰਪਾ, ਇਲਾਹੀ ਮਿਹਰ)

**ਅਰਥ –** ਪ੍ਰਮਾਤਮਾ ਨੂੰ ਪ੍ਰੇਮ ਕਰਨ ਵਾਲੇ ਜਿਸ ਵੀ ਵਿਅਕਤੀ ਅਥਵਾ ਜੀਵ ਉੱਪਰ ਸਤਿਗੁਰੂ-ਪ੍ਰਮੇਸ਼ਰ ਦੀ ਦੈਵੀ ਕਿਰਪਾ ਹੋ ਜਾਏ, ਉਸਨੂੰ ਛੱਤੀ ਪ੍ਰਕਾਰ ਦੇ (ਅਨੇਕ ਭਾਂਤ ਦੇ) ਅੰਮ੍ਰਿਤ ਸਹਿਜੇ ਹੀ ਅਥਵਾ ਸੁੱਤੇ-ਸਿੱਧ ਹੀ ਪ੍ਰਾਪਤ ਹੋ ਜਾਂਦੇ ਹਨ ਜਿਸਦੀ ਬਦੌਲਤ ਉਹ ਜੀਵ ਪ੍ਰਭੂ ਵਿਚ ਲੀਨ ਹੋ ਕੇ ਸਦਾ ਵਾਸਤੇ ਅਮਰ ਹੋ ਜਾਂਦਾ ਹੈ।

ਤਿੰਨ ਤੁਕਾਂ ਵਾਲੇ ਇਸ ਸ਼ਬਦ ਵਿਚ ਅਸਲੀ ਰਸ, ਪ੍ਰਭੂ-ਪ੍ਰੇਮ ਦੇ ਰਸ, ਦੀ ਵਿਆਖਿਆ ਕੀਤੀ ਗਈ ਹੈ ਜਿਸਨੂੰ ਚੱਖੇ-ਅਪਨਾਏ ਬਿਨਾਂ ਨਾ ਤਾਂ ਪ੍ਰਮਾਤਮਾ ਵਿਚ ਲੀਨ ਹੋਇਆ ਜਾ ਸਕਦਾ ਹੈ ਤੇ ਨਾ ਹੀ ਜਨਮ-ਮਰਨ ਦੇ ਗੇੜ 'ਚੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ। 'ਸੁਣਨ' ਤੇ 'ਮੰਨਣ' ਵਾਲੀਆਂ ਪਉੜੀਆਂ ਦੇ ਠੀਕ ਅਨੁਕੂਲ ਹੀ, ਇਸ ਸ਼ਬਦ ਰਾਹੀਂ, ਹੋਰ ਵਿਸਥਾਰ ਸਹਿਤ, ਗੁਰੂ ਨਾਨਕ ਦੇਵ ਜੀ ਨੇ ਜਗਿਆਸੂ ਨੂੰ ਪੁਰਜ਼ੋਰ ਸਮਝਾਉਣ ਦਾ ਯਤਨ ਕੀਤਾ ਹੈ ਕਿ ਸਾਡੇ ਮਨੁੱਖਾ ਜੀਵਨ ਦਾ ਮੁੱਖ ਤੇ ਅਸਲੀ ਮੰਤਵ ਪ੍ਰੇਮਾ-ਭਗਤੀ ਦੁਆਰਾ ਪ੍ਰਮਾਤਮਾ ਦਾ ਨਾਮੁ ਜਪ ਕੇ, ਪ੍ਰਭੂ ਵਿਚ ਲੀਨ ਰਹਿਣਾ ਤੇ ਵਿਲੀਨ ਹੋਣਾ ਹੀ ਹੈ। ਭਗਤ ਰਵਿਦਾਸ ਜੀ ਨੇ ਵੀ ਕਿਹਾ ਹੈ- **ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥** ਅਤੇ ਗੁਰੂ ਜੀ ਨੇ ਵੀ ਗੁਰਬਾਣੀ ਅੰਦਰ ਇਕ ਥਾਂ ਕਿਹਾ ਹੈ-

**ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖੁ॥**

# ਸੰਗੀਤ ਅਤੇ ਨਾਮਧਾਰੀ ਸਤਿਗੁਰਾਂ ਦੀ ਦੇਣ




ਗਗਨ ਕੌਰ
ਸਕਾਲਰ


ਸੰਗੀਤ ਅਤੇ ਮਨੁੱਖ ਦਾ ਬਹੁਤ ਗਹਿਰਾ ਸੰਬੰਧ ਹੈ। ਸੰਗੀਤ ਇੱਕ ਅਜਿਹੀ ਕਲਾ ਹੈ ਜਿਸ ਦੇ ਪ੍ਰਵਾਹ ਨਾਲ ਮਨੁੱਖ ਹੀ ਨਹੀਂ ਜਾਨਵਰ ਵੀ ਆਪਣੀ ਪ੍ਰਵਿਰਤੀ ਭੁੱਲ ਜਾਂਦੇ ਹਨ। ਜਿਸ ਦਾ ਪ੍ਰਚਾਰ ਪੁਰਾਤਨ ਸਮੇਂ ਤੋਂ ਹੀ ਹੁੰਦਾ ਆ ਰਿਹਾ ਹੈ ਅਤੇ ਸੰਗੀਤ ਕਲਾ ਨੂੰ ਪ੍ਰਭੂ ਅਰਾਧਨਾ ਨਾਲ ਪ੍ਰਭੂ ਪ੍ਰਾਪਤੀ ਲਈ ਕੀਰਤਨ ਦੇ ਰੂਪ ਵਿੱਚ ਵਰਤਿਆ ਜਾਂਦਾ ਰਿਹਾ ਹੈ। ਜਿਸ ਦਾ ਅਸਰ ਸ਼੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਰਹਿਣ ਵਾਲੇ ਹਰ ਗੁਰਸਿੱਖ ਉੱਪਰ ਵੇਖਿਆ ਜਾ ਸਕਦਾ ਹੈ। ਜਿੰਨਾਂ ਉਪਰ ਸਤਿਗੁਰਾਂ ਦੀ ਬਖਸ਼ਿਸ ਪੀੜੀ ਦਰ ਪੀੜੀ ਹੀ ਚਲੀ ਆ ਰਹੀ ਹੈ। ਨਾਮਧਾਰੀ ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਸ਼ਾਸਤਰੀ ਸੰਗੀਤ ਸਿੱਖਾਂ ਦੇ ਰਗ-ਰਗ ਵਿੱਚ ਵੱਸ ਚੁੱਕਾ ਹੈ।

"ਵਿਦਵਾਨਾਂ ਨੇ ਸੰਗੀਤ ਦੇ ਸੰਬੰਧ ਵਿੱਚ ਬਹੁਤ ਸਾਰੀਆਂ ਗੱਲਾਂ ਦੱਸੀਆਂ ਹਨ। ਇਸ ਲਈ ਠੀਕ ਹੈ ਕਿ ਸੰਗੀਤ ਨੂੰ ਫਰਿਸ਼ਤਿਆਂ ਦੀ ਭਾਸ਼ਾ ਕਿਹਾ ਹੈ। (Music is well said to be the speech of angels)"[1]

ਸੰਗੀਤ ਪ੍ਰਮਾਤਮਾ ਦੀ ਦਿੱਤੀ ਹੋਈ ਅਮੁੱਲੀ ਦਾਤ ਹੈ ਸਵਰ ਸੰਗੀਤ ਦੀ ਆਤਮਾ ਹੈ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਇੱਕੋ ਇੱਕ ਸਾਧਨ ਹੈ। ਜਿਸ ਨੂੰ ਆਤਮਾ ਅਤੇ ਪ੍ਰਮਾਤਮਾ ਦਾ ਮੇਲ ਕਿਹਾ ਜਾਂਦਾ ਹੈ। ਸੰਗੀਤ ਮਨੁੱਖੀ ਭਾਵਨਾਵਾਂ ਨੂੰ ਪੇਸ਼ ਕਰਨ ਦਾ ਵਧੀਆ ਸਾਧਨ ਹੈ। ਜਿਸ ਨੂੰ ਵੀ ਸੰਗੀਤ ਨਾਲ ਪਿਆਰ ਹੈ ਕਲਾਕਾਰ, ਸੰਗੀਤਕਾਰ ਜਾਂ ਕਲਾਪ੍ਰੇਮੀ ਜਿਸ ਦੇ ਮਨ ਅਤੇ ਆਤਮਾ ਦੇ ਸਾਗਰ ਵਿੱਚ ਸੰਗੀਤ ਦੀਆਂ ਲਹਿਰਾਂ ਨਿੱਤ ਪ੍ਰਤੀਦਿਨ ਟਕਰਾਉਦੀਆਂ

ਰਹਿੰਦੀਆਂ ਹਨ। ਉਸ ਦਾ ਮਨ ਅਤੇ ਆਤਮਾ ਹਮੇਸ਼ਾਂ ਖੁਸ਼ੀ ਨਾਲ ਝੂਮਦੇ ਰਹਿਦੇ ਹਨ ਅਤੇ ਚਹਿਰੇ ਤੇ ਚਮਕ ਦਿਖਾਈ ਦਿੰਦੀ ਹੈ।

ਜਿਸ ਦੀ ਝਲਕ ਸ਼੍ਰੀ ਭੈਣੀ ਸਾਹਿਬ ਰਹਿਣ ਵਾਲੇ ਹਰ ਗੁਰਸਿੱਖ ਦੇ ਚਿਹਰੇ ਤੇ ਵੇਖੀ ਜਾ ਸਕਦੀ ਹੈ। ਕਿਸੇ ਵੀ ਕਲਾ ਦਾ ਮੁੱਖ ਉਦੇਸ਼ ਮਨੁੱਖ ਦੇ ਸੰਸਕਾਰਾਂ ਨੂੰ ਉਜਾਗਰ ਕਰਨਾ ਹੁੰਦਾ ਹੈ। ਸੰਗੀਤ ਦਾ ਸੰਬੰਧ ਸਾਡੇ ਅੰਤਰਮਨ ਨਾਲ ਹੈ ਜਿਸ ਦੇ ਨਾਲ ਸ਼ਰੀਰਕ ਕਿਰਿਆਵਾਂ ਦਾ ਸੰਬੰਧ ਵੀ ਜੁੜਿਆ ਹੋਇਆ ਹੈ। ਜਿਵੇਂ ਸੰਗੀਤ ਸ਼ਰੀਰਕ ਸੰਤੁਲਨ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮਾਸਪੇਸ਼ੀਆਂ ਦੀ ਸ਼ਕਤੀ ਨੂੰ ਘਟਾਉਂਦਾ ਵਧਾਉਂਦਾ ਹੈ। ਜਿਸ ਨਾਲ ਮਨੁੱਖ ਦੇ ਮਾਨਸਿਕ ਵਿਕਾਰ ਦੂਰ ਹੁੰਦੇ ਹਨ ਅਤੇ ਮਨ ਸ਼ਾਤ ਰਹਿੰਦਾ ਹੈ।

"ਚਿਕਿਸਤਾ ਸ਼ਾਸ਼ਤਰੀਆਂ ਅਨੁਸਾਰ ਇਹ ਸੰਗੀਤ ਸਰੀਰਕ ਤੰਦਰੁਸਤੀ ਲਈ ਵੀ ਲਾਭਦਾਇਕ ਸਿੱਧ ਹੋ ਰਿਹਾ ਹੈ। ਇਹਨਾਂ ਕਾਰਨਾਂ ਕਰਕੇ ਹੀ ਅੱਜ ਦਾ ਸੰਗੀਤ ਇੱਕ ਉਪਚਾਰ ਦੀ ਪੱਧਤੀ ਬਣ ਗਿਆ ਹੈ। ਜਿਸ ਨੂੰ (Music Thearapy) ਦਾ ਨਾਮ ਦਿੱਤਾ ਗਿਆ ਹੈ। ਜਿਸ ਦਾ ਪ੍ਰਚਲਨ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਅਨੇਕਾਂ ਅਜਿਹੇ ਰਾਗ ਪ੍ਰਚਲਿਤ ਹਨ ਜਿੰਨਾਂ ਨੂੰ ਮਾਨਸਿਕ ਸ਼ਕਤੀ ਅਤੇ ਅਰੋਗਤਾ ਦੇ ਲਈ ਵਰਤਿਆ ਜਾ ਰਿਹਾ ਹੈ।"[2]

ਸੰਗੀਤ ਦੇ ਅਨੇਕਾਂ ਰੂਪ ਦੇਖਣ ਨੂੰ ਮਿਲਦੇ ਹਨ ਪ੍ਰੰਤੂ ਸ਼ਾਸਤਰੀ ਸੰਗੀਤ ਨੂੰ ਹੀ ਸਰਵ ਸ੍ਰੇਸ਼ਟ ਮੰਨਿਆ ਗਿਆ ਹੈ। ਪੰਜਾਬ ਦੇ ਲੁਧਿਆਣਾ ਸ਼ਹਿਰ ਵਿੱਚ ਸਥਿਤ ਸ਼੍ਰੀ ਭੈਣੀ ਸਾਹਿਬ ਵਿਖੇ ਸ਼ਾਸਤਰੀ ਸੰਗੀਤ ਦਾ ਪ੍ਰਵਾਹ ਗੁਰਬਾਣੀ ਦੇ ਰੂਪ ਵਿੱਚ ਨਿਰੰਤਰ ਵੇਖਿਆ ਜਾ ਸਕਦਾ ਹੈ। ਜਿਸ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਹੀ ਸਫਲ ਮੰਨਿਆ ਗਿਆ ਹੈ। ਸਤਿਗੁਰ ਜੀ ਨੇ ਸ਼ਾਸਤਰੀ ਸੰਗੀਤ ਨੂੰ ਬੁਲੰਦੀਆ ਤੱਕ ਪਹੁੰਚਾਇਆਂ ਅਤੇ ਅਨੇਕਾਂ ਹੀ ਅਜਿਹੇ ਕਲਾਕਾਰ ਪੈਦਾ ਕੀਤੇ ਜੋ ਸ਼ਾਸਤਰੀ ਸੰਗੀਤ ਦੇ ਨਾਲ-ਨਾਲ ਤੰਤੀ ਸ਼ਾਜਾਂ ਨੂੰ ਵਜਾਉਣ ਦਾ ਹੁਨਰ ਵੀ ਰੱਖਦੇ ਹਨ।

"ਸਤਿਗੁਰ ਜਗਜੀਤ ਸਿੰਘ ਜੀ ਨੇ ਵੀ ਸੰਗੀਤ ਦੀ ਸਿੱਖਿਆ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਸਥਿਤ ਸੰਗੀਤ ਵਿਦਿਆਲਿਆ ਵਿੱਚ ਰਹਿੰਦੇ ਹੋਏ ਪ੍ਰਾਪਤ ਕੀਤੀ। ਜਿੰਨਾਂ ਦੇ ਪਹਿਲੇ ਅਧਿਆਪਕ ਭਾਈ ਸਾਹਿਬ ਹਰਨਾਮ ਸਿੰਘ ਜੀ ਸਨ। ਜਿਸ ਪਿਛੋਂ ਰਾਮਪੁਰ (ਪਟਿਆਲਾ) ਦੇ ਉਸਤਾਦ ਸ਼੍ਰੀ ਉਧੇਖਾਨ ਜੀ ਨੂੰ ਨਿਯੁਕਤ ਕੀਤਾ ਗਿਆ।"[3]

"ਸਤਿਗੁਰ ਜਗਜੀਤ ਸਿੰਘ ਜੀ ਨੇ 1958 ਈ: ਵਿੱਚ ਗੁਰਗੱਦੀ ਤੇ ਬੈਠਦੇ ਹੀ ਕਰਮ-ਧਰਮ ਦੇ ਵਿਸਥਾਰ ਦੇ ਲਈ ਸ਼੍ਰੀ ਭੈਣੀ ਸਾਹਿਬ (ਜਿਲ੍ਹਾ ਲੁਧਿਆਣਾ) ਅਤੇ ਸ਼੍ਰੀ ਜੀਵਨ ਨਗਰ (ਜਿਲ੍ਹਾ-ਸਰਸਾ) ਵਿਖੇ ਪਾਠ-ਸਿਮਰਨ ਦੁਗਣਾ ਕਰ ਦਿੱਤਾ ਅਤੇ ਭਜਨ-ਬੰਦਗੀ, ਪਾਠ ਭਗੌਤੀ ਦੇ ਸਿਮਰਨ ਨੂੰ ਦੁਗਣਾ ਕਰ 'ਵਾਹਿਗੁਰੂ' ਦੇ ਮੰਤਰ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ।"[4]

ਸਿੱਖਾਂ ਵਿੱਚ ਗੁਰਮਤਿ ਸੰਗੀਤ ਖ਼ਤਮ ਹੁੰਦਾ ਦੇਖ ਸਤਿਗੁਰ ਜੀ ਨੇ ਦੇਸ਼ ਦੇ ਵੱਡੇ-ਵੱਡੇ ਕਲਾਕਾਰਾਂ ਨਾਲ ਸੰਪਰਕ ਕਾਇਮ ਕੀਤਾ। "ਸਤਿਗੁਰ ਜੀ ਨੇ ਸਭ ਤੋਂ ਪਹਿਲਾਂ ਗੁਰੂ ਘਰ ਦੀਆਂ ਪੁਰਾਣੀਆਂ ਰੀਤਾਂ ਦੀ ਪ੍ਰਥਾ ਨੂੰ ਹੀ ਅੱਗੇ ਵਧਾਇਆ ਅਤੇ ਤੰਤੀ ਸਾਜ਼ਾਂ ਨੂੰ ਪਹਿਲ ਦਿੱਤੀ। ਸਤਿਗੁਰ ਜੀ ਨੇ ਹਰਮੋਨੀਅਮ ਨੂੰ ਵਰਜਦੇ ਹੋਏ "ਆਸਾ ਦੀ ਵਾਰ"ਦਾ ਕੀਰਤਨ ਤੰਤੀ ਸਾਜ਼ਾਂ ਉੱਪਰ ਕਰਨ ਦਾ ਆਦੇਸ਼ ਦਿੱਤਾ।"[5]

ਨਾਮਧਾਰੀ ਰਿਵਾਇਤੀ ਕੀਰਤਨ ਦੇ ਲਈ ਸ੍ਰੀ ਹਜ਼ੂਰ ਸਿੰਘ, ਸੇਠ ਚੰਦਰਦਾਸ ਅਤੇ ਸ੍ਰੀ ਹਰਭਜਨ ਸਿੰਘ ਜੀ ਤੋਂ ਵੱਡੇ ਬੱਚਿਆਂ ਨੂੰ ਸ਼ਾਸ਼ਤਰੀ ਸੰਗੀਤ ਸਿਖਾਉਣ ਦਾ ਪ੍ਰਬੰਧ ਕੀਤਾ। ਗੁਰਬਾਣੀ ਨੂੰ ਸ਼ਾਸਤਰੀ ਸੰਗੀਤ ਦੇ ਰੂਪ ਵਿੱਚ ਗਾਉਣ ਦੀ ਪ੍ਰਥਾ ਕਾਇਮ ਕਰ ਸੰਗੀਤ ਵਿਦਿਆਲਿਆਵਾਂ ਅਤੇ ਸਿੱਖੇ ਹੋਏ ਅਧਿਆਪਕਾਂ ਦਾ ਪ੍ਰਬੰਧ ਕੀਤਾ। ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਸ਼ਾਸਤਰੀ ਸੰਗੀਤ ਦੇ ਸੰਮੇਲਨ ਵੀ ਕਰਵਾਏ ਜਾ ਰਹੇ ਹਨ। ਜਿੰਨਾਂ ਨੂੰ ਸੁਨਣ ਲਈ ਦੂਰ ਦੂਰ ਤੋਂ ਸੰਗੀਤ ਪ੍ਰੇਮੀ ਭੈਣੀ ਸਾਹਿਬ ਵਿਖੇ ਆਉਂਦੇ ਰਹਿੰਦੇ ਹਨ। ਕਈ ਵਾਰ ਤਾਂ ਮੈਨੂੰ ਵੀ ਸਤਿਗੁਰ ਜੀ ਦੀ ਬਖਸ਼ਿਸ਼ ਨਾਲ ਸੰਗੀਤ ਸੰਮੇਲਨ ਵਿੱਚ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

**ਬਾਕੀ ਸਫ਼ਾ ਨੰ 130 'ਤੇ**

# ਅਵਤਾਰ ਸਤਿਗੁਰੂ ਰਾਮ ਸਿੰਘ ਜੀ



ਲਖਵਿੰਦਰ ਸਿੰਘ ਬਾਜਵਾ

ਨਾਮਧਾਰੀ ਕਵੀ

9416734506

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਜਿਲ੍ਹਾ ਲੁਧਿਆਣਾ ਦੇ ਪਿੰਡ ਰਾਈਆਂ ਵਿਖੇ ਪਿਤਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ 3 ਫਰਵਰੀ ਦਿਨ ਵੀਰਵਾਰ 1816 ਈ: (ਮਾਘ ਸੁਦੀ ਪੰਚਮੀ ਬਸੰਤ ਵਾਲੇ ਦਿਨ ਸੰਮਤ 1872 ਬਿਕਰਮੀ ਵਿੱਚ ਹੋਇਆ। ਆਪ ਜੀ ਦੇ ਪਿਤਾ ਧਾਰਮਿਕ ਪ੍ਰਵਿਰਤੀ ਅਤੇ ਨੇਕ ਸੁਭਾ ਦੇ ਮਹਾਂਪੁਰਸ਼ ਸਨ। ਉਹ ਧਰਮ ਦੀ ਕਿਰਤ ਲੋਹਾਰਾ ਤਰਖਾਣਾ ਕੰਮ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਸਨ। ਮਾਤਾ ਸਦਾ ਕੌਰ ਨੇਕ ਰੱਬ ਦੀ ਰਜਾ ਵਿੱਚ ਰਹਿਣ ਵਾਲੀ ਸਵਾਣੀ ਸੀ।

ਮਾਤਾ ਦੀਆਂ ਧਾਰਮਿਕ ਪ੍ਰਵਿਰਤੀ ਵਾਲੀਆਂ ਸਾਖੀਆਂ ਨੇ ਬਾਲ ਰਾਮ ਸਿੰਘ ਦੇ ਮਨ ਤੇ ਡੂੰਘਾ ਪ੍ਰਭਾਵ ਪਾਇਆ। ਆਪ ਜੀ ਬਚਪਨ ਵਿੱਚ ਪਸ਼ੂ ਚਾਰਨ ਜਾਂਦੇ ਤਾਂ ਹਾਣੀ ਬੱਚਿਆਂ ਨੂੰ ਵੀ ਉਹ ਸਾਖੀਆ ਸੁਣਾਉਂਦੇ। ਗੁਰਬਾਣੀ ਦਾ ਗਾਇਨ ਕਰਦੇ ਤੇ ਕਰਾਉਂਦੇ। ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਦਿਆਂ ਹੀ ਆਪ ਜੀ ਪੂਰਨ ਰੂਪ ਵਿੱਚ ਤੰਦਰੁਸਤ ਸੁੰਦਰ ਸੁਡੌਲ ਦਰਸ਼ਨੀ ਗੱਭਰੂ ਬਣ ਗਏ। ਆਪ ਜੀ ਦਾ ਉੱਚਾ ਲੰਮਾ ਕੱਦ ਵੇਖ ਕੇ ਆਪ ਜੀ ਦਾ ਭਣਵਈਆ ਕਾਬਲ ਸਿੰਘ ਜੋ ਲਹੌਰ ਦਰਬਾਰ ਦੀ ਫੌਜ ਵਿੱਚ ਤੋਪਖਾਨੇ ਦਾ ਇੰਚਾਰਜ ਸੀ, ਆਪ ਜੀ ਨੂੰ ਲਹੌਰ ਲੈ ਗਿਆ। ਉਸ ਨੇ ਆਪ ਜੀ ਨੂੰ ਕੰਵਰ ਨੌ ਨਿਹਾਲ ਸਿੰਘ ਦੀ ਰਜਮੰਟ ਵਿੱਚ ਭਰਤੀ ਕਰਾ ਦਿੱਤਾ।

ਫੌਜੀ ਜੀਵਨ ਵਿੱਚ ਆਪ ਜੀ ਨੂੰ ਸਿਧਾਂਤਕ ਪੱਖੋਂ ਪਰਪੱਕ ਹੋਣ ਦਾ ਮੌਕਾ ਮਿਲਿਆ। ਸੱਚ ਧਰਮ ਅਨੁਸਾਰ

ਚੱਲਣ ਦੀ ਜੀਵਨ ਜਾਚ ਤਾਂ ਵਿਰਾਸਤ ਵਿੱਚੋਂ ਮਿਲ ਹੀ ਗਈ ਸੀ। ਸੋ ਉਹਨਾਂ ਨੇ ਹਰ ਉੱਚ ਜੀਵਨ ਜਾਚ ਨੂੰ ਆਤਮਸਾਤ ਕਰ ਲਿਆ। ਆਪ ਜੀ ਨੇ ਇਹ ਅਨਮੋਲ ਜੀਵਨ ਜਾਚ ਦਾ ਖਜ਼ਾਨਾ ਆਪਣੇ ਸੰਗੀ ਸਾਥੀਆਂ ਨੂੰ ਵੀ ਵੰਡਣਾ ਸ਼ੁਰੂ ਕਰ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਉਹਨਾ ਦੇ ਨੇੜੇ ਰਹਿਣ ਵਾਲੇ ਸੰਗੀ ਸਾਥੀ ਵੀ ਉਹਨਾਂ ਤੋਂ ਜੀਵਨ ਜਾਚ ਲੈ ਕੇ ਉੱਤਮ ਮਨੁੱਖੀ ਜੀਵਨ ਵਿੱਚ ਪ੍ਰਵੇਸ਼ ਕਰ ਗਏ। ਉਹ ਆਪ ਜੀ ਨੂੰ ਭਾਈ ਸ਼ਬਦ ਨਾਲ ਸੰਬੋਧਨ ਕਰਨ ਲੱਗੇ। ਚੰਗੇ ਉੱਚ ਆਚਰਣ ਦੇ ਧਾਰਨੀ ਹੋਣ ਕਰਕੇ ਆਪ ਜੀ ਦੀ ਪਲਟਣ ਦਾ ਨਾਮ ਭਗਤਾਂ ਵਾਲੀ ਪਲਟਣ ਪੈ ਗਿਆ।

ਫੌਜੀ ਜੀਵਨ ਸਮੇਂ ਆਪ ਜੀ ਨੇ ਅਨੁਭਵ ਕੀਤਾ ਕਿ ਬਹੁਤ ਸਾਰੇ ਸਿੱਖ ਸਰਦਾਰ ਤੇ ਧਾਰਮਿਕ ਆਗੂ ਸਿੱਖ ਰਹਿਤ ਮਰਿਆਦਾ ਛੱਡ ਕੇ ਆਚਰਣਹੀਣ ਹੋ ਗਏ ਹਨ। ਇਹ ਉਹ ਵਕਤ ਸੀ ਜਦੋਂ ਅੰਗਰੇਜ ਪੰਜਾਬ ਨੂੰ ਹੜੱਪਣ ਲਈ ਮੌਕੇ ਦੀ ਤਲਾਸ਼ ਵਿੱਚ ਸੀ। ਓਧਰ ਲਹੌਰ ਦਰਬਾਰ ਵਿੱਚ ਬੁਰਸ਼ਾ ਗਰਦੀ ਮੱਚੀ ਹੋਈ ਸੀ। ਸ਼ਾਹ ਮੁਹੰਮਦ ਉਸ ਵਕਤ ਦਾ ਨਕਸ਼ਾ ਖਿੱਚਦਾ ਲਿਖਦਾ ਹੈ–

ਜਿਹੜਾ ਬਹੇ ਗੱਦੀ ਉਹਨੂੰ ਮਾਰ ਦੇਂਦੇ,
ਹੋਈ ਆਮ ਦਰਬਾਰ ਤਲਵਾਰ ਮੀਆਂ।

ਸਿੱਖ ਸਰਦਾਰ ਲਾਲਚੀ, ਸਵਾਰਥੀ ਤੇ ਐਸ਼ਪਰਸਤ ਹੋ ਗਏ ਸਨ। ਦੇਸ਼ ਪ੍ਰੇਮ ਦੀ ਭਾਵਨਾ ਉੱਡ ਪੁੱਡ ਗਈ ਸੀ। ਇਸ ਸਾਰੇ ਹਾਲਾਤ ਨੂੰ ਭਲੀ ਭਾਂਤ ਭਾਂਤ ਘੋਖ ਕੇ ਆਪ ਜੀ ਨੂੰ ਬਹੁਤ ਅਫਸੋਸ ਹੋਇਆ। ਆਪ ਜੀ ਸਿੱਖ ਸਰਦਾਰਾਂ ਦੇ ਡਿੱਗ ਰਹੇ ਆਚਰਣ ਨੂੰ ਵੇਖ ਕੇ ਚਿੰਤਤ ਰਹਿਣ ਲੱਗੇ। ਸੈਨਕਾਂ ਨੂੰ ਸਾਵਧਾਨ ਵੀ ਕਰਦੇ। ਪਰ ਸ਼ਰਾਬ ਤੇ ਵੇਸਵਾ ਗਮਨ ਦੇ ਗਰਤ ਵਿੱਚ ਡਿੱਗੇ ਹੋਏ ਉਹਨਾ ਲੋਕਾਂ ਦੀ ਜ਼ਮੀਰ ਮਰ ਚੁੱਕੀ ਸੀ। ਇਹ ਵੇਖ ਕੇ ਆਪ ਜੀ ਨੇ ਸਿੱਖ ਫੌਜ ਦੀ ਹਾਰ ਬਾਰੇ ਭਵਿੱਖਤ ਬਚਨ ਕਰਨੇ ਸ਼ੁਰੂ ਕਰ ਦਿੱਤੇ। ਬਹੁਤ ਸਾਰੇ ਆਗੂ ਅੰਦਰੋਂ ਅੰਗ੍ਰੇਜ ਨਾਲ ਰਲ ਗਏ ਸਨ। ਸਾਜਿਸ਼ਾਂ ਘੜੀਆਂ ਜਾਣ ਲੱਗੀਆਂ। ਮੁੱਦਕੀ ਦਾ ਪਹਿਲਾ ਜੰਗ ਹੋਇਆ ਤਾਂ ਆਪ ਜੀ ਸਮਾਂ ਵਿਚਾਰ ਕੇ ਦੁਖੀ ਹਿਰਦੇ ਨਾਲ ਬੰਦੂਕ ਸਤਲੁਜ ਵਿੱਚ ਸੁੱਟ ਕੇ ਘਰ ਪਰਤ ਆਏ। ਸਾਥੀਆਂ ਦੇ ਪੁੱਛਣ ਤੇ ਬਚਨ ਕੀਤਾ ਕਿ ਮੈਂ ਅੱਜ ਸੁੱਟੀ ਹੈ ਤੁਸੀਂ ਕੱਲ੍ਹ ਸੁੱਟ ਦਿਓਗੇ। ਕਿਓਂਕਿ ਸਾਡੇ ਆਗੂਆਂ ਦੀ ਨੀਤ ਖਰਾਬ ਹੋ ਗਈ ਹੈ। ਉਹ ਸਾਨੂੰ ਮਰਵਾਉਣਾ ਚਾਹੁੰਦੇ ਹਨ ਜਿਤਾਉਣਾ ਨਹੀ।

ਇਹ ਵਾਕ ਸੱਚ ਹੋਏ ਅਤੇ ਪੰਜਾਬ ਵੀ ਅੰਗ੍ਰੇਜ਼ਾਂ ਦੇ ਅਧੀਨ ਚਲਿਆ ਗਿਆ। ਆਪ ਜੀ ਨੇ ਘਰ ਆ ਕੇ ਉਪਜੀਵਕਾ ਵਜੋਂ ਕੁਝ ਧੰਦੇ ਕਰਨ ਦੇ ਨਾਲ ਨਾਲ ਬਿਖਰੇ ਹੋਏ ਆਪਣੇ ਫੌਜੀ ਸਾਥੀਆਂ ਨੂੰ ਇਕੱਤਰ ਕਰ ਕੇ ਅਜ਼ਾਦੀ ਦਾ ਬਿਗਲ ਵਜਾ ਦਿੱਤਾ। ਇਸ ਦੇ ਨਾਲ ਹੀ ਸਮਾਜ ਨੂੰ ਜੋ ਉਸ ਸਮੇਂ ਗਲ-ਗਲ ਤੱਕ ਕੁਰੀਤੀਆਂ ਦੀ ਦਲਦਲ ਵਿੱਚ ਫਸਿਆ ਹੋਇਆ ਸੀ, ਇਸ ਚਿੱਕੜ ਵਿੱਚੋਂ ਕੱਢਣ ਦਾ ਉਪਰਾਲਾ ਵੀ ਵਿੱਢਿਆਂ। ਲੋਕਾਂ ਵਿੱਚ ਨਵੀਂ ਚੇਤਨਾ ਜਾਗੀ। ਉਹਨਾ ਦੇ ਦੱਸੇ ਰਸਤੇ ਤੇ ਚਲ ਕੇ ਘੋਰ ਗਰੀਬੀ, ਅਨਪੜ੍ਹਤਾ ਤੇ ਅੰਧਵਿਸ਼ਵਾਸ ਵਿੱਚ ਫਸੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਮੜ੍ਹੀਆਂ ਮਸਾਣਾ ਪੂਜਣੋ ਲੋਕ ਹਟਾ ਦਿੱਤੇ। ਨਾਰੀ ਜਾਤੀ ਦੇ ਉਥਾਨ ਲਈ ਵਿਸ਼ੇਸ਼ ਯਤਨ ਕੀਤੇ। ਉਹਨਾਂ ਦੱਸਿਆ ਕਿ ਜਿੰਨਾ ਚਿਰ ਨਾਰੀ ਮਰਦ ਦੇ ਮੋਢੇ ਨਾਲ ਮੋਢਾ ਲਾ ਕੇ ਨਹੀ ਖਲੋਂਦੀ ਓਨਾ ਚਿਰ ਸਮਾਜ ਦੀ ਦਸ਼ਾ ਨਾ ਸੁਧਰ ਸਕਦੀ ਹੈ ਤੇ ਨਾ ਸਵਰਾਜ ਪ੍ਰਾਪਤ ਹੋ ਸਕਦਾ ਹੈ। ਸੋ ਉਹਨਾ ਨੇ ਔਰਤਾਂ ਨੂੰ ਅੰਮ੍ਰਿਤ ਛਕਾ ਕੇ ਮਰਦ ਦੇ ਬਰਾਬਰ ਅਧਿਕਾਰ ਦਿੱਤਾ। ਇੱਕ ਵਿਦਵਾਨ ਲਿਖਦਾ ਹੈ ਕਿ ਉਹਨਾ ਦੇ ਹੋਰ ਉਪਕਾਰ ਪਾਸੇ ਵੀ ਰੱਖ ਦਈਏ ਤਾਂ ਵੀ ਉਹਨਾ ਦੇ ਨਾਰੀ ਜਾਤੀ ਪ੍ਰਤੀ ਉਪਕਾਰ ਨੂੰ ਭੁਲਾਇਆ ਨਹੀ ਜਾ ਸਕਦਾ।

ਜੀਵਨ ਦਾ ਉੱਤਮ ਮਾਰਗ ਮਿਲਣ ਤੇ ਲੋਕ ਛਾਲਾਂ ਮਾਰ ਕੇ ਇਸ ਮੁਹਾਜ ਵਿੱਚ ਆਣ ਸ਼ਾਮਲ ਹੋਏ। ਆਮ ਕਿਰਤੀ ਕਿਸਾਨ ਵੱਸੋਂ ਹੁੰਮ ਹੁੰਮਾ ਕੇ ਆਪ ਜੀ ਦੇ ਝੰਡੇ ਹੇਠ ਇਕੱਤਰ ਹੋਣ ਲੱਗੀ। ਫੌਜੀ ਜੀਵਨ ਵੇਲੇ ਜਦੋਂ ਆਪ ਹਜਰੋਂ ਗਏ ਸਨ ਤਾਂ ਓਥੇ ਆਪ ਜੀ ਦਾ ਮੇਲ ਸਤਿਗੁਰੂ ਬਾਲਕ ਸਿੰਘ ਜੀ ਨਾਲ ਹੋਇਆ ਸੀ। ਗੁਰੂ ਬਾਲਕ ਸਿੰਘ ਜੀ ਨੇ ਦਸ਼ਮੇਸ਼ ਪਿਤਾ ਦੀ ਅਮਾਨਤ ਆਪ ਜੀ ਨੂੰ ਸੌਂਪ ਕੇ ਮੁਰਝਾਈ ਸਿੱਖੀ ਨੂੰ ਦੁਬਾਰਾ ਸੁਰਜੀਤ ਕਰਨ ਦਾ ਹੁਕਮ ਕੀਤਾ। ਵਾਪਸ ਆ ਕੇ ਆਪ ਜੀ ਨੇ ਦੁਬਾਰਾ ਪੰਜ ਪਿਆਰੇ ਸਾਜ ਕੇ ਅਮ੍ਰਿਤ ਦੀ ਦਾਤ ਵਰਤਾਉਣੀ ਸ਼ੁਰੂ ਕੀਤੀ। ਦਸ਼ਮੇਸ਼ ਪਿਤਾ ਦੀ ਫੁਲਵਾੜੀ ਜੋ ਸਮੇਂ ਦੀਆਂ ਹਨੇਰੀਆਂ

ਨਾਲ ਮੁਰਝਾ ਚੁੱਕੀ ਸੀ, ਉਤੇ ਦੁਬਾਰਾ ਨਿਖਾਰ ਆਉਣਾ ਸ਼ੁਰੂ ਹੋ ਗਿਆ। ਆਪ ਜੀ ਨੇ ਦੇਸ਼ ਦੀ ਅਜ਼ਾਦੀ ਲਈ ਨਾਮਿਲਵਰਤਨ ਦਾ ਅਨੋਖਾ ਹਥਿਆਰ ਅਪਣਾਇਆ। ਜਿਸ ਨੂੰ ਬਾਅਦ ਵਿੱਚ ਗਾਂਧੀ ਜੀ ਨੇ ਵਰਤਿਆ। ਉਹਨਾ ਦੀ ਜਗਾਈ ਮਿਸ਼ਾਲ ਨੇ ਭਾਬੜ ਬਾਲ ਦਿੱਤੇ। ਇਹ ਵੇਖ ਕੇ ਸਾਮਰਾਜੀ ਹਕੂਮਤ ਦੀਆਂ ਕੰਧਾਂ ਕੰਬ ਗਈਆਂ।

ਉਹਨਾ ਨੇ ਪੰਜਾਬ ਵਿੱਚ ਬਾਈ ਸੂਬੇ ਥਾਪ ਕੇ ਅੰਗ੍ਰੇਜ਼ਾਂ ਦੇ ਸਮਾਨਅੰਤਰ ਆਪਣੀ ਹਕੂਮਤ ਕਾਇਮ ਕਰ ਲਈ। ਅੰਗਰੇਜ਼ ਦੀ ਡਾਕ, ਤਾਰ, ਰੇਲ, ਸਕੂਲ ਤੇ ਵਿਦੇਸ਼ੀ ਵਸਤਾਂ ਦਾ ਸੰਪੂਰਨ ਬਾਈਕਾਟ ਕਰ ਦਿਤਾ। ਵਿਦੇਸ਼ੀ ਕੱਪੜੇ ਦੀ ਥਾਂ ਘਰ ਦਾ ਖੱਦਰ ਪਾਉਣ ਨੂੰ ਤਰਜੀਹ ਦਿੱਤੀ। ਸੁੱਤੀ ਹੋਈ ਅਣਖ ਤੇ ਬੀਰਤਾ ਨੂੰ ਹਲੂਣ ਕੇ ਜਗਾ ਦਿੱਤਾ। ਲੋਕਾਂ ਵਿੱਚ ਅਜਾਦੀ ਤੇ ਹੱਕਾਂ ਲਈ ਲੜਨ ਦਾ ਐਸਾ ਜੋਸ਼ ਭਰਿਆ ਕਿ ਉਹ ਜਾਨਾ ਕੁਰਬਾਨ ਕਰਨ ਨੂੰ ਤਤਪਰ ਹੋ ਗਏ।

ਓਧਰ ਸ਼ਾਤਰ ਹਕੂਮਤ ਨੇ ਵੀ ਦੇਸ਼ਵਾਸੀਆਂ ਦੀ ਕੁਚਲੀ ਹੋਈ ਜ਼ਮੀਰ ਨੂੰ ਪਰਖਣ ਲਈ ਕਿ ਅਜੇ ਕੋਈ ਚੰਗਿਆੜੀ ਬਾਕੀ ਹੈ ਜਾਂ ਬਿਲਕੁਲ ਬੁੱਝ ਚੁੱਕੀ ਹੈ, ਕਈ ਪ੍ਰਕਾਰ ਦੇ ਹਥਕੰਡੇ ਅਪਣਾਉਣੇ ਸ਼ੁਰੂ ਕਰ ਦਿੱਤੇ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਤੇ ਚੋਟਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹਿੰਦੂ ਸਿੱਖਾਂ ਦੇ ਧਾਰਮਿਕ ਸਥਾਨਾਂ ਦੇ ਨੇੜੇ ਬੁੱਚੜਖਾਨੇ ਖੋਲ੍ਹੇ ਗਏ। ਸਿੱਖਾਂ ਦੇ ਪਵਿੱਤਰ ਗੁਰਧਾਮਾਂ ਦੀ ਬੇਅਦਬੀ ਹੋਣ ਲੱਗੀ। ਹਿੰਦੂ ਮੁਸਲਮਾਨ ਵਿੱਚ ਪਾਟਕ ਪੈਣ ਲੱਗੇ। ਪਰ ਮਰ ਚੁੱਕੀ ਜ਼ਮੀਰ ਵਾਲੇ ਨਾ ਜਾਗੇ। ਅੱਤ ਹੁੰਦੀ ਵੇਖ ਕੇ ਭੈਣੀ ਵਾਲੇ ਦੇ ਸੰਤ ਸਿਪਾਹੀ ਜ਼ੁਲਮ ਦੇ ਖਿਲਾਫ ਕਮਰਕੱਸੇ ਲਾ ਕੇ ਉੱਠ ਖੜੇ ਹੋਏ। ਉਹਨਾਂ ਨੇ ਪਵਿੱਤਰ ਗੁਰਧਾਮਾ ਦੀ ਬੇਅਦਬੀ ਨੂੰ ਰੋਕਣ ਦਾ ਬੀੜਾ ਚੁੱਕਿਆ। ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਫੇਰ ਰਾਇਕੋਟ, ਮਲੇਰਕੋਟਲਾ ਵਿੱਚ ਬੁੱਚੜ ਸੋਧ ਦਿੱਤੇ।

ਅੰਮ੍ਰਿਤਸਰ ਦੇ ਕੇਸ ਵਿੱਚ ਨਿਰਦੋਸ਼ ਫੜੇ ਗਏ। ਪਰ ਸੰਤ ਸਿਪਾਹੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਨਿਰਦੋਸ਼ਾਂ ਨੂੰ ਛੁਡਾ ਆਪ ਹੱਥੀਂ ਫਾਂਸੀ ਦੇ ਰੱਸੇ ਗਲੀਂ ਪਾ ਕੇ ਦੇਸ਼ ਧਰਮ ਲਈ ਕੁਰਬਾਨ ਹੋ ਗਏ। ਇਸ ਸਾਰੇ ਘਟਨਾ ਕਰਮ ਵਿੱਚ ਅੱਸੀ ਤੋਂ ਵੱਧ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਅੱਜ ਅੰਮ੍ਰਿਤਸਰ ਰਾਇ ਕੋਟ ਤੇ ਲੁਧਿਆਣਾ ਵਿਖੇ ਉਹਨਾਂ ਦੀਆਂ ਯਾਦਗਾਰਾਂ ਤੇ ਲੋਕ ਨਤਮਸਤਕ ਹੋਣ ਆਉਂਦੇ ਹਨ। ਜਿੱਥੇ ਅੰਮ੍ਰਿਤਸਰ ਤੇ ਰਾਏਕੋਟ ਦੇ ਸੂਰਮਿਆਂ ਨੂੰ ਫਾਂਸੀ ਦਿੱਤੀ ਗਈ ਓਥੇ ਮਲੇਰਕੋਟਲਾ ਵਿਖੇ ਛਿਆਹਟ ਸਿੰਘ ਤੋਪਾਂ ਅੱਗੇ ਉਡਾ ਦਿੱਤੇ ਗਏ। ਹਕੂਮਤ ਨੂੰ ਬਹਾਨਾ ਮਿਲ ਗਿਆ, ਡਰੀ ਹੋਈ ਸਰਕਾਰ ਨੇ ਬਿਨਾ ਕਿਸੇ ਦੋਸ਼ ਦੇ ਸਿੱਧ ਹੋਇਆਂ ਸਤਿਗੁਰੂ ਰਾਮ ਸਿੰਘ ਜੀ ਨੂੰ ਕੁਝ ਸੂਬਿਆਂ ਸਮੇਤ ਬੰਦੀ ਬਣਾ ਕੇ ਰੰਗੂਨ ਭੇਜ ਦਿੱਤਾ। ਬਾਕੀ ਸੂਬਿਆਂ ਨੂੰ ਵੱਖ-ਵੱਖ ਜੇਲਾਂ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ।

ਪਰ ਫੇਰ ਵੀ ਅੰਗ੍ਰੇਜ਼ ਇਸ ਸ਼ਮਾ ਦੀ ਲਾਟ ਨੂੰ ਬੁਝਾ ਨਾ ਸਕਿਆ। ਤੇ ਅਖੀਰ ਉਸ ਨੂੰ ਭਾਰਤ ਛੱਡ ਕੇ ਜਾਣਾ ਪਿਆ। ਜੰਗੇ ਆਜ਼ਾਦੀ ਦੇ ਮੋਢੀ, ਅਤੇ ਨਵੀਆਂ ਸਮਾਜਿਕ ਕਦਰਾਂ ਕੀਮਤਾਂ ਦੇ ਸਾਜਣਹਾਰੇ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਵੇਂ ਭੁਲਾਇਆ ਜਾ ਸੱਕਦਾ ਹੈ। ਉਹਨਓ ਦੀ ਕੁਰਬਾਨੀ ਅੱਜ ਵੀ ਚਾਨਣ ਮੁਨਾਰਾ ਬਣ ਕੇ ਰਸਤਾ ਵਿਖਾਉਂਦੀ ਆ ਰਹੀ ਹੈ ਤੇ ਵਿਖਾਉਂਦੀ ਰਹੇਗੀ। ਸਮੂਹ ਦੇਸ਼ ਵਾਸੀਆਂ ਨੂੰ ਉਹਨਾ ਦੇ ਆਗਮਨ ਪੁਰਬ ਤੇ ਕੋਟਨ ਕੋਟ ਵਧਾਈ ਹੋਵੇ।

..........................................................

## ਉਪਦੇਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਬਚਨ ਕਰਦੇ ਹਨ ਕਿ ਸੰਤ ਕਰਮ ਸਿੰਘ ਹੁਰੀਂ ਕੁਝ ਨਹੀਂ ਮੰਗਦੇ ਸਨ ਬਸ ਇਹ ਹੀ ਮੰਗਦੇ ਸਨ ਕਿ ਮੈਂ ਹਮੇਸ਼ਾ ਖੁਸ਼ ਰਹਿ ਸਕਾਂ। ਖੁਸ਼ੀਂ ਦੀ ਕੋਈ ਕੀਮਤ ਨਹੀਂ ਹੈ। ਬੜੇ ਵੱਡੇ ਵੱਡੇ ਕਰੋੜਾਂ ਪਤੀ ਅਖੀਰ ਵਿੱਚ ਆਤਮ ਹੱਤਿਆਂ ਕਰਦੇ ਹਨ ਤੇ ਇਕ ਮਿਹਨਤ ਕਰਨ ਵਾਲੇ ਦੇ ਚਿਹਰੇ ਤੇ ਖੁਸ਼ੀਂ ਹੁੰਦੀ ਹੈ। ਅਸੀਂ ਸਦਾ ਉਹਦੀ ਰਜ਼ਾ ਵਿੱਚ ਖੁਸ਼ ਰਹਿ ਸਕੀਏ।

# ਗੁਰੁ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ




ਰਾਗੀ ਮਨਜੀਤ ਸਿੰਘ

ਨਾਮਧਾਰੀ ਕਵੀ

9810605220


ਸਿੱਖ ਜਗਤ ਦੇ ਮਹਾਨ ਵਿਦਵਾਨ ਲਿਖਾਰੀ ਭਾਈ ਗੁਰਦਾਸ ਜੀ ਸਤਿਗੁਰੂ ਦੇ ਸਦਗੁਣਾਂ ਦਾ ਇਜ਼ਹਾਰ ਕਰਦੇ ਹੋਏ, ਆਪਣੀਆਂ ਰਚਿੱਤ ਵਾਰਾਂ ਵਿਚੋਂ ਛੱਬੀਵੀਂ ਵਾਰ ਦੀ ਵੀਹਵੀਂ ਪਉੜੀ ਵਿੱਚ ਸਤਿਗੁਰੂ ਦੀ ਸੋਭਾ ਵਿਚ ਲਿਖਦੇ ਹਨ-

ਸਤਿਗੁਰ ਪਾਰਸਿ ਪਰਸਿਐ ਕੰਚਨੁ ਕਰੂ ਮਨੂਰ ਮਲੀਣਾ॥
ਸਤਿਗੁਰ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾ ਖੀਣਾ॥
ਸਤਿਗੁਰੂ ਪੂਰਾ ਪਾਰਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ॥
ਮਾਨ ਸਰੋਵਰੁ ਸਤਿਗੁਰੂ ਕਾ ਗਰੁ ਹੰਸ ਜਲਹੁ ਦੁਧੁ ਪੀਣਾ॥
ਗੁਰ ਤੀਰਥ ਦਰਿਆਉ ਹੈ ਪਸੂ ਪਰੇਤ ਕਰੈ ਪਰਬੀਣਾ॥
ਸਤਿਗੁਰ ਬੰਦੀ ਛੋੜ ਹੈ ਜੀਵਣ ਮੁਕਤਿ ਕਰੈ ਓਡੀਣਾ॥
ਗੁਰਮੁਖਿ ਮਨ ਅਮਤੀਜ ਪਤੀਣਾ॥

ਸਤਿਗੁਰੂ ਜਿਥੇ ਅਥਾਹ ਗੁਣਾਂ ਦੇ ਸਾਗਰ ਹੁੰਦੇ ਹਨ ਓਥੇ ਅੰਤਾਂ ਦੇ ਨਿਰਮਲ ਨਿਰਮਾਣ ਹੁੰਦੇ ਹਨ ਆਮ ਸੰਸਾਰੀ ਮਨੁੱਖ ਕੋਈ ਗੁਣਾਂ ਦਾ ਧਾਰਨੀ ਨਾ ਹੁੰਦਾ ਹੋਇਆ ਵੀ ਆਪਣੀ ਹਉਮੈ ਦਾ ਢੰਡੋਰਾ ਪਿੱਟਦਾ ਆਪਣੀ ਆਪ ਵਡਿਆਈ ਕਰਦਾ ਹੈ ਤੇ ਕਿਸੇ ਦੂਸਰੇ ਤੋਂ ਆਪਣੀ ਤਾਰੀਫ ਸੁਣ ਕੇ ਖੁਸ਼ ਹੁੰਦਾ ਹੈ। ਸਤਿਗੁਰੂ ਇਸਦੇ ਵਿਪਰੀਤ ਹਉਮੈ ਅਹੰਕਾਰ ਦੇ ਰੋਗ ਤੋਂ ਕੋਹਾਂ ਦੂਰ ਤੇ ਆਪਣੇ ਸਾਹਮਣੇ ਆਪਣੀ ਸਿਫਤ ਸਲਾਹਣਾ ਨਹੀਂ ਸੁਣਦੇ। ਸਤਿਗੁਰੂ ਅਰਜਨ ਦੇਵ ਜੀ ਰਾਗ ਭੈਰਵ ਵਿੱਚ ਇਨਸਾਨ ਦੇ ਮਨ ਦੀ ਹਾਲਤ ਤੇ ਸਤਿਗੁਰੂ ਦੀ ਉੱਚ ਆਤਮਿਕ ਅਵਸਥਾ ਬਾਬਤ ਕਹਿ ਰਹੇ ਹਨ-

ਹਉਮੈ ਰੋਗੁ ਮਾਨੁਖ ਕਉ ਦੀ ਨਾ॥
ਕਾਮ ਰੋਗਿ ਮੈਗਲੁ ਬਸਿ ਲੀਨਾ॥

ਦ੍ਰਿਸਟ ਰੋਗਿ ਪਚ ਮੁਏ ਪਤੰਗਾ॥
ਨਾਦ ਰੋਗਿ ਖਪਿ ਗਏ ਕੁਰੰਗਾ॥
ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰ ਜੋਗੀ॥

ਦਿੱਲੀ ਨਿਵਾਸੀ ਨਾਮਧਾਰੀ ਪੰਥ ਵਿੱਚ ਹੋ ਗੁਜ਼ਰੇ ਉੱਚ ਕੋਟੀ ਦੇ ਲਿਖਾਰੀ ਸਾਹਿਤਕਾਰ ਉੱਚ ਪਾਏ ਦੇ ਕਵੀ ਸੂਝਵਾਨ ਵਕਤਾ ਪ੍ਰੀਤਮ ਸਿੰਘ ਜੀ ਕਵੀ ਦੇ ਆਪਣੇ ਹਿਰਦੇ, ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੋਜ਼ ਵਿਚਰਣ ਵਾਲੇ ਹਵਾਲੇ ਅਤੇ ਦੌਰਿਆਂ ਦੀ ਅੱਖੀਂ ਡਿੱਠੀ ਤੇ ਕੰਨੀ ਸੁਣੀ ਰੌਚਿਕ ਗਾਥਾ ਦਾ ਵੱਡਾ ਭੰਡਾਰ ਬੀਤੇ ਦੀਆਂ ਪੈੜਾਂ ਦਾ ਗ੍ਰੰਥ ਤਕਰੀਬਨ ਵੀਹ ਭਾਗਾਂ ਵਿੱਚ ਅੰਮ੍ਰਿਤ ਕੀਤਾ ਹੈ। ਬੀਤੇ ਦੀਆਂ ਪੈੜਾਂ ਇੱਕ ਸਮੁੰਦਰ ਵਰਗਾ ਵੱਡ ਗ੍ਰੰਥ ਹੈ। ਪਾਠਕ ਇਸ ਵਿੱਚ ਟੁੱਭੀਆਂ ਲਾ ਕੇ ਸਤਿਗੁਰੂ ਸਾਹਿਬਾਨਾਂ ਤੇ ਉਹਨਾਂ ਦੇ ਸੰਤਾਂ ਭਗਤਾਂ ਜਪੀ-ਤਪੀ ਉੱਚੇ-ਸੁਚੇ ਆਚਰਣ ਅਮੋਲਕ ਜੀਵਨ ਵਾਲੇ ਹੀਰੇ ਮੋਤੀ ਪੰਨੇ ਹਾਸਲ ਕਰਕੇ ਲਾਭ ਲੈ ਸਕਦਾ ਹੈ।

ਕਵੀ ਜੀ ਨੇ ਬੀਤੇ ਦੀਆਂ ਪੈੜਾਂ ਦੇ ਛੇਵੇਂ ਭਾਗ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਇਆਲਤਾ, ਗਰੀਬ ਨਿਵਾਜ਼ਤਾ ਬਾਰੇ ਲਿਖਿਆ ਕਿ 22 ਗਲੇ ਦੇ ਰਾਗੀ ਗੁਰਬਖਸ਼ ਸਿੰਘ ਰਵਿਦਾਸੀਏ ਨੂੰ ਬਿਰਧ ਅਵਸਥਾ ਵਿੱਚ ਗਰੀਬੀ ਨੇ ਆਣ ਘੇਰਿਆ। ਰਾਗੀ ਜੀ ਨੇ ਉਸ ਮੰਦ ਹਾਲੀ ਵਿੱਚ ਕਿਸੇ ਦੇ ਰਾਹੀਂ ਸਤਿਗੁਰੂ ਨੂੰ ਸੁਨੇਹਾ ਭੇਜਕੇ ਦੋ ਜੋੜੀ ਕਛਹਿਆਂ ਦੀ ਮੰਗ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਰਾਗੀ ਦੀ ਤਰਸਯੋਗ ਹਾਲਤ ਜਾਣਕੇ ਦ੍ਰਵਿਤ ਹੋ ਗਏ। ਸਤਿਗੁਰੂ ਜੀ ਆਪਣੇ ਸਿੱਖ ਦੇ ਕਲਿਆਣ ਵਾਸਤੇ ਚਾਰ ਪੰਜ ਜੋੜੀ ਕੁੜਤੇ ਪਜਾਮੇ ਪੱਗਾ ਖੰਡ ਘਿਉ ਬਾਦਾਮ ਬਗੈਰ ਗਿਣਤੀ ਵਿੱਚ ਚੌਖੀ ਮਾਇਆ ਲੈ ਕੇ ਆਪਣੇ ਸਿੱਖਾਂ ਸੇਵਕਾਂ ਸਹਿਤ ਰਾਗੀ ਬਾਬੇ ਨੂੰ ਘਰ ਜਾ ਕੇ ਨਿਵਾਜ਼ਿਆ ਤੇ ਰਸਤ ਦੇਣ ਦਾ ਪ੍ਰਬੰਧ ਕਰ ਦਿੱਤਾ। ਬਾਬਾ ਜੀ ਦੀ ਸਾਂਭ-ਸੰਭਾਲ ਕਰਨ ਵਾਸਤੇ ਆਪਣੇ ਸਤਿਬਚਨੀ ਸੇਵਕ ਸੰਤ ਹਰਪਾਲ ਸਿੰਘ ਜੀ ਦੀ ਹਰ ਪੰਦਰਾਂ ਦਿਨਾਂ ਬਾਦ ਦੇਖ ਰੇਖ ਕਰਨ ਦੀ ਸੇਵਾ ਲਾ ਦਿੱਤੀ। ਕਵੀ ਜੀ ਸਤਿਗੁਰੂ ਜੀ ਦੇ ਪਰਉਪਕਾਰ ਦੀ ਵਾਰਤਾ ਲਿਖੀ ਪੜ੍ਹਕੇ ਵੈਰਾਗੀ ਹੋ ਗਏ ਉੱਚੀ ਉੱਚੀ ਰੋਣ ਲੱਗੇ।

ਮੇਰੇ ਸਤਿਕਾਰਯੋਗ ਵੱਡੇ ਭਰਾ ਉਸਤਾਦ ਹਰਭਜਨ ਸਿੰਘ ਜੀ ਦਾ ਕਵੀ ਜੀ ਨਾਲ ਬਹੁਤ ਸਨੇਹ ਸੀ। ਦੋਨੋਂ ਇਕ ਦੂਸਰੇ ਦੇ ਘਰ ਜਾ ਕੇ ਮੇਲ-ਮਿਲਾਪ ਕਰ ਲੈਂਦੇ। ਉਸਤਾਦ ਜੀ ਨੂੰ ਕਵੀ ਜੀ ਦੇ ਘਰ ਗਿਆ ਤੇ ਪਰਿਵਾਰ ਵਾਲਿਆਂ ਕਵੀ ਜੀ ਦੇ ਵੈਰਾਗੀ ਹੋਣ ਦਾ ਉਸਤਾਦ ਜੀ ਨਾਲ ਜਿਕਰ ਕੀਤਾ।

ਉਸਤਾਦ ਜੀ ਦਿੱਲੀ ਤੋਂ ਭੈਣੀ ਸਾਹਿਬ ਬੱਚਿਆਂ ਨੂੰ ਸੰਗੀਤ ਸਿੱਖਿਆ ਦੇਣ ਗਏ ਤਾਂ ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਨਾਲ ਬਚਨ ਕੀਤਾ, ਆਪ ਜੀ ਨੇ ਗਰੀਬੀ ਵਿੱਚ ਰਾਗੀ ਗੁਰਬਖ਼ਸ਼ ਸਿੰਘ ਜੀ ਮਦਦ ਕੀਤੀ। ਆਪ ਜੀ ਦੀ ਨਿਰਪਾਲਤਾ ਲਿਖੀ ਬਾਰੇ ਪੜ੍ਹਕੇ ਕਵੀ ਜੀ ਵੈਰਾਗੀ ਹੋ ਗਏ ਸਨ। ਸਤਿਗੁਰੂ ਜੀ ਹੁਕਮ ਕੀਤਾ ਹਰਭਜਨ ਏਥੇ ਹੀ ਚੁੱਪ ਹੋ ਜਾ ਮੇਰੇ ਬਾਬਤ ਕੋਈ ਗੱਲ ਨਾ ਕਰ। ਏਹੋ ਜਿਹੀਆਂ ਫਾਲਤੂ ਦੀਆਂ ਗੱਲਾਂ ਨਹੀਂ ਕਰੀਦੀਆਂ। ਜਦੋਂ ਵੀ ਸਿਫਤ ਕਰੀਏ ਸਤਿਗੁਰਾਂ ਦੀ ਹੀ ਸਿਫਤ ਸੋਭਾ ਕਰਨੀ ਚਾਹੀਦੀ ਹੈ। ਹਰਭਜਨ ਮੈਂ ਤੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਰੌਚਿਕ ਕਥਾ ਸੁਣਾਉਂਦਾ ਹਾਂ।

ਸਾਡੇ ਭੈਣੀ ਸਾਹਿਬ ਦੇ ਨਜ਼ਦੀਕ ਇਕ ਇਰਾਕ ਪਿੰਡ ਹੈ। ਉਥੋਂ ਦੇ ਰਹਿਣ ਵਾਲੇ ਕੇਹਰ ਸਿੰਘ ਮਾਨ ਜੋ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਸਨ ਉਹ ਮਾਸ ਸ਼ਰਾਬ ਖਾਣ ਪੀਣ ਦੇ ਆਦੀ ਸਨ। ਇਕ ਵੇਰ ਕੇਹਰ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ ਕਿ ਮੈਂ ਇਕ ਬੜਾ ਤਕੜਾ ਜੰਗਲੀ ਸੂਰ ਮਾਰਿਆ ਹੈ। ਸਤਿਗੁਰੂ ਜੀ ਨੇ ਸੁਣ ਕੇ ਕੋਈ ਉੱਤਰ ਨਾ ਦਿੱਤਾ। ਕੇਹਰ ਸਿੰਘ ਭੈਣੀ ਸਾਹਿਬ ਵਾਲੇ ਸੰਤ ਅਨੰਤਾ ਸਿੰਘ ਸੰਤ ਜਗਤ ਸਿੰਘ ਜੀ ਤੋਂ ਕਪੜੇ ਸਿਲਵਾਉਂਦੇ ਸਨ। ਕੁਝ ਅਰਸੇ ਬਾਅਦ ਕੇਹਰ ਸਿੰਘ ਤੇ ਉਸਦਾ ਸਾਥੀ ਭੈਣੀ ਸਾਹਿਬ ਸੀਤੇ ਕੱਪੜੇ ਲੈਣ ਆ ਰਹੇ ਸਨ। ਹੱਥਾਂ ਵਿੱਚ ਸ਼ਰਾਬ ਦੀਆਂ ਬੋਤਲਾਂ ਫੜੀ ਸ਼ਰਾਬ ਪੀ ਰਹੇ ਸਨ। ਉਹਨਾਂ ਨੇ ਬੋਤਲਾਂ ਰੇਤ ਵਿੱਚ ਨੱਪ ਦਿੱਤੀਆਂ ਕਿ ਵਾਪਸ ਆਉਂਦੇ ਕੱਢ ਲਵਾਂਗੇ। ਜਦੋਂ ਉਹ ਰਾਮਸਰ ਸਰੋਵਰ ਦੇ ਨਜ਼ਦੀਕ ਆਏ ਤਾਂ ਅੱਗੇ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜੇ ਤੇ ਸਵਾਰ ਕੇਹਰ ਸਿੰਘ ਨੂੰ ਨਜ਼ਰ ਆਏ। ਸਤਿਗੁਰੂ ਜੀ ਨੇਤਰ ਲਾਲ ਕਰਕੇ ਬੜੇ ਗੁੱਸੇ ਵਿੱਚ ਕੇਹਰ ਸਿੰਘ ਵੱਲ ਵੇਖ ਰਹੇ ਸਨ। ਕੇਹਰ ਸਿੰਘ ਐਨਾ ਡਰਿਆ ਕਿ ਉਹ ਅੱਗੇ ਜਾਣ ਤੋਂ ਡਰਦਾ ਪਿਛਾਂਹ ਵੱਲ ਦੌੜ ਪਿਆ। ਉਸਦਾ ਸਾਥੀ ਕਹਿੰਦਾ ਤੂੰ ਪਿੱਛੇ ਵੱਲ ਨੂੰ ਜਾ ਰਿਹਾ ਹੈ ਉਸ

ਕਿਹਾ ਮੈਨੂੰ ਸਤਿਗੁਰੂ ਜੀ ਤੋਂ ਬਹੁਤ ਡਰ ਲੱਗ ਰਿਹਾ ਹੈ। ਸਤਿਗੁਰਾਂ ਨੇ ਉਸ ਦੇ ਪਿੱਛੇ ਘੋੜਾ ਲਾ ਲਿਆ। ਉਹ ਦੂਰ ਜਾ ਕੇ ਇਕ ਸੁਕੇ ਬਰਸਾਤੀ ਨਾਲੇ ਵਿੱਚ ਵੜ ਦੌੜਨ ਲੱਗਾ। ਸਤਿਗੁਰੂ ਜੀ ਕੇਹਰ ਸਿੰਘ ਨੂੰ ਦੌੜਾਉਂਦੇ ਆਖਰ ਉਸ ਜਗ੍ਹਾ ਲੈ ਗਏ ਜਿਥੇ ਉਸਨੇ ਸੂਰ ਮਾਰਿਆ ਸੀ। ਸਤਿਗੁਰਾਂ ਨੇ ਕੇਹਰ ਸਿੰਘ ਨੂੰ ਆਖਿਆ ਤੂੰ ਏਥੇ ਬੇਜ਼ੁਬਾਨ ਸੂਰ ਦਾ ਘਾਤ ਕੀਤਾ ਸੀ। ਹੁਣ ਤੈਨੂੰ ਵੀ ਮੈਂ ਸੂਰ ਵਾਂਗਰਾਂ ਮਾਰਾਂ। ਕੇਹਰ ਸਿੰਘ ਡਰਦਾ ਹੱਥ ਜੋੜੀ ਕੁੰਬੀ ਜਾਵੇ। ਸਤਿਗੁਰ ਜੀ ਇਸ ਨੂੰ ਡਾਂਟ ਕਰਕੇ ਅਲੋਪ ਹੋ ਗਏ। ਇਸਦੀ ਗਲਤ ਪਾਗਲਾਂ ਵਾਲੀ ਹੋ ਗਈ। ਕੰਡਿਆ ਨਾਲ ਅੜਕੇ ਕੱਪੜੇ ਵੀ ਪਾਟ ਗਏ। ਇਹ ਨਾਲੇ ਤੋਂ ਬਾਹਰ ਆਇਆ ਤਾਂ ਇਸ ਨੂੰ ਕਾਰ ਦੇ ਟਾਇਰਾਂ ਦੇ ਨਿਸ਼ਾਨ ਨਜ਼ਰ ਆਏ। ਕੇਹਰ ਸਿੰਘ ਘਬਰਾਇਆ ਤੁਰਦਾ ਤੁਰਦਾ ਰੋਪੜ ਵਾਲੀ ਨਹਿਰ ਤੇ ਸਤਿਗੁਰਾਂ ਡੇਰੇ ਪਹੁੰਚ ਗਿਆ। ਉਥੇ ਮਹੰਤ ਕਉਲਾ ਸਿੰਘ ਜੀ ਕਮਾਦ ਪੀੜ ਰਹੇ ਸਨ। ਕੇਹਰ ਸਿੰਘ ਨੇ ਕਉਲਾ ਸਿੰਘ ਹੁਰਾਂ ਤੋਂ ਸਤਿਗੁਰੂ ਜੀ ਦੇ ਨਹਿਰ ਤੇ ਆਉਣ ਬਾਰੇ ਪੁੱਛਿਆ, ਮਹੰਤ ਜੀ ਆਖਣ ਲੱਗੇ ਕਿ ਸਤਿਗੁਰੂ ਜੀ ਤਾਂ ਸਿਆਲਕੋਟ ਸ਼ੇਖੂਪੁਰੇ ਦੇ ਦੌਰੇ ਤੇ ਗਏ ਹਨ। ਫਿਰ ਕੇਹਰ ਸਿੰਘ ਨੂੰ ਪਤਾ ਲੱਗਿਆ ਸਤਿਗੁਰਾਂ ਨੇ ਇਹ ਕੌਤਕ ਮੇਰੇ ਸੁਧਾਰ ਵਾਸਤੇ ਮੈਨੂੰ ਕੁੰਭੀ ਨਰਕ ਤੋਂ ਬਚਾਉਣ ਲਈ ਕੀਤਾ ਹੈ। ਮਨ ਵਿੱਚ ਸਤਿਗੁਰਾਂ ਅੱਗੇ ਅਰਦਾਸ ਕਰਕੇ ਆਪਣੇ ਗੁਨਾਹਾਂ ਪਾਪਾਂ ਦੀ ਮੁਆਫੀ ਮੰਗੀ ਤੇ ਦਰਸ਼ਨ ਦੀ ਮੰਗ ਕੀਤੀ। ਸਤਿਗੁਰੂ ਜੀ ਤੁਠ ਪਏ ਕਿਰਪਾ ਕੀਤੀ ਕੇਹਰ ਸਿੰਘ ਦੀ ਰਸਨਾਂ ਤੇ ਨਾਮ ਦਾ ਪ੍ਰਵਾਹ ਚੱਲ ਪਿਆ ਤੇ ਦਿੱਬ ਦ੍ਰਿਸ਼ਟੀ ਹੋ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਣ ਲੱਗ ਪਏ। ਸਤਿਗੁਰੂ ਜੀ ਜਿਥੇ ਵੀ ਹੋਣ ਦਰਸ਼ਨ ਹੁੰਦੇ ਰਹਿਣ ਜਿਵੇਂ ਅਸੀਂ ਘਰ ਬੈਠੇ ਟੇਲੀਵਿਜ਼ਨ ਰਾਹੀਂ ਸਾਰਾ ਕੁਝ ਦੇਖ ਲੈਂਦੇ ਹਾਂ। ਇਹ ਦਿੱਬ ਦ੍ਰਿਸ਼ਟੀ ਦਾ ਨਜ਼ਾਰਾ ਇਕ ਸਾਲ ਚਲਦਾ ਰਿਹਾ। ਹੁਣ ਮਾਸੀ ਸ਼ਰਾਬੀ ਕੇਹਰ ਸਿੰਘ ਸੰਤ ਕੇਹਰ ਸਿੰਘ ਬਣ ਗਿਆ। ਘਰ ਬੈਠਾ ਸਤਿਗੁਰਾਂ ਦੇ ਦਰਸ਼ਨ ਕਰਦਾ ਤੇ ਨਾਮ ਜਪਦਾ ਹੈ। ਸਾਲ ਬਾਦ ਇਹ ਸੁਖਾਂ ਲੱਦਾ ਨਜ਼ਾਰਾ ਬੰਦ ਹੋ ਗਿਆ। ਸੰਤ ਕੇਹਰ ਸਿੰਘ ਹੁਰਾਂ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਫਿਰ ਉਹੀ ਕ੍ਰਿਸ਼ਮੇ ਦਰਸ਼ਨ ਦੀ ਅਰਜ ਕੀਤੀ। ਸਤਿਗੁਰੂ ਜੀ ਨੇ ਮੁਸਕਰਾਉਂਦਿਆ ਪਿਆਰ ਨਾਲ ਮੂੰਹ ਦੀ ਸੱਜੀ ਗੱਲ ਤੇ ਪਿਆਰ ਦੀ ਚਪੇੜ ਲਾਈ ਤਾਂ ਉਹੀ ਸਤਿਗੁਰਾਂ ਦੇ ਦਰਸ਼ਨ ਦੀਦਾਰੇ ਦਿਖਣ ਲੱਗ ਪਏ। ਇਕ ਸਾਲ ਫਿਰ ਉਹੀ ਦ੍ਰਿਸ਼ਟਾਂਤ ਚਲਦਾ ਰਿਹਾ। ਸਾਲ ਬਾਅਦ ਇਹ ਦਰਸ਼ਨ ਦੀਦਾਰ ਵਾਲੀ ਦਿੱਬ ਦ੍ਰਿਸ਼ਟੀ ਬੰਦ ਹੋ ਗਈ। ਕੇਹਰ ਸਿੰਘ ਜੀ ਦੂਸਰੀ ਵਾਰ ਫਿਰ ਓਹੀ ਦਰਸ਼ਨ ਦੀਦਾਰ ਹੋਣ ਦੀ ਬਖਸ਼ਿਸ਼ ਮੰਗੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਸਕਰਾਉਂਦਿਆਂ ਖੱਬੀ ਗੱਲ ਤੇ ਪਿਆਰ ਦੀ ਥਪਕੀ ਲਗਾਉਂਦਿਆਂ ਹੁਕਮ ਕੀਤਾ ਕਿ ਸਾਰਾ ਕੁਝ ਤੇਰੇ ਵਾਸਤੇ ਹੀ ਰੱਖਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਫ਼ਰਮਾਇਆ ਹਰਭਜਨ ਇਹ ਓਹੀ ਭਗਵਾਨ ਕ੍ਰਿਸ਼ਨ ਵਾਲੀ ਚਪੇੜ ਸੀ ਜਿਸ ਨਾਲ ਭਗਵਾਨ ਅਰਜਨ ਤੇ ਮਾਇਆ ਪਾ ਦਿੱਤੀ ਸੀ ਦੂਸਰੀ ਚਪੇੜ ਨਾਲ ਮਾਇਆ ਲਾਹ ਦਿੱਤੀ ਸੀ।

ਕੇਹਰ ਸਿੰਘ ਦੀ ਸਤਿਗੁਰਾਂ ਨਾਲ ਬਹੁਤ ਨੇੜਤਾ ਹੋਣ ਕਰਕੇ ਇਸਨੂੰ ਭੈਣੀ ਸਾਹਿਬ ਡੇਰੇ ਦਾ ਪ੍ਰਬੰਧ ਥਾਪ ਦਿੱਤਾ ਗਿਆ। ਸਤਿਗੁਰਾਂ ਉਸਤੇ ਫਿਰ ਐਸੀ ਮਾਇਆ ਪਾ ਦਿੱਤੀ ਉਹ ਸਤਿਗੁਰਾਂ ਨਾਲ ਲੜ ਪਿਆ ਤੇ ਸਤਿਗੁਰਾਂ ਨਾਲ ਬੋਲਚਾਲ ਬੰਦ ਕਰ ਦਿੱਤੀ। ਰੱਬ ਦੀ ਕਰਨੀ ਐਸੀ ਹੋਈ ਇਸ ਦਾ ਲੜਕਾ ਹਰਦੇਵ ਬੀਮਾਰ ਹੋ ਕੇ ਮਰਨ ਕਿਨਾਰੇ ਪਹੁੰਚ ਗਿਆ। ਇਹ ਪਰਿਵਾਰ ਸਮੇਤ ਭੈਣੀ ਸਾਹਿਬ ਹੀ ਰਹਿੰਦਾ ਸੀ। ਪਰ ਸਤਿਗੁਰੂ ਤਾਂ ਸਦਾ ਦਿਆਲੂ ਮਿਹਰਵਾਨ ਹੁੰਦੇ ਹਨ। ਕੇਹਰ ਸਿੰਘ ਦੇ ਘਰ ਦੇ ਪਿੱਛੇ ਘੋੜਿਆ ਵਾਲੇ ਤਬੇਲੇ ਵਿਚ ਘਰ ਦੀ ਬਾਰੀ ਸੀ। ਸਤਿਗੁਰੂ ਜੀ ਓਸ ਬਾਰੀ ਵਿਚੋਂ ਲੰਘ ਕੇ ਇਸਦੇ ਘਰ ਗਏ ਕੇਹਰ ਸਿੰਘ ਨੂੰ ਕਹਿ ਦੇਣਾ ਕਿ ਤੇਰਾ ਮੁੰਡਾ ਮਰਦਾ ਨਹੀਂ ਵਡੇਰੀ ਉਮਰ ਵਾਲਾ ਹੈ। ਸਤਿਗੁਰਾਂ ਫਿਰ ਇਸ ਤਰ੍ਹਾਂ ਕੇਹਰ ਸਿੰਘ ਤੇ ਕਿਰਪਾ ਕੀਤੀ।

ਇਹ ਓਹ ਕੇਹਰ ਸਿੰਘ ਮਾਨ ਸੀ ਜਿਸਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕਰਦਿਆ ਕਹਿਆ ਸੀ ਪੰਥ ਨੂੰ ਆਪ ਦੀ ਬਹੁਤ ਲੋੜ ਹੈ ਆਪ ਜੀ ਦੀ ਵਿਗੜ ਰਹੀ ਸਿਹਤ ਬਾਰੇ ਬਹੁਤ ਚਿੰਤਾ ਹੈ। ਸਤਿਗੁਰਾਂ ਹੁਕਮ ਕੀਤਾ ਸੀ ਮੈਨੂੰ ਕੋਈ ਚਿੰਤਾ ਨਹੀਂ ਵੱਡਾ ਕਾਕਾ ਜਗਜੀਤ ਸਿੰਘ ਪੰਥ ਨੂੰ ਸੰਭਾਲਨ ਦੇ ਸਮਰੱਥ ਹੈ ਛੋਟਾ ਕਾਕਾ ਬੀਰ ਸਿੰਘ ਕਾਰੋਬਾਰ ਵਿੱਚ ਤਾਕ ਹੈ।

..........................................................

# "ਦੀਨ ਦਇਆਲ ਅਨਾਥ ਕੋ ਨਾਥ"



ਸਵਿੰਦਰ ਸਿੰਘ ਨਾਮਧਾਰੀ
ਨਾਮਧਾਰੀ ਕਵੀ
9914402225

ਅਕਾਲ ਪੁਰਖ ਨੇ ਕਿਰਪਾ ਕੀਤੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਮਾਤ ਲੋਕ ਤੇ ਭੇਜਿਆ ਅਬਲਾ ਨਾਰੀ ਦੇ ਕਲਿਆਣ ਵਾਸਤੇ, ਇਸਤਰੀ ਜਾਤ ਉੱਪਰ ਪਰਉਪਕਾਰ ਕਰਨ ਵਾਸਤੇ। ਸਤਿਗੁਰੂ ਰਾਮ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਹੀ ਇਸਤਰੀ ਜਾਤੀ ਅਨਾਥ ਤੋਂ ਨਾਥ ਬਣੀ। ਆਦਿ ਕਾਲ ਤੋਂ ਲੈ ਕੇ ਵਰਤਮਾਨ ਤੱਕ ਇਸਤਰੀ ਜਾਤੀ ਪ੍ਰਤੀ ਜੋ ਸਤਿਗੁਰੂ ਸਾਹਿਬਾਨਾਂ ਦਾ ਯੋਗਦਾਨ ਹੈ ਉਸਨੂੰ ਕਦੀ ਵੀ ਅਣਗੋਲਿਆ ਨਹੀਂ ਕੀਤਾ ਜਾ ਸਕਦਾ। ਸਾਡੇ ਸਮਾਜ ਵਿੱਚ ਇਸਤਰੀ ਦਾ ਹਰ ਖੇਤਰ ਵਿੱਚ ਅਪਮਾਨ ਹੁੰਦਾ ਸੀ। ਜੇ ਪਤੀ ਦੀ ਮੌਤ ਅਚਾਣ ਚਕ ਭਰਵੀਂ ਜਵਾਨੀ ਵਿੱਚ ਹੋ ਜਾਂਦੀ ਸੀ ਤਾਂ ਪਤਨੀ ਨੂੰ ਵੀ ਉਸਦੀ ਚਿਤਾ ਵਿੱਚ ਨਾਲ ਹੀ ਸੜਨਾ ਪੈਂਦਾ ਸੀ। ਲੋਕ ਅਪਣੀਆਂ ਲੜਕੀਆਂ ਵੇਚ ਦਿੰਦੇ ਸਨ। ਬਾਲੜੀ ਉਮਰ ਵਿੱਚ ਹੀ ਵਿਆਹ ਕਰ ਦਿੰਦੇ ਸਨ। ਦਾਜ ਦਹੇਜ ਨੇ ਵੀ ਨੱਕ ਵਿੱਚ ਦਮ ਕਰ ਰੱਖਿਆ ਸੀ। ਦਾਜ ਰੂਪੀ ਦੈਂਤ ਤੋਂ ਡਰਦਿਆਂ ਹੀ ਲੋਕ ਜੰਮਦੀਆਂ ਕੁੜੀਆਂ ਨੂੰ ਮਾਰ ਦਿੰਦੇ ਸੀ। ਇਸਤਰੀ ਨੂੰ ਜੁੱਤੀ ਬਰਾਬਰ ਸਮਝਿਆ ਜਾਂਦਾ ਸੀ। ਇਸਤਰੀ ਦੀ ਬਹੁਤ ਹੀ ਬੇਕਦਰੀ ਹੋ ਰਹੀ ਸੀ। ਹਰ ਪ੍ਰਕਾਰ ਦੇ ਅਧਿਕਾਰਾਂ ਤੋਂ ਵਾਂਝੀ ਸੀ। ਪੜ੍ਹਨ ਤੱਕ ਦਾ ਵੀ ਅਧਿਕਾਰ ਨਹੀਂ ਸੀ। ਵਿਧਵਾ ਵਿਆਹ ਵੀ ਨਹੀਂ ਸੀ ਕਰਨ ਦਿੰਦੇ, ਬੇਸ਼ਕ ਉਸਦੀ ਉਮਰ ਛੋਟੀ ਹੀ ਹੋਵੇ। ਇਸਤਰੀ ਦੀ ਅਜਿਹੀ ਦੁਰਦਸ਼ਾ ਵੇਖ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਠੇਕੇਦਾਰਾਂ ਨੂੰ ਫਿਟਕਾਰ ਪਾਈ ਸੀ ਅਤੇ ਕਿਹਾ ਸੀ ਕਿ-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣਾ ਵੀਆਹੁ॥

ਭੰਡਹੁ ਹੋਵੇ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡ ਭਾਲੀਆਂ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਵਿਰੁੱਧ ਅਵਾਜ਼ ਉਠਾਈ ਅਤੇ ਸਮਾਜ ਨੂੰ ਇਸ ਤਰਾਂ ਕਿਹਾ ਕਿ "ਸਤੀਆ ਏਹੁ ਨ ਆਖੀਅਨਿ ਜੋ ਮੜੀਆ ਲਗ ਜਲਨਿ॥ ਨਾਨਕ ਸਤੀਆ ਜਾਣੀਐ ਨਿਜੋ ਬਿਰਹੇ ਚੋਟ ਮਰੰਨਿ॥ "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਸੀ ਕਿ ਇਸਤਰੀ ਜਾਤ ਨੂੰ ਸਮਾਜ ਚ ਮਰਦਾਂ ਦੇ ਬਰਾਬਰ ਖੜਾ ਕਰਨਾ, ਸਹੀ ਯੋਗਦਾਨ ਦਿਵਾਉਣਾ ਅਤੇ ਉਸਦਾ ਆਦਰ ਮਾਨ ਵਧਾਉਣਾ। ਇਸ ਉਦੇਸ਼ ਨੂੰ ਉਨਾਂ ਦੇ ਗਦੀਨਸ਼ੀਨ ਗੁਰੂ ਸਾਹਿਬਾਨਾਂ ਨੇ ਅੱਗੇ ਤੋਰਿਆ। ਜਿਸ ਕਰਕੇ ਇਸਤਰੀ ਜਾਤ ਨੂੰ ਸੰਗਤ ਪੰਗਤ ਵਿੱਚ ਵੀ ਜਗ੍ਹਾ ਮਿਲ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਸਿੱਖੀ ਤੋਂ ਭਟਕੇ ਸਿੱਖਾਂ ਨੂੰ ਸਿੱਧੇ ਰਾਹੇ ਮਾਤਾ ਭਾਗੋ ਨੇ ਹੀ ਪਾਇਆ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤ ਤੇ ਅਥਾਹ ਕ੍ਰਿਪਾ ਕੀਤੀ। ਇਸਤਰੀ ਜਾਤ ਜੋ ਗੁਰੂ ਗੋਬਿੰਦ ਸਿੰਘ ਵੇਲੇ ਅੰਮ੍ਰਿਤ ਛੱਕਣ ਤੋਂ ਵਾਂਝੀ ਰਹਿ ਗਈ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੰਘਣੀਆਂ ਦਾ ਖ਼ਿਤਾਬ ਦਿੱਤਾ ਅਤੇ ਸੂਬੇ ਵੀ ਥਾਪ ਕੇ ਮਰਦਾਂ ਦੇ ਬਰਾਬਰ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜਕ ਕੁਰੀਤੀਆਂ ਨੂੰ ਦੂਰ ਕੀਤਾ। ਮਾਈਆਂ ਨੂੰ ਅੰਮ੍ਰਿਤ ਛੱਕਾ ਕੇ ਕਛਹਿਰੇ ਪੁਆਏ। ਕੁੜੀਆਂ ਨੂੰ ਮਾਰਨ, ਵੇਚਨ ਤੋਂ ਰੋਕਿਆ, ਵੱਟਾ ਕਰਨ ਤੋਂ ਵਰਜਿਆ। ਬਾਲ ਵਿਆਹ ਕਰਨ 'ਤੇ ਰੋਕ ਲਗਵਾਈ, ਵਿਧਵਾ ਵਿਆਹ ਕਰਨ ਦੀ ਇਜਾਜ਼ਤ ਦਿੱਤੀ। ਦਾਜ ਦਹੇਜ ਦੀ ਭੈੜੀ ਰਸਮ ਨੂੰ ਬੰਦ ਕਰਵਾਇਆ। ਅੰਨਦ ਕਾਰਜ ਗੁਰਸਿੱਖੀ ਮਰਿਯਾਦਾ ਅਨੁਸਾਰ ਕਰਵਾਉਣੇ ਸ਼ੁਰੂ ਕੀਤੇ। ਸਤਿਗੁਰੂ ਜੀ ਨੇ ਸਿੱਖਾਂ ਨੂੰ ਉਚੇਚਾ ਹੁਕਮ ਕੀਤਾ ਕਿ ਅਪਣੇ ਲੜਕਿਆਂ ਦੇ ਨਾਲ-ਨਾਲ ਲੜਕੀਆਂ ਨੂੰ ਵੀ ਜ਼ਰੂਰ ਪੜਾਓ। ਸਤਿਗੁਰੂ ਰਾਮ ਸਿੰਘ ਜੀ ਦੀ ਬਖ਼ਸ਼ਿਸ਼ਾਂ ਸਦਕਾ ਹੀ ਬੀਬੀਆਂ ਨੇ ਮਰਦਾਂ ਵਾਂਗ ਹੀ ਆਪਣੇ ਆਪਣੇ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਦੇਸ਼ ਵਿੱਚ ਰਹਿੰਦਿਆਂ ਅਤੇ 1872 ਈ. ਨੂੰ ਪ੍ਰਦੇਸ਼ ਗਵਨ ਤੋਂ ਬਾਅਦ ਹੁਕਮਨਾਮਿਆਂ ਰਾਹੀਂ ਸਿੱਖਾਂ ਨੂੰ ਹੁਕਮ ਕੀਤਾ ਕਿ ਲੜਕੀਆਂ ਨੂੰ ਵੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ। ਸੋ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤਿ ਦੇ ਕਲਿਆਣ ਲਈ ਬੜੇ ਹੀ ਉਪਕਾਰ ਕੀਤੇ।

ਨਾਮਧਾਰੀ ਪੰਥ ਦੇ ਮਹਾਨ ਕਵੀ ਬਾਬਾ ਕਾਲਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਇਸਤ੍ਰੀਆਂ ਉੱਪਰ ਕੀਤੇ ਉਪਕਾਰਾਂ ਬਾਰੇ ਇਉਂ ਬਿਆਨ ਕਰਦੇ ਹਨ-

"ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ, ਇਸ਼ਨਾਨ ਸਣ ਕੇਸ ਕਰਨਾ
ਖੋਲ੍ਹ ਗੁੱਤ, ਜੂੜ੍ਹਾ ਸਿਰ ਧਾਰ ਬੀਬੀ।
ਡੋਰੀ, ਖੰਮ੍ਹਣੀ , ਸੁੱਟ ਪਰਾਂਦੀਆਂ ਨੂੰ
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਨੱਕ ਚੌਂਕ ਤੇ ਵਾਲੀਆਂ ਡੰਡੀਆਂ ਜੋ
ਤੀਲੀ, ਲੌਂਗ ਨੂੰ ਦੇਵੀਂ ਉਤਾਰ ਬੀਬੀ।
ਛੱਲੇ, ਪਹੁੰਚੀਆਂ ਹੱਥੀਂ ਨਾ ਮੂਲ ਪਾਵੀਂ
ਸੋਧ ਨਾਲ ਹੈ ਇੰਨ੍ਹਾਂ ਦੀ ਖਾਰ ਬੀਬੀ।
ਸੋਨਾ ਕੂੜ ਰੂਪਾ, ਗੁਰਾਂ ਹੁਕਮ ਕੀਤਾ
ਕੂੜ ਸਮਝ ਲੈਣਾ ਪਹਿਨਣਹਾਰ ਬੀਬੀ।
ਬਰਦੀ ਸਵੇਤ ਸੁਥਣ, ਕੁੜਤੀ ਪਹਿਰ ਚਿੱਟੀ,
ਨੀਲਾ ਰੰਗ ਸਭੇ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ , ਹਰਾ ਹੋਰ ਜਿੰਨਾ
ਦੇਣਾ ਸਰਬ ਨੂੰ ਮਨੋਂ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਦੀ ਪਹਿਰ ਲੈਣੀ
ਬਾਣਾ ਗੁਰਮੁੱਖੀ ਜੋ ਚੂੜੀਦਾਰ ਬੀਬੀ।
ਰੋਣਾ, ਪਿੱਟਣਾ, ਸਿਆਪਾ ਨ ਕਰੀਂ ਜਾਕੇ
ਮਰੇ ਸਾਕ ਸਨਬੰਧ ਵਿਚਾਰ ਬੀਬੀ,
ਲੋਰੀ ਦੇਣੀ ਹੈ ਦੇਸ਼ ਅਜ਼ਾਦ ਕਰਨਾ,
ਕਰਨਾ ਦੇਸ਼ ਨੂੰ ਸਦਾ ਪਿਆਰ ਬੀਬੀ।
ਕਾਲਾ ਸਿੰਘ ਮੈਂ ਵੇਖਿਆ ਹੁਕਮਨਾਮਾ
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।"

ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਇਸਤਰੀ ਜਾਤੀ ਦਾ ਬਹੁਤ ਸਤਿਕਾਰ ਕੀਤਾ ਵੀ ਅਤੇ ਕਰਵਾਇਆ ਵੀ। ਸ੍ਰੀ ਸਤਿਗੁਰੂ ਜੀ ਨੇ ਗ੍ਰਹਿਸਥ ਜੀਵਨ ਵਿੱਚ ਇਸਤਰੀ ਬ੍ਰਤ ਅਤੇ ਪਤੀ ਬ੍ਰਤ ਧਰਮ ਵਿੱਚ ਪ੍ਰੱਪਕ ਰਹਿਣ ਲਈ ਪ੍ਰੇਰਤ ਕੀਤਾ। ਸਹੁਰੇ ਪਰਿਵਾਰ ਵਿੱਚ ਹਰ ਰਿਸ਼ਤੇ ਦਾ ਮਾਨ ਸਤਿਕਾਰ ਕਰੇ, ਦੁਈ ਦੁਵੈਸ਼ ਵਾਲੀ ਸੋਚ ਨਾ ਅਪਣੇ ਅੰਦਰ ਰੱਖੇ। ਪਤੀ ਵੀ ਅਪਣੀ ਪਤਨੀ ਦਾ ਪੂਰਾ ਸਤਿਕਾਰ ਕਰੇ ਅਤੇ ਘਰ ਦੀ ਮਾਲਕਣ ਜਾਣੇ। ਅਪਣੇ ਬੱਚਿਆਂ ਨੂੰ ਗੁਰਸਿੱਖੀ ਮਾਰਗ ਤੇ ਚਲਨ ਦੀ ਪ੍ਰੇਰਨਾ ਦੇਣ। ਗੁਰਮੁੱਖੀ ਜ਼ਰੂਰ ਪੜ੍ਹਾਉਣ ਤਾਂਕਿ ਬੱਚੇ ਗੁਰਬਾਣੀ ਪੜ੍ਹ ਸਕਣ।

ਮਾਈਆਂ ਬੀਬੀਆਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਪਦੇਸ਼ ਦਿੱਤਾ ਕਿ "ਮਾਈਓ ਬੀਬੀਓ! ਦੋਵੇਂ ਕੰਮ ਤੁਹਾਡੇ ਜਿੰਮ੍ਹੇ ਹਨ- ਬੱਚਿਆਂ ਨੂੰ ਬੱਲੀ ਬਣਾਉਣਾ ਫਿਰ ਬੱਚਿਆਂ ਨੂੰ ਸਿੱਖ ਬਣਾਉਣਾ। ਤੁਸੀਂ ਤੜਕੇ ਉੱਠੋ, ਦੁੱਧ ਰਿੜਕੋ, ਚੱਕੀ ਪੀਹੋ ਜ਼ਰੂਰ। ਉਹ ਸਾਡੀਆਂ ਮਾਈਆਂ- ਪੜ੍ਹੋ ਇਤਿਹਾਸ- ਬੀਬੀ ਅਮਰੋ ਜੀ, ਸਵਾ ਪਹਿਰ ਦਾ ਤੜਕਾ ਹੈ, ਜਿਸ ਵੇਲੇ ਰਿੜ੍ਹਕਣਾ ਪਾਇਆ ਤੇ ਨਾਲ ਹੀ- ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰਿ॥ ਬਾਣੀ ਪੜ੍ਹੀ! ਜਿਨ੍ਹਾਂ ਨੇ ਉਹ ਬਾਣੀ ਪੜ੍ਹੀ, ਜਿਹੜੇ ਉਹ ਲੱਸੀ, ਘਿਉ ਖਾਣਗੇ, ਕਿਉਂ ਨਾ ਉਨ੍ਹਾਂ ਦੇ ਬੱਚੇ ਸਿਦਕੀ ਬਨਣਗੇ?

ਮਾਈਆਂ ਆਪਣੇ ਬੱਚਿਆਂ ਨੂੰ ਸਵੇਰੇ ਉੱਠਕੇ ਭਜਨ ਦੱਸਿਆ ਕਰਨ, ਬੱਚਿਆਂ ਨੂੰ ਬਾਣੀ ਪੜ੍ਹਕੇ ਸੁਣਾਇਆ ਕਰਨ, ਬੱਚਿਆਂ ਨੂੰ ਇਸ਼ਨਾਨ ਸਣੇਕੇਸੀਂ ਕਰਾਉਣ। ਬਾਣੀ ਕੰਠ ਆਪ ਕਰਨ, ਬੱਚਿਆਂ ਨੂੰ ਕਰਾਉਣ ਇਹ ਮਾਈਆਂ ਦੀ ਬੜੀ ਭਾਰੀ ਡਿਊਟੀ ਹੈ, ਇਸ ਪਾਸੇ ਦੀ।

ਸੋ ਮਾਈਆਂ ਅੱਗੇ ਮੇਰੀ ਅਰਜ਼ ਹੈ ਕਿ ਬੱਚਿਆਂ ਦਾ ਅੱਗੋਂ ਸਿੱਖ ਰਹਿਣਾ, ਇਹ ਮਾਈਆਂ ਦੇ ਹੱਥ ਵਿੱਚ ਹੈ।... ਸਤਿਗੁਰਾਂ ਨੇ ਹੁਕਮ ਲਿਖਿਆ ਹੈ ਹੁਕਮ ਨਾਮੇ 'ਚ ....ਲੜਕੇ ਲੜਕੀਆਂ ਨੂੰ ਗੁਰਮੁੱਖੀ ਅੱਖਰ ਪੜਾਉਣੇ ਹੋਸ਼ ਆਉਂਦੀ ਦੇ ਨਾਲ।" ਸਤਿਗੁਰੂ ਰਾਮ ਸਿੰਘ ਜੀ ਦੀਆਂ ਖੁਸ਼ੀਆਂ ਏਸ ਚੀਜ 'ਚ ਹਨ ਕਿ ਮਾਈਆਂ ਆਪਣੇ ਬੱਚਿਆਂ ਨੂੰ ਸਿੱਖੀ ਵਾਲੇ ਪਾਸੇ ਤੋਰਨ ਲੜਕੀਆਂ ਲੜਕਿਆਂ ਨੂੰ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮਾਜ ਪ੍ਰਤੀ ਪ੍ਰਚੱਲਤ ਰਸਮਾਂ ਜੋ ਕਿ ਸਮਾਜ ਸੁਧਾਰ ਵਿਰੋਧੀ ਸਨ, ਉਨਾਂ ਰਸਮਾਂ ਤੇ ਕਰੜੀ ਸੱਟ ਮਾਰੀ ਅਤੇ ਕੁਰਾਹੇ ਪਈ ਲੋਕਾਈ ਨੂੰ ਸਿੱਧੇ ਰਾਹੇ ਪਾਇਆ। ਨਾਮਧਾਰੀ ਪੰਥ ਨੂੰ ਫਜ਼ੂਲ ਦੇ ਖ਼ਰਚਿਆਂ ਤੋਂ ਬਚਾਉਣ ਲਈ ਮੇਲਿਆਂ ਵਿੱਚ ਹੀ ਅਨੰਦ- ਕਾਰਜ ਕਰਨ ਦੀ ਰੀਤ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤੋਰੀ ਸੀ, ਪਰ ਦੇਸ਼ ਅਜ਼ਾਦੀ ਦੇ ਸੰਘਰਸ਼ ਕਾਰਨ ਅਮਲੀ ਜਾਮਾਂ ਨਹੀਂ ਸੀ ਪਹਿਨਾਇਆ ਗਿਆ। ਉਸ ਰੀਤ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਬਹੁਤ ਜ਼ਿਆਦਾ ਸੁਧਾਰ ਕੀਤਾ। ਆਪ ਜੀ ਪੁਰਜੋਰ ਸ਼ਬਦਾ ਵਿੱਚ ਮੰਗਣੀ, ਮਿਲਣੀ, ਮੁਕਲਾਵਾ, ਜਾਗੋ ਕੱਢਣੀਆਂ ਆਦਿ ਫਜ਼ੂਲ ਦੀਆਂ ਰਸਮਾਂ ਨੂੰ ਤਿਆਗ ਦੇਣ ਲਈ ਹੁਕਮ ਜਾਰੀ ਕੀਤੇ। ਵਿਆਹ ਘਰਾਂ ਵਿੱਚ ਨਾ ਕਰਕੇ ਮੇਲਿਆਂ ਵਿੱਚ ਕੀਤੇ ਜਾਣ।

ਲੈਣ ਦੇਣ ਦਾ ਵਿਖਾਵਾ ਨਾ ਕੀਤਾ ਜਾਵੇ। ਅਨੰਦ- ਕਾਰਜਾਂ ਤੋਂ ਬਾਦ ਲੜਕੀ ਪੰਦਰਾਂ ਦਿਨ ਸਹੁਰੇ ਘਰ ਰਹੇ ਤਾਂ ਜੋ ਕੋਈ ਹੋਰ ਰਸਮ ਰਿਵਾਜ ਨਾ ਕੀਤਾ ਜਾ ਸਕੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਸਤਰੀ ਵਿੱਦਿਆ ਦੇ ਹੱਕ ਵਿੱਚ ਵੀ ਸਨ। ਉਨ੍ਹਾਂ ਨੇ ਇਸਤਰੀਆਂ ਨੂੰ ਭਜਨ ਬੰਦਗੀ ਕਰਨ ਅਤੇ ਸ਼ਬਦ ਕੀਰਤਨ ਵਿੱਚ ਬਿਨਾਂ ਸੰਕੋਚ ਸ਼ਾਮਲ ਹੋਣ ਲਈ ਮਨਜ਼ੂਰੀ ਦੇ ਦਿੱਤੀ।

ਉਪਰੋਕਤ ਸਮਾਜਿਕ ਸੁਧਾਰਾਂ ਤੋਂ ਬਿਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸਤਰੀਆਂ (ਨਾਮਧਾਰੀ ਬੀਬੀਆਂ) ਨੂੰ ਪੁਰਸ਼ਾਂ ਬਰਾਬਰ ਦਰਜਾ ਦੇਣ ਲਈ ਜਪੁ ਪ੍ਰਯੋਗ ਕਰਨ ਦੀ ਆਗਿਆ ਵੀ ਦੇ ਦਿੱਤੀ। ਸਭ ਤੋਂ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ ਨੇ ਪੂਰੀ ਸੁੱਚ ਸੋਧ ਰੱਖਕੇ ਹੋਰ ਬੀਬੀਆਂ ਨੂੰ ਵੀ ਨਾਲ ਮਿਲਾ ਕੇ ਜਪੁ ਪ੍ਰਯੋਗ ਕਰਨਾ ਆਰੰਭ ਕਰ ਦਿੱਤਾ। ਉਸ ਸਮੇਂ ਤੋਂ ਲੈਕੇ ਅੱਜ ਤੱਕ ਬੀਬੀਆਂ ਪੂਰਨ ਤੌਰ ਤੇ ਸੁੱਚ ਸੋਧ ਰੱਖ ਕੇ ਜਪੁ ਪ੍ਰਯੋਗ ਕਰਦੀਆਂ ਆ ਰਹੀਆਂ ਹਨ ਅਤੇ ਨਾਮ ਸਿਮਰਨ ਕਰਕੇ ਗੁਰਬਾਣੀ ਦੇ ਪਾਠ ਕਰਕੇ ਅਪਣਾ ਜਨਮ ਸਫਲਾ ਕਰ

ਰਹੀਆਂ ਹਨ।

ਸਤਿਗੁਰੂ ਤਾਂ ਸਦਾ ਹੀ ਪ੍ਰਾਣੀ ਮਾਤਰ ਤੇ ਪਰਉਪਕਾਰ ਕਰਦਾ ਆ ਰਿਹਾ ਹੈ। ਸਤਿਗੁਰੂ ਉਨ੍ਹਾਂ ਦਾ ਭਲਾ ਕਰਦਾ ਹੈ ਉਨ੍ਹਾਂ ਨੂੰ ਸੁੱਖ ਦਿੰਦਾ ਹੈ। ਮੇਰਾ ਭਾਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਹੈ ਜਿਨ੍ਹਾਂ ਨੇ ਇਸਤਰੀ ਜਾਤਿ ਤੇ ਅਥਾਹ ਬਖ਼ਸ਼ਿਸ਼ਾਂ ਕੀਤੀਆਂ ਹਨ। ਜਿਸ ਵੇਲੇ ਸ੍ਰੀ ਸਤਿਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਸ ਵੇਲੇ ਬੀਬੀਆਂ ਨੂੰ ਬਹੁਤ ਘੱਟ ਪੜ੍ਹਾਇਆ ਜਾਦਾਂ ਸੀ। ਉਨਾਂ ਦੀ ਥਾਂ ਕੇਵਲ ਘਰ ਦੀ ਚਾਰ ਦੀਵਾਰੀ ਤੱਕ ਸੀ। ਪੰਜਾਬੀ ਦੀ ਇਕ ਅਖਾਣ ਹੈ- "ਬਸ ਉੱਠ ਨੀ ਧੀਏ ਸੁੰਨ ਮੁੰਨ ਹੋ, ਚਰਖਾ ਛੱਡ ਤੇ ਚੱਕੀ ਢੋਹ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਵੇਂ ਚਾਨਣ ਵਿੱਚ ਵਿਚਰਨ ਕਰਨ ਬਾਰੇ ਚਿਤਵਿਆ।

ਸ੍ਰੀ ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਸੰਗਠਿਤ ਕਰਨ ਲਈ ਸੰਨ 1965ਵਿੱਚ ਨਾਮਧਾਰੀ ਵਿੱਦਿਅਕ ਜਥਾ ਤਿਆਰ ਕੀਤਾ। ਫਿਰ 1982 ਈ. ਵਿੱਚ ਬੀਬੀਆਂ ਉੱਤੇ ਵੀ ਵੱਡਾ ਪਰਉਪਕਾਰ ਕੀਤਾ ਅਤੇ ਨਾਮਧਾਰੀ ਇਸਤਰੀ ਵਿੱਦਿਅਕ ਜਥੇ ਦੀ ਸਥਾਪਨਾ ਕੀਤੀ। ਜਿਸ ਸਦਕਾ ਅੱਜ ਨਾਮਧਾਰੀ ਮਰਿਯਾਦਾ ਵੱਧ ਫੁੱਲ ਰਹੀ ਹੈ। ਉਸ ਵੇਲੇ ਬੱਚੀਆਂ ਨੂੰ ਬਹੁਤ ਘੱਟ ਪੜ੍ਹਾਇਆ ਜਾਂਦਾ ਸੀ। ਕੋਈ ਟਾਵੀਂ ਟਾਵੀਂ ਕਾਲਜ ਜਾਂਦੀ ਸੀ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਖਸ਼ੇ ਉਤਸ਼ਾਹ ਕਰਕੇ ਹੁਣ ਹਰ ਨਾਮਧਾਰੀ ਘਰ ਪਰਿਵਾਰ ਵੱਲੋਂ ਬੱਚੀਆਂ ਨੂੰ ਪੜਾਉਣ ਤੋਂ ਸੰਕੋਚ ਨਹੀਂ ਕੀਤਾ ਜਾਂਦਾ। ਸਤਿਗੁਰੂ ਜੀ ਦੀ ਕਿਰਪਾ ਕਰਕੇ ਹੀ ਅੱਜ ਅਣੇਕਾ ਬੀਬੀਆਂ, ਅਧਿਆਪਕ ਹਨ, ਪ੍ਰੋਫੈਸਰ ਹਨ, ਡਾਕਟਰ ਹਨ, ਵਕੀਲ ਹਨ, ਪਾਇਲਟ ਹਨ, ਲੇਖਕ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਬਖ਼ਸ਼ਿਸ਼ ਸਦਕਾ ਅੱਜ ਬੀਬੀਆਂ ਸ਼ਾਸਤਰੀ ਸੰਗੀਤ ਦਾ ਅਭਿਆਸ ਕਰਦੀਆਂ ਹਨ। ਦੀਵਾਨ ਲਾਉਂਦੀਆਂ ਹਨ, ਕੀਰਤਨ ਕਰਦੀਆਂ ਹਨ।

ਅੱਜ ਕੱਲ ਦੁਨੀਆਂ ਵਿੱਚ ਇੱਕ ਭੈੜਾ ਕੋਹੜ ਬੜਾ ਭਿਆਨਕ ਰੂਪ ਧਾਰਨ ਕਰ ਰਿਹਾ ਹੈ, ਉਹ ਕੋਹੜ ਹੈ ਭਰੂਣ ਹੱਤਿਆ ਦਾ। ਕੇਵਲ ਪੁਰਸ਼ ਹੀ ਨਹੀਂ ਇਸਤਰੀ ਜਾਤੀ ਵੀ ਬੱਚੀ ਦੇ ਜਨਮ ਤੋਂ ਮੂੰਹ ਮੋੜ ਰਹੀ ਹੈ। ਕੁੱਖ ਵਿੱਚ ਹੀ ਉਸਦਾ ਕਤਲ ਕਰਵਾ ਦਿੱਤਾ ਜਾ ਰਿਹਾ ਹੈ ਭਰੂਣ ਹੱਤਿਆ ਰਾਹੀਂ। ਲੋਕ ਇਸ ਬਾਰੇ ਸੋਚਦੇ ਹੀ ਨਹੀਂ ਕਿ ਇਸਤ੍ਰੀਆਂ ਬਿਨਾਂ ਸੰਸਾਰ ਦੀ ਹੋਂਦ ਕਿਵੇਂ ਕਾਇਮ ਰਹੇਗੀ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਣੇ ਨਾਮਧਾਰੀ ਸਿੱਖਾਂ ਨੂੰ ਅਜਿਹੇ ਪਾਪ ਕਰਨ ਤੋਂ ਰੋਕਿਆ। ਜਿਸਦਾ ਨਤੀਜਾ ਕੁੱਲ ਦੁਨੀਆਂ ਦੇ ਸਾਹਮਣੇ ਹੈ। ਇਸਤਰੀ ਪੁਰਸ਼ ਦਾ ਅਨੁਪਾਤ ਸਰਵੇਖਣ ਕਰਨ ਉਪਰੰਤ ਵੇਖਣ ਵਿੱਚ ਆਇਆ ਹੈ ਕਿ ਜਿੱਥੇ ਆਮ ਦੁਨੀਆਂ ਵਿੱਚ 1000 ਮਰਦ ਪਿੱਛੇ 800 ਹਨ ਕਿਤੇ 850 ਔਰਤਾਂ ਹਨ ਅਤੇ ਨਾਮਧਾਰੀ ਸਮਾਜ ਵਿੱਚ 1000 ਪੁਰਸ਼ਾਂ ਪਿੱਛੇ 990-995 ਔਰਤਾਂ ਹਨ ।

ਅੱਜ ਦੁਨੀਆਂ ਵਿੱਚ ਭੈੜੀ ਬਿਮਾਰੀ ਦਾਜ ਦਹੇਜ ਦੇ ਕਾਰਨ ਧੀਆਂ ਭੈਣਾਂ ਸੜ ਰਹੀਆਂ ਹਨ, ਸੁਸਾਇਡ ਕਰ ਰਹੀਆਂ ਹਨ, ਨਵ ਵਿਆਹੀਆਂ ਲੜਕੀਆਂ ਸਹੁਰੇ ਪਰਿਵਾਰ ਵੱਲੋਂ ਤਾਹਨੇ-ਮਿਹਣੇ, ਕੁੱਟ ਮਾਰ ਸਹਿ ਰਹੀਆਂ ਹਨ। ਪਰ ਇਸਦੇ ਉਲਟ ਨਾਮਧਾਰੀ ਪਰਿਵਾਰਾਂ ਵਿੱਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਦਾਜ ਦਹੇਜ ਦੀ ਬਿਮਾਰੀ ਨਹੀਂ ਹੈ। ਜਿਸ ਕਰਕੇ ਲੜਕੀਆਂ ਦੇ ਸੜਨ ਦੇ ਦੁੱਖ ਤਕਲੀਫ, ਤਾਹਨੇ-ਮਿਹਣੇ, ਮਾਰ ਕੁਟਾਈ ਆਦਿ ਦੀ ਬਿਮਾਰੀ ਨਾਮਧਾਰੀ ਪਰਿਵਾਰਾਂ ਵਿੱਚ ਕੋਸੋਂ ਦੂਰ ਹਨ। ਇਹ ਸਭ ਸਾਡੇ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਜ਼ੂਰ ਪਾਤਸ਼ਾਹ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਨਾਮਧਾਰੀ ਬੀਬੀਆਂ ਉੱਪਰ ਕੀਤੇ ਪਰਉਪਕਾਰਾਂ ਸਦਕਾ ਹੀ ਸਭ ਨਾਮਧਾਰੀ ਗੁਰਸਿੱਖ ਖੁਸ਼ਹਾਲੀ ਭਰਿਆ ਜੀਵਨ ਬਿਤਾ ਰਹੇ ਹਨ। ਅਸੀਂ ਸਾਰੇ ਆਪਣੇ ਆਪ ਨੂੰ ਬੜੇ ਵੱਡੇ ਭਾਗਾਂ ਵਾਲੇ ਸਮਝਦੇ ਹਾਂ ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਸੀਮ ਪਿਆਰ ਆਪਸੀ ਪ੍ਰੇਮ ਪਿਆਰ-ਸੁਨੇਹ ਦਾ ਨਿੱਘ ਮਾਣਿਆ ਹੈ। ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਵਿੱਚ ਅਥਾਹ ਪਿਆਰ ਭਰਿਆ ਆਨੰਦ ਲੈ ਰਹੇ ਹਾਂ ਅਤੇ ਅੱਜ ਦੀ ਇਸਤਰੀ ਜਾਤ ਪੂਰਨ ਅਜ਼ਾਦੀ ਦਾ ਆਨੰਦ ਮਾਣਦਿਆਂ ਹੋਇਆਂ ਸਮਾਜ ਵਿੱਚ

ਸੂਬਿਆਂ ਦੀ ਸਰਵਉੱਚ ਪਦਵੀ ਤੇ ਹਨ, ਪ੍ਰਧਾਨ ਹਨ, ਸੰਗੀਤਕਾਰ ਹਨ ਸੋਧ ਮਰਿਯਾਦਾ ਵਿੱਚ ਅਖੰਡ ਪਾਠ ਕਰ ਰਹੀਆਂ ਹਨ ਦੀਵਾਨ ਲਗਾਉਂਦੀਆਂ ਹਨ, ਕੀਰਤਨ ਕਰਦੀਆਂ ਹਨ, ਵਰਨੀਆਂ ਕਰਦੀਆਂ ਹਨ। ਇੱਜ਼ਤ ਨਾਲ ਸਮਾਜ ਵਿੱਚ ਰਹਿ ਰਹੀਆਂ ਹਨ। ਪੜ੍ਹ ਲਿਖ ਕੇ ਹਰ ਉੱਚੀ ਤੋਂ ਉੱਚੀ ਪਦਵੀ ਪ੍ਰਾਪਤ ਕਰ ਰਹੀਆਂ ਹਨ ਯਾਨਿ ਕਿ ਜੋ ਵੀ ਅੱਜ ਇਸਤਰੀ ਜਾਤ ਨੂੰ ਚਾਹੀਦਾ ਹੈ ਉਹ ਹਾਸਲ ਕਰ ਸਕਦੀਆਂ ਹਨ। ਇਸ ਲਈ ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦਾ ਯੋਗ ਦਾਨ- ਸਤਿਗੁਰੂ ਜੀ ਦੇ ਸਾਡੇ ਉੱਪਰ ਕੀਤੇ ਪਰਉਪਕਾਰ ਹਮੇਸ਼ਾ ਯਾਦ ਰੱਖਣੇ ਚਾਹੀਦੇ ਹਨ। ਅਗਰ ਅੱਜ ਸਮਾਜ ਵਿੱਚ ਇਸਤਰੀਆਂ ਦੀ ਇੱਜ਼ਤ ਹੈ ਤਾਂ ਉਹ ਸ੍ਰੀ ਸਤਿਗੁਰੂ ਜੀ ਕਰਕੇ ਹੀ ਹੈ। ਜਿਨਾਂ ਨੇ ਸਾਨੂੰ "ਅਨਾਥ ਤੋਂ ਨਾਥ ਬਣਾ ਦਿੱਤਾ ਹੈ ਜਿਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ ਕਿ-

"ਦੀਨ ਦਿਆਲੁ ਅਨਾਥ ਕੋ ਨਾਥ॥"

.......................................................

## ਸੰਗੀਤ ਅਤੇ ਨਾਮਧਾਰੀ ਸਤਿਗੁਰਾਂ ਦੀ ਦੇਣ

ਸਤਿਗੁਰ ਜੀ ਨੇ ਸ਼ਾਸਤਰੀ ਸੰਗੀਤ ਨੂੰ ਨਾ ਕੇਵਲ ਨਾਮਧਾਰੀ ਸਿੱਖਾਂ ਤੱਕ ਪਹੁੰਚਾਇਆ ਬਲਕਿ ਵਿਦੇਸ਼ਾਂ ਵਿੱਚ ਬੈਠੇ ਸੰਗੀਤ ਪ੍ਰੇਮੀਆਂ ਨੂੰ ਵੀ ਸ਼ਾਸਤਰੀ ਸੰਗੀਤ ਸਿੱਖਣ, ਸੁਨਣ ਲਈ ਜੋਰ ਦਿੱਤਾ। ਜੋ ਨਾਮਧਾਰੀ ਸਮਾਜ ਦੀ ਵਿਲੱਖਣ ਪਹਿਚਾਣ ਸਮਝੀ ਜਾਂਦੀ ਹੈ। ਜੋ ਮੌਜੂਦਾ ਸਮੇਂ ਵਿੱਚ ਸ਼ਾਸਤਰੀ ਸੰਗੀਤ ਦਾ ਨਿੱਖਰਿਆ ਹੋਇਆ ਰੂਪ ਸਾਡੇ ਸਾਹਮਣੇ ਹੈ। ਇਹ ਨਾਮਧਾਰੀ ਸੰਪ੍ਰਦਾਇ ਦੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਦੇਣ ਹੈ। ਜਿੰਨ੍ਹਾਂ ਦੀ ਬਖਸ਼ਿਸ਼ ਨਾਲ ਸ਼ੁਰੂ ਕੀਤੇ ਗਏ ਸੰਗੀਤ ਸੰਮੇਲਨਾਂ ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਅੱਗੇ ਵਧਾਇਆ ਜਾ ਰਿਹਾ ਹੈ। ਜਿੰਨ੍ਹਾਂ ਦੇ ਯੋਗਦਾਨ ਸਦਕਾ ਸ਼ਾਸਤਰੀ ਸੰਗੀਤ ਪ੍ਰਤੀ ਰੁਚੀ ਵਧਦੀ ਜਾ ਰਹੀ ਹੈ। ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਨਾਮਧਾਰੀ ਸਮਾਜ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਨੂੰ ਇਤਿਹਾਸ ਦੇ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

### ਹਵਾਲੇ ਅਤੇ ਟਿੱਪਣੀਆਂ

1. ਸੁਰ ਸਰਗਮ, ਡਾ. ਵਿਜੈ ਪ੍ਰਬੀਨ, ਪੰਨਾ ਨੰ-308
2. ਸੁਰ ਸਰਗਮ, ਡਾ. ਵਿਜੈ ਪ੍ਰਬੀਨ, ਪੰਨਾਂ ਨੰ-309
3. ਨਾਮਧਾਰੀ ਸਿੱਖ ਸੰਪ੍ਰਦਾਇ ਦੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨੂੰਦੇਣ, ਡਾ. ਮੀਰਾ ਮਦਨ (ਜੈ ਕੁਮਾਰ), ਪੰਨਾ ਨੰ-45
4. ਨਾਮਧਾਰੀ ਸਿੱਖ ਪਰੰਪਰਾ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਕਲਾਕਾਰ, ਡਾ. ਗਗਨਦੀਪ ਕੌਰ, ਪੰਨਾ-11
5. ਨਾਮਧਾਰੀ ਸਿੱਖ ਪਰੰਪਰਾ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਕਲਾਕਾਰ, ਡਾ. ਗਗਨਦੀਪ ਕੌਰ, ਪੰਨਾ-12

.......................................................

## ਉਪਦੇਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿੱਚ ਵੀ ਤੁਸੀਂ ਵੀ ਬਹੁਤ ਵਾਰੀ ਸੁਣਿਆ ਹੋਣਾ ਹੈ-

"ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਸੀ ਕਿ ਹੱਥ ਮਾਜਣ ਦਾ ਵੀ ਕੰਮ ਮੁਕਦਾ ਜਾਂਦਾ ਹੈ।"

ਇਹਦੇ ਤੇ ਬਹੁਤਾ ਜ਼ੋਰ ਨਹੀਂ ਲੱਗਦਾ, ਕੋਈ ਮੁੱਲ ਨਹੀਂ ਲੱਗਦਾ। ਇਹ ਗਰੀਬ ਨਿਵਾਜ਼ ਜੀ ਦੀ ਮਰਿਯਾਦਾ ਬਣਾਈ ਹੈ ਹੱਥ ਵੀ ਮਾਂਜ ਲਿਆ ਕਰੋ।

ਇਹ ਕੋਸ਼ਿਸ਼ ਕਰੋ ਕੇ ਅੱਗੋ ਇਹ ਆਪਣੇ ਬੱਚਿਆਂ ਨੂੰ ਵੀ ਚੀਜ਼ਾਂ ਜ਼ਰੂਰ ਸਿਖਾਈਆਂ ਜਾਣ।

.......................................................

# Namdhari Sikhs of 1871: Martyrs of the Indic civilization



**Dr. Alla Singh Paneser**

Namdhari Writer

99718-46875

Guru Nanak campaigned for the preservation of Indic civilizational values. Sikhs upheld these values and defended Indic civilizational values and territory through numerous sacrifices during the Mughal empire. However, under British rule, the situation changed, as many Sikhs aligned with the British despite the deliberate erosion of the country's moral, social, and ethical fabric by the colonial administration.

Under the leadership of Guru Ram Singh, Namdhari Sikhs renewed their efforts to preserve Indic civilizational values, emphasizing the protection of the poor, including humans and animals. This article explores how British authorities attempted to conceal the true situation and maintain a fragile peace by suppressing public dissent.

It also uncovers lesser-known details about the Namdhari sacrifices of 1871. Additionally, it examines how deep devotion to their Guru inspired ordinary peasants and artisans to dedicate themselves to cultural and civilizational preservation—offering a lesson for those seeking spirituality, righteousness, and the values of Indic civilization.

***Importance of civilizational values***

Civilizational values play a crucial role in the progress of humankind, serving as the foundation for societal development and individual growth. These values, shaped by centuries of collective experience and wisdom, provide a framework for ethical behavior, social cohesion, and cultural continuity. In the context of Indic civilization,*Dharma*, often translated as righteous living or moral duty, is fundamentally shaped by these values, providing a framework for ethical behavior and social responsibility. These values inform religious practices, rituals, and beliefs, influencing how individuals perceive and interact with the divine and the spiritual realm. As such, civilizational values serve as a unifying force, shaping collective identity and fostering a sense of shared heritage and purpose, while simultaneously allowing for individual interpretation and expression within the broader cultural framework. Preservation of the civilizational values is thus, of utmost importance for maintenance of the ethical code for the present as well as future generations.

***The advent of Guru Nanak***

Among the relatively recent underpinnings of the Indic civilizational values is the reformation introduced by Guru Nanak Dev, the first Sikh Guru, about five centuries ago. The message delivered by Guru Nanak was confined not only to one's personal improvement, but was applicable for the welfare of society as a whole. One feature that distinguishes Guru Nanak's teachings from the earlier saints of Bhakti tradition is that Guru Nanak exposed the political realities of his times. He blatantly expressed the people's sufferings under tyrannous rulers. Guru Nanak stood firmly for human rights and universal brotherhood. In essence, Guru Nanak's message, with its transcendental spirituality, was equally relevant to the real-world circumstances. This has made Guru Nanak's message far more pragmatic than other contemporaries.

Guru Nanak was pained to see the degradation of Indic civilizational values during the Mughal reign, plight of the poor, cows and intellectuals, and the Hindu specifics being discriminately taxed. He explained the situation in *Asa Di Var*, as follows:

ਗਉ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅਮਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥
ਨਾਮਿ ਲਇਐ ਜਾਹਿ ਤਰੰਦਾ ॥੧॥

They tax the cows and the Brahmins, but the cow-dung they apply to their kitchen will not save them.

They wear their loin cloths, apply ritual frontal marks to their foreheads, and carry their rosaries, but they eat food with the Muslims.

O Siblings of Destiny, you perform devotional worship indoors, but read the Islamic sacred texts, and adopt the Muslim way of life.

Renounce your hypocrisy!

Taking the Naam, the Name of the Lord, you shall swim across. II1 II

Such has been the vision of Guru

Nanak, that he in the 15th century envisaged that cultural freedom was equally important if India was to be freed from its subjugation.

***Resurgence of puritan Sikhi during colonial British rule***

In the subjugated Punjab, the cultural traditions were utterly disregarded by the new British government, yet there was practically no or very little opposition. Inferiority complex had set in the minds of people. The same inferiority complex, which was present in the society during the times of Mughal imperialism. Guru Nanak had raised the self-esteem of people then, but when his followers got 'distanced' from his philosophy, the same inferiority complex naturally set in again.

During such dark times, where the journey in tunnel did not appear to end, there was finally 'light at the end of the tunnel' soon. Within a decade of the establishment of British rule in Punjab, in 1857, Guru Ram Singh re-initiated the spark of freedom amongst the Sikhs. But before the British imperialism could be challenged, the demoralized society and the inferiority complex that had developed in because of that, had to be overcome. Thus, like Guru Nanak, spiritual and political message had to complement each other for social welfare, based on the then circumstances. **Both Guru Nanak's idea and its manifestation by Guru Gobind Singh were revived in Punjab by Guru Ram Singh.** A memo on Kuka movement prepared by J.W. Macnabb in November 4, 1871 stated, **'I see in the earlier papers that (Guru) Ram Singh was looked upon as a successor or actual embodiment of Guru Nanak, the saint. He is now representative of (Guru) Govind, the warrior'**.

A letter from Colonel R.G. Taylor to Secy. of Govt., Panjab dated September 11, 1868 stated Jon Newton, Missionary, as saying that the whole drift of reformation of Guru Ram Singh appears to be consolidation of the power of Sikhism with a view to political ends. The letter further states, '..it (*political motives of Kuka Sikhs*) was the natural result of any religious revival among a warlike race panting to recover their much loved land and to restore the glories of their Sect. **(Guru) Ram Singh may have commenced as a mild religious reformer on the fashion of (Guru) Nanuk, but his stirring Lieutenants are hurrying him into a more near imitation of the warlike GoorooGobind (Singh)'.**

***The exemplary Sikhs***

Namdhari Sikhs were the true practitioners of the Indic civilizational values. Sympathetic for the foundational elements of Indic civilization, they made special efforts to protect the cow, the basic symbol of Indian civilization and with it, the poor, which depended on cattle for its livelihood and progress.

India, although suffered under both Mughal and European colonialities for a long duration, did not leave its consciousness in entirety. **Even during the times of the explicit Mughal coloniality, the subcontinent resisted attacks on its consciousness.*****Guru Gobind Singh Ji led an exemplary upliftment of the weak and downtrodden people, and transformed them into proud and conscious warriors***. Cow was a symbol of Indic

consciousness during those times also. SirdarKapur Singh mentions that according to the known scholar of early 17th century, Ahmad Sirhandi, who opposed Akbar's equity policies, 'public slaughter of cow was the highest imperative of Mughal rule in India'[3]. Indian civilization had accommodated non-Indic religions in its embrace. The idea of Indian civilization provided a safe haven to all the humanitarian mentalities that it encountered. This protection was naturally towards its own indigenous ideology of the 'supremacy of nature and its all constituents' as well. ***By wreckinghavoc on the 'peaceful' cow to demonstrate its hegemony, it was in fact, the Mughal coloniser which turned cow from a symbol of Hindu sacredness to that of Indian sovereignty also***. Since the attack on Indian symbols was direct, there was no enigma or mystery regarding the later Mughal policy, and hence the opposition to the unjust Mughal rule through the agency of cow protection was a natural response. When the British imperialism obtained paramount control of India, it did not risk its rule by explicitly pronouncing cow slaughter, but implicitly adopted it by *sugar-coating the poison* with the argument of 'freedom for all religions'. This freedom, which was earlier restricted to outskirts of a town, practically got extended in the Punjab of 1870s, to the outer walls of the universally respected Sikh shrines, including Golden Temple[4]. ***This was a test, not only of Indian sensitivity to the question of cow, but to the matter of Sikh faith as well***.

The issue of cow protection was the umbrella, under which all aspects of Indian civilization would have been empowered. A resilient village economy on the other hand, would have resisted the capture of Indian markets by British industries. **This was the basic contradiction of cow welfare with the British exploitation.The association of cow with India's cultural, political and economic sovereignty was the reason why any freedom movement of those times would have been naturally inclined to protect the symbol and pride of India from the British imperialism and its agents, irrespective of their avowed religions.** Namdhari movement proudly took this cause and worked dedicatedly for it.

**However, more exemplary that that is the way by which Namdhari Sikhs accomplished this task.**

***Reverence to Guru: another foundational feature of Indic civilization***

The *Guru-Shishya Parampara* (teacher-disciple tradition) is an ancient and enduring system of knowledge transmission in India. Deeply embedded in the ethos of *Sanatan Dharma*, this tradition goes beyond conventional pedagogy, forming the very fabric of Indian civilization's spiritual, artistic, and scientific advancements. Unlike mere institutionalized learning, the *Guru-Shishya* relationship is an ontological and epistemological paradigm that underpins self-realization, wisdom (*jnana*), and the continuity of sacred and temporal knowledge.

While many civilizations have had mentor-student relationships, the Indian **Guru-Shishyaparampara** stands apart in its holistic and sacred dimensions. Several ancient Indian texts reinforce the Guru as a

living embodiment of divine wisdom:

**Mundaka Upanishad (1.2.12):** "To that disciple who has approached with reverence, whose mind is tranquil, and who has mastered his senses, the wise Guru imparts that knowledge by which the imperishable Brahman is realized."

**Bhagavad Gita (4.34):** "*Tad viddhipranipatenapariprashnenasevaya, upadekshyantitejnanamjnaninastattva-darshinah.*" (Approach a Guru with humility and service; they will impart transcendental knowledge as they have seen the truth.)

**Skanda Purana:** "Guru is Shiva without his third eye, Vishnu without his four arms, Brahma without his four heads. He is the embodiment of supreme wisdom."

Gurbani takes this to a next level. Apart from receiving wisdom from the Guru and dispelling one's ignorance, Gurbani teaches the disciple to work for the Guru unconditionally:

ਤੂਚਉਸਜਣ ਮੈਡਿਆ ਡੇਈਸਿਸੁਉਤਾਰਿ ॥

If You tell me to, O my Friend, I will cut off my head and give it to You. And this is what describes the conduct of the Namdhari Sikhs.

***The Punjab of 1871-* <u>Deva Singh incident -</u>**

The Punjab of 1871 was going through a dangerous time, particularly the city of Amritsar. This is a classic case where official correspondence tried to hide the ground reality from the higher authorities, but which get invariable exposed when collating different sources. On 24th April, a Sikh, Dewa Singh placed a beef-bone in front of holy book of the Sikhs at Golden Temple. Dewa Singh was a follower of Bhai Veer Singh. The British officials tried to frame him that he brought the beef-bone from outside and placed it into the Sikh temple "with a view to cause disturbance" (letter of DC Amritsar dated 15th May 1871). Interestingly, the correspondence of L.H. Griffin, Officiating Secretary to the Government of Punjab to E.C. Bayley, Secretary to the Government of India says a different story and reveals that "**considerable excitement prevailed in the city of Amritsar on the subject of the slaughter of kine. This excitement was to an extent hitherto unusual, and there is reason to believe owed its origin mainly to the exposure of beef for sale in the city, and to the fact of one Deva Singh, a Sikh, irritated by this exposure into the temple, picking up a bone and placing it in front of the Granth, the holy book of the Sikhs.**"

The British officers had tried a lot to label the disturbances as 'sporadic, isolated' events rather than a 'general wave of dissatisfaction among the public.' But the expression "**irritated by exposure into the temple**" informs that the defilement of Golden Temple was then a regular event due to objectional activity adjacent to it. The beef was being brought into the city in an exposed manner, and it is possible that while the initial slaughter (stunning, bleeding and skinning) of the animal was done outside the city in slaughterhouse, the same was brought in the city for making primal, sub-primal and ration cuts for distribution. During these activities of boning out cuts, the beef-bones would results, which could be picked by crows, ravens and eagles, leading to possible defilement of the

sacred pool at Golden Temple. It was this '**irritation**' at the exposure of beef into the temple that possibly prompted Deva Singh to do what he did in order to raise the consciousness of the temple authorities, who were meekly allowing all this to happen.

The Commissioner and Superintendent, Amritsar Division had reported to Punjab Government on 21st June 1871 that when 'Deva Singh placed a beef-bone in 'front of the Grunth', it had the '**effect of at once setting in a blaze the feelings which had for some time been quietly smouldering; and from that time crowds of Sikhs and Hindoos began to assemble.**" Now, the question arises why were these crowds assembling? To punish Deva Singh?, as the Britishers would have wanted and tried to imply in their reports by saying that he took beef-bone from outside into the temple. No. Rather it was different. In the words of the Commissioner, "**An agitation was set on foot, having for its object the complete suppression of kine-killing in or about the holy city**;...". It is clear from this that the public did not hold Deva Singh irresponsible for defilement. The most probable reason is that this is because it was already happening in broad daylight, and also explain the "quietly smouldering" ill-feelings among the public. The expression that the object of the agitation was "completely suppression of kine-killing in or about the holly city" clearly indicates that contrary to some British reports, kine-killing was happening "in" or 'inside' the holy city as well.

**General dissent in the public-** Due to mischievous colonial government, the peace and tranquillity of Punjab was at stakes. the '**prejudices of Hindoos** had **often been offended**' and the slaughtering of cows and sale of flesh was being done in '**careless manner**' to the holy city of Amritsar, though in other reports, the officials had denied any objections or carelessness on the part of the butchers. In the same correspondence, Commissioner remarked that Hindoos were 'determined to have no stone unturned to put an end, if possible, to the slaughter of kine at Amritsar.' The Municipal Corporation of Amritsar had already cancelled the slaughter house contract for the year due to flouting of norms by the butchers and likely disturbances that were expected as a result of that. However, Commissioner convened a meeting on 22nd May and re-instated the contract, preventing an "exhibition of weakness on the part of the authorities." The feelings of the people were completely ignored. Despite the Commissioner himself noting in his correspondence that "**some of the Hindoos voted against the continuance of it** (the slaughterhouse contract)**; others refrained from voting at all**", he declared that **"the result of the meeting was felt by us all to be very satisfactory**", thus revealing the true nature of their actions whereby the collective will of the people had no say in their proceedings. The Commissioner's declaration of success and 'everything normal' idea was again shattered when he noted that "But on the 30th May it became known to me by certain signs that the remnants of the feeling of antagonism which had been excited by the

recent disturbances between the Hindoos and Mahomedans of the city still lingered in the breasts of certain classes of the former." During the festival of Nimani, Hindoos refused to buy earthen vessels (ghurahs) from Mahomedan potters. Commissioner mentioned in his correspondence that "the potters had, as usual, made preparations for supplying the wants of their Hindoo customers on this occasion: but not a Hindoo would buy of them." Similarly, *Kaseras* – another class of Hindoo traders, -refused to buy old copper vessels from Mahomedans, as they had always been in the habit of going (earlier)." Commissioner then sent leading native men of the city, and called on them to use their influence at once to remove this remnant ill-feeling and distrust form the minds of all. The Commissioner again held a Durbar at Town Hall on 3rd June and delivered an address "carefully prepared beforehand". In this Durbar, "every man of note in the city, down to the headmen of each mohulla" were present to hear "with their own ears what the orders of Government were, and the Commissioner explained that "as long as the government was carried in the name of Maharaja Duleep Singh, our Government, out of deference to the Sikh sovereign, maintained the prohibition against the slaughter of kine, which had always existed under the Sikhs; but that, as soon as the Punjab was annexed to the British dominions, this prohibition was removed,..". He further stated "the Government would not permit anything like rioting, even to attain a reasonable object, much less if their demands were unreasonable." This had the effect, with Commissioner remarking "I think I may say that it had a most excellent effect, - many Hindoo and Mahomedan gentlemen, when the meeting broke up, embracing each other in their anxiety to show that no traces of the ill-feeling engendered by the late disturbances remained in their minds." The show of force and threat of punishment by the Government led to an outward show of embracing' by the members of the society.

**No hope of the law giving redress**

